# ਨੇਤਾ ਜੀ
ਤੇ
# ਆਜ਼ਾਦ ਹਿੰਦ ਫੌਜ

ਗੁਰਮੁਖ ਸਿੰਘ "ਗੁਰਮੁਖ"
ਐਡੀਟਰ 'ਫਤਹ' ਲਾਹੌਰ

ਲਾਹੌਰ ਬੁਕ ਸ਼ਾਪ

ਨਿਸਬਤ ਰੋਡ : ਲਾਹੌਰ : ਮੋਹਨ ਲਾਲ ਰੋਡ

Brought to you by Archive of Punjab

32750

G

270

ਪਹਿਲੀ ਵਾਰ ੧੦੦੦

ਮਾਰਚ ੧੯੪੭

ਕੀਮਤ ੩)

ਪ੍ਰਿੰਟਰ:-ਸ: ਲਾਭ ਸਿੰਘ 'ਨਾਰੰਗ' ਮਾਲਿਕ ਫਤਹ ਪ੍ਰਿੰਟਿੰਗ ਪ੍ਰੈਸ ਮੈਕਲੋਡ ਰੋਡ ਲਾਹੌਰ.

ਪਬਲਿਸ਼ਰ:-ਸ: ਜੀਵਨ ਸਿੰਘ ਐਮ. ਏ. ਮਲਿਕ ਲਾਹੌਰ ਬੁਕ ਸ਼ਾਪ ਲਾਹੌਰ.

**Brought to you by Archive of Punjab**

ਉਸ ਜਨਨੀ ਨੂੰ

ਜਿਸ ਨੇ

ਇਸ ਲਾਲ

ਨੂੰ

ਜਨਮ ਦਿਤਾ

# ਲੇਖ ਲੜੀ


| | | |
|---|---|---|
| ੧. | ਹਿੰਦੁਸਤਾਨ ਦੀ ਜਦੋ ਜਿਹਦ ਆਸ਼ਾਦੀ | ੯ |
| ੨. | ਬਚਪਨ ਅਤੇ ਸਿਖਿਆ | ੬੦ |
| ੩. | ਜਦੋ ਜਹਿਦ ਦੇ ਮੈਦਾਨ ਵਿਚ | ੭੭ |
| ੪. | ਰਾਸ਼ਟਰ ਪਤੀ | ੧੩੮ |
| ੫. | ਕਲਕੱਤੇ ਤੋਂ ਕਾਬਲ ਤੀਕ | ੧੭੧ |
| ੬. | ਜਰਮਨੀ ਵਿਚ | ੨੦੪ |
| . | ਪੂਰਬ ਵਿਚ ਆਜ਼ਾਦ ਹਿੰਦ ਫੌਜ (ਪਹਿਲੀ) | ੨੧੭ |
| ੮. | ,, ,, ਆਜ਼ਾਦ ਹਿੰਦ ਫੌਜ (ਦੂਜੀ) | ੨੫੧ |


## ਏਸੇ ਲੇਖਣੀ ਦੀਆਂ ਹੋਰ ਪੁਸਤਕਾਂ ਜੋ ਪ੍ਰਕਾਸ਼ਤ ਹੋ ਚੁਕੀਆਂ ਹਨ

| | |
|---|---|
| ਕਮਲਾ ਨਾਵਲ | ਗੁਰਮੁਖੀ |
| ਬਿਜਲਾ ਸਿੰਘ ਨਾਵਲ | ,, |
| ਅਕਾਲੀ ਦਰਸ਼ਨ | ,, |
| ਤਵਾਰੀਖ ਨਾਭਾ | ,, |
| ਹੱਡੀਆਂ ਦੀ ਮਾਲਾ | ,, |
| ਗੀਰੀ ਬਾਲਕੀ | ,, |
| ਸ਼ੈਤਾਨ ਦਾ ਪੁਜਾਰੀ | ,, |
| ਅਮਰੀਕਨ ਲੇਡੀ | ,, |
| ਜਲਾਵਤਨ ਮਹਾਰਾਜਾ | ,, |
| ਜੀਵਨ ਗੁਰੂ ਨਾਨਕ | ਉਰਦੂ |
| ਜੀਵਨ ਗੁਰੂ ਗੋਬਿੰਦ ਸਿੰਘ | ,, |
| ਸ਼ਹੀਦਾਨਿ ਨਨਕਾਨਾ | ,, |
| ਦੌਲਤ ਕੀ ਦੇਵੀ | ,, |
| ਬੀਵੀ ਕਾ ਗੁਨਾਹ | ,, |

# ਮੁਖ ਸ਼ਬਦ

ਕਿਹੜਾ ਹਿੰਦੁਸਤਾਨੀ ਹੈ ਜੋ ਸੁਭਾਸ਼ ਬਾਬੂ ਦੇ ਨਾਂ ਤੋਂ ਵਾਕਿਫ ਨਹੀਂ । ਆਪ ਕੁਰਬਾਨੀ ਦੇ ਪੁਤਲੇ ਤੇ ਅਦੁਤੀ ਦੇਸ਼ ਭਗਤ ਸਨ । ਅਜ ਕਲ ਦੇ ਆਗੂਆਂ ਵਿਚੋਂ ਅਹਿੰਸਕ ਖਿਆਲਾਂ ਵਿਚ ਮਹਾਤਮਾ ਗਾਂਧੀ, ਕਾਨੂੰਨ ਤੇ ਰਾਜਸੀ ਨੁਕਤਿਆਂ ਦੀਆਂ ਬਾਰੀਕੀਆਂ ਛਾਂਟਣ ਲਈ ਪੰਡਿਤ ਜਵਾਹਰ ਲਾਲ ਨਹਿਰੂ ਪ੍ਰਸਿਧ ਹਨ, ਪਰ ਸੁਭਾਸ਼ ਬਾਬੂ ਵਿਚ ਇਨ੍ਹਾਂ ਦੋਹਾਂ ਨਾਲੋਂ ਵਿਸ਼ਿਸ਼ਤਾ ਸੀ ਕਿ ਉਹ ਅਹਿੰਸਾ (ਅਥਵਾ—ਦੂਜੇ ਅਰਥਾਂ ਵਿਚ ਸ਼ਾਂਤਮਈ) ਦੇ ਅਸੂਲ ਨੂੰ ਏਨਾ ਲਾਭਦਾਇਕ ਨਹੀਂ ਗਿਣਦੇ ਸਨ ਤੇ ਨਾ ਹੀ ਰਾਜਨੀਤਕ ਬਾਰੀਕੀਆਂ ਛਾਂਟਣ ਵਿਚ ਹੀ ਉਨ੍ਹਾਂ ਨੂੰ ਕੋਈ ਦੇਸ਼ ਦਾ ਭਲਾ ਨਜ਼ਰ ਆਉਂਦਾ ਸੀ । ਉਹ ਤੇ ਸੱਚੇ ਦੇਸ਼ ਭਗਤਾਂ ਵਾਂਗ ਸਿਧੀ ਤੇ ਮੋਟੀ ਗਲ ਜਾਣਦੇ ਸਨ ਕਿ ਦੇਸ਼ ਨੂੰ ਗੋਰਾਂ ਦੇ ਹਥੋਂ ਆਜ਼ਾਦ ਕਿਵੇਂ ਕਰਨਾ ਹੈ ? ਭਾਰਤ ਵਰਸ਼ ਵਿਚੋਂ ਅੰਗਰੇਜ਼ੀ ਤਾਕਤ ਖਤਮ ਕਰਨ ਲਈ ਉਹ ਪੂਰੇ ਪੂਰੇ ਅਗਾਂਹ ਵਧੂ ਤੇ ਆਜ਼ਾਦੀ ਨੂੰ ਜਿਸ ਕੀਮਤ ਤੇ ਵੀ ਮਿਲੇ, ਤਨ ਮਨ ਧਨ ਵਾਰ ਕੇ ਪ੍ਰਾਪਤ ਕਰਨ ਦੇ ਚਾਹਵਾਨ ਸਨ

ਦੇਸ ਸੇਵਾ ਦੀ ਲਗਨ ਸੁਭਾਸ਼ ਬਾਬੂ ਨੂੰ ਉਦੋਂ ਲਗੀ ਜਦ ਆਪ ਚੜ੍ਹਦੀ ਉਮਰ ਵਿਚ ਅਜੇ ਪ੍ਰੈਜ਼ੀਡੈਂਸੀ ਕਾਲਜ ਕਲਕੱਤਾ

ਵਿਚ ਐਫ. ਏ. ਦੇ ਵਿਦਿਆਰਥੀ ਹੀ ਸਨ। ਦੇਸ਼ ਭਗਤ ਚਿਤਰੰਜਨ ਦਾਸ ਅਤੇ ਮਹਾਤਮਾ ਗਾਂਧੀ ਦੇ ਖਿਆਲਾਂ ਦਾ ਸ਼ੁਰੂ ਵਿਚ ਇਨ੍ਹਾਂ ਦੇ ਦਿਲ ਉਤੇ ਚੰਗਾ ਅਸਰ ਪਿਆ ਤੇ ਪੜ੍ਹਾਈ ਤੋਂ ਫਾਰਿਗ ਹੋ ਕੇ ਆਪ ਆਲ ਇੰਡੀਆ ਨੈਸ਼ਨਲ ਕਾਂਗਰਸ ਦੇ ਮੈਂਬਰ ਗਾਲਬਨ ੨੩ ਸਾਲ ਦੀ ਉਮਰ ਵਿਚ ਬਣੇ। ਆਪ ਸ਼ੁਰੂ ਤੋਂ ਹੀ ਜੋਸ਼ੀਲੇ ਸਨ ਤੇ ਨਵੇਂ ਜੁਆਨ ਦਿਲ ਵਿਚ ਨਵੀਆਂ ਰੀਝਾਂ ਹੋਣ ਕਰ ਕੇ ਨਾਂ ਤਾਂ ਆਪ ਬੁੱਢੇ ਦੇਸ਼ ਭਗਤ ਮਹਾਤਮਾ ਗਾਂਧੀ ਦੇ ਦਿਲ ਨੂੰ ਹੀ ਜਿਤ ਸਕੇ ਤੇ ਨਾ ਹੀ ਨਰਮ ਧੜੇ ਦੇ ਹੋਰ ਕਾਂਗਰਸੀ ਆਗੂਆਂ ਦੇ ਦਿਲਾਂ ਨੂੰ। ਆਪ ਆਪਣੇ ਉੱਚੇ ਆਦਰਸ਼ ਨੂੰ ਪੂਰਾ ਕਰਨ ਲਈ ਕਈ ਵੇਰ ਜੇਲ ਗਏ ਤੇ ਕਾਂਗਰਸੀ ਆਗੂਆਂ ਦੇ ਮੋਢੇ ਨਾਲ ਮੋਢਾ ਡਾਹ ਕੇ ਕੰਮ ਕਰਦੇ ਰਹੇ।

ਤ੍ਰਿਪੁਰੀ ਕਾਂਗਰਸ ਦੇ ਮੌਕੇ ਤੇ ਸੁਭਾਸ਼ ਬਾਬੂ ਦੀ ਗਰਮ ਤੇ ਅਗਾਂਹ ਵਧੂ ਪਾਲਿਸੀ ਨੇ ਕਾਂਗਰਸ ਦੇ ਮੈਂਬਰਾਂ ਨੂੰ ਇਨਾਂ ਪ੍ਰਭਾਵਿਤ ਕਰ ਲਿਆ ਕਿ ਉਹ ਇਨ੍ਹਾਂ ਦੇ ਕੌਮ-ਉਸਾਰੂ ਖਿਆਲਾਂ ਨੂੰ ਜਾਣ ਕੇ ਮਹਾਤਮਾ ਗਾਂਧੀ, ਪੰਡਿਤ ਨਹਿਰੂ ਆਦਿ ਆਗੂਆਂ ਨਾਲੋਂ ਵੀ ਇਨ੍ਹਾਂ ਨੂੰ ਤਰਜੀਹ ਦੇਣ ਲਗ ਪਏ। ਇਸ ਸਮੇਂ ਗਾਂਧੀ ਵਾਦ ਦੀ ਹਾਰ ਹੋਈ, ਹਾਰ ਵੀ ਉਹ ਜੋ ਹਿੰਦੁਸਤਾਨੀ ਕੌਮੀ ਜਦੋ ਜਹਿਦ ਦੇ ਇਤਿਹਾਸ ਵਿਚ ਹਮੇਸ਼ਾ ਚਮਕਦੀ ਰਹੇਗੀ।

ਤ੍ਰਿਪੁਰੀ ਕਾਂਗਰਸ ਸੰਨ ੧੯੩੮ ਵਿਚ ਹੋਈ ਤੇ ਇਸ ਤੋਂ ਅਗਲੇ ਸਾਲ ਯੋਰਪ ਦਾ ਦੂਜਾ ਮਹਾਂ ਜੁਧ ਛਿੜ ਪਿਆ। ਇਸ ਮਹਾਂ ਜੁਧ ਦੇ ਛਿੜਨ ਤੇ ਅੰਗਰੇਜ਼ ਤਲੋ ਮੱਛੀ ਹੋ ਰਹੇ ਸਨ ਅਤੇ ਹੁਣ ਹਿੰਦੁਸਤਾਨ ਨੂੰ ਬਹੁਤਾ ਚਿਰ ਗੁਲਾਮ ਬਣਾਈ ਰਖਣਾ ਉਨ੍ਹਾਂ ਦੀ ਨਿਗਾਹ ਵਿਚ ਅਸੰਭਵ ਜਿਹੀ ਗੱਲ ਸੀ, ਪਰ ਹਥ ਆਈ ਸੋਨੇ ਦੀ ਚਿੜੀ ਨੂੰ ਬਿਨਾ ਤਕੜੀ ਜਦੋ ਜਹਿਦ ਦੇ ਕੌਣ ਛਡ ਸਕਦਾ ਹੈ। ਸੁਭਾਸ਼ ਬਾਬੂ ਅੰਗਰੇਜ਼ਾਂ ਦੀ ਇਸ ਕਮਜ਼ੋਰੀ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਤੇ ਯੋਰਪ ਦਾ ਮਹਾਂ ਜੁਧ ਛਿੜਨ ਸਾਰ ਉਨ੍ਹਾਂ ਦੀ ਦਿਲੀ

ਮਨਸ਼ਾ ਅੰਗਰੇਜ਼ੀ ਇੰਪੀਰੀਅਲਿਜ਼ਮ ਨਾਲ ਇਕ ਜ਼ਬਰਦਸਤ ਟੱਕਰ ਲੈਣ ਦੀ ਸੀ । ਸੁਭਾਸ਼ ਬਾਬੂ ਦੇ ਖਿਆਲ ਅਨੁਸਾਰ ਇਕ ਟੱਕਰ ਨੇ ਹਿੰਦੁਸਤਾਨ ਦੀ ਕਿਸਮਤ ਦਾ ਫੈਸਲਾ ਕਰ ਦੇਣਾ ਅਤੇ ਸਵਰਾਜ ਮਿਲ ਜਾਣਾ ਸੀ । ਪਰ ਪਿਛਾਂਹ ਖਿਚੂ ਆਗੂਆਂ ਦੀ ਮਿਹਰਬਾਨੀ ਨਾਲ ਸੁਭਾਸ਼ ਦੀ ਇਹ ਮਨੋਕਾਮਨਾ ਸਫਲ ਨਾ ਹੋ ਸਕੀ ਤੇ ਇਨ-ਕਲਾਬ ਦੇ ਨੁਕਤੇ ਤੇ ਆਕੇ ਹਿੰਦੁਸਤਾਨ ਰਹਿ ਗਿਆ ! ਸੁਭਾਸ਼ ਜੀ ਅੰਗਰੇਜ਼ਾਂ ਨੂੰ ਕਢਣਾ ਚਾਹੁੰਦੇ ਸਨ । ਉਨ੍ਹਾਂ ਦੇ ਖਿਆਲ ਵਿਚ ਦੇਸ਼ ਦੀ ਆਜ਼ਾਦੀ ਲਈ ਕਿਸੇ ਬਦੇਸ਼ੀ ਤਾਕਤ ਦੀ ਸਹਾਇਤਾ ਲੈਣੀ ਕੋਈ ਐਬ ਨਹੀਂ ਸੀ, ਪਰ ਗਾਂਧੀ ਜੀ ਉਨ੍ਹਾਂ ਦੇ ਇਸ ਖਿਆਲ ਨੂੰ ਕਾਂਗਰਸ ਲਈ ਖਤਰਨਾਕ ਸਮਝਦੇ ਸਨ। ਆਗੂਆਂ ਨਾਲ ਇਕ ਰਾਇ ਨਾ ਹੋਣ ਕਰ ਕੇ ਸੁਭਾਸ਼ ਕਾਂਗਰਸ ਵਿਚ ਨਾ ਰਹਿ ਸਕੇ ਤੇ ਛੇਤੀ ਹੀ ਅਸਤੀਫਾ ਦੇ ਕੇ ਵੱਖ ਹੋ ਗਏ ।

ਸੁਭਾਸ਼ ਬਾਬੂ ਦਾ ਇਸ ਤਰ੍ਹਾਂ ਤ੍ਰਿਸਕਾਰ ਹੋਣਾ ਕੋਈ ਮਾਮੂਲੀ ਗਲ ਨਹੀਂ ਸੀ ਕਿਉਂ ਕਿ ਕਾਂਗਰਸ ਵਿਚ ਸ਼ਾਮਲ ਹੋ ਕੇ ਉਨ੍ਹਾਂ ਨੇ ਵੱਡੀਆਂ ਤੋਂ ਵੱਡੀਆਂ ਕੁਰਬਾਨੀਆਂ ਕੀਤੀਆਂ ਸਨ, ਜੇਲ੍ਹਾਂ ਭੁਗਤੀਆਂ ਸਨ ਤੇ ਕਈ ਵੇਰ ਆਪਣੀ ਜ਼ਿੰਦਗੀ ਨੂੰ ਵੀ ਖਤਰਿਆਂ ਵਿਚ ਪਾਇਆ ਸੀ। ਪਰ ਉਹ ਭਗਤੀ ਭਾਵ ਵਾਲੇ ਦੇਸ਼ ਸੇਵਕ ਸਨ ਇਸ ਲਈ ਸਾਰੇ ਸ਼ਿਕਵਿਆਂ ਨੂੰ ਸਬਰ ਦਾ ਘੁਟ ਭਰ ਕੇ ਪੀ ਗਏ ਤੇ ਆਪਣੇ ਨਵੇਂ ਤੇ ਅਗਾਂਹ ਵਧੂ ਗਰਮ ਗਰਮ ਖਿਆਲ ਜਨਤਾ ਦੇ ਅਗੇ ਰਖਣ ਲਈ ਫਾਰਵਰਡ ਬਲਾਕ ਦੀ ਸਥਾਪਨਾ ਕਰ ਲਈ । ਇਸ ਤਰ੍ਹਾਂ ਬੰਗਾਲ ਵਿਚ ਇਕ ਨਵੀਂ ਸੰਸਥਾ ਨੇ ਜਨਮ ਲਿਆ । ਕਾਂਗਰਸ ਵਲੋਂ ਬੜੀ ਜ਼ਬਰਦਸਤ ਵਿਰੋਧਤਾ ਹੋਈ । ਯੋਰਪ ਦਾ ਮਹਾਂਯੁਧ ਇਸ ਸਮੇਂ ਵਿਸ਼ਵ ਵਿਆਪੀ ਹੋ ਰਿਹਾ ਸੀ ਤ ਉਸ ਦੀ ਲਪੇਟ ਵਿਚ ਜਰਮਨ, ਇਟਲੀ ਅਤੇ ਜਾਪਾਨ ਪੂਰੀ ਤਰ੍ਹਾਂ ਆ ਚੁਕੇ ਸਨ । ਰੂਸ, ਬਰਤਾਨੀਆ ਅਤੇ ਅਮਰੀਕਾ ਵੀ ਧੀਰੇ ਧੀਰੇ ਸ਼ਾਮਲ ਹੋ ਗਏ ।

ਸੁਭਾਸ਼ ਬਾਬੂ ਨੇ ਇਸ ਸਮੇਂ ਸ਼ਾਇਦ ਆਪਣਾ ਆਜ਼ਾਦੀ ਦਾ ਸੁਪਨਾ ਸੱਚਾ ਹੁੰਦਾ ਵੇਖਿਆ ਤੇ ਹਿੰਦੁਸਤਾਨ ਵਿਚੋਂ ਕਿਸੇ ਹੀਲੇ ਨਿਕਲ ਕੇ ਜਰਮਨੀ ਪਹੁੰਚ ਗਏ । ਜਰਮਨੀ ਤੋਂ ਫੇਰ ਜਾਪਾਨ ਵਲ ਪਰਤੇ । ਸਿੰਘਾਪੁਰ ਵਿਚ ਆਜ਼ਾਦ ਹਿੰਦ ਫੌਜ ਕਾਇਮ ਹੋਣ ਆਜ਼ਾਦ ਹਿੰਦ ਗਵਰਮੈਂਟ ਕਾਇਮ ਹੋ ਗਈ । ਬਰਮਾ ਤੇ ਮਨੀਪੁਰ ਦੇ ਮੋਰਚੇ ਉਤੇ ਸੁਭਾਸ਼ ਦੀ ਆਜ਼ਾਦ ਹਿੰਦ ਗਵਰਨਮੈਂਟ ਦੀਆਂ ਫੌਜਾਂ ਬੜੀ ਬਹਾਦਰੀ ਨਾਲ ਲੜੀਆਂ । ਦਰਿਆ ਬ੍ਰਹਮ ਪੁਤਰ ਤਕ ਰਸਤਾ ਸਾਫ ਹੋ ਗਿਆ, ਪਰ ਅਚਾਨਕ ਮੈਦਾਨ ਵਿਚੋਂ ਪੈਰ ਪਿਛੇ ਪਏ । ਉਧਰ ਇਟਲੀ ਅਤੇ ਜਰਮਨੀ ਨੂੰ ਜੰਗ ਵਿਚ ਹਾਰ ਹੋ ਗਈ । ਬਸ ਫੇਰ ਕੀ ਸੀ, ਜਰਮਨੀ ਦੇ ਜੰਗ ਹਾਰਨ ਸਾਰ ਜਾਪਾਨ ਤੇ ਆਜ਼ਾਦ ਹਿੰਦ ਦੀਆਂ ਫੌਜਾਂ ਦੇ ਹੌਸਲੇ ਟੁਟ ਗਏ ਤੇ ਮੈਦਾਨ ਮਿਤ੍ਰ ਤਾਕਤਾਂ ਦੇ ਹਥ ਰਿਹਾ ।

ਜਦ ਜਾਪਾਨ ਨੇ ਸ਼ਿਕਸਤ ਮੰਨੀ ਤਾਂ ਆਜ਼ਾਦ ਹਿੰਦ ਗਵਰਨਮੈਂਟ ਦੀਆਂ ਫੌਜਾਂ ਨੇ ਅਜੇ ਹਥਿਆਰ ਨਹੀਂ ਸੁਟੇ ਸਨ ਕਿ ਸੁਭਾਸ਼ ਬਾਬੂ ਇਕ ਹਵਾਈ ਹਾਦਸੇ ਵਿਚ ਆ ਕੇ ਵਿਛੋੜਾ ਦੇ ਗਏ ਤੇ ਪਿਛੇ ਦੇਸ਼ ਸੇਵਾ ਦੀਆਂ ਉਹ ਯਾਦਾਂ ਛਡ ਗਏ ਜੋ ਕੌਮ ਪ੍ਰਸਤ ਹਿੰਦੁਸਤਾਨੀਆਂ ਦੇ ਦਿਲਾਂ ਵਿਚੋਂ ਕਦੇ ਨਹੀਂ ਮਿਟਣਗੀਆਂ ।

ਸੁਭਾਸ਼ ਬਾਬੂ ਦਾ ਜੀਵਨ ਦੇਸ ਦੀ ਆਜ਼ਾਦੀ ਦੇ ਚਾਹਵਾਨ ਨੌਜਵਾਨਾਂ ਲਈ ਇਕ ਚੰਗਾ ਰਾਹ ਦਸੇਰਾ ਸਾਬਤ ਹੋ ਸਕਦਾ ਹੈ ਜੇ ਉਹ ਆਪਣੇ ਆਪ ਨੂੰ ਇਸ ਸੇਵਾ ਦੇ ਸੱਚੇ ਵਿਚ ਢਾਲਣ ਤਾਂ।

ਲਾਹੌਰ<br>੧੫-੩-੪੭

ਸ਼ਮਸ਼ੇਰ ਸਿੰਘ<br>"ਅਸ਼ੋਕ"



# ੧

# ਹਿੰਦੁਸਤਾਨ ਦੀ ਜਦੋ ਜਿਹਦ ਆਜ਼ਾਦੀ

## (ਸੰਖੇਪ ਇਤਿਹਾਸ)

ਸ੍ਰੀ ਯੁਤ ਸੁਭਾਸ ਚੰਦਰ ਬੋਸ ਜੀ ਦੀ ਜੀਵਨ-ਕਥਾ ਸ਼ੁਰੂ ਕਰਨ ਤੋਂ ਪਹਿਲੇ ਇਹ ਜ਼ਰੂਰੀ ਜਾਪਦਾ ਹੈ ਕਿ ਹਿੰਦੁਸਤਾਨ ਦੀ ਆਜ਼ਾਦੀ-ਲਹਿਰ ਦੇ ਇਤਿਹਾਸ ਉਤੇ ਸ਼ੁਰੂ ਤੋਂ ਲੈ ਕੇ ਇਕ ਸਰਸਰੀ ਨਜ਼ਰ ਮਾਰ ਲਈ ਜਾਏ ਤਾਕਿ ਇਸ ਗਲ ਉਤੇ ਚਾਨਣਾ ਪੈ ਸਕੇ ਕਿ ਆਜ਼ਾਦੀ ਦੇ ਇਸ ਘੋਰ ਸੰਗਰਾਮ ਨੇ ਪਿਛਲੇ ਸੌ ਕੁ ਸਾਲਾਂ ਵਿਚ ਕੀ ਕੀ ਰੂਪ ਧਾਰਨ ਕੀਤੇ ਤੇ ਹਿੰਦੁਸਤਾਨੀਆਂ ਨੂੰ ਆਪਣੇ ਇਸ ਪੈਦਾਇਸ਼ੀ ਹੱਕ ਦੀ ਪ੍ਰਾਪਤੀ ਲਈ ਕਿੰਨੀਆਂ ਕੁ ਮੁਸੀਬਤਾਂ ਤੇ ਅਜ਼ਮਾਇਸ਼ਾਂ ਵਿਚੋਂ ਦੀ ਲੰਘਣਾ ਪਿਆ।

ਹਿੰਦੁਸਤਾਨ ਦੀ ਜੰਗ ਆਜ਼ਾਦੀ ਦਾ ਇਤਿਹਾਸ ਬੜਾ ਲੰਮਾ ਚੌੜਾ ਹੈ ਅਤੇ ਕੁਰਬਾਨੀਆਂ ਨਾਲ ਭਰਪੂਰ ਵੀ। ਇਸ ਵਿਸ਼ੇ ਨੂੰ ਇਕ ਵੱਡੇ ਆਕਾਰ ਦੀ ਪੁਸਤਕ ਵਿਚ ਹੀ ਦਰਸਾਇਆ ਜਾ ਸਕਦਾ ਹੈ। ਇਥੇ ਕੇਵਲ ਉਸ ਜਦੋ ਜਿਹਦ ਦਾ ਸੰਖੇਪ ਜਿਹਾ ਵੇਰਵਾ ਹੀ ਦਿਤਾ ਜਾਂਦਾ ਹੈ।

## ਸੰਨ ੫੭ ਦਾ ਗਦਰ–

ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦਾ ਖਿਆਲ ਲੋਕਾਂ ਨੂੰ ਸਭ ਤੋਂ ਪਹਿਲੇ ਸੰਨ ੧੮੫੭ ਵਿਚ ਆਇਆ ਤੇ ਇਸੇ ਦਾ ਫਲ ਸੰਨ ੫੭ ਦਾ ਇਤਿਹਾਸਕ ਗਦਰ ਸੀ। ਇਹ ਗਦਰ ਈ ਹਿੰਦੁਸਤਾਨ ਦੀ ਆਜ਼ਾਦੀ ਲਹਿਰ ਦਾ ਆਰੰਭ ਸਮਝਣਾ ਚਾਹੀਦਾ ਹੈ। ਗਦਰ ਵਿਚ ਫੌਜਾਂ ਨੇ ਜੋ ਕਾਰਰਵਾਈਆਂ ਕੀਤੀਆਂ ਤੇ ਜਿਸ ਪ੍ਰਕਾਰ ਅੰਗ੍ਰੇਜ਼ਾਂ ਵਲੋਂ ਉਸਦੇ ਮਗਰੋਂ ਹਿੰਦੀਆਂ ਨਾਲ ਸਲੂਕ ਹੋਇਆ ਉਹ ਹਿੰਦੁਸਤਾਨ ਦੇ ਇਤਿਹਾਸ ਦਾ ਇਕ ਖੂਨੀ ਪ੍ਰਕਰਨ ਕਿਹਾ ਜਾ ਸਕਦਾ ਹੈ। ਇਨਕਲਾਬ ਲਿਆਵਨ ਦਾ ਇਹ ਪਹਿਲਾ ਜਤਨ ਹੀ ਅਸਫਲ ਹੋਇਆ ਅਤੇ ਗਦਰ ਤੋਂ ਮਗਰੋਂ ਇਸ ਵਿਚ ਹਿੱਸਾ ਲੈਣ ਵਾਲਿਆਂ ਲੋਕਾਂ ਦੀ ਜੋ ਦਸ਼ਾ ਕੀਤੀ ਗਈ ਯੂ. ਪੀ. ਦੇ ਘਸਿਆਰੇ ਉਸੇ ਦੀ ਯਾਦ ਦਵਾਉਂਦੇ ਹਨ। ਇਹ ਗਦਰ ਕਿਸੇ ਬਾਕਾਇਦਾ ਜਥੇਬੰਦੀ ਦੀ ਅਗਵਾਈ ਹੇਠ ਨਹੀਂ ਸੀ ਹੋਇਆ ਸਗੋਂ ਜਿਸ ਤੇਜ਼ੀ ਨਾਲ ਇਹ ਤੂਫਾਨ ਉਠਿਆ ਉਸੇ ਤੇਜ਼ੀ ਨਾਲ ਇਹ ਦਬ ਗਿਆ ਅਤੇ ਨਾਲ ਹੀ ਪਿਛੇ ਕਈ ਤਲਖ਼ ਯਾਦਾਂ ਵੀ ਛਡ ਗਿਆ। ਗ਼ਦਰ ਦੇ ਮਗਰੋਂ ਬਹਾਦਰ ਸ਼ਾਹ ਬਾਦਸ਼ਾਹ ਵਿਰੁਧ ਦਿਲੀ ਦੇ ਲਾਲ ਕਿਲੇ ਵਿਚ ਮੁਕਦਮਾ ਚਲਾਇਆ ਗਿਆ। ਉਸ ਨੂੰ ਬਰਮਾਂ ਵਿਚ ਜਲਾਵਤਨ ਕਰ ਦਿਤਾ ਗਿਆ, ਜਿਥੇ ਵਿਚਾਰਾ ਜਲਾਵਤਨੀ ਦੀ ਹਾਲਤ ਵਿਚ ਹੀ ਅਡੀਆਂ ਰਗੜ ਰਗੜ ਕੇ ਮਰ ਗਿਆ। ਉਸ ਦੀ ਔਲਾਦ ਨਾਲ ਜੋ ਬੀਤੀ ਉਹ ਇਕ

ਵਖਰੀ ਤੇ ਦਰਦਨਾਕ ਵਿਥਿਆ ਹੈ।

ਗਦਰ ਦੇ ਮਗਰੋਂ ਅੰਗ੍ਰੇਜ਼ਾਂ ਨੇ ਹਿੰਦੁਸਤਾਨੀਆਂ ਨੂੰ ਦਬਾ ਦਿਤਾ ਅਤੇ ਉਹਨਾਂ ਅੰਦਰ ਬਰਤਾਨੀਆਂ ਦੀ ਵਫਾਦਾਰੀ ਦਾ ਜਜ਼ਬਾ ਭਰਨ ਦਾ ਭਰਪੂਰ ਜਤਨ ਕੀਤਾ। ਇਸ ਤਰ੍ਹਾਂ ਬਰਤਾਨਵੀ ਰਾਜ ਨਾਲ ਵਫਾਦਾਰੀ ਦਾ ਦੌਰ ਸ਼ੁਰੂ ਹੋਇਆ ਅਤੇ ਹਿੰਦੁਸਤਾਨ ਦੀਆਂ ਕੌਮਾਂ ਨੇ ਇਕ ਦੂਜੇ ਤੋਂ ਵਧ ਚੜ੍ਹ ਕੇ ਵਫਾਦਾਰੀ ਦਖਾਉਣੀ ਸ਼ੁਰੂ ਕੀਤੀ। ਇਥੋਂ ਤੀਕ ਕਿ ਕਾਂਗਰਸ ਵੀ ਆਪਣੀ ਕਾਇਮੀ ਦੇ ਪਿਛੋਂ ਕਈ ਸਾਲ ਤੀਕ ਬਰਤਾਨਵੀ ਵਫਾਦਾਰੀ ਦੇ ਮਤੇ ਪਾਸ ਕਰਦੀ ਰਹੀ।

## ਕਾਂਗਰਸ ਦਾ ਮੁਢ–

ਕਾਂਗਰਸ ਦੀ ਨੀਂਹ ਰਖਣ ਵਾਲੇ ਇਕ ਅੰਗ੍ਰੇਜ਼ ਸਜਨ ਮਿਸਟਰ ਹਯੂਮ ਬ੍ਰੈਡਲਾ ਸਨ। ਇੰਡੀਅਨ ਨੇਸ਼ਨਲ ਕਾਂਗਰਸ ਦਾ ਪਹਿਲਾ ਸਮਾਗਮ ਮਿਸਟਰ ਡਬਲਯੂ. ਸੀ. ਬੈਨਰਜੀ ਦੀ ਪ੍ਰਧਾਨਗੀ ਹੇਠ ਹੋਇਆ ਤਾਂ ਆਪ ਨੇ ਆਪਣੇ ਐਡਰੈਸ ਵਿਚ ਕਾਂਗਰਸ ਦੇ ਨਿਯਮ ਐਉਂ ਦਸੇ–

(੧) ਸਲਤਨਤ ਬਰਤਾਨੀਆਂ ਦੇ ਵਖ ਵਖ ਹਿਸਿਆਂ ਵਿਚ ਮੌਜੂਦ ਦੇਸ਼ ਹਤੈਸ਼ੀ ਕਾਰਕੁਨਾਂ ਵਿਚਾਲੇ ਸੰਬੰਧ ਕਾਇਮ ਕਰਨੇ (੨) ਮਿਤ੍ਰਾਨਾ ਗਲ ਬਾਤ ਰਾਹੀਂ ਸਾਰੇ ਦੇਸ਼ ਭਗਤਾਂ ਵਿਚੋਂ ਨਸਲੀ ਮਜ਼੍ਹਬੀ ਤੇ ਸੂਬਜਾਤੀ ਮਤਭੇਦ ਦੂਰ ਕਰਨੇ। (੩) ਸਮਾਜਕ ਮਸਲਿਆਂ ਬਾਰੇ ਪੜ੍ਹੇ ਲਿਖੇ ਹਿੰਦੁਸਤਾਨੀਆਂ ਦੇ ਖਿਆਲਾਤ ਦਾ ਪ੍ਰਚਾਰ ਕਰਨਾ।

ਇਸ ਤੋਂ ਐਉਂ ਜਾਪਦਾ ਹੈ ਕਿ ਸ਼ੁਰੂ ਸ਼ੁਰੂ ਵਿਚ ਕਾਂਗਰਸ ਬਹੁਤੀ ਸਮਾਜ ਸੁਧਾਰਕ ਜਮਾਤ ਸੀ ਪਰ ਇਹ ਹਾਲਤ ਦੇਰ ਤੀਕ ਕਾਇਮ ਨਾ ਰਹਿ ਸਕੀ। ਦੂਜੇ ਹੀ ਸਾਲ ਕਾਂਗਰਸ ਦੇ ਦੇਸ਼ ਭਗਤ ਪ੍ਰਧਾਨ ਦਾਦਾ ਭਾਈ ਨਾਰੋ ਜੀ ਨੇ ਸਪਸ਼ਟ ਲਫਜ਼ਾਂ ਵਿਚ ਐਲਾਨ ਕਰ ਦਿਤਾ ਕਿ ਇੰਡੀਅਨ ਨੇਸ਼ਨਲ ਕਾਂਗਰਸ ਇਕ ਰਾਜਸੀ ਜਥੇਬੰਦੀ ਹੈ,

ਸੰਨ ੧੮੮੯ ਈਸਵੀ ਵਿਚ ਕਾਂਗਰਸ ਦਾ ਤੀਜਾ ਸਮਾਗਮ ਹੋਇਆ । ਇਸ ਵਿਚ ਇਸ ਭਾਵ ਦਾ ਮਤਾ ਪਾਸ ਕੀਤਾ ਗਿਆ ਕਿ ਕਾਂਗਰਸ ਦਾ ਆਈਨ ਅਤੇ ਦਸਤੂਰ ਤਿਆਰ ਕਰਨ ਲਈ ਇਕ ਕਮੇਟੀ ਬਣਾਈ ਜਾਏ । ਕਮੇਟੀ ਤਾਂ ਬਣਾ ਦਿਤੀ ਗਈ ਪਰ ਉਸ ਨੇ ੧੮੯੯ ਤੀਕ ਕੋਈ ਕੰਮ ਨਾ ਕੀਤਾ । ਉਸ ਸਾਲ ਕਾਂਗਰਸ ਦਾ ਸਾਲਾਨਾ ਸਮਾਗਮ ਲਖਨਊ ਵਿਚ ਹੋਇਆ ਤੇ ਉਥੇ ਹੀ ਇਸ ਦਾ ਆਈਨ ਤਿਆਰ ਕੀਤਾ ਗਿਆ ਜਿਸ ਦੀ ਪਹਿਲੀ ਧਾਰਾ ਵਿਚ ਹੀ ਇਹ ਗਲ ਸਪਸ਼ਟ ਕੀਤੀ ਗਈ ਸੀ ਕਿ ਕਾਂਗਰਸ ਦਾ ਮੰਤਵ ਆਈਨੀ ਤ੍ਰੀਕਿਆਂ ਨਾਲ ਹਿੰਦੁਸ-ਤਾਨ ਦੀ ਜਨਤਾ ਦੇ ਲਾਭਾਂ ਤੇ ਬਿਹਤ੍ਰੀ ਨੂੰ ਤ੍ਰੱਕੀ ਦੇਣਾ ਹੈ। ਇਸ ਤਰ੍ਹਾਂ ਇਹ ਕੰਮ ਕੁਛ ਸਮੇਂ ਤੀਕ ਜਾਰੀ ਰਿਹਾ ।

ਬੰਗਾਲ–ਵੰਡ–

ਵੀਹਵੀਂ ਸਦੀ ਦੇ ਸ਼ੁਰੂ ਵਿਚ ਲਾਰਡ ਕਰਜ਼ਨ ਦੀ ਉਸ ਪਾਲਿਸੀ ਵਿਰੁਧ ਜੋ ਉਸ ਨੇ ਬੰਗਾਲ ਨੂੰ ਦੋ ਹਿਸਿਆਂ ਵਿਚ ਵੰਡ ਕੇ ਧਾਰਨ ਕੀਤੀ ਸਖਤ ਐਜੀਟੇਸ਼ਨ ਸ਼ੁਰੂ ਹੋਈ । ਬੰਗਾਲੀ ਹੀ ਨਹੀਂ ਸਗੋਂ ਸਾਰੇ ਹਿੰਦੁਸਤਾਨੀ ਇਸ ਪਾਲਿਸੀ ਦੇ ਵਿਰੋਧੀ ਹੋ ਗਏ ਤੇ ਐਜੀਟੇਸ਼ਨ ਨੇ ਬੜਾ ਜ਼ੋਰ ਫੜ ਲਿਆ। ਇਹਨਾਂ ਦਿਨਾਂ ਵਿਚ ਲੋਕਮਾਨ ਤਿਲਕ ਅਤੇ ਸ੍ਰੀ ਯੁਤ ਅਰਵਿੰਦੂ ਘੋਸ਼ ਦੀ ਅਗਵਾਈ ਵਿਚ ਇਕ ਜ਼ਬਰਦਸਤ ਕੌਮ ਪ੍ਰਸਤ ਪਾਰਟੀ ਨੇ ਜਨਮ ਲਿਆ । ਇਸ ਪਾਰਟੀ ਵਲੋਂ ਮੰਗ ਪੇਸ਼ ਹੋਈ ਕਿ ਕਾਂਗਰਸ ਆਪਣਾ ਆਦਰਸ਼ ਸੈਲਫ ਗੌਰ-ਮਿੰਟ (ਖੁਦ ਮੁਖਤਿਆਰ ਹਕੂਮਤ) ਕਰਾਰ ਦੇਵੇ । ਕਾਂਗਰਸ ਦੇ ਅੰਦਰ ਇਸ ਮਤਭੇਦ ਨੇ ਬਹੁਤ ਜ਼ੋਰ ਫੜ ਲਿਆ । ਨਤੀਜਾ ਇਹ ਹੋਇਆ ਕਿ ਸੂਰਤ ਦੇ ਸਮਾਗਮ ਵਿਚ ਕਾਂਗਰਸ ਦੇ ਦੋ ਧੜੇ ਹੋ ਗਏ ਸੁ ਇਸ ਮੌਕੇ ਉਤੇ ਨੇਸ਼ਨਲ ਕਨਵੈਨਸ਼ਨ ਬਣਾਈ ਗਈ । ਇਸ ਕਨਵੈਨਸ਼ਨ

ਦੀ ਇਕ ਜ਼ਰੂਰੀ ਮੀਟਿੰਗ ੮ ਅਪ੍ਰੈਲ ਨੂੰ ਅਲਾਹਾਬਾਦ ਵਿਚ ਹੋਈ। ਏਸੇ ਮੀਟਿੰਗ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦਾ ਆਈਨ ਤਿਆਰ ਕੀਤਾ ਗਿਆ । ਇਸ ਆਈਨ ਦੀ ਦਫ਼ਾ ਅਵਲ ਵਿਚ ਦਰਜ ਸੀ– "ਇੰਡੀਅਨ ਨੈਸ਼ਨਲ ਕਾਂਗਰਸ ਦਾ ਆਦਰਸ਼ ਹਿੰਦੁਸਤਾਨ ਦੀ ਜਨਤਾ ਲਈ ਉਸੇ ਕਿਸਮ ਦਾ ਰਾਜ ਪ੍ਰਬੰਧ ਹਾਸਲ ਕਰਨਾ ਹੈ ਜਿਹੜਾ ਬਰਤਾਨਵੀ ਰਾਜ ਦੇ ਖ਼ੁਦ ਮੁਖਤਿਆਰ ਦੇਸ਼ਾਂ ਵਿਚ ਜਾਰੀ ਹੈ। ਇਹ ਰਾਜ ਪ੍ਰਬੰਧ ਇਸ ਕਿਸਮ ਦਾ ਹੋਣਾ ਚਾਹੀਦਾ ਹੈ ਜਿਸ ਨਾਲ ਹਿੰਦੁਸ-ਤਾਨੀ ਜਨਤਾ ਸਾਮਾਨਤਾ ਦੀਆਂ ਨੀਹਾਂ ਉਤੇ ਬਰਤਾਨਵੀ ਸਲਤਨਤ ਅਗੇ ਜ਼ਿੰਮੇਵਾਰ ਹੋਵੇ ਅਤੇ ਉਹਨਾਂ ਵਰਗੇ ਹੀ ਹੱਕਾਂ ਵਿਚ ਹਿਸਾ ਲੈ ਸਕੇ। ਇਹ ਮੰਤਵ ਆਈਨੀ ਵਸੀਲਿਆਂ ਰਾਹੀਂ ਹਾਸਲ ਕੀਤਾ ਜਾਇਗਾ।" ੧੯੧੧ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦਾ ਇਤਿਹਾਸਕ ਸਮਾਗਮ ਕਲਕੱਤੇ ਵਿਚ ਹੋਇਆ ਜਿਸ ਵਿਚ ਉਪ੍ਰੋਕਤ ਆਈਨ ਪਰਵਾਨ ਕਰ ਲਿਆ ਗਿਆ।

## ਪਹਿਲਾ ਮਹਾ ਯੁਧ–

ਸੰਨ ੧੯੧੪ ਵਿਚ ਜਦ ਯੂਰਪ ਦਾ ਪਹਿਲਾ ਮਹਾਨ ਯੁਧ ਆਰੰਭ ਹੋਇਆ ਤਦ ਇਤਿਹਾਦੀਆਂ ਨੇ ਆਪਣੇ ਜੰਗੀ ਮਨੋਰਥਾਂ ਬਾਰੇ ਇਹ ਐਲਾਨ ਕੀਤਾ ਕਿ ਜਰਮਨੀ ਦਾ ਮੰਤਵ ਦੁਨੀਆ ਦੇ ਸਾਰੇ ਆਜ਼ਾਦ ਦੇਸਾਂ ਉਤੇ ਕਬਜ਼ਾ ਕਰ ਕੇ ਉਹਨਾਂ ਨੂੰ ਸਦਾ ਲਈ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਨਾ ਹੈ। ਇਸ ਦੇ ਉਲਟ ਅਸੀਂ ਉਹਨਾਂ ਮੁਲਕਾਂ ਨੂੰ ਨਵੇਂ ਸਿਰੇ ਆਜ਼ਾਦ ਕਰਨਾ ਚਾਹੁੰਦੇ ਹਾਂ ਜਿਹੜੇ ਜਰਮਨ ਸਾਮਰਾਜ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ। ਇਸ ਨਾਲ ਦੁਨੀਆ ਦੇ ਗੁਲਾਮ ਮੁਲਕਾਂ ਦੇ ਦਿਲਾਂ ਵਿਚ ਇਕ ਨਵਾਂ ਜਜ਼ਬਾ ਪੈਦਾ ਹੋਇਆ ਅਤੇ ਉਹਨਾਂ ਅੰਦਰ ਸਿਆਸੀ ਆਜ਼ਾਦੀ ਦੀ ਨਵੀਂ ਰੂਹ ਪੈਦਾ

ਹੋ ਗਈ। ਫਲ ਇਹ ਹੋਇਆ ਕਿ ਲੋਕ-ਮਾਨ ਤਿਲਕ ਅਤੇ ਉਹਨਾਂ ਦੇ ਪਿਛਲਗ ੧੯੧੬ ਈਸਵੀ ਵਿਚ ਕਾਂਗਰਸ ਦੇ ਲਖਨਊ ਦੇ ਸਮਾਗਮ ਵਿਚ ਸ਼ਾਮਲ ਹੋਏ ਅਤੇ ਐਲਾਨ ਕੀਤਾ ਕਿ ਉਹ ਹੁਣ ਫੇਰ ਕਾਂਗਰਸ ਵਿਚ ਸ਼ਾਮਲ ਹੁੰਦੇ ਹਨ। ਕਾਂਗਰਸ ਦੇ ਆਦਰਸ਼ ਵਿਚ ਕੋਈ ਤਬਦੀਲੀ ਨਾ ਹੋਈ। ਹਿੰਦੁਸਤਾਨੀਆਂ ਨੂੰ ਹੁਣ ਉਮੈਦ ਸੀ ਕਿ ਬ੍ਰਿਟਿਸ਼ ਗੌਰਮਿੰਟ ਉਹਨਾਂ ਦੀਆਂ ਵਡ ਮੁਲੀਆਂ ਫੌਜੀ ਖਿਦਮਤਾਂ ਦੇ ਬਦਲੇ ਉਹਨਾਂ ਦਾ ਦੇਸ਼ ਆਜ਼ਾਦ ਕਰ ਦੇਵੇਗੀ। ਪਰ ਉਹਨਾਂ ਦੀਆਂ ਸਾਰੀਆਂ ਉਮੈਦਾਂ ਉਤੇ ਪਾਣੀ ਫਿਰ ਗਿਆ ਜਦ ਗੌਰਮਿੰਟ ਨੇ ਉਹਨਾਂ ਨੂੰ ਆਜ਼ਾਦੀ ਦੇਣ ਦੀ ਬਜਾਇ ਰੌਲਟ ਬਿਲ ਪਾਸ ਕਰ ਦਿਤਾ।

## ੧੯੧੪–੧੫ ਦੀ ਜਦੋ ਜਿਹਦ–

ਯੂਰਪ ਦੀ ਜੰਗ ਸ਼ੁਰੂ ਹੋਣ ਉਤੇ ਹਿੰਦੁਸਤਾਨ ਦੇ ਇਨਕਲਾਬ ਪਸੰਦਾਂ ਵਿਚ ਅਤੇ ਦੇਸੋਂ ਬਾਹਰ ਕੈਨੇਡਾ ਵਿਚ ਵਸਣ ਵਾਲੇ ਹਿੰਦੀਆਂ ਅੰਦਰ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦਾ ਜਜ਼ਬਾ ਜੋਸ਼ ਵਿਚ ਆਇਆ। ਗੈਰ ਮੁਲਕਾਂ ਵਿਚ ਖਾਸ ਕਰਕੇ ਕੈਨੇਡਾ ਤੇ ਅਮ੍ਰੀਕਾ ਦੇ ਦੇਸਾਂ ਵਿਚ ਵਸਣ ਵਾਲੇ ਹਿੰਦੀਆਂ ਉਪਰ ਕਰੜੀਆਂ ਪਾਬੰਦੀਆਂ ਲਾ ਕੇ ਉਹਨਾਂ ਨੂੰ ਬਹਾਨੇ ਬਹਾਨੇ ਸਿਰ ਮੁਲਕ ਵਿਚੋਂ ਕਢਣ ਦੇ ਜਤਨ ਕੀਤੇ ਜਾਂਦੇ ਸਨ। ਹਿੰਦੀਆਂ ਨੂੰ ਕੈਨੇਡਾ ਵਿਚ ਦਾਖਲ ਨਹੀਂ ਸੀ ਹੋਣ ਦਿਤਾ ਜਾਂਦਾ ਤੇ ਜ਼ਰਾ ਜ਼ਰਾ ਜਿੰਨੇ ਬਹਾਨੇ ਉਤੇ ਓਹਨਾਂ ਦੇ ਦਾਖਲੇ ਵਿਚ ਰੋਕਾਂ ਪਾਈਆਂ ਜਾਂਦੀਆਂ ਸਨ। ਮਿਸਾਲ ਦੇ ਤੌਰ ਉਤੇ ਇਹ ਸ਼ਰਤ ਲਾਈ ਗਈ ਸੀ ਕਿ ਸ਼ੰਘਾਈ ਤੋਂ ਸਿਧੇ ਜਹਾਜ਼ ਵਿਚ ਆਉਣ ਵਾਲੇ ਹਿੰਦੀ ਹੀ ਕੈਨੇਡਾ ਵਿਚ ਉਤ੍ਰ ਸਕਦੇ ਹਨ ਹਾਲਾਂਕਿ ਉਦੋਂ ਕੋਈ ਵੀ ਹਿੰਦੀ ਜਹਾਜ਼ੀ ਕੰਪਣੀ ਉਥੋਂ ਤੀਕ ਮੁਸਾਫਰ ਨਹੀਂ ਸੀ ਲਿਜਾਂਦੀ ਅਤੇ ਗੈਰ ਮੁਲਕੀ ਕੰਪਣੀਆਂ ਨਾਲ ਇਹ ਸਾਜ਼ਸ਼ ਕੀਤੀ ਹੋਈ ਸੀ ਕਿ ਕੋਈ ਜਹਾਜ਼ ਸ਼ੰਘਾਈ ਤੋਂ ਸਿਧਾ ਕੈਨ-

ਵਿੰਦਰ ਵਲ ਨ ਜਾਵੇ। ਇਸ ਔਕੜ ਨੂੰ ਦੂਰ ਕਰਨ ਲਈ ਦੇਸ਼ ਭਗਤ ਬਾਬਾ ਗੁਰਦਿਤ ਸਿੰਘ ਜੀ ਨੇ ਇਕ ਜਹਾਜ਼ੀ ਕੰਪਣੀ ਚਾਲੂ ਕੀਤੀ ਜਿਸ ਦਾ ਨਾਮ ਰਖਿਆ ਗਿਆ ਗੁਰੂ ਨਾਨਕ ਸਟੀਮਸ਼ਿਪ ਕੰਪਨੀ। ਇਕ ਜਹਾਜ਼ ਕਾਮਾਗਾਟਾ ਮਾਰੂ ਖਰੀਦ ਕੇ ਉਸ ਦਾ ਨਾਮ "ਗੁਰੂ ਨਾਨਕ ਜਹਾਜ਼" ਰਖਿਆ ਤੇ ਉਸ ਵਿਚ ਸਵਾਰ ਹੋ ਕੇ ਹਿੰਦੀ ਕੈਨੇਡਾ ਗਏ। ਉਸ ਜਹਾਜ਼ ਦੇ ਮੁਸਾਫਰਾਂ ਨੂੰ ਓਥੇ ਉਤਰਨ ਨ ਦਿਤਾ ਗਿਆ ਜਿਸ ਤੇ ਉਹਨਾਂ ਵਿਚ ਬੇਚੈਨੀ ਫੈਲ ਗਈ। ਉਹਨਾਂ ਦੇ ਵਾਸਪ ਆਉਣ ਉਤੇ ਬਜਬਜ ਘਾਟ ਉਤੇ ਗੋਲੀ ਚਲਾਈ ਗਈ। ਕਈ ਮੋਏ, ਕਈ ਫਟੜ ਹੋਏ ਤੇ ਕੁਛ ਨੇ ਏਧਰ ਉਧਰ ਨਸ ਕੇ ਜਾਨ ਬਚਾਈ। ਹਿੰਦੁਸਤਾਨ ਦੀ ਇਨਕਲਾਬ ਪਸੰਦ ਪਾਰਟੀ ਨੇ ਇਹਨਾਂ ਦੁਖੀਆਂ ਨਾਲ ਮੇਲ ਮਿਲਾਪ ਕਰ ਲਿਆ ਜਿਸ ਕਰਕੇ ਕਈ ਸਿਖ ਇਨਕਲਾਬ ਪਸੰਦ ਬਣ ਗਏ।

ਅਮ੍ਰੀਕਾ ਵਿਚ ਗਦਰ ਪਾਰਟੀ ਪਹਿਲੇ ਹੀ ਕਾਇਮ ਹੋ ਚੁਕੀ ਸੀ। ਉਸ ਦੇ ਸਰਗਰਮ ਕਾਰਕੁਨਾਂ ਨੇ ਜੰਗ ਦੇ ਦੌਰਾਨ ਵਿਚ ਹਿੰਦੁਸਤਾਨ ਦੀ ਇਨਕਲਾਬੀ ਪਾਰਟੀ ਨੂੰ ਹਥਿਆਰ ਪੁਚਾਉਣ ਦੀ ਕੋਸ਼ਸ਼ ਕੀਤੀ ਪਰ ਇਸ ਸਾਜ਼ਸ਼ ਦਾ ਪਤਾ ਲਗ ਗਿਆ ਜਿਸ ਕਰ ਕੇ ਇਹ ਸਿਰੇ ਨ ਚੜ੍ਹ ਸਕੀ। ਜਿਹੜੇ ਹਥਿਆਰ ਬਾਹਰਲੇ ਦੇਸਾਂ ਵਿਚੋਂ ਲਿਆਂਦੇ ਗਏ ਸਨ ਉਹਨਾਂ ਉਤੇ ਸ੍ਰਕਾਰ ਨੇ ਕਬਜ਼ਾ ਕਰ ਲਿਆ ਅਤੇ ਇਨਕਲਾਬ ਪਸੰਦਾਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਉਤੇ ਸਾਜਸ਼ ਦੇ ਮੁਕਦਮੇ ਚਲਾਏ। ਇਹ ਮੁਕਦਮੇ ਖਾਸ ਫੌਜੀ ਅਦਾਲਤਾਂ ਰਾਹੀਂ ਚਲਾਏ ਗਏ। ਕਈ ਆਦਮੀ ਫਾਂਸੀ ਲਗੇ, ਕਈ ਕਾਲੇ ਪਾਣੀ ਭੇਜੇ ਗਏ। ਵਸ਼ੇਸ਼ ਤੌਰ ਉਤੇ ਇਹ ਮੁਕਦਮੇ ਪੰਜਾਬ ਵਿਚ ਤੇ ਬਰਮਾਂ ਵਿਚ ਚਲੇ ਸਨ।

ਇਹ ਦੂਜਾ ਹਥਿਆਰ ਬੰਦ ਜਤਨ ਹਿੰਦੁਸਤਾਨ ਨੂੰ ਆਜ਼ਾਦ ਕਰੌਣ ਦਾ ਸੀ ਜੋ ਅਸਫਲ ਰਿਹਾ। ਇਸ ਦੇ ਮਗਰੋਂ ਗਾਂਧੀ ਯੁਗ ਸ਼ੁਰੂ ਹੁੰਦਾ ਹੈ ਜਿਸ ਨੂੰ ਅਸੀਂ ਸ਼ਾਂਤ ਮਈ ਜਦੋ ਜਿਹਦ ਕਹਿ ਸਕਦੇ ਹਾਂ

ਕਿਉਂਕਿ ਇਸ ਦੌਰ ਵਿਚ ਤਸ਼ਦਦ ਨੂੰ ਸਿਰ ਨਹੀਂ ਚੁਕਣ ਦਿਤਾ ਗਿਆ। ਮਹਾਤਮਾਂ ਗਾਂਧੀ ਸ਼ਾਂਤ ਮਈ ਦੇ ਪੂਰੇ ਪੂਰੇ ਹਾਮੀ ਹਨ ਤੇ ਉਹ ਕਿਸੇ ਹਾਲਤ ਵਿਚ ਵੀ ਤਸ਼ਦਦ ਯਾ ਹਿੰਸਕ ਕਾਰਰਵਾਈਆਂ ਨੂੰ ਬਰਦਾਸ਼ਤ ਨਹੀਂ ਕਰਦੇ। ਵੇਲੇ ਦੀ ਨਜ਼ਾਕਤ ਤੇ ਹਿੰਦੁਸਤਾਨ ਦੀ ਹਾਲਤ ਨੂੰ ਮੁਖ ਰਖ ਕੇ ਕਾਂਗਰਸ ਨੇ ਸ਼ਾਂਤ ਮਈ ਦੇ ਅਸੂਲ ਨੂੰ ਪਰਵਾਨ ਕਰ ਲਿਆ ਜਿਸ ਕਰਕੇ ਇਸ ਨੂੰ ਸ਼ਾਂਤ ਮਈ ਦਾ ਯੁਗ ਕਹਿਣਾ ਹੀ ਠੀਕ ਹੋਵੇਗਾ।

੧੯੧੪-੧੫ ਦੀ ਤਸ਼ਦਦ ਲਹਿਰ ਤੋਂ ਮਗਰੋਂ ਇਕ ਤਰ੍ਹਾਂ ਨਾਲ ਹਥਿਆਰ ਬੰਦ ਇਨਕਲਾਬ ਲਿਆਉਣ ਦੀ ਲਹਿਰ ਮੁਕ ਗਈ ਅਤੇ ਉਸ ਦੇ ਮਗਰੋਂ ਮਹਾਤਮਾਂ ਗਾਂਧੀ ਦੀ ਅਗਵਾਈ ਵਿਚ ਸ਼ਾਂਤਮਈ ਜਦੋ ਜਿਹਦ ਦਾ ਆਰੰਭ ਹੋ ਇਆ। ਜਿਸ ਦਾ ਭਾਵ ਇਹ ਸੀ ਕਿ ਸੁਕਾਰ ਦੀ; ਜਥੇ-ਬੰਦ ਹਕੂਮਤ ਨੂੰ ਤਾਕਤ ਤੇ ਦਹਿਸ਼ਤ ਨਾਲ ਝੁਕਾਉਣ ਦੀ ਬਜਾਇ ਸ਼ਾਂਤਮਈ ਤੇ ਸਚਾਈ ਦੀ ਤਾਕਤ ਨਾਲ ਝੁਕਾਇਆ ਜਾਏ। ਕੋਈ ਖੁਫੀਆ ਲਹਿਰ ਜਾਰੀ ਨ ਕੀਤੀ ਜਾਏ ਸਗੋਂ ਜੋ ਕੁਛ ਕੀਤਾ ਜਾਏ ਉਹ ਖੁਲ੍ਹੇ ਬੰਦ ਤੇ ਗਜ ਵਜ ਕੇ ਕੀਤਾ ਜਾਏ,' ਇਥੋਂ ਤੀਕ ਕਿ ਆਪਣਾ ਪ੍ਰੋਗਰਾਮ ਵੀ ਖੁਲ੍ਹੇ ਬੰਦ ਸਰਕਾਰੀ ਕਰਮਚਾਰੀਆਂ ਨੂੰ ਦਸ ਦਿਤਾ ਜਾਏ। ਨਿਹਥੇ ਤੇ ਹਥਿਆਰ ਰਹਿਤ ਲੋਕਾਂ ਲਈ ਇਹੋ ਹਥਿਆਰ ਕਾਰਗਰ ਸਾਬਤ ਹੋ ਸਕਦਾ ਸੀ। ਇਹ ਲਹਿਰ ੧੯੧੯ ਵਿਚ ਜਲਿਆਂ ਵਾਲੇ ਬਾਗ ਦੇ ਖੂਨੀ ਸਾਕੇ ਮਾਗਰੋਂ ਸ਼ੁਰੂ ਹੋਈ।

## ਜਲ੍ਹਿਆਂ ਵਾਲਾ ਬਾਗ—

ਜਲਿਆਂ ਵਾਲੇ ਵਾਗ ਦਾ ਖੂਨੀ ਸਾਕਾ ਏਸੇ ਦੌਰ ਦੀ ਤਲਖ਼ ਯਾਦ ਹੈ। ਅੰਮ੍ਰਿਤਸਰ ਵਿਚ ਮਾਰਸ਼ਲ ਲਾ ਜਾਰੀ ਕਰ ਦਿਤਾ ਗਿਆ, ਲੋਕਾਂ ਨੂੰ ਢਿਡ ਭਾਰ ਚਲਾਇਆ ਗਿਆ, ਉਹਨਾਂ ਨੂੰ ਟਿੱਕ ਟਿਕੀਆਂ ਉਤੇ ਬੰਨ੍ਹ ਕੇ ਬੈਂਤ ਮਾਰੇ ਗਏ ਅਤੇ ਜਲਿਆਂ ਵਾਲੇ ਬਾਗ

ਵਿਚ ਜਦ ਲੋਕਾਂ ਨੇ ਇਕਤ੍ਰ ਹੋ ਕੇ ਇਸ ਜ਼ੁਲਮ ਵਿਰੁਧ ਆਵਾਜ਼ ਉਚੀ ਕਰਨ ਦਾ ਜਤਨ ਕੀਤਾ ਤਦ ਨਿਰਦਈ ਡਾਇਰ ਨੇ ਮਸ਼ੀਨਗਨਾਂ ਲਿਆ ਕੇ ਜਲਿਆਂ ਵਾਲੇ ਬਾਗ ਵਿਚ ਬੈਠੀ ਹੋਈ ਨਿਹਥੀ ਜਨਤਾ ਨੂੰ ਜਿਸ ਵਿਚ ਬੱਚੇ, ਤੀਵੀਆਂ ਤੇ ਬੁੱਢੇ ਸ਼ਾਮਲ ਸਨ ਗੋਲੀਆਂ ਨਾਲ ਭੁੰਨ ਸੁਟਿਆ। ਇਸ ਜ਼ੁਲਮ ਦੀ ਸਰਕਾਰੀ ਤੌਰ ਉਤੇ ਪੜਤਾਲ ਕੀਤੀ ਗਈ ਜਿਸ ਵਿਚ ਖ਼ੂਨੀ ਡਾਇਰ ਨੂੰ ਇਹ ਕਹਿ ਕੇ ਬਰੀ ਕਰਨ ਦਾ ਜਤਨ ਕੀਤਾ ਗਿਆ ਕਿ ਉਸ ਪਾਸੋਂ ਗਲ ਭੀ ਹ ਗਈ ਹੈ। ਉਸ ਨੂੰ ਕੋਈ ਸਜ਼ਾ ਦੇਣ ਦੀ ਬਜਾਇ ਪੈਨਸ਼ਨ ਦੇ ਕੇ ਵਲੈਤ ਭੇਜ ਦਿਤਾ ਗਿਆ। ਉਸ ਸਮੇਂ ਦੇ ਲੈਫਟੀਨੈਂਟ ਗਵਰਨਰ ਐਡਵਾਇਰ ਨੇ ਵੀ ਜਨਰਲ ਡਾਇਰ ਦੀ ਹੀ ਹਮਾਇਤ ਕੀਤੀ ਸੁ ਬੇ-ਗੁਨਾਹਾਂ ਲੋਕਾਂ ਦੇ ਕਤਲ ਲਈ ਉਸ ਤੋਂ ਕੋਈ ਪੁਛ ਪੜਤਾਲ ਨ ਹੋਈ। ਜਲਿਆਂ ਵਾਲੇ ਬਾਗ ਦੇ ਖ਼ੂਨੀ ਹਾਦਸੇ ਦੇ ਕਾਰਨ ਹਿੰਦੁਸਤਾਨ ਦੇ ਲੰਮੇ ਚੌੜੇ ਰਾਜ ਵਿਚ ਅੰਗ੍ਰੇਜ਼ੀ ਹਕੂਮਤ ਵਿਰੁਧ ਲੋਕਾਂ ਵਿਚ ਸਖਤ ਬੇ-ਚੈਨੀ ਫੈਲੀ ਅਤੇ ਸਾਰੇ ਹਿੰਦੁਸਤਾਨ ਵਿਚ ਨਾਰ ਜ਼ਗੀ ਦੀ ਲਹਿਰ ਦੌੜ ਗਈ। ਆਲ ਇੰਡੀਆ ਕਾਂਗਰਸ ਕਮੇਟੀ ਨੇ ਇਸ ਹਾਦਸੇ ਦੀ ਪੜਤਾਲ ਲਈ ਇਕ ਪੜ-ਤਾਲੀਆ ਕਮੇਟੀ ਨਿਯਤ ਕੀਤੀ ਅਤੇ ਪੰਡਤ ਮਦਨ ਮੋਹਨ ਮਾਲਵੀਆ, ਸੁਵਰਗੀ ਪੰਡਤ ਮੋਤੀ ਲਾਲ ਨਹਿਰੂ ਆਦਕ ਵਡੇ ਵਡੇ ਲੀਡਰਾਂ ਨੇ ਏਥੇ ਆ ਕੇ ਲੋਕਾਂ ਦੇ ਬਿਆਨ ਲਏ। ਇਸ ਕਮੇਟੀ ਨੇ ਆਪਣੀ ਰਪੋਰਟ ਦੋ ਹਿਸਿਆਂ ਵਿਚ ਛਾਪੀ। ਪਹਿਲੇ ਹਿਸੇ ਵਿਚ ਇਹਨਾਂ ਨੇ ਆਪਣੇ ਨਤੀਜੇ ਤੇ ਭਾਵ ਪ੍ਰਗਟ ਕੀਤੇ ਅਤੇ ਦੂਜੇ ਹਿਸੇ ਵਿਚ ਉਹਨਾਂ ਲੋਕਾਂ ਦੀਆਂ ਸ਼ਹਾਦਤਾਂ ਪ੍ਰਕਾਸ਼ਤ ਕੀਤੀਆਂ ਜਿਨ੍ਹਾਂ ਦੇ ਬਿਆਨ ਪੜ-ਤਾਲੀਆ ਕਮਿਸ਼ਨ ਨੇ ਲਏ ਸਨ। ਸਰਕਾਰ ਪੰਜਾਬ ਨੇ ਸ਼ਾਇਦ ਇਸ ਰਪੋਰਟ ਦੇ ਦੂਜੇ ਹਿਸੇ ਨੂੰ ਜ਼ਬਤ ਕਰ ਲਿਆ ਸੀ। ਇਹਨਾਂ ਰਪੋਰਟਾਂ ਦੀ ਅਸ਼ਾਇਤ ਨਾਲ ਹਿੰਦੁਸਤਾਨ ਦੀ ਜਨਤਾ ਨੂੰ ਉਸ ਸਖਤੀ ਤੇ ਜ਼ੁਲਮ ਦਾ ਪਹਿਲੀ ਵਾਰ ਸਹੀ ਸਹੀ ਅੰਦਾਜ਼ਾ ਮਲੂਮ ਹੋਇਆ ਜੋ ਪੰਜਾਬੀਆਂ ਉਤੇ ? ਰਵਾ ਰਖੀ ਗਈ ਸੀ। ੧੯੧੪-੧੮ ਦੀ ਜੰਗ ਵਿਚ ਸਭ ਤੋਂ

ਬਹੁਤੀ ਫੌਜੀ ਭਰਤੀ ਤੇ ਸਹੈਤਾ ਦੇਣ ਵਾਲੇ ਸੂਬੇ ਨੂੰ ਇਹ ਇਨਾਮ ਮਿਲਿਆ ਸੀ। ਇਸ ਹਾਦਸੇ ਨੇ ਨਾ ਕੇਵਲ ਪੰਜਾਬ ਵਿਚ ਹੀ ਸਗੋਂ ਸਾਰੇ ਹਿੰਦੁਸਤਾਨ ਵਿਚ ਨਾਰਾਜ਼ਗੀ ਤੇ ਗੁੱਸੇ ਦੀ ਲਹਿਰ ਦੁੜਾ ਦਿਤੀ।

## ਨਾ ਮਿਲਵਰਤਨ ਲਹਿਰ–

ਉਪ੍ਰੋਕਤ ਘਟਨਾ ਨੇ ਹਿੰਦੀ ਜਨਤਾ ਵਿਚ ਬੜਾ ਜੋਸ਼ ਭਰ ਦਿਤਾ। ਇਸ ਦੇ ਨਾਲ ਹੀ ਜੰਗ ਵਿਚ ਹਾਰ ਖਾਧੇ ਹੋਏ ਤੁਰਕੀ ਨਾਲ ਬਰਤਾਨਵੀ ਸਰਕਾਰ ਨੇ ਜੋ ਸਲੂਕ ਕੀਤਾ ਉਸ ਨੇ ਬਲਦੀ ਉਤੇ ਤੇਲ ਪਇਆ। ਹਿੰਦੁਸਤਾਨ ਦੇ ਮੁਸਲਮਾਨ ਚਾਹੁੰਦੇ ਸਨ ਕਿ ਜਰਮਨੀ ਦਾ ਸਾਥ ਦੇਣ ਦੇ ਬਾਵਜੂਦ ਤੁਰਕੀ ਨਾਲ ਹਿੰਦੀ ਮੁਸਲਮਾਨਾਂ ਦੀ ਖਾਤਰ ਨਰਮ ਸਲੂਕ ਰਵਾ ਰਖਿਆ ਜਾਏ। ਕਿਉਂਕਿ ਹਿੰਦੀ ਮੁਸਲਮਾਨ ਤੁਰਕੀ ਵਿਰੁਧ ਲੜੇ ਸਨ ਇਸ ਲਈ ਉਹਨਾਂ ਦੀ ਆਵਾਜ਼ ਸੁਣੀ ਜਾਣੀ ਚਾਹੀਦੀ ਸੀ, ਪਰ ਬਰਤਾਨੀਆਂ ਨੇ ਇਸ ਗਲ ਨੂੰ ਨਜ਼ਰੋਂ ਉਹਲੇ ਕਰ ਦਿਤਾ ਤੇ ਤੁਰਕੀ ਨੂੰ ਵਧ ਤੋਂ ਵਧ ਕਮਜ਼ੋਰ ਕਰ ਦੇਣ ਦੀ ਪਾਲਿਸੀ ਧਾਰਨ ਕੀਤੀ।

ਪੰਜਾਬ ਦੇ ਜ਼ੁਲਮਾਂ ਅਤੇ ਤੁਰਕੀ ਸੰਬੰਧੀ ਬਰਤਾਨਵੀ ਪਾਲਿਸੀ ਉਤੇ ਵਿਚਾਰ ਕਰਨ ਲਈ ਕਲਕੱਤੇ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦਾ ਸਮਾਗਮ ਸੰਨ ੧੯੨੦ ਵਿਚ ਸਦਿਆ ਗਿਆ। ਇਸ ਸਮਾਗਮ ਵਿਚ ਦੋਵਾਂ ਮਾਮਲਿਆਂ ਉਤੇ ਖੂਬ ਗਰਮਾਂ ਗਰਮ ਬਹਿਸ ਸ਼ੁਰੂ ਹੋਈ। ਆਖਰ ਮਹਾਤਮਾਂ ਗਾਂਧੀ ਦੇ ਪੇਸ਼ ਕਰਨ ਉਤੇ ਇਸ ਭਾਵ ਦਾ ਮਤਾ ਪਾਸ ਕੀਤਾ ਗਿਆ ਕਿ ਬ੍ਰਿਟਿਸ਼ ਗੌਰਮਿੰਟ ਅਤੇ ਬਰਤਾਨਵੀ ਲੋਕਾਂ ਨਾਲ ਨਾ ਮਿਲਵਰਤਨ ਕੀਤਾ ਜਾਏ। ਕਾਂਗਰਸ ਦੇ ਮਤੇ ਵਿਚ ਇਹ ਵੀ ਦਰਜ ਸੀ–

"ਕਾਂਗਰਸ ਦੀ ਇਹ ਸੱਚੇ ਦਿਲੋਂ ਰਾਏ ਹੈ ਕਿ ਹਿੰਦੀ ਜਨਤਾ ਉਸ ਵੇਲੇ ਤੀਕ ਚੈਨ ਨਾਲ ਨਹੀਂ ਬੈਠ ਸਕਦੀ ਜਦ ਤੀਕ ਬਰਤਾ-

ਨੀਆ ਖਿਲਾਫਤ ਅਤੇ ਪੰਜਾਬ ਦੇ ਜ਼ੁਲਮਾਂ ਸੰਬੰਧੀ ਕੀਤੀ ਗਈ ਬੇ-ਇਨਸਾਫੀ ਨੂੰ ਦੂਰ ਨਹੀਂ ਕਰਦਾ। ਹਿੰਦੁਸਤਾਨੀ ਕੌਮੀ ਖੁਦ-ਦਾਰੀ ਦਾ ਤਕਾਜ਼ਾ ਹੈ ਕਿ ਸੁਵਰਾਜ ਦੀ ਕਾਇਮੀ ਦੀ ਖਾਤਰ ਅਗੋਂ ਲਈ ਇਸ ਕਿਸਮ ਦੇ ਵਾਕਿਆਤ ਦੀ ਸੰਭਾਵਨਾ ਨੂੰ ਹਰ ਹਾਲਤ ਵਿਚ ਖਤਮ ਕਰ ਦਿਤਾ ਜਾਏ।

"ਕਾਂਗਰਸ ਦੀ ਇਹ ਵੀ ਰਾਏ ਹੈ ਕਿ ਹਿੰਦੁਸਤਾਨੀਆਂ ਦੇ ਸਾਹਮਣੇ ਹੁਣ ਇਸ ਤੋਂ ਛੁਟ ਹੋਰ ਕੋਈ ਤ੍ਰੀਕਾ ਕਾਰ ਬਾਕੀ ਨਹੀਂ ਰਹਿ ਗਿਆ ਕਿ ਜਦ ਤੀਕ ਸੁਵਰਾਜ ਹਾਸਲ ਨਾ ਹੋ ਜਾਏ ਅਤੇ ਇਹਨਾਂ ਜ਼ੁਲਮਾਂ ਦੀ ਤਲਾਫੀ ਨਾ ਕੀਤੀ ਜਾਏ ਹਿੰਦੀ ਲੋਕ ਗਾਂਧੀ ਜੀ ਦੀ ਤਜਵੀਜ਼ ਕੀਤੀ ਹੋਈ ਨਾ ਮਿਲਵਰਤਨ ਦੀ ਪਾਲਿਸੀ ਨੂੰ ਪੂਰੀ ਤਰ੍ਹਾਂ ਵਰਤੋਂ ਵਿਚ ਲਿਆਵਣ..........।"

ਕਾਂਗਰਸ ਦੇ ਸਾਲਾਨਾ ਸਮਾਗਮ ਨਾਗਪੁਰ ਵਿਚ ਉਪ੍ਰੋਕਤ ਮਤੇ ਦੀ ਨਾ ਕੇਵਲ ਪ੍ਰੋੜਤਾ ਹੀ ਕੀਤੀ ਗਈ ਸਗੋਂ ਕਾਂਗਰਸ ਦਾ ਨਵਾਂ ਆਈਨ ਵੀ ਬਣਾਇਆ ਗਿਆ ਜਿਸ ਦੀ ਰੂ ਨਾਲ ਕਰਾਰ ਦਿਤਾ ਗਿਆ ਕਿ ਕਾਂਗਰਸ ਦਾ ਆਦਰਸ਼ ਹੈ ਹਿੰਦੀ ਜਨਤਾ ਲਈ ਸਭ ਜਾਇਜ਼ ਤੇ ਸ਼ਾਂਤਮਈ ਤ੍ਰੀਕਿਆਂ ਨਾਲ ਸੁਵਰਾਜ ਹਾਸਲ ਕਰਨਾ। ਕੁਛ ਲੋਕ ਚਾਹੁੰਦੇ ਸਨ ਕਿ ਬਰਤਾਨੀਆ ਨਾਲ ਕਿਸੇ ਕਿਸਮ ਦਾ ਵੀ ਸੰਬੰਧ ਨਾ ਰਖਿਆ ਜਾਏ ਪਰ ਗਾਂਧੀ ਜੀ ਦੇ ਜ਼ੋਰ ਦੇਣ ਉਤੇ ਇਹ ਇੰਤਹਾਈ ਕਦਮ ਨਾ ਉਠਾਇਆ। ਇਸ ਤਰ੍ਹਾਂ ਨਾ ਮਿਲਵਰਤਨ ਦੀ ਉਹ ਜ਼ਬਰਦਸਤ ਲਹਿਰ ਦੇਸ਼ ਵਿਚ ਚਲੀ ਜਿਸ ਨਾਲ ਬਰਤਾਨਵੀ ਪਾਰਲੀਮੈਂਟ ਦੀਆਂ ਕੰਧਾਂ ਤੀਕ ਹਿਲ ਗਈਆਂ। ਇਸ ਸ਼ਾਂਤਮਈ ਬਗ਼ਾਵਤ ਨੇ ਜਿੰਨਾਂ ਬ੍ਰਿਟਿਸ਼ ਗੌਰਮਿੰਟ ਨੂੰ ਪ੍ਰੇਸ਼ਾਨ ਕੀਤਾ ਉਨਾਂ ਸ਼ਾਇਦ ਤਸ਼ਦਦ ਦੀ ਜਦੋ ਜਿਹਦ ਨੇ ਵੀ ਨਹੀਂ ਕੀਤਾ ਹੋਣਾ। ਸਾਰੇ ਮੁਲਕ ਵਿਚ ਸਕੂਲਾਂ, ਕਾਲਜਾਂ, ਅਦਾਲਤਾਂ ਦਾ ਬਾਈਕਾਟ ਸ਼ੁਰੂ ਹੋ ਗਿਆ। ਕਾਨੂੰਨ ਦੀ ਮਿਟੀ ਪਲੀਤ ਹੋਣੀ ਸ਼ੁਰੂ ਹੋ ਗਈ। ਪੋਲੀਸ ਦੀਆਂ ਡਾਗਾਂ ਤੇ

ਗੋਲੀਆਂ ਦਾ ਤੇ ਲੋਕਾਂ ਦੇ ਦਿਲਾਂ ਵਿਚੋਂ ਉਡ ਗਿਆ। ਸਰਕਾਰ ਨੇ ਲੀਡਰਾਂ ਨੂੰ ਗ੍ਰਿਫਤਾਰ ਕੀਤਾ ਤਦ ਉਹਨਾਂ ਦੀ ਥਾਂ ਨਵੇਂ ਲੀਡਰਾਂ ਨੇ ਆਨ ਮਲੀ। ਅਦਾਲਤਾਂ ਵਿਚ ਲੋਕਾਂ ਨੇ ਡੀਫੈਂਸ ਪੇਸ਼ ਕਰਨਾ ਛਡ ਦਿਤਾ। ਲੀਡਰ ਕੇਵਲ ਬਿਆਨ ਦੇਂਦੇ, ਉਹਨਾਂ ਬਿਆਨਾਂ ਵਿਚ ਡੀਫੈਂਸ ਤਾਂ ਕੀ ਹੋਣਾ ਸੀ ਬਰਤਾਨਵੀ ਜ਼ੁਲਮਾਂ ਨੂੰ ਹੋਰ ਵੀ ਨਸ਼ਰ ਕੀਤਾ ਜਾਂਦਾ ਤੇ ਬਰਤਾਨਵੀ ਅਦਾਲਤਾਂ ਉਤੇ ਬੇ-ਭਰੋਸਗੀ ਪ੍ਰਗਟ ਕੀਤੀ ਜਾਂਦੀ। ਇਸ ਲਹਿਰ ਵਿਚ ਲੱਖਾਂ ਕਾਂਗਰਸੀ ਜੇਲਾਂ ਵਿਚ ਗਏ ਪਰ ਜੋਸ਼ ਮੱਠਾ ਨਾ ਹੋਇਆ ਸਗੋਂ ਨਰਾਜ਼ਗੀ ਦਾ ਜਜ਼ਬਾ ਜ਼ੋਰ ਫੜਦਾ ਹੀ ਚਲਾ ਗਿਆ।

ਆਖਰ ਕਲਕਤੇ ਦੇ ਸਮਾਗਮ ਵਿਚ ਇਹ ਮੰਗ ਕੀਤੀ ਗਈ ਕਿ ਬ੍ਰਿਟਿਸ਼ ਗੌਰਮਿੰਟ ੩੧ ਦਸੰਬਰ ੧੯੨੯ ਤੀਕ ਹਿੰਦੁਸਤਾਨ ਨੂੰ ਦਰਜਾ ਨੌਂ ਆਬਾਦਿਆਤ ਦੇਣ ਦਾ ਐਲਾਨ ਕਰੇ। ਜੇ ਉਪ੍ਰੋਕਤ ਤ੍ਰੀਕ ਤੀਕ ਇਹੀ ਐਲਾਨ ਨਾ ਹੋਵੇ ਤਦ ਕਾਂਗਰਸ ਆਪਣਾ ਆਦਰਸ਼ ਬਦਲ ਕੇ ਪੂਰਨ ਸੁਵਰਾਜ ਕਰ ਦੇਵੇ। ੩੧ ਅਕਤੂਬਰ ਨੂੰ ਵਾਇਸਰਾਏ ਲਾਰਡ ਇਰਵਨ ਨੇ ਬ੍ਰਿਟਿਸ਼ ਗੌਰਮਿੰਟ ਦੇ ੧੯੧੭ ਵਾਲੇ ਪੁਰਾਣੇ ਐਲਾਨ ਨੂੰ ਦੁਹਰਾ ਦਿਤਾ ਜਿਸਦਾ ਭਾਵ ਇਹ ਸੀ ਕਿ ਬਰਤਾਨੀਆਂ ਹਿੰਦੁਸਤਾਨ ਨੂੰ ਹੌਲੀ ਹੌਲੀ ਖੁਦ ਮੁਖਤਿਆਰੀ ਲਈ ਤਿਆਰ ਕਰੇਗਾ। ਜਦ ਉਹ ਤਿਆਰ ਹੋ ਚੁਕੇਗਾ ਤਦ ਬਰਤਾਨਵੀ ਸਲਤਨਤ ਦਾ ਨਿਗਰ ਭਾਗ ਬਣਾ ਦਿਤਾ ਜਾਏਗਾ। ਆਪ ਨੇ ਆਖਿਆ ਛੇਤੀ ਹੀ ਲੰਡਨ ਵਿਚ ਕਾਨਫ੍ਰੰਸ ਬੁਲਾਈ ਜਏਗੀ ਜਿਸ ਵਿਚ ਬ੍ਰਿਟਿਸ਼ ਪ੍ਰਤੀਨਿਧ ਬਰਤਾਨਵੀ ਹਿੰਦ ਅਤੇ ਰਿਆਸਤੀ ਹਿੰਦ ਦੇ ਪ੍ਰਤੀਨਿਧਾਂ ਨਾਲ ਗਲ ਬਾਤ ਕਰਨਗੇ। ਇਹ ਕਾਨਫ੍ਰੰਸ ਆਪੋ ਵਿਚ ਸਲਾਹ ਮਸ਼ਵਰਾ ਕਰ ਕੇ ਹਿੰਦੁਸਤਾਨ ਦੀ ਆਇਨੀ ਤਰੱਕੀ ਦੀਆਂ ਤਜਵੀਜ਼ਾਂ ਤਿਆਰ ਕਰੇਗੀ।

ਇਸ ਦੇ ਮਗਰੋਂ ਦਿਲੀ ਵਿਚ ਆਲ ਪਾਰਟੀਜ਼ ਕਾਨਫ੍ਰੰਸ ਬੁਲਾਈ ਗਈ ਜਿਸ ਨੇ ਐਲਾਨ ਕੀਤਾ ਕਿ ਹਿੰਦੀ ਲੀਡਰ ਦਰਜਾ ਨੌਆਬਾਦਿਆਤ ਤਿਆਰ ਕਰਨ ਵਿਚ ਬਰਤਾਨੀਆਂ ਨੂੰ ਸਹਾਇਤਾ ਦੇਣ

ਲਈ ਤਿਆਰ ਹਨ ਪਰ ਸ਼ਰਤ ਇਹ ਕਿ ਹਾਜਸੀ ਕੈਦੀ ਰਿਹਾ ਕਰ ਦਿਤੇ ਜਾਣ ਅਤੇ ਸ਼ਾਂਤਮਈ ਵਾਯੂ ਮੰਡਲ ਪੈਦਾ ਕਰਨ ਲਈ ਸਰਕਾਰ ਸੁਲਹ ਕੁਲ ਪਾਲਿਸੀ ਧਾਰਨ ਕਰੇ।

ਆਖਰ ੩੧ ਦਸੰਬਰ ੧੯੨੯ ਦਾ ਨਿਯਤ ਸਮਾਂ ਵੀ ਲੰਘ ਗਿਆ। ਉਸ ਵੇਲੇ ਲਾਹੌਰ ਵਿਚ ਰਾਵੀ ਦੇ ਕਿਨਾਰੇ ਕਾਂਗਰਸ ਦਾ ਸਮਾਗਮ ਪੰਡਤ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਹੋ ਰਿਹਾ ਸੀ। ੩੧ ਦਸੰਬਰ ਨੂੰ ਰਾਤ ਦੇ ੧ ਵਜੇ ਕਾਂਗਰਸ ਵਲੋਂ ਐਲਾਨ ਕੀਤਾ ਗਿਆ ਕਿ ਅਜ ਤੋਂ ਹਿੰਦੁਸਤਾਨ ਦਾ ਆਦਰਸ਼ ਮੁਕੰਮਲ ਆਜ਼ਾਦੀ ਨਿਯਤ ਕਰ ਦਿਤਾ ਗਿਆ ਹੈ।

ਇਸ ਐਲਾਨ ਦੇ ਮਗਰੇ ਮਗਰ ਵਰਕਿੰਗ ਕਮੇਟੀ ਨੇ ਫੈਸਲਾ ਕਰ ਦਿਤਾ ਕਿ ੨੬ ਜਨਵਰੀ ਨੂੰ ਸਾਰੇ ਹਿੰਦੁਸਤਾਨ ਵਿਚ ਆਜ਼ਾਦੀ ਦਿਨ ਮਨਾਇਆ ਜਾਏ। ਉਸ ਫੈਸਲੇ ਦੇ ਮੁਤਾਬਕ ਹੁਣ ਕਾਂਗਰਸ ਹਰ ਸਾਲ ੨੬ ਜਨਵਰੀ ਨੂੰ ਆਜ਼ਾਦੀ ਦਿਨ ਮਨਾਉਂਦੀ ਹੈ ਅਤੇ ਇਹ ਰਿਵਾਜ ਅਜ ਤੀਕ ਬ੍ਰਾਬਰ ਚਲਾ ਆ ਰਿਹਾ ਹੈ।

## ੧੯੪੨ ਦਾ ਭੜਕੂ ਸਾਲ—

ਹਿੰਦੁਸਤਾਨ ਦੀ ਜਦੋ ਜਿਹਦ ਆਜ਼ਾਦੀ ਦੇ ਇਤਿਹਾਸ ਵਿਚ ੧੯੪੨ ਦਾ ਖ਼ੂਨੀ ਸਾਲ ਬੜੀ ਵਸ਼ੇਸ਼ਤਾ ਰਖਦਾ ਹੈ ਅਤੇ ਇਸ ਨੂੰ ਇਨਕਲਾਬੀ ਸਾਲ ਕਿਹਾ ਜਾ ਸਕਦਾ ਹੈ। ਦੂਜੀ ਆਲਮਗੀਰ ਜੰਗ ਵਿਚ ਹਿੰਦੁਸਤਾਨ ਨੂੰ ਦੋ ਮੁਹਾਜ਼ਾਂ ਉਤੇ ਜੰਗ ਲੜਨੀ ਪਈ। ਇਕ ਪਾਸੇ ਤੇ ਉਸ ਦੀ ਉਹ ਜਦੋ ਜਿਹਦ ਜਾਰੀ ਸੀ ਜੋ ਉਸ ਨੇ ਹਿੰਦੁਸਤਾਨ ਨੂੰ ਗੈਰ-ਮੁਲਕੀ (ਬਰਤਾਨਵੀ) ਗਲਬੇ ਹੇਠੋਂ ਕਢ ਕੇ ਸੁਵਰਾਜ ਕਾਇਮ ਕਰਨ ਲਈ ਕਈ ਸਾਲ ਤੋਂ ਜਾਰੀ ਕਰ ਰਖੀ ਸੀ ਅਤੇ ਦੂਜੇ ਪਾਸੇ ਉਸ ਨੂੰ ਇਤਿਹਾਦੀਆਂ ਦਾ ਸਾਥ ਇਸ ਲਈ ਦੇਣਾ ਪਿਆ ਕਿਉਂਕਿ ਉਹ ਉਸ ਫਾਸਿਜ਼ਮ ਨੂੰ ਦੁਨੀਆ ਉਤੋਂ ਮਲੀਆਮੇਟ ਕਰਨਾ

ਚਾਹੁੰਦਾ ਸੀ ਜੋ ਦੁਨੀਆ ਦੀ ਆਜ਼ਾਦੀ ਤੇ ਅਮਨ ਲਈ ਇੰਪੀਰੀਲਿਜ਼ਮ ਤੋਂ ਵੀ ਵਧੀਕ ਖਤਰਨਾਕ ਸਮਝਿਆ ਜਾਂਦਾ ਸੀ। ਏਥੇ ਆ ਕੇ ਹਿੰਦੁਸਤਾਨ ਦੀ ਜਦੋ ਜਿਹਦ ਦੋ ਹਿਸਿਆਂ ਵਿਚ ਵੰਡੀ ਗਈ। ਇਕ ਤਾਕਤ ਤੇ ਬਰਤਾਨੀਆ ਨਾਲ ਮਿਲ ਕੇ ਫਾਸਿਜ਼ਮ ਵਿਰੁਧ ਜੰਗ ਲੜਦੀ ਰਹੀ ਜਿਸ ਦਾ ਇਤਿਹਾਸ ਆਲਮਗੀਰ ਜੰਗ ਨਾਲ ਨਥੀ ਹੋ ਚੁਕਾ ਹੈ। ਦੂਜੀ ਜਦੋ ਜਿਹਦ ਸੀ ਹਿੰਦੁਸਤਾਨ ਨੂੰ ਬਰਤਾਨਵੀ ਇੰਪੀਰਲਿਜ਼ਮ ਦੇ ਜੂਲੇ ਹੇਠੋਂ ਆਜ਼ਾਦ ਕਰੌਨ ਦੀ। ਜੰਗ ਨੇ ਬਰਤਾਨਵੀ ਇੰਪੀਰਲਿਜ਼ਮ ਨੂੰ ਇਕ ਬਹਾਨਾ ਦੇ ਦਿਤਾ ਕਿ ਉਹ ਹਿੰਦੁਸਤਾਨ ਦੀ ਆਜ਼ਾਦੀ ਦੀ ਜਦੋ ਜਿਹਦ ਨੂੰ ਕਰੜੇ ਹਥਾਂ ਨਾਲ ਦਬਾ ਦੇਵੇ ਤੇ ਉਹਨੇ ਉਵੇਂ ਹੀ ਕੀਤਾ ਜਿਹਾ ਕਿ ਅਗੇ ਚਲ ਕੇ ਪਤਾ ਲਗ ਜਾਏਗਾ।

ਕਾਂਗਰਸ ਹਿੰਦੁਸਤਾਨ ਲਈ ਕਿਸ ਕਿਸਮ ਦਾ ਸੁਵਰਾਜ ਚਾਹੁੰਦੀ ਸੀ ਇਸ ਦਾ ਉਤ੍ਰ ਉਸ ਨੇ ਆਪਣੇ ਕਰਾਚੀ ਦੇ ਇਜਲਾਸ ਦੇ ਮਤੇ ਵਿਚ ਦੇ ਦਿਤਾ ਸੀ। ਉਸ ਮਤੇ ਦਾ ਸੰਖੇਪ ਭਾਵ ਇਸ ਤਰ੍ਹਾਂ ਹੈ—

ਕਾਂਗਰਸ ਜੋ ਸੁਵਰਾਜ ਕਾਇਮ ਕਰਨਾ ਚਾਹੁੰਦੀ ਹੈ ਉਸ ਨਾਲ ਸਚੇ ਅਰਥਾਂ ਵਿਚ ਜਨਤਾ ਨੂੰ ਆਰਥਕ ਸੁਤੰਤਰਤਾ ਮਿਲੇਗੀ। ਕਾਂਗਰਸ ਇਹ ਐਲਾਨ ਕਰਦੀ ਹੈ ਕਿ ਉਹ ਕੋਈ ਐਸੀ ਰਾਜ ਬਨਤਰ ਪ੍ਰਵਾਨ ਨਹੀਂ ਕਰੇਗੀ ਜਿਸ ਵਿਚ ਹੇਠ ਲਿਖੀਆਂ ਗਲਾਂ ਨਾ ਹੋਣਗੀਆਂ:—

(੧) ਖਿਆਲ ਦੇ ਪ੍ਰਚਾਰ ਦੀ ਆਜ਼ਾਦੀ। (੨) ਧਾਰਮਿਕ ਆਜ਼ਾਦੀ। (੩) ਜ਼ਬਾਨ ਤੇ ਸਭਿਅਤਾ ਦੀ ਰਖਿਆ। ੪) ਕਾਨੂੰਨ ਦੀਆਂ ਨਜ਼ਰਾਂ ਵਿਚ ਹਰ ਸ਼ਹਿਰੀ ਦਾ ਦਰਜਾ ਸਾਮਾਨ ਹੋਵੇ। (੫) ਕਿਸੇ ਵਪਾਰ, ਨੌਕਰੀ ਯਾ ਪੇਸ਼ੇ ਵਿਚ ਕੋਈ ਸ਼ਹਿਰੀ ਆਪਣੇ ਧਰਮ ਜ਼ਾਤ ਤੇ ਨਸਲ ਦੇ ਕਾਰਨ ਨਫਿਟ ਕਰਾਰ ਨਾ ਦਿਤਾ ਜਾਏ। (੬) ਪਬਲਿਕ ਥਾਵਾਂ ਜਿਹਾ ਕਿ ਸਕੂਲ, ਖੂਹ ਆਦਕ ਉਤੇ ਹਰ ਇਕ ਦਾ ਇਕੋ ਜਿਹਾ ਹਕ ਹੋਵੇ। (੭) ਕਾਨੂੰਨ ਅਨੁਸਾਰ ਹਰ ਇਕ ਨੂੰ ਹਥਿਆਰ ਰਖਣ ਦਾ ਹਕ ਹੋਵੇ। (੮) ਕਿਸੇ ਆਦਮੀ ਨੂੰ ਉਸ ਦੀ

ਆਜ਼ਾਦੀ ਯਾ ਜਾਇਦਾਦ ਤੋਂ ਵਿਰਵਿਆਂ ਨਹੀਂ ਕੀਤਾ ਜਾਏਗਾ ਜਦ ਤੀਕ ਕਾਨੂੰਨ ਅਨੁਸਾਰ ਐਸਾ ਨਾ ਕਰਨਾ ਪਏ। (੯) ਧਰਮ ਦੇ ਮਾਮਲੇ ਵਿਚ ਗੌਰਮਿੰਟ ਨਿਰਪਖ ਰਹੇ। (੧੦) ਹਰ ਬਾਲਗ ਨੂੰ ਵੋਟ ਦੇਣ ਹਕ ਹੋਵੇ। (੧੧) ਬਚਿਆਂ ਲਈ ਮੁਫਤ ਪ੍ਰਾਇਮਰੀ ਸਿਖਿਆ ਲਾਜ਼ਮੀ ਹੋਵੇ। (੧੨) ਸਰਕਾਰ ਵਲੋਂ ਕੋਈ ਖਤਾਬ ਨਾ ਦਿਤੇ ਜਾਣ। (੧੩) ਮੌਤ ਦੀ ਸਜ਼ਾ ਮਨਸੂਖ ਕਰ ਦਿਤੀ ਜਾਏ। (੧੪) ਹਿੰਦੁਸਤਾਨ ਦੇ ਹਰ ਸ਼ਹਿਰੀ ਨੂੰ ਹਿੰਦ ਦੇ ਹਰ ਹਿਸੇ ਵਿਚ ਆਉਣ ਤੇ ਰਿਹਾਇਸ਼ ਰਖਣ ਤੇ ਜਾਇਦਾਦ ਬਨਾਉਣ ਦੀ ਅਜ਼ਾਦੀ ਹੋਵੇਗੀ। (੧੫) ਦਸਤਕਾਰੀ ਦੇ ਮਜ਼ੂਰਾਂ ਲਈ ਯੋਗ ਜੀਵਨ ਮਿਯਾਰ ਕਾਇਮ ਕੀਤਾ ਜਾਏ। ਮਜ਼ੂਰਾਂ ਤੇ ਮਾਲਕਾਂ ਵਿਚਾਲੇ ਝਗੜੇ ਮਿਟਾਉਣ ਤੇ ਬੁਢਾਪੇ ਤੇ ਬੀਮਾਰੀ ਤੋਂ ਬਚਾਉਣ ਦਾ ਪ੍ਰਬੰਧ। (੧੬) ਮਜ਼ੂਰਾਂ ਨੂੰ ਗੁਲਾਮੀ ਦੀ ਹਾਲਤ ਤੋਂ ਬਚਾਉਣਾ। (੧੭) ਮਜ਼ੂਰ ਤੀਵੀਆਂ ਦੀ ਰਖਿਆ। (੧੮) ਬਚਿਆਂ ਨੂੰ ਕਾਨਾਂ ਤੇ ਕਾਰਖਾਨਿਆਂ ਵਿਚ ਨੌਕਰੀ ਦੀ ਮਨਾਹੀ। (੧੯) ਮਜ਼ੂਰਾਂ ਤੇ ਕਿਸਾਨਾਂ ਨੂੰ ਯੂਨੀਅਨ ਬਨਾਉਣ ਦਾ ਹਕ। (੨੦) ਮਾਲ ਗੁਜ਼ਾਰੀ ਲਗਾਨ ਤੇ ਕਰਾਇਆ ਸਿਸਟਮ ਵਿਚ ਸਵਾਏ ਨਫਾ ਨ ਦੇਣ ਵਾਲੀਆਂ ਜ਼ਮੀਨਾਂ ਤੇ ਵਾਹੀ ਕਰਨ ਵਾਲੇ ਨਿਕੇ ਨਿਕੇ ਜ਼ਿਮੀਂਦਾਰਾਂ ਨੂੰ ਨੁਕਸਾਨ ਤੋਂ ਬਚੌਣ ਲਈ ਲਗਾਨ ਵਿਚ ਕਮੀ। (੨੧) ਕਿਸੇ ਸਰਕਾਰੀ ਮੁਲਾਜ਼ਮ ਦੀ ਤ.ਨਖਾਹ ੫੦੦ ਰੁਪਏ ਤੋਂ ਵਧ ਨ ਹੋਵੇ। (੨੨) ਲੂਣ ਉਤੋਂ ਟੈਕਸ ਹਟਾ ਦਿਤਾ ਜਾਵੇ। (੨੩) ਦੇਸੀ ਕਪੜੇ ਦੀ ਵਲੈਤੀ ਕਪੜੇ ਦੇ ਟਾਕਰੇ ਤੇ ਰਖਿਆ ਕਰਨੀ। (੨੪) ਨਸ਼ਿਆਂ ਦੀ ਮਨਾਹੀ। (੨੫) ਖਜ਼ਾਨਾ ਤੇ ਸ਼ਰਾਹ ਤਬਾਦਲਾ ਵਿਚ ਕੌਮੀ ਲਾਭ ਨੂੰ ਮੁਖ ਰਖ ਕੇ ਤਬਦੀਲੀਆਂ। (੨੬) ਸਭ ਜ਼ਰੂਰੀ ਮਹਿਕਮਿਆਂ ਤੇ ਨੌਕਰੀਆਂ ਤੇ ਰੇਲਵੇ ਆਦਿਕ ਵਿਚ ਹਿੰਦੁਸਤਾਨੀ ਨੁਕਤਾ ਨਿਗਾਹ ਨਾਲ ਤਬਦੀਲੀਆਂ। (੨੭) ਜ਼ਰਾਇਤੀ ਕਰਜ਼ੇ ਵਿਚ ਕਮੀ ਤੇ ਸ਼ਾਹੂਕਾਰੇ ਉਤੇ ਪਾਬੰਦੀਆਂ। (੨੮) ਹਰ ਇਕ ਸ਼ਹਿਰੀ ਨੂੰ ਫੌਜੀ ਸਿਖਿਆ ਦੇਣਾ।

ਆਲ ਇੰਡੀਆ ਕਾਂਗਰਸ ਕਮੇਟੀ ਨੇ ਬਾਰਦੋਲੀ ਵਿਚ ਏਸੇ ਭਾਵ ਦਾ ਮਤਾ ਪਾਸ ਕੀਤਾ।

ਉਪ੍ਰੋਕਤ ਪ੍ਰੋਗਰਾਮ ਸਿਰੇ ਚਾੜ੍ਹਨ ਲਈ ਕਾਂਗਰਸ ਦੀ ਵਰਕਿੰਗ ਕਮੇਟੀ ਦਾ ਸਮਾਗਮ ਜੁਲਾਈ ੧੯੪੨ ਵਿਚ ਵਾਰਧਾ ਵਿਚ ਹੋਇਆ ਵਾਰਧਾ ਵਿਚ ਕਾਂਗਰਸ ਦੀ ਵਰਕਿੰਗ ਕਮੇਟੀ ਨੇ ਇਸ ਭਾਵ ਦਾ ਮਤਾ ਪਾਸ ਕੀਤਾ ਕਿ ਅੰਗ੍ਰੇਜ਼ ਆਪਣੇ ਆਪ ਨੂੰ ਹਿੰਦੁਸਤਾਨ ਦੀ ਹਕੂਮਤ ਤੋਂ ਵਖ ਕਰ ਲੈਣ ਅਤੇ ਇਸ ਦਾ ਰਾਜ ਪ੍ਰਬੰਧ ਹਿੰਦੁਸਤਾਨੀਆਂ ਦੇ ਹਥ ਵਿਚ ਦੇ ਦੇਣ।

੨੫ ਜਨਵਰੀ ਨੂੰ ਆਲ ਇੰਡੀਆ ਕਾਂਗਰਸ ਦੇ ਸਮਾਗਮ ਵਿਚ ਮੌਲਾਨਾ ਆਜ਼ਾਦ ਨੇ ਜੋ ਤਕਰੀਰ ਕੀਤੀ ਉਸ ਵਿਚ ਸਤੰਬਰ ੧੯੪੦ ਤੋਂ ਲੈ ਕੇ ੧੯੪੨ ਤੀਕ ਦੇ ਰਾਜਸੀ ਤੇ ਕੋਮਾਂਤਰੀ ਹਾਲਾਤ ਦੀ ਪੜਚੋਲ ਕਰਦੇ ਹੋਏ ਆਪ ਨੇ ਐਲਾਨ ਕੀਤਾ ਕਿ ਜਦ ਤੀਕ ਹਕੂਮਤ ਬਰਤਾਨੀਆਂ ਦੇ ਰਵੀਏ ਵਿਚ ਕੋਈ ਤਬਦੀਲੀ ਨਹੀਂ ਆਉਂਦ ਜੰਗ ਸੰਬੰਧੀ ਅਤੇ ਜੰਗ ਵਿਚ ਸ਼ਾਮਲ ਹੋਣ ਸੰਬੰਧੀ ਕਾਂਗਰਸ ਦੇ ਰਵੀਏ ਵਿਚ ਵੀ ਕੋਈ ਤਬਦੀਲੀ ਨਹੀਂ ਆ ਸਕਦੀ। ਸਰਕਾਰ ਬਰਤਾਨੀਆਂ ਨੇ ਕੋਈ ਗਲ ਐਸੀ ਨਹੀਂ ਕੀਤੀ ਜਿਸ ਨੂੰ ਵੇਖ ਕੇ ਅਸੀਂ ਆਪਣੀ ਪੋਜ਼ੀਸ਼ਨ ਉਤੇ ਨਜ਼ਰ ਸਾਨੀ ਕਰਨ ਲਈ ਤਿਆਰ ਹੋਵੀਏ। ਅਸੀਂ ਤਬਦੀਲੀ ਚਾਹੁੰਦੇ ਹਾਂ, ਅਸੀਂ ਆਪਣੇ ਦੇਸ ਦੀ ਹਕੂਮਤ ਦਾ ਕੰਟਰੋਲ ਚਾਹੁੰਦੇ ਹਾਂ ਚਾਹੇ ਅਮਨ ਹੋਵੇ ਯਾ ਜੰਗ। ਬਾਰਦੋਲੀ ਵਿਚ ਅਸਾਂ ਪਿਛਲੇ ੧੬ ਮਹੀਨਿਆਂ ਦੇ ਹਾਲਾਤ ਦੀ ਪਰਖ ਪੜਤਾਲ ਕੀਤੀ ਅਤੇ ਇਸ ਗਲ ਦਾ ਫੈਸਲਾ ਕੀਤਾ ਹੈ ਕਿ ਅਗੇ ਤੋਂ ਅਸਾਂ ਕੀ ਕਰਨਾ ਹੈ? ਜੋ ਕੁਛ ਅਸੀਂ ਚਾਹੁੰਦੇ ਹਾਂ ਉਹਦਾ ਭਾਵ ਉਸ ਮਤੇ ਵਿਚ ਹੈ ਜੋ ਆਪ ਦੇ ਸਾਹਮਣੇ ਹੈ।

ਇਸ ਸਮਾਗਮ ਦਾ ਇਕ ਨਤੀਜਾ ਇਹ ਹੋਇਆ ਕਿ ਮਹਾਤਮਾਂ ਜੀ ਕੁਛ ਚਿਰ ਲਈ ਕਾਂਗਰਸ ਦੀ ਸਰਗਰਮ ਰਹਿਨੁਮਾਈ ਤੇ

ਅਡਰੇ ਹੋ ਗਏ ਅਤੇ ਆਪ ਨੇ ਆਪਣਾ ਜਾ ਨਸ਼ੀਨ ਪੰਡਤ ਜਵਾਹਰ ਲਾਲ ਨਹਿਰੂ ਨੂੰ ਨਿਯਤ ਕਰ ਕੇ ਭਰੇ ਅਜਲਾਸ ਵਿਚ ਇਸ ਗਲ ਦਾ ਐਲਾਨ ਕੀਤਾ।

ਅਸਲ ਵਿਚ ਮਹਾਤਮਾਂ ਜੀ ਦੀ ਅਲਹਿਦਗੀ ਸੰਕੇਤ ਸੀ ਬਰਤਾ-ਨਵੀ ਸਰਕਾਰ ਨੂੰ ਕਿ ਜੇ ਉਹ ਕਾਂਗਰਸ ਦੀਆਂ ਸ਼ਰਤਾਂ ਮੰਨ ਲਵੇ ਤਦ ਕਾਂਗਰਸ ਹਿੰਦੁਸਤਾਨ ਦੀਆਂ ਜੰਗ ਸੰਬੰਧੀ ਸਰਗਰਮੀਆਂ ਵਿਚ ਮਿਲ ਵਰਤਨ ਦੇਣ ਲਈ ਤਿਆਰ ਹੈ ਅਤੇ ਜੇ ਬਰਤਾਨੀਆਂ ਹਿੰਦੀਆਂ ਨੂੰ ਠੋਸ ਅਖਤਿਆਰਾਤ ਦੇਣਾ ਪ੍ਰਵਾਨ ਕਰ ਲਏ ਤਦ ਹਿੰਦੁਸਤਾਨ ਦਾ ਕੌਮ ਪ੍ਰਸਤ ਤਬਕਾ ਕਾਂਗਰਸ ਦੀ ਅਗਵਾਈ ਵਿਚ ਜੰਗ ਵਿਚ ਹਰ ਤਰ੍ਹਾਂ ਦੀ ਸਹੈਤਾ ਦੇਣ ਲਈ ਤਿਆਰ ਹੋ ਪਏਗਾ। ਇਸ ਤਰ੍ਹਾਂ ਕਰਨ ਨਾਲ ਜ਼ਰੂਰੀ ਸੀ ਕਿ ਕਾਂਗਰਸ ਸ਼ਾਂਤਮਈ ਦੇ ਅਸੂਲ ਨੂੰ ਛਡੇ ਤੇ ਜੰਗੀ ਸਟਗਰਮੀਆਂ ਸ਼ੁਰੂ ਕਰੇ। ਇਸ ਲਈ ਗਾਂਧੀ ਜੀ ਕਾਂਗਰਸ ਵਿਚ ਰਹਿ ਵੀ ਨਹੀਂ ਸਨ ਸਕਦੇ ਜਦ ਤੀਕ ਕਿ ਆਪ ਦਾ ਅਹਿੰਸਾ ਤੇ ਸ਼ਾਂਤਮਈ ਉਤੇ ਅਟਲ ਵਿਸਵਾਸ਼ ਕਾਇਮ ਹੈ। ਇਹੋ ਕਾਰਨ ਮਹਾਤਮਾਂ ਜੀ ਦੇ ਵਖ ਹੋਣ ਦਾ ਸੀ, ਤਾਂ ਜੁ ਕਾਂਗਰਸ ਜੇ ਜੰਗ ਵਿਚ ਹਿਸਾ ਲੈਣ ਦਾ ਫੈਸਲਾ ਕਰੇ ਤਦ ਉਨ੍ਹਾਂ ਦਾ ਅਹਿੰਸਾ ਦਾ ਅਸੂਲ ਰੋਕ ਸਾਬਤ ਨ ਹੋਵੇ।

ਬਾਰਦੋਲੀ ਵਿਚ ੩੦ ਦਸੰਬਰ ਨੂੰ ਕਾਂਗਰਸ ਵਰਕਿੰਗ ਕਮੇਟੀ ਨੇ ਇਕ ਮਤਾ ਪਾਸ ਕੀਤਾ, ਜਿਸ ਅਨੁਸਾਰ ਗਾਂਧੀ ਜੀ ਨੂੰ ਉਸ ਜ਼ਿੰਮੇਵਾਰੀ ਤੋਂ ਸੁਤੰਤਰ ਕਰ ਦਿਤਾ ਗਿਆ ਜੋ ਬੰਬਈ ਵਿਚ ਪਾਸ ਹੋਏ ਮਤੇ ਅਨੁਸਾਰ ਉਹਨਾਂ ਦੇ ਮੋਢਿਆਂ ਪਰ ਰਖੀ ਗਈ ਸੀ, ਅਰ ਜਿਸ ਰਾਹੀਂ ਉਹਨਾਂ ਨੂੰ ਯਕੀਨ ਦਵਾਇਆ ਗਿਆ ਕਿ ਉਨ੍ਹਾਂ ਦੀ ਅਗਵਾਈ ਹੇਠ ਕਾਂਗਰਸ ਨੇ ਸਵਰਾਜ ਹਾਸਲ ਕਰਨ ਲਈ ਅਹਿੰਸਾ ਦੀ ਜੋ ਪਾਲਿਸੀ ਅਖਤਿਆਰ ਕੀਤੀ ਸੀ, ਉਹ ਬਰਕਰਾਰ ਰਹੇਗੀ। ਦੂਜੇ ਰੇਜ਼ੂਲੀਉਸ਼ਨ ਵਿਚ ਇਸ ਗਲ ਨੂੰ ਦਰਸਾਇਆ ਗਿਆ ਕਿ ਅਜ਼ਾਦ ਤੇ ਖੁਦ ਮੁਖਤਾਰ ਹਿੰਦੁਸਤਾਨ ਹੀ ਕੌਮੀ ਲਾਇਨਾਂ ਪਰ ਮੁਲਕ ਦੇ ਬਚਾਅ ਦਾ ਕੰਮ ਸੰਭਾਲ ਸਕਦਾ ਤੇ ਇਸ

ਮੰਤਵ ਲਈ ਸਹਾਇਤਾ ਕਰ ਸਕਦਾ ਹੈ ਜੋ ਜੰਗ ਦੇ ਤੂਫਾਨਾ ਨਾਲ ਪੈਦਾ ਹੋ ਗਿਆ ਹੈ।

## ਚਿਆਂਗ ਕਾਈ ਸ਼ੇਕ

ਫਰਵਰੀ ੧੯੪੨ ਦੇ ਆਰੰਭ ਵਿਚ ਚੀਨ ਦਾ ਡਿਕਟੇਟਰ ਜਨਰਲੈਜ਼ਮੋ ਚਿਆਂਗ ਕਾਈ ਸ਼ੇਕ ਅਤੇ ਉਹਨਾਂ ਦੀ ਧਰਮ ਪਤਨੀ ਲੇਡੀ ਚਿਆਂਗ ਹਿੰਦੁਸਤਾਨ ਤਸ਼ਰੀਫ ਲਿਆਏ । ਇਸ ਦੌਰੇ ਸਮੇਂ ਆਪ ਨਾ ਕੇਵਲ ਕਲਕੱਤਾ ਤੇ ਦਿਲੀ ਵਿਚ ਹੀ ਠਹਿਰੇ ਸਗੋਂ ਆਪ ਨੇ ਪੰਜਾਬ ਤੇ ਸਰਹਦ ਦਾ ਦੌਰਾ ਵੀ ਕੀਤਾ। ਵਾਇਸਰਾਏ ਸਾਹਿਬ ਨੇ ਆਪ ਦਾ ਸੁਵਾਗਤ ਕਰਦੇ ਹੋਏ ਆਖਿਆ ਸੀ—ਇਸ ਦੌਰੇ ਨਾਲ ਨਾ ਕੇਵਲ ਹਿੰਦੁਸਤਾਨ ਅਤੇ ਚੀਨ ਦਾ ਹੀ ਭਲਾ ਹੋਵੇਗਾ ਸਗੋਂ ਇਸ ਨਾਲ ਸਾਰੀ ਦੁਨੀਆ ਨੂੰ ਲਾਭ ਪੁਜੇਗਾ । ਜਨਰਲ ਚਿਆਂਗ ਨੇ ਦਿਲੀ ਵਿਚ ਨਾ ਕੇਵਲ ਵਾਇਸਰਾਏ ਤੇ ਕਮਾਂਡਰ-ਇਨ-ਚੀਫ ਨਾਲ ਮੁਲਾਕਾਤਾਂ ਕੀਤੀਆਂ ਸਗੋਂ ਹਿੰਦੁਸਤਾਨ ਦੇ ਵਡੇ ਵਡੇ ਲੀਡਰਾਂ ਪੰਡਤ ਜਵਾਹਰ ਲਾਲ ਨਹਿਰੂ, ਮੌਲਾਨਾ ਅਜ਼ਾਦ ਅਤੇ ਜਾਂਦੇ ਸਮੇਂ ਮਹਾਤਮਾ ਗਾਂਧੀ ਨਾਲ ਵੀ ਮੁਲਾਕਾਤਾਂ ਕੀਤੀਆਂ ਸਨ ਇਸ ਤਰ੍ਹਾਂ ਕਾਂਗਰਸ ਤੇ ਹਿੰਦੁਸਤਾਨ ਦੀ ਪੋਜ਼ੀਸ਼ਨ ਬਾਰੇ ਆਪ ਨੂੰ ਬਹੁਤ ਸਾਰੀ ਜਾਨਕਾਰੀ ਹੋ ਗਈ ਜਿਸ ਦਾ ਸਬੂਤ ਆਪ ਨੇ ਪਿਛੋਂ ਕਈ ਮੌਕਿਆਂ ਉਤੇ ਦਿਤਾ। ਆਪ ਦੀ ਹਮਦਰਦੀ ਹਿੰਦੀ ਲੋਕਾਂ ਦੀ ਆਜ਼ਾਦੀ ਦੀ ਲਹਿਰ ਨਾਲ ਹੋ ਗਈ । ਆਪ ਨੇ ਹੀ ਕੁਛ ਚਿਰ ਪਿਛੋਂ ਬਰਤਾਨੀਆਂ ਨੂੰ ਇਹ ਸਲਾਹ ਦਿਤੀ ਸੀ ਕਿ ਹਿੰਦੁਸਤਾਨ ਦੀ ਲੋਕ-ਰਾਏ ਨੂੰ ਪਰਵਾਨ ਕਰ ਕੇ ਉਹਨਾਂ ਨੂੰ ਆਜ਼ਾਦੀ ਦੇ ਦਿਤੀ ਜਾਏ । ਇਸ ਮੌਕੇ ਉਤੇ ਮੈਡਮ ਚਿਆਂਗ ਨੇ ਹਿੰਦੀ ਤੀਵੀਆਂ ਪਾਸ ਅਪੀਲ ਕੀਤੀ ਸੀ ਕਿ ਉਹ ਜੰਗ ਵਿਚ ਸਰ-ਗਰਮ ਹਿੱਸਾ ਲੈਣ ਤਾਕਿ ਸਾਂਝੀ ਜੰਗ ਜਿਤੀ ਜਾਏ। ਮੈਡਮ ਚਿਆਂਗ ਨੂੰ ਅੰਗ੍ਰੇਜ਼ੀ ਜ਼ਬਾਨ ਉਤੇ ਪੂਰਾ ਪੂਰਾ ਕਾਬੂ ਹੈ। ਆਪ ਬਹੁਤ ਚਿਰ ਤੀਕ ਅਮ੍ਰੀਕਾ ਵਿਚ ਰਹਿ ਚੁਕੇ ਹਨ ।

ਇਸ ਗਲ ਦਾ ਚੀਨੀ ਡਿਕਟੇਟਰ ਨੂੰ ਬੜਾ ਲਾਭ ਪੁਜਾ ਹੈ ਅਤੇ ਉਹ ਆਪਣੀ ਧਰਮ ਪਤਨੀ ਦੀ ਸਹੈਤਾਂ ਨਾਲ ਸਾਰੀ ਦੁਨੀਆਂ ਦੇ ਪਾਲੇਟਿਕਸ ਤੋਂ ਜਾਣੂੰ ਰਹਿੰਦਾ ਹੈ।

੨੧ ਫਰਵਰੀ ਨੂੰ ਕਲਕੱਤੇ ਵਿਚ ਆਪ ਨੇ ਜੋ ਪੈਗਾਮ ਦਿਤਾ ਉਸ ਵਿਚ ਆਪ ਨੇ ਬਰਤਾਨੀਆਂ ਨੂੰ ਇਹ ਸਲਾਹ ਦਿਤੀ ਸੀ ਕਿ ਹਿੰਦੁਸਤਾਨ ਨੂੰ ਪੋਲੀਟੀਕਲ ਤਾਕਤ ਦਿਤੀ ਜਾਏ। ਆਪ ਨੇ ਆਖਿਆ ਜਦ ਤੀਕ ਚੀਨ ਤੇ ਹਿੰਦੁਸਤਾਨ ਆਜ਼ਾਦ ਨਹੀਂ ਹੁੰਦੇ ਉਨਾਂ ਚਿਰ ਦੁਨੀਆ ਵਿਚ ਕੋਈ ਅਮਨ ਕਾਇਮ ਨਹੀਂ ਹੋ ਸਕਦਾ !

ਹਿੰਦੁਸਤਾਨ ਦੀ ਸਭ ਤੋਂ ਬਾ-ਰਸੂਖ ਜਥੇਬੰਦੀ ਕਾਂਗਰਸ ਸਰਕਾਰ ਬਰਤਾਨੀਆਂ ਨਾਲ ਜੰਗ ਵਿਚ ਕਿਉਂ ਮਿਲਵਰਤਨ ਨਹੀਂ ਕਰ ਰਹੀ ? ਇਸ ਦਾ ਉਤ੍ਰ ਮੌਲਾਨਾ ਆਜ਼ਾਦ ਨੇ ਇਹ ਦਿਤਾ ਸੀ ਕਿ ਪਹਿਲੇ ਸਾਨੂੰ ਸਾਡਾ ਘਰ ਸਪੁਰਦ ਕਰੋ ਤੇ ਫੇਰ ਉਸ ਘਰ ਦੀ ਰਖਿਆ ਲਈ ਕਹੋ। ਸਾਡੇ ਘਰ ਉਤੇ ਕਬਜ਼ਾ ਹੈ ਬਰਤਾਨੀਆਂ ਦਾ, ਫੇਰ ਅਸੀਂ ਉਸ ਲਈ ਫਿਕਰ ਵੰਦ ਕਿਸ ਲਈ ਹੋਈਏ।

ਜਨਰਲਿਸ਼ਮੋ ਚਿਆਂਗ ਦਾ ਹਿੰਦੁਸਤਾਨ ਵਿਚ ਆਉਣ ਦਾ ਕੇਵਲ ਮੰਤਵ ਇਹ ਸੀ ਕਿ ਬਰਮਾ ਰੋਡ ਨੂੰ ਖਤਰਾ ਪੈਦਾ ਹੋ ਗਿਆ ਸੀ ਤੇ ਉਹ ਚਾਹੁੰਦਾ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਇਹ ਸੜਕ ਖੁਲ੍ਹੀ ਰਹੇ। ਜਦ ਜਾਪਾਨੀਆਂ ਨੇ ਇਹ ਸੜਕ ਬੰਦ ਕਰ ਦਿਤੀ ਤਦ ਇਕ ਨਵੀਂ ਸੜਕ ਲਿਡੋ ਰੋਡ ਰਾਹੀਂ ਚੀਨ ਨੂੰ ਸਾਮਾਨ ਜੰਗ ਪੁਚਾਇਆ ਗਿਆ ਜੋ ਕਿ ਬਰਮਾ ਰੋਡ ਦਾ ਕੰਮ ਦੇਂਦੀ ਰਹੀ ਸੀ।

## ਕਰਿਪਸ ਮਿਸ਼ਨ

੨੨ ਮਾਰਚ ੧੯੪੨ ਨੂੰ ਸਰ ਸਟੈਫੋਰਡ ਕਿਰਪਸ ਬਰਤਾਨੀਆਂ ਵਲੋਂ ਨਵੀਂ ਪੇਸ਼ਕਸ਼ ਲੈ ਕੇ ਹਿੰਦੁਸਤਾਨ ਵਿਚ ਆਏ। ਬ੍ਰਿਟਿਸ਼ ਜੰਗੀ ਕੇਬਨਟ ਨੇ ਹਿੰਦੁਸਤਾਨ ਤੇ ਬਰਤਾਨਵੀ ਸਰਕਾਰ ਵਿਚਾਲੇ ਚਲੇ ਆ ਰਹੇ

ਡੈਡਲਾਕ ਨੂੰ ਹਲ ਕਰਨ ਲਈ ਉਹ ਅੰਤਮ ਪੇਸ਼ਕਸ਼ ਕੀਤੀ ਕਿ ਜੋ ਉਹ ਜੰਗ ਦੇ ਦੌਰਾਨ ਵਿਚ ਪੇਸ਼ ਕਰਨ ਲਈ ਤਿਆਰ ਹੋ ਸਕਦੀ ਸੀ, ਸਰ ਸਟੈਫੋਰਡ ਕਰਿਪਸ ਕਮਯੂਨਿਸਟ ਖਿਆਲਾਂ ਦੇ ਹੋਣ ਕਰ ਕੇ ਹਿੰਦੁਸਤਾਨ ਦੇ ਮਿਤ੍ਰ ਸਮਝੇ ਜਾਂਦੇ ਸਨ ਅਤੇ ਰੂਸ ਨੂੰ ਜਰਮਨੀ ਨਾਲੋਂ ਵਿਛੋੜਨ ਵਿਚ ਆਪ ਨੂੰ ਜੋ ਸਫਲਤਾ ਹੋਈ ਸੀ ਉਸ ਨੇ ਆਪ ਨੂੰ ਅਵਲ ਦਰਜੇ ਦੇ ਡਿਪਲੋਮੈਟਸ ਦੀ ਕਤਾਰ ਵਿਚ ਲੈ ਆਂਦਾ ਸੀ; ਬਰਤਾਨੀਆਂ ਦੀ ਜੰਗੀ ਵਜ਼ਾਰਤ ਨੂੰ ਪੂਰਨ ਆਸ ਸੀ ਕਿ ਉਪ੍ਰੋਕਤ ਦੋਵਾਂ ਗਲਾਂ ਕਰ ਕੇ ਸਰ ਕਿਰਪਸ ਨੂੰ ਹਿੰਦੁਸਤਾਨ ਵਿਚ ਵੀ ਸਫਲਤਾ ਹੋਵੇਗੀ। ਉਹਨਾਂ ਦਾ ਕਿਆਸ ਗਲਤ ਨਹੀਂ ਸੀ ਕਿਉਂਕਿ ਹਿੰਦੁਸਤਾਨ ਵਿਚ ਆ ਕੇ ਆਪ ਨੇ ਸੋਹਣੇ ਢੰਗ ਨਾਲ ਆਪਣੇ ਫਰਜ਼ ਨੂੰ ਪੂਰਾ ਕੀਤਾ ਪਰ ਬਰਤਾਨੀਆਂ ਤੇ ਹਿੰਦੁਸਤਾਨ ਦੇ ਪਿਛਾਂਹ ਖਿਚੂ ਨੀਤੀਵੇਤਾ ਅਸਲ ਅਖਤਿਆਰਾਤ ਹਿੰਦੁਸਤਾਨ ਨੂੰ ਮੁੰਤਕਿਲ ਕਰਨਾ ਨਹੀਂ ਸੀ ਚਾਹੁੰਦੇ। ਇਸ ਲਈ ਏਥੇ ਆ ਕੇ ਗਲ ਬਾਤ ਅਟਕ ਗਈ। ਕਾਂਗਰਸ ਚਾਹੁੰਦੀ ਸੀ ਕਿ ਉਸ ਨੂੰ ਆਪਣੇ ਘਰ ਵਿਚ ਮੁਕੰਮਲ ਅਖਤਿਆਰਾਤ ਦਿਤੇ ਜਾਣ, ਹਾਂ ਉਹ ਫੌਜ ਨੂੰ ਜੰਗ ਤੀਕ ਕਮਾਂਡਰਨ ਚੀਫ਼ ਦੇ ਹਥ ਵਿਚ ਦੇਣ ਲਈ ਤਿਆਰ ਸੀ ਪਰ ਬਾਕੀ ਦੇ ਅਖਤਿਆਰਾਤ ਵਿਚ ਉਹ ਖੁਦ ਮੁਖਤਿਆਰੀ ਚਾਹੁੰਦੀ ਸੀ। ਐਨ ਵੇਲੇ ਸਿਰ ਜਦ ਕਿ ਦੋਵੇਂ ਧਿਰਾਂ ਕਿਸੇ ਸਮਝੌਤੇ ਉਤੇ ਲਗ ਪਗ ਪਹੁੰਚਣ ਵਾਲੀਆਂ ਸਨ ਵਜ਼ੀਰ ਹਿੰਦ ਨੇ ਪਿਛੋਂ ਕੋਈ ਐਸੀ ਸੁਰੰਗ ਚਲਾਈ ਕਿ ਸਮਝੌਤਾ ਵਿਚੇ ਹੀ ਰਹਿ ਗਿਆ ਅਤੇ ਸਰ ਕਰਿਪਸ ਨੂੰ ਖਾਲੀ ਹਥ ਵਾਪਸ ਜਾਣਾ ਪਿਆ।

ਸਰ ਕਰਿਪਸ ਨੇ ਹਿੰਦੁਸਤਾਨ ਵਿਚ ਆ ਕੇ ਕਿਸ ਕਿਸ ਲੀਡਰ ਤੇ ਕਿਸ ਕਿਸ ਪਾਰਟੀ ਨਾਲ ਮੁਲਾਕਾਤ ਕੀਤੀ ਅਤੇ ਆਪ ਕਿਸ ਕਿਸ ਸਰਕਾਰੀ ਤੇ ਗੈਰ ਸਰਕਾਰੀ ਜ਼ਿੰਮੇਵਾਰ ਹਾਕਮਾਂ ਨੂੰ ਮਿਲੇ ਇਹ ਸਭ ਕਾਰਰਵਾਈ ਉਸ ਸਮੇਂ ਦੇ ਅਖਬਾਰਾਂ ਵਿਚ ਵਿਸਥਾਰ ਨਾਲ ਪ੍ਰਕਾਸ਼ਤ ਹੋ ਚੁਕੀ ਹੈ ਅਤੇ ਇਹ ਵੀ ਪ੍ਰਕਾਸ਼ਤ ਹੋ ਚੁਕਾ ਹੈ ਕਿ ਆਪ ਕੀ ਪੇਸ਼ਕਸ਼

ਲਿਆਏ ਅਤੇ ਕਾਂਗਰਸ ਕੀ ਕੁਛ ਮੰਨਣ ਲਈ ਤਿਆਰ ਸੀ ?

ਸਰ ਕਰਿਪਸ ਦਾ ਮਿਸ਼ਨ ਬੁਰੀ ਤਰ੍ਹਾਂ ਅਸਫਲ ਰਿਹਾ ਅਤੇ ਆਪ ਇਥੋਂ ਕੋਰੇ ਹੀ ਵਾਪਸ ਮੁੜੇ। ਹਿੰਦੁਸਤਾਨ ਦੀ ਸਭ ਤੋਂ ਵਡੀ ਰਾਜਸੀ ਪਾਰਟੀ ਕਾਂਗਰਸ ਤੇ ਸਰਕਾਰ ਵਿਚ ਜੋ ਡੈਡਲਾਕ ਚਲਾ ਆਉਂਦਾ ਸੀ ਉਹ ਉਵੇਂ ਹੀ ਕਾਇਮ ਰਿਹਾ।

## ਕਾਂਗਰਸ ਸਮਾਗਮ

੨੮ ਅਪਰੈਲ ਤੋਂ ੨ ਮਈ ੧੯੪੨ ਤੀਕ ਅਲਾਹਬਾਦ ਵਿਚ ਆਲ ਇੰਡੀਆ ਕਾਂਗਰਸ ਦਾ ਸਮਾਗਮ ਹੋਇਆ। ਪਹਿਲੇ ਦੋ ਦਿਨ ਤੀਕ ਕਾਂਗਰਸ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਮਤੇ ਤਿਆਰ ਕੀਤੇ ਗਏ। ਇਸ ਅਜਲਾਸ ਵਿਚ ਮਿਸਟਰ ਰਾਜ ਗੋਪਾਲ ਆਚਾਰਯਾ ਨੇ ਵਰਕਿੰਗ ਕਮੇਟੀ ਤੋਂ ਅਸਤੀਫਾ ਦੇ ਦਿਤਾ ਜੋ ਮਨਜ਼ੂਰ ਹੋਇਆ। ਅਸਲ ਗਲ ਇਹ ਸੀ ਕਿ ਪਾਕਿਸਤਾਨ ਦੀ ਹਮਾਇਤ ਕਰਨ ਕਰ ਕੇ ਆਪ ਲੋਕਾਂ ਦੀਆਂ ਨਜ਼ਰਾਂ ਵਿਚੋਂ ਗਿਰ ਗਏ ਸਨ ਅਤੇ ਏਸੇ ਮਤ ਭੇਦ ਦੇ ਕਾਰਨ ਆਪ ਨੂੰ ਵਰਕਿੰਗ ਕਮੇਟੀ ਵਿਚੋਂ ਅਸਤੀਫਾ ਵੀ ਦੇਣਾ ਪਿਆ।

ਸਰ ਸਟੈਫੋਰਡ ਕਰਿਪਸ ਨੇ ਆਪਣੇ ਮਿਸ਼ਨ ਵਿਚ ਨਾਕਾਮ ਰਹਿ ਕੇ ਵਲੈਤ ਜਾਂਦੇ ਹੋਏ ਕਰਾਚੀ ਵਿਚ ਐਲਾਨ ਕੀਤਾ ਸੀ ਕਿ ਹੁਣ ਹਿੰਦੀ ਸਵਾਲ ਦੇ ਫੈਸਲੇ ਲਈ ਬ੍ਰਿਟਿਸ਼ ਗੌਰਮਿੰਟ ਪਹਿਲ ਨਹੀਂ ਕਰੇਗੀ। ਕਾਂਗਰਸ ਸਮਾਗਮ ਉਪਰ ਮੌਲਾਨਾ ਆਜ਼ਾਦ ਨੇ ਜੋ ਤਕਰੀਰ ਕੀਤੀ ਉਸ ਵਿਚ ਆਪ ਨੇ ਇਸ ਚੈਲੰਜ ਦਾ ਉੱਤ੍ਰ ਦੇਂਦੇ ਹੋਏ ਐਲਾਨ ਕੀਤਾ ਕਿ ਜਿਥੋਂ ਤੀਕ ਕਾਂਗਰਸ ਦਾ ਸੰਬੰਧ ਹੈ ਉਹ ਵੀ ਇਸ ਬਾਰੇ ਪਹਿਲ ਨਹੀਂ ਕਰੇਗੀ।

ਇਸ ਸਮਾਗਮ ਵੇਲੇ ਜੰਗ ਬੜੇ ਜ਼ੋਰਾਂ ਉਤੇ ਸੀ ਅਤੇ ਹਿੰਦੁਸਤਾਨ ਨੂੰ ਵੀ ਜੰਗ ਦਾ ਖਤਰਾ ਪੇਸ਼ ਆ ਰਿਹਾ ਸੀ। ਮੌਲਾਨਾ ਆਜ਼ਾਦ ਨੇ

ਕਰਿਪਸ ਸਕੀਮ ਦੇ ਫੇਲ ਹੋਣ ਦਾ ਇਕ ਵੱਡਾ ਕਾਰਨ ਇਹ ਦਸਿਆ ਕਿ ਸਰ ਸਟੈਫੋਰਡ ਕਰਿਪਸ ਹਿੰਦੁਸਤਾਨ ਦਾ ਡੀਫੈਂਸ (ਫੌਜ) ਹਿੰਦੀਆਂ ਦੇ ਹਥ ਦੇਣ ਲਈ ਤਿਆਰ ਨਹੀਂ ਸੀ ਇਸੇ ਲਈ ਉਸ ਦਾ ਮਿਸ਼ਨ ਸਫਲ ਨ ਹੋਇਆ। ਆਪ ਨੇ ਦਸਿਆ ਕਿ ਜਿਉਂ ਜਿਉਂ ਜੰਗ ਹਿੰਦੁਸਤਾਨ ਦੇ ਨੇੜੇ ਆ ਰਹੀ ਹੈ ਤਿਉਂ ਤਿਉਂ ਡੀਫੈਂਸ ਦੀ ਵਸ਼ੇਸ਼ਤਾ ਵਧਦੀ ਜਾ ਰਹੀ ਹੈ। ਹੁਣ ਜਦ ਕਿ ਲੜਾਈ ਸਾਡੇ ਸਿਰ ਉਤੇ ਪਹੁੰਚ ਗਈ ਹੈ ਇਸ ਦੀ ਵਸ਼ੇਸ਼ਤਾ ਹੋਰ ਵੀ ਵਧ ਗਈ ਹੈ। ਹਿੰਦੁਸਤਾਨ ਦੀ ਸੂਰਤ ਹਾਲਾਤ ਬਾਰੇ ਬ੍ਰਿਟਿਸ਼ ਗੌਰਮਿੰਟ ਦਾ ਰਵਈਆ ਸ਼ੁਰੂ ਤੋਂ ਹੀ ਐਸਾ ਰਿਹਾ ਹੈ ਜਿਸ ਨਾਲ ਅਸੀਂ ਆਪਣੇ ਆਪ ਨੂੰ ਮੁਸ਼ਕਲ ਵਿਚ ਫਾਥਾ ਪਾਉਂਦੇ ਹਾਂ। ਅਸੀਂ ਫੈਸਲਾ ਕਰਨ ਲਈ ਬਹੁਤ ਹਦ ਤੀਕ ਦੂਰ ਨਿਕਲ ਗਏ ਹਾਂ ਪਰ ਬ੍ਰਿਟਿਸ਼ ਸਰਕਾਰ ਨੂੰ ਸਾਡੇ ਉਤੇ ਭਰੋਸਾ ਨਹੀਂ। ਉਹ ਡੀਫੈਂਸ (ਫੌਜ) ਸਾਡੇ ਹਥ ਵਿਚ ਦੇਣ ਲਈ ਤਿਆਰ ਨਹੀਂ। ਇਹ ਸਵਾਲ ਕੌਮੀ ਖੁਦਦਾਰੀ ਦਾ ਹੈ।

ਕਰਿਪਸ ਸਕੀਮ ਬਾਰੇ ਸਾਡੀ ਪੋਜ਼ੀਸ਼ਨ ਇਹ ਸੀ ਕਿ ਅਸੀਂ ਜੰਗ ਵਿਚ ਉਸੇ ਹਾਲਤ ਵਿਚ ਸਰਗਰਮ ਹਿਸਾ ਲੈਣ ਲਈ ਤਿਆਰ ਹੋ ਸਕਦੇ ਹਾਂ ਜੇ ਬਰਤਾਨੀਆਂ ਸਾਡੇ ਨਾਲ ਸਮਝੌਤਾ ਕਰ ਲਵੇ। ਜੇ ਸਾਡਾ ਰਾਜਸੀ ਫੈਸਲਾ ਹੋ ਜਾਂਦਾ ਤਦ ਅਸੀਂ ੨੦ ਘੰਟੇ ਦੇ ਅੰਦਰ ਫਿਰਕੂ ਫੈਸਲਾ ਕਰ ਲੈਂਦੇ.........

ਕਾਂਗਰਸ ਨੇ ਜੋ ਸਭ ਤੋਂ ਵੱਡਾ ਤੇ ਜ਼ਰੂਰੀ ਮਤਾ ਇਸ ਸਮਾਗਮ ਵਿਚ ਪਾਸ ਕੀਤਾ ਉਹ ਇਸ ਤਰ੍ਹਾਂ ਸੀ–

ਹਿੰਦੁਸਤਾਨ ਨੂੰ ਦਰਪੇਸ਼ ਆਉਣ ਵਾਲੇ ਹਮਲੇ ਨੂੰ ਅਤੇ ਬ੍ਰਿਟਿਸ਼ ਗੌਰਮਿੰਟ ਦੇ ਉਸ ਰਵਈਏ ਨੂੰ ਜਿਹੜਾ ਸਰ ਸਟੈਫੋਰਡ ਕਰਿਪਸ ਦੀਆਂ ਤਜਵੀਜ਼ਾਂ ਤੋਂ ਸਪਸ਼ਟ ਹੈ ਮੁਖ ਰਖ ਕੇ ਆਲ ਇੰਡੀਆ ਕਾਂਗਰਸ ਕਮੇਟੀ ਨਵੇਂ ਸਿਰੇ ਹਿੰਦੁਸਤਾਨ ਦੀ ਪਾਲਿਸੀ ਦਾ ਐਲਾਨ ਕਰਦੀ ਅਤੇ ਹਿੰਦੀਆਂ ਨੂੰ ਸਲਾਹ ਦੇਂਦੀ ਹੈ ਕਿ ਉਹ ਇਸ ਦੀ ਰੌਸ਼ਨੀ ਵਿਚ ਆਉਣ

ਵਾਲੇ ਖਤਰੇ ਸਮੇਂ ਵਰਤੇਂ ਕਰੇ।

ਸਰ ਸਟੈਫੋਰਡ ਸਕੀਮ ਰਾਹੀਂ ਪੇਸ਼ ਕੀਤੀਆਂ ਬ੍ਰਿਟਿਸ਼ ਗੌਰਮਿੰਟ ਦੀਆਂ ਤਜਵੀਜ਼ਾਂ ਨਾਲ ਵਧੇਰੇ ਤਲਖੀ ਅਤੇ ਗੌਰਮਿੰਟ ਬਾਰੇ ਵਧੇਰੇ ਸ਼ਕ ਉਤਪਨ ਹੋ ਗਏ ਹਨ ਇਸ ਲਈ ਬਰਤਾਨੀਆ ਨਾਲ ਨਾਮਿਲਵਰਤਨ ਦੀ ਸਪਿਰਟ ਵਿਚ ਹੋਰ ਵੀ ਵਾਧਾ ਹੋ ਗਿਆ ਹੈ। ਉਹਨਾਂ ਨੇ ਸਾਬਤ ਕਰ ਦਿਤਾ ਹੈ ਕਿ ਇਸ ਖਤਰੇ ਦੇ ਸਮੇਂ ਵੀ ਨਾ ਕੇਵਲ ਹਿੰਦੁਸਤਾਨ ਲਈ ਵੀ ਬ੍ਰਿਟਿਸ਼ ਗੌਰਮਿੰਟ ਦੀ ਇਮਪੀਰੀਅਲ ਪਾਲਿਸੀ ਜਾਰੀ ਰਖੀ ਜਾਏਗੀ। ਉਹਨਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਨੂੰ ਪਰਵਾਨ ਕਰਨ ਯਾ ਤਾਕਤ ਹਥੋਂ ਛਡਣ ਤੋਂ ਸਾਫ ਇਨਕਾਰ ਕਰ ਦਿਤਾ ਹੈ।

ਹਿੰਦੁਸਤਾਨੀਆਂ ਨੂੰ ਉਹਨਾਂ ਦੀ ਰਾਏ ਤੇ ਮਰਜ਼ੀ ਬਗੈਰ ਹੀ ਬ੍ਰਿਟਿਸ਼ ਗੌਰਮਿੰਟ ਨੇ ਆਪਣੀ ਮਰਜ਼ੀ ਨਾਲ ਜੰਗ ਵਿਚ ਸ਼ਾਮਿਲ ਕਰ ਦਿਤਾ ਹੈ ਹਾਲਾਂ ਕਿ ਹਿੰਦੁਸਤਾਨ ਦਾ ਦੁਨੀਆ ਦੀ ਕਿਸੇ ਵੀ ਤਾਕਤ ਨਾਲ ਕਿਸੇ ਕਿਸਮ ਦਾ ਕੋਈ ਝਗੜਾ ਨਹੀਂ। ਉਸ ਨੇ ਨਾਜ਼ੀਇਜ਼ਮ ਤੇ ਫਾਸਿਜ਼ਮ ਦੀ ਉਸੇ ਜ਼ੋਰ ਨਾਲ ਵਿਰੋਧਤਾ ਕੀਤੀ ਹੈ ਜਿਸ ਨਾਲ ਕਿ ਇੰਮਪੀਰੀਲਿਜ਼ਮ ਦੀ। ਜੇ ਹਿੰਦੁਸਤਾਨ ਆਜ਼ਾਦ ਹੁੰਦਾ ਤਦ ਉਸ ਦੀ ਆਪਣੀ ਹੀ ਕੋਈ ਪਾਲਿਸੀ ਹੁੰਦੀ ਅਤੇ ਉਸ ਹਾਲਤ ਵਿਚ ਸ਼ਾਇਦ ਉਹ ਇਸ ਜੰਗ ਤੋਂ ਬਾਹਰ ਹੀ ਰਹਿੰਦਾ; ਭਾਵੇਂ ਉਸ ਦੀ ਹਮਦਰਦੀ ਕੁਦਰਤੀ ਤੌਰ ਉਤੇ ਮਜ਼ਲੂਮ ਪਾਰਟੀ ਨਾਲ ਹੁੰਦੀ। ਹੁਣ ਜਦ ਕਿ ਹਾਲਾਤ ਨੇ ਉਸ ਨੂੰ ਜੰਗ ਵਿਚ ਲਿਆ ਖੜਾ ਕੀਤਾ ਹੈ ਤਦ ਚੰਗਾ ਹੁੰਦਾ ਉਹ ਬਤੌਰ ਆਜ਼ਾਦ ਮੁਲਕ ਦੇ ਇਸ ਵਿਚ ਹਿਸਾ ਲੈਂਦਾ ਅਤੇ ਆਪਣੀ ਆਜ਼ਾਦੀ ਲਈ ਲੜਦਾ ਅਤੇ ਉਸ ਦਾ ਡਿਫੈਂਸ ਲੋਕ-ਰਾਏ ਨਾਲ ਕਰਦਾ। ਉਸ ਦੀ ਨੇਸ਼ਨਲ ਫੌਜ ਹੁੰਦੀ ਜਿਸ ਦਾ ਕੰਟਰੋਲ ਵੀ ਕੌਮੀ ਲੀਡਰਾਂ ਦੇ ਹਥ ਵਿਚ ਹੁੰਦਾ। ਹਮਲੇ ਦੀ ਸੂਰਤ ਵਿਚ ਆਜ਼ਾਦ ਹਿੰਦੁਸਤਾਨ ਆਪਣੀ ਰਖਿਆ ਬਿਹਤ੍ਰ ਤ੍ਰੀਕੇ ਨਾਲ ਕਰ ਸਕਦਾ ਹੈ। ਮੌਜੂਦਾ ਹਿੰਦੀ ਫੌਜ ਦਰ-ਅਸਲ ਬਰਤਾਨਵੀ ਫੌਜ ਦੀ ਹੀ

ਫ਼ਾਖ ਹੈ ਤੇ ਕੇਵਲ ਇਸ ਖ਼ਿਆਲ ਨਾਲ ਕਾਇਮ ਕੀਤੀ ਗਈ ਹੈ ਕਿ ਇਸ ਦੀ ਸਹਾਇਤਾ ਨਾਲ ਹਿੰਦੁਸਤਾਨ ਨੂੰ ਕਬਜ਼ੇ ਵਿਚ ਰਖਿਆ ਜਾਏ। ਏਸੇ ਲਈ ਹਿੰਦੀ ਫੌਜ ਨੂੰ ਆਮ ਜਨਤਾ ਨਾਲੋਂ ਬਿਲਕੁਲ ਅਲਗ ਥਲਗ ਰਖਿਆ ਜਾਂਦਾ ਹੈ ਅਤੇ ਏਹੋ ਕਾਰਨ ਹੈ ਲੋਕ ਇਸ ਨੂੰ ਆਪਣੀ ਫੌਜ ਨਹੀਂ ਸਮਝਦੇ।

ਇੰਪੀਰਲਿਜ਼ਮ ਅਤੇ ਲੋਕ ਸੱਤਾ ਦਾ ਫਰਕ ਏਥੋਂ ਹੀ ਪਤਾ ਲਗ ਜਾਂਦਾ ਹੈ ਕਿ ਹਿੰਦੁਸਤਾਨ ਦੀ ਡੀਫੈਂਸ ਲਈ ਗੈਰਮੁਲਕੀ ਫੌਜਾਂ ਤੇ ਬੁਲਾਈਆਂ ਜਾਂਦੀਆਂ ਹਨ ਪਰ ਮੁਲਕ ਦੀ ਜਨ-ਸ਼ਕਤੀ ਨੂੰ ਇਸ ਮਤਲਬ ਲਈ ਵਰਤੋਂ ਵਿਚ ਨਹੀਂ ਲਿਆਂਦਾ ਜਾਂਦਾ। ਹਿੰਦੁਸਤਾਨ ਦਾ ਪਿਛਲਾ ਤਜਰਬਾ ਦਸਦਾ ਹੈ ਕਿ ਹਿੰਦੁਸਤਾਨ ਵਿਚ ਗੈਰ-ਮੁਲਕੀ ਫੌਜ ਦਾ ਲਿਆਂਦੇ ਜਾਣਾ ਉਸ ਦੇ ਲਾਭਾਂ ਲਈ ਅਤੇ ਆਜ਼ਾਦੀ ਲਈ ਹਾਨੀ ਕਾਰਕ ਹੈ। ਕਿੰਨੀ ਵਚਿਤ੍ਰ ਗਲ ਹੈ ਕਿ ਹਿੰਦੁਸਤਾਨ ਦੀ ਕਦੇ ਖਤਮ ਨ ਹੋਣ ਵਾਲੀ ਜਨ-ਸੱਤਾ ਦੀ ਕੋਈ ਵਰਤੋਂ ਨ ਕੀਤੀ ਜਾਏ ਤੇ ਜਦ ਜੰਗ ਉਸ ਦੇ ਸਾਹਲਾਂ ਦੇ ਆਸ ਪਾਸ ਲੜੀ ਜਾ ਰਹੀ ਹੋਵੇ ਉਦੋਂ ਵੀ ਉਸ ਦਾ ਰਾਜ ਪ੍ਰਬੰਧ ਲੋਕ-ਰਾਏ ਦੇ ਪ੍ਰਤੀਨਿਧਾਂ ਦੇ ਹਥ ਵਿਚ ਨ ਦਿਤਾ ਜਾਏ! ਹਿੰਦੁਸਤਾਨ ਆਪਣੇ ਲੋਕਾਂ ਦੇ ਇਸ ਅਪਮਾਨ ਨੂੰ ਬੁਰੀ ਤਰ੍ਹਾਂ ਮਹਿਸੂਸ ਕਰਦਾ ਤੇ ਇਸ ਦੇ ਵਿਰੁਧ ਨਾਰਾਜ਼ਗੀ ਪ੍ਰਗਟ ਕਰਦਾ ਹੈ। ਉਹ ਨਹੀਂ ਚਾਹੁੰਦਾ ਗੈਰ ਮੁਲਕੀ ਲੋਕ ਉਸ ਨੂੰ ਲਾਵਾਰਸ ਸਮਝ ਲੈਣ ਤੇ ਮਨ ਮਰਜ਼ੀ ਉਹਨਾਂ ਦੀ ਵਰਤੋਂ ਕਰਨ।

ਆਲ ਇੰਡੀਆ ਕਾਂਗਰਸ ਕਮੇਟੀ ਨੂੰ ਨਿਸ਼ਚਾ ਹੋ ਚੁਕਾ ਹੈ ਕਿ ਹਿੰਦੁਸਤਾਨ ਆਪਣੇ ਹੀ ਬਲ ਨਾਲ ਆਪਣੀ ਆਜ਼ਾਦੀ ਹਾਸਲ ਕਰੇਗਾ ਤੇ ਆਪਣੀ ਸ਼ਕਤੀ ਨਾਲ ਹੀ ਇਸ ਨੂੰ ਕਾਇਮ ਰਖੇਗਾ। ਕਾਂਗਰਸ ਕਿਸੇ ਐਸ। ਸਕੀਮ ਨੂੰ ਵਿਚਾਰਨਾ ਨਹੀਂ ਚਾਹੁੰਦੀ ਜਿਸ ਵਿਚ ਬ੍ਰਿਟਿਸ਼ ਕੰਟਰੋਲ ਨੂੰ ਕਾਇਮ ਰਖਿਆ ਜਾਏ। ਨ ਕੇਵਲ ਹਿੰਦੁਸਤਾਨ ਦੇ ਲਾਭ ਸਗੋਂ ਬਰਤਾਨੀਆ ਦੀ ਸਲਾਮਤੀ ਅਤੇ ਆਲਮਗੀਰ ਅਮਨ ਤੇ ਆਜ਼ਾਦੀ ਇਹ

ਮੰਗ ਕਰਦੇ ਹਨ ਕਿ ਬਰਤਾਨੀਆਂ ਹਿੰਦੁਸਤਾਨ ਉਤੋਂ ਆਪਣਾ ਗਲਬਾ ਚੁਕ ਲਵੇ। ਕੇਵਲ ਆਜ਼ਾਦੀ ਦੀਆਂ ਨੀਂਹਾਂ ਉਤੇ ਹੀ ਹਿੰਦੁਸਤਾਨ ਬਰ-ਤਾਨੀਆ ਯਾ ਦੂਜੀਆਂ ਕੌਮਾਂ ਨਾਲ ਗਲ ਬਾਤ ਕਰਨ ਲਈ ਤਿਆਰ ਹ ਸਕਦਾ ਹੈ। ਕਾਂਗਰਸ ਕਮੇਟੀ ਇਸ ਖ਼ਿਆਲ ਦੀ ਬੜੇ ਜ਼ੋਰ ਨਾਲ ਤਰਦੀਦ ਕਰਦੀ ਹੈ ਕਿ ਹਿੰਦੁਸਤਾਨ ਦੀ ਆਜ਼ਾਦੀ ਕਿਸੇ ਦੇ ਦਖਲ ਦੇਣ ਨਾਲ ਯਾ ਗੈਰ ਮੁਲਕੀ ਹਮਲੇ ਨਾਲ ਪ੍ਰਾਪਤ ਹੋਵੇਗੀ। ਕਿਸੇ ਗੈਰ ਤਾਕਤ ਨੇ ਹਿੰਦੁਸਤਾਨ ਉਤੇ ਹਮਲਾ ਕੀਤਾ ਤਦ ਉਸ ਦਾ ਟਾਕਰਾ ਕੀਤਾ ਜਾਏਗਾ। ਇਹ ਟਾਕਰਾ ਸ਼ਾਂਤਮਈ ਨਾ ਮਿਲਵਰਤਨ ਦਾ ਰੂਪ ਹੀ ਧਾਰਨ ਕਰ ਸਕਦਾ ਹੈ ਕਿਉਂਕਿ ਬ੍ਰਿਟਿਸ਼ ਗੌਰਮਿੰਟ ਨੇ ਕੌਮੀ ਰਖਿਆ ਲਈ ਜਥੇਬੰਦੀ ਦੀ ਮਨਾਹੀ ਕਰ ਰਖੀ ਹੈ। ਕਾਂਗਰਸ ਹਿੰਦੁਸਤਾਨ ਦੇ ਲੋਕਾਂ ਪਾਸੋਂ ਆਸ ਰਖਦੀ ਹੈ ਕਿ ਉਹ ਹਮਲਾ ਆਵਰਾਂ ਦਾ ਸ਼ਾਂਤਮਈ ਨਾ ਮਿਲਵਰਤਨ ਦੇ ਤ੍ਰੀਕੇ ਨਾਲ ਸਵਾਗਤ ਕਰਨ ਅਤੇ ਉਹਨਾਂ ਦੀ ਕਿਸੇ ਤਰ੍ਹਾਂ ਵੀ ਸਹੈਤਾ ਨਾ ਕਰਨ। ਨ ਅਸੀਂ ਹਮਲਾ ਆਵਰ ਅਗੇ ਗੋਡੇ ਟੇਕੀਏ ਤੇ ਨ ਹੀ ਉਸ ਦੇ ਹੁਕਮਾਂ ਦੀ ਪਾਲਨਾ ਕਰੀਏ। ਨ ਉਹਨਾਂ ਪਾਸੋਂ ਕੋਈ ਰਿਆਇਤ ਲਈਏ ਨ ਹੀ ਕੋਈ ਰਿਸ਼ਵਤ ਕਬੂਲ ਕਰੀਏ। ਜੇ ਉਹ ਸਾਡੇ ਘਰਾਂ ਉਤੇ ਕਬਜ਼ਾ ਕਰਨਾ ਚਾਹੇ ਯਾ ਖੇਤਾਂ ਉਤੇ ਕੰਟਰੋਲ ਕਰਨਾ ਚਾਹੇ ਤਦ ਅਸੀਂ ਇਨਕਾਰ ਕਰ ਦੇਈਏ ਭਾਵੇਂ ਇਸ ਕੰਮ ਵਿਚ ਸਾਡੀ ਜਾਨ ਵੀ ਕਿਉਂ ਨ ਲਗ ਜਾਏ। ਜਿਨ੍ਹਾਂ ਥਾਵਾਂ ਉਤੇ ਬਰਤਾਨਵੀ ਤੇ ਗੈਰ ਮੁਲਕੀ ਫੌਜਾਂ ਲੜ ਰਹੀਆਂ ਹੋਣ ਸਾਡੀ ਨਾਮਿਲਵਰਤਨ ਗੈਰ ਜ਼ਰੂਰੀ ਤੇ ਵਿਅਰਥ ਹੋਵੇਗੀ।

ਬਰਤਾਨਵੀ ਫੌਜਾਂ ਦੇ ਰਾਹ ਵਿਚ ਕੋਈ ਮੁਸ਼ਕਲ ਖੜੀ ਨ ਕਰਨ ਲਈ ਸਾਡੀ ਨਾ ਮਿਲਵਰਤਨ ਕੇਵਲ ਹਮਲਾ ਆਵਰਾਂ ਵਿਰੁਧ ਹੋਵੇਗੀ। ਬਰਤਾਨਵੀ ਗੌਰਮਿੰਟ ਦੇ ਰਵਈਏ ਦੇ ਕਾਰਨ ਅਸੀਂ ਇਸ ਤੋਂ ਵਧ ਕੋਈ ਸਹੈਤਾ ਨਹੀਂ ਦੇ ਸਕਦੇ ਕਿ ਉਹਨਾਂ ਦੇ ਕਿਸੇ ਕੰਮ ਵਿਚ ਦਖਲ ਨ ਦੇਈਏ। ਉਹ ਲੋਕ ਸਾਡੀ ਸਹੈਤਾ ਬਤੌਰ ਗ਼ੁਲਾਮਾਂ ਦੇ ਚਾਹੁੰਦੇ ਹਨ

ਪਰ ਅਸੀਂ ਇਹ ਪੋਜ਼ੀਸ਼ਨ ਪਰਵਾਨ ਕਰਨ ਲਈ ਕਦੇ ਤਿਆਰ ਨਹੀਂ ਹਾਂ।" ਇਸ ਤਰ੍ਹਾਂ ਕਾਂਗਰਸ ਨੇ ਜੰਗ ਸੰਬੰਧੀ ਆਪਣੀ ਪੋਜ਼ੀਸ਼ਨ ਦੁਨੀਆ ਸਾਮ੍ਹਣੇ ਪ੍ਰਗਟ ਕਰ ਦਿਤੀ ਸੀ। ਉਸ ਨੇ ਬਰਤਾਨਵੀ ਗੋਰਮਿੰਟ ਨੂੰ ਜੰਗ ਵਿਚ ਸਹੈਤਾ ਦੇਣ ਤੋਂ ਇਨਕਾਰ ਕਰ ਦਿਤਾ, ਹਾਂ ਇਹ ਗਲ ਜ਼ਰੂਰ ਕੀਤੀ ਕਿ ਜੰਗ ਦੇ ਕਾਰਨ ਬਰਤਾਨਵੀ ਸਰਕਾਰ ਦੇ ਰਸਤੇ ਵਿਚ ਕੋਈ ਰੋਕ ਪਾਉਣੀ ਮੁਨਾਸਬ ਨ ਸਮਝੀ।

## ਮਹਿਵਰੀ ਤੇ ਗਾਂਧੀ ਜੀ

ਬਰਤਾਨਵੀ ਗੌਰਮਿੰਟ ਨੇ ਕਾਂਗਰਸ ਤੇ ਮਹਾਤਮਾ ਗਾਂਧੀ ਜੀ ਨੂੰ ਬਦਨਾਮ ਕਰਨ ਲਈ ਕਈ ਬਿਆਨ ਛਾਪੇ ਸਨ, ਜਿਨ੍ਹਾਂ ਵਿਚ ਇਹ ਦਸਣ ਦਾ ਜਤਨ ਕੀਤਾ ਗਿਆ ਸੀ ਕਿ ਕਾਂਗਰਸ ਤੇ ਕਾਂਗਰਸੀ ਲੀਡਰ ਮਹਿਵਰੀਆਂ ਦੇ ਹਮਾਇਤੀ ਹਨ, ਪਰ ਇਸ ਬਾਰੇ ਮਹਾਤਮਾ ਜੀ ਨੇ ਜੂਨ ਵਿਚ ਹੀ ਪੋਜ਼ੀਸ਼ਨ ਸਾਫ ਕਰ ਦਿਤੀ ਜਦ ਉਨ੍ਹਾਂ ਨੇ ਇਕ ਇੰਟਰਵੀਊ ਵਿਚ ਆਖਿਆ ਕਿ ਦੋ ਵੈਰੀਆਂ ਵਿਚੋਂ ਜਿਸ ਨੂੰ ਮੈਂ ਜਾਣਦਾ ਹਾਂ ਉਸ ਨੂੰ ਵਿਸ਼ਿਸ਼ਤਾ ਦਿਆਂਗਾ। ਸੁਭਾਸ਼ ਬੋਸ ਜੀ ਦੇ ਤ੍ਰੀਕੇ ਨਾਲ ਹਿੰਦੁਸਤਾਨ ਆਜ਼ਾਦ ਨਹੀਂ ਹੋ ਸਕਦਾ।

## ੧੯੪੨ ਦੀ ਬਗਾਵਤ

੧੯੪੨ ਦੇ ਆਰੰਭ ਵਿਚ ਕਾਂਗਰਸੀ ਲੀਡਰਾਂ ਵਲੋਂ ਤਕਰੀਰਾਂ ਵਿਚ ਇਹ ਮੰਗ ਸ਼ੁਰੂ ਹੋ ਗਈ ਕਿ ਅੰਗਰੇਜ਼ ਹਿੰਦੁਸਤਾਨ ਦੇ ਰਾਜ ਪ੍ਰਬੰਧ ਦੀ ਵਾਗ ਡੋਰ ਹਿੰਦੁਸਤਾਨੀਆਂ ਦੇ ਹਥ ਵਿਚ ਦੇ ਦੇਣ ਤਾਕਿ ਉਹ ਆਪਣੇ ਘਰ ਦੀ ਆਪ ਰਖਿਆ ਕਰਨ ਦੇ ਯੋਗ ਹੋ ਸਕਣ। ਮਹਾਤਮਾ ਗਾਂਧੀ ਨੇ ਵੀ ਸਾਫ ਕਹਿ ਦਿਤਾ ਕਿ ਹਿੰਦੁਸਤਾਨ ਨੂੰ ਮਾਰਿਆ ਹੋਇਆ ਜੱਫਾ ਛਡ ਕੇ ਅੰਗਰੇਜ਼ ਇਕ ਪਾਸੇ ਹੋ ਜਾਣ। ਅਖਬਾਰ 'ਹਰੀਜਨ' ਵਿਚ ਇਕ ਪਰੋਫੈਸਰ ਨੇ ਮਹਾਤਮਾ ਜੀ ਤੋਂ ਪੁਛ ਕੀਤੀ ਕਿ—"ਆਪ ਨੇ ਬਰਤਾਨਵੀ ਲੋਕਾਂ ਨੂੰ ਦਸਤਬਰਦਾਰੀ ਦੀ

ਸਲਾਹ ਦਿਤੀ ਹੈ ਪਰ ਰਾਜਿਆਂ ਬਾਰੇ ਆਪ ਇਹ ਆਖਦੇ ਹੋ ਕਿ ਮੈਨੂੰ ਖੁਸ਼ੀ ਹੋਵੇਗੀ ਜੇ ਰਾਜੇ ਤੇ ਉਹਨਾਂ ਦੇ ਸਲਾਹ ਕਾਰ ਆਪਣੀ ਤੇ ਹਿੰਦੁਸਤਾਨ ਦੀ ਖਾਤਰ ਉਸ ਰਵੀਏ ਨੂੰ ਖਤਮ ਕਰ ਦੇਣ ਜੋ ਇਸ ਵੇਲੇ ਬਹੁਤ ਸਾਰੀਆਂ ਰਿਆਸਤਾਂ ਵਿਚ ਚਲ ਰਿਹਾ ਹੈ। ਅਤੇ ਜਿਸ ਨੂੰ ਸਵਾਏ ਬੇ-ਕਨੂੰਨੀ ਰਾਜ ਦੇ ਹੋਰ ਕੋਈ ਨਾਮ ਨਹੀਂ ਦਿਤਾ ਜਾ ਸਕਦਾ। ਇਸ ਲਈ ਆਪ ਇਹਨਾਂ ਰਾਜਿਆਂ ਨੂੰ ਜਿਨ੍ਹਾਂ ਦਾ ਜ਼ੁਲਮ ਬਰਤਾਨੀਆ ਨਾਲੋਂ ਕਿਤੇ ਬਹੁਤ ਦੇਰ ਦਾ ਅਤੇ ਡੂੰਘੀਆਂ ਜੜ੍ਹਾਂ ਵਾਲਾ ਹੈ ਦਸਤਬਰਦਾਰ ਹੋਣ ਲਈ ਕਿਉਂ ਨਹੀਂ ਆਖਦੇ?—

ਇਸ ਦਾ ਉਤਰ ਮਹਾਤਮਾ ਜੀ ਨੇ ਇਉਂ ਦਿਤਾ ਸੀ:—

"ਮੈਨੂੰ ਹੈਰਾਨੀ ਹੈ ਕਿ ਪਰੋਫੈਸਰ ਸਾਹਿਬ ਰਾਜਿਆਂ ਤੇ ਆਹਲਾ ਤਾਕਤ (ਪੈਰਾਮੌਂਟ ਪਾਵਰ) ਵਿਚਾਲੇ ਫਰਕ ਨਹੀਂ ਸਮਝ ਸਕੇ। ਵਰਤਮਾਨ ਰਾਜੇ ਬਰਤਰ ਤਾਕਤ ਪੈਰਾਮੌਂਟ ਪਾਵਰ ਦੀ ਹੀ ਪੈਦਾਵਾਰ ਹਨ। ਉਹਨਾਂ ਨੂੰ ਇਸ ਬਰਤਰ ਤਾਕਤ ਵਲੋਂ ਹੀ ਅਖਤਿਆਰ ਹਾਸਲ ਹਨ। ਇਸ ਲਈ ਉਹਨਾਂ ਦੀ ਦਸਤਬਰਦਾਰੀ ਨਾਲ ਰਾਜਿਆਂ ਦੇ ਰਾਜ ਦਾ ਅੰਤ ਨਹੀਂ ਹੋ ਜਾਏਗਾ। ਕੋਈ ਹੋਰ ਉਸ ਖਾਲੀ ਥਾਂ ਨੂੰ ਪੁਰ ਕਰ ਲਏਗਾ। ਤੇ ਜੇ ਕਿਸੇ ਨੇ ਪੁਰ ਨਾ ਕੀਤੀ ਤਦ ਉਹ ਰਿਆਸਤ ਬਰਤਾਨਵੀ ਪ੍ਰਬੰਧ ਹੇਠ ਕਰ ਲਈ ਜਾਏਗੀ। ਸੁ ਜਿਧਰ ਨਜ਼ਰ ਉਠਾ ਕੇ ਵੇਖੋ ਆਪ ਨੂੰ ਇਹੋ ਵਖਾਈ ਦੇਵੇਗਾ ਕਿ ਬਰਤਾਨਵੀ ਤਾਕਤ ਨੇ ਸੁਭਾਵਕ ਹੀ ਸਚਾਈ ਦਾ ਰਸਤਾ ਰੋਕ ਰਖਿਆ ਹੈ।"

ਉਹਨਾਂ ਦਿਨਾਂ ਵਿਚ ਜਾਪਾਨੀ ਏਸ਼ਿਆਈ ਟਾਪੂਆਂ ਨੂੰ ਫਤਹ ਕਰ ਰਹੇ ਸਨ ਤੇ ਖਤਰਾ ਸਾਮ੍ਹਣੇ ਨਜ਼ਰ ਆ ਰਿਹਾ ਸੀ ਕਿ ਕਿਤੇ ਉਹ ਹਿੰਦੁਸਤਾਨ ਉਪਰ ਵੀ ਹਮਲਾ ਨਾ ਕਰ ਦੇਣ, ਖਾਸ ਕਰ ਕੇ ਜਦੋਂ ਸੁਭਾਸ ਚੰਦਰ ਬੋਸ ਜਾਪਾਨ ਵਿਚ ਪਹੁੰਚ ਚੁਕੇ ਸਨ। ਬਰਤਾਨੀਆਂ ਤੇ ਜਾਪਾਨ ਬਾਰੇ ਮਹਾਤਮਾ ਜੀ ਦੀ ਜੋ ਰਾਇ ਸੀ ਉਹ ਆਪ

ਨੇ ੨੧ ਜੂਨ ੧੯੪੨ ਦੇ 'ਹਰੀਜਨ' ਵਿਚ ਐਉਂ ਸਪਸ਼ਟ ਕੀਤੀ ਸੀ–

"ਗੈਰ ਮੁਲਕੀ ਜੂਲੇ ਤੋਂ ਆਜ਼ਾਦ ਹੋਣ ਲਈ ਹਿੰਦੁਸਤਾਨ ਜੋ ਵੀ ਜਤਨ ਕਰ ਰਿਹਾ ਹੈ ਉਸ ਵਿਚ ਕਿਸੇ ਗੈਰ ਮੁਲਕੀ ਤਾਕਤ ਨੂੰ ਸਹੈਤਾ ਲਈ ਸਦਨ ਦੀ ਮੇਰੀ ਹਰਗਿਜ਼ ਕੋਈ ਇਛਾ ਨਹੀਂ। ਮੈਂ ਬਿਲਕੁਲ ਨਹੀਂ ਚਾਹੁੰਦਾ ਕਿ ਬਰਤਾਨੀਆਂ ਦੀ ਬਜਾਇ ਕਿਸੇ ਹੋਰ ਤਾਕਤ ਨੂੰ ਆਪਣੇ ਸਿਰ ਉਤੇ ਬਠਾ ਲਿਆ ਜਾਏ। ਜਿਸ ਵੈਰੀ ਤੋਂ ਮੈਂ ਚੰਗੀ ਤਰ੍ਹਾਂ ਜਾਣੂੰ ਹਾਂ ਉਸ ਨੂੰ ਮੈਂ ਅਣਜਾਨੇ ਵੈਰੀ ਉਤੇ ਵਸ਼ੇਸ਼ਤਾ ਦੇਵਾਂਗਾ। ਜੇ ਮਹਿਵਰੀ ਤਾਕਤਾਂ ਹਿੰਦੁਸਤਾਨ ਵਿਚ ਆਉਣ ਤਦ ਉਹ ਸਾਡੀ ਨਜਾਤ ਲਈ ਨਹੀਂ ਔਣਗੀਆਂ ਸਗੋਂ ਲੁਟ ਮਾਰ ਵਿਚ ਹਿਸੇਦਾਰ ਬਣਨ ਲਈ ਆਉਣਗੀਆਂ। ਇਸ ਲਈ ਇਹ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਸੁਭਾਸ਼ ਬਾਬੂ ਦੀ ਪਾਲਿਸੀ ਨੂੰ ਮੇਰੀ ਪ੍ਰਵਾਨਗੀ ਪ੍ਰਾਪਤ ਹੈ। ਸਾਡੇ ਵਿਚਾਲੇ ਪੁਰਾਣਾ ਮਤਭੇਦ ਅਜੇ ਤੀਕ ਬਰਾਬਰ ਚਲਾ ਆ ਰਿਹਾ ਹੈ। ਪਰ ਇਸ ਦਾ ਭਾਵ ਇਹ ਕਦੇ ਵੀ ਨਹੀਂ ਕਿ ਮੈਨੂੰ ਉਹਨਾਂ ਦੀ ਕੁਰਬਾਨੀ ਯਾ ਦੇਸ਼ ਭਗਤੀ ਉਤੇ ਕੋਈ ਸ਼ਕ ਹੈ। ਮੇਰਾ ਨਿਸ਼ਚਾ ਹੈ ਕਿ ਉਨ੍ਹਾਂ ਦਾ ਤ੍ਰੀਕਾ (ਤਸ਼ਦਦ ਵਾਲਾ) ਐਸਾ ਹੈ ਜਿਸ ਨਾਲ ਹਿੰਦੁਸਤਾਨ ਆਜ਼ਾਦ ਨਹੀਂ ਹੋ ਸਕਦਾ..................।"

੧੪ ਜੁਲਾਈ ੧੯੪੨ ਨੂੰ ਵਾਰਧਾ ਵਿਚ ਕਾਂਗਰਸ ਵਰਕਿੰਗ ਕਮੇਟੀ ਦੀ ਜੋ ਮੀਟਿੰਗ ਹੋਈ ਉਸ ਵਿਚ ੧੭੦੦ ਲਫਜ਼ਾਂ ਦਾ ਇਕ ਜੰਗੀ ਮਤਾ ਪਾਸ ਕੀਤਾ ਗਿਆ। ਇਹ ਮਤਾ ਅਸਲ ਵਿਚ ਬਰਤਾਨਵੀ ਹਕੂਮਤ ਨੂੰ ਅਲਟੀਮੇਟ ਸੀ ਕਿ ਬਰਤਾਨੀਆ ਹਿੰਦੁਸਤਾਨ ਉਤੋਂ ਕਬਜ਼ਾ ਹਟਾ ਲਵੇ ਵਰਨਾ ਮਜ਼ਬੂਰਨ ਹਿੰਦੁਸਾਨ ਦੀ ਆਜ਼ਾਦੀ ਲਈ ਅਤੇ ਰਾਜਸੀ ਹੱਕਾਂ ਦੀ ਪ੍ਰਾਪਤੀ ਲਈ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਨਵੀਂ ਜਦੋ ਜਿਹਦ ਸ਼ੁਰੂ ਕੀਤੀ ਜਾਏਗੀ। ਇਹ ਮਤਾ

ਆਲ ਇੰਡੀਆ ਕਾਂਗਰਸ ਕਮੇਟੀ ਨੂੰ ਭੇਜਿਆ ਗਿਆ ਸੀ ਤਾਕਿ ੭ ਅਗਸਤ ਨੂੰ ਹੋਣ ਵਾਲੀ ਮੀਟਿੰਗ ਵਿਚ ਇਸ ਨੂੰ ਪਰਵਾਨ ਕਰੇ। ਵਰ-ਕਿੰਗ ਕਮੇਟੀ ਨੇ ਜੋ ਮਤਾ ਪਾਸ ਕਰ ਕੇ ਭੇਜਿਆ ਉਸ ਦਾ ਭਾਵ ਇਹ ਸੀ:-

"ਨਿਤ ਹੋਣ ਵਾਲੇ ਵਾਕਿਆਤ ਤੇ ਉਹ ਤਜਰਬੇ ਜੋ ਹਿੰਦੁਸਤਾਨ ਦੇ ਵਸਨੀਕਾਂ ਨੂੰ ਪੇਸ਼ ਆਉਂਦੇ ਹਨ, ਕਾਂਗਰਸ ਦੀ ਇਸ ਰਾਇ ਦੀ ਪ੍ਰੋੜਤਾ ਕਰਦੇ ਕਿ ਹਿੰਦੁਸਤਾਨ ਵਿਚ ਛੇਤੀ ਹੀ ਬਰਤਾਨਵੀ ਹਕੂਮਤ ਦਾ ਦਾ ਖਾਤਮਾ ਹੋ ਜਾਣਾ ਚਾਹੀਦਾ ਹੈ। ਨਾ ਕੇਵਲ ਇਸ ਲਈ ਕਿ ਬਦੇਸ਼ੀ ਹਕੂਮਤ ਭਾਵੇਂ ਉਹ ਕਿੰਨੀ ਹੀ ਚੰਗੀ ਕਿਉਂ ਨਾ ਹੋਵੇ ਆਪਣੇ ਆਪ ਇਕ ਲਾਹਨਤ ਤੇ ਪਰਜਾ ਦੇ ਹਕ ਵਿਚ ਲਗਾਤਾਰ ਚੋਟ ਹੈ, ਸਗੋਂ ਇਸ ਲਈ ਵੀ ਕਿ ਹਿੰਦੁਸਤਾਨ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਹੋਇਆ ਆਪਣੇ ਆਪ ਦੀ ਹਿਫਾਜ਼ਤ ਕਰਨ ਤੇ ਮਨੁਖ ਜਾਤੀ ਨੂੰ ਤਬਾਹ ਕਰਨ ਵਾਲੀ ਇਸ ਜੰਗ ਨੂੰ ਰੋਕਣ ਲਈ ਕੋਈ ਠੋਸ ਕੰਮ ਨਹੀਂ ਕਰ ਸਕਦਾ। ਇਸ ਹਾਲਤ ਵਿਚ ਇਹ ਗਲ ਸਾਫ ਹੈ ਕਿ ਹਿੰਦੁਸਤਾਨ ਦੀ ਆਜ਼ਾਦੀ ਨਾ ਕੇਵਲ ਹਿੰਦੁਸਤਾਨ ਦੇ ਲਾਭਾਂ ਲਈ ਜ਼ਰੂਰੀ ਹੈ, ਸਗੋਂ ਇਹ ਦੁਨੀਆ ਦੀ ਹਿਫਾਜ਼ਤ ਤੇ ਨਾਜ਼ੀਇਜ਼ਮ ਫੈਸਿਜ਼ਮ, ਫੌਜੀ ਪਨ ਤੇ ਇਮਪੀਰੀਅਲਿਜ਼ਮ ਦੀਆਂ ਦੂਜੀਆਂ ਸ਼ਕਲਾਂ ਅਤੇ ਇਕ ਕੌਮ ਦੇ ਦੂਜੀ ਕੌਮ ਪਰ ਤਸ਼ੱਦਦ ਤੇ ਜ਼ੁਲਮ ਆਦਿ ਜੋ ਵਰਤਮਾਨ ਜੰਗ ਦੇ ਅਰੰਭ ਤੋਂ ਹੁੰਦੇ ਆ ਰਹੇ ਹਨ, ਉਹਨਾਂ ਦਾ ਖਾਤਮਾਂ ਕਰਨ ਲਈ ਵੀ ਜ਼ਰੂਰੀ ਹੈ।"

ਕਾਂਗਰਸ ਨੇ ਲੰਮੇ ਸਮੇਂ ਤੋਂ ਹਕੂਮਤ ਨੂੰ ਪਰੇਸ਼ਾਨ ਨਾ ਕਰਨ ਦੀ ਪਾਲਿਸੀ ਅਖਤਿਆਰ ਕਰ ਰਖੀ ਹੈ ਤੇ ਇਸ ਪਾਲਸੀ ਨੇ ਕਾਂਗ-ਰਸ ਦੀ ਆਪਣੀ ਸਤਿਆਗ੍ਰਹਿ ਦੀ ਲਹਿਰ ਨੂੰ ਭੀ ਨਕਾਰਾ ਬਣਾ ਦਿਤਾ ਹੈ। ਉਹ ਅਜੇਹਾ ਇਸ ਆਸ ਵਿਚ ਜਾਣ ਬੁਝ ਕੇ ਕਰਦੀ ਆਈ ਹੈ ਕਿ ਪਰੇਸ਼ਾਨ ਨਾ ਕਰਨ ਦੀ ਪਾਲਿਸੀ ਨੂੰ ਸਿਖਰ ਤੀਕ ਪੁਚਾਉਣ

ਦਾ ਲਾਜ਼ਮੀ ਨਤੀਜਾ ਇਹ ਹੋਵੇਗਾ ਕਿ ਹਕੂਮਤ ਇਸ ਦੀ ਨਿਹਾਇਤ ਕਦਰ ਕਰੇਗੀ ਤੇ ਦੁਨੀਆ ਭਰ ਵਿਚ ਇਨਸਾਨੀ ਅਜ਼ਾਦੀ ਨੂੰ ਵਾਪਸ ਲਿਆਉਣ ਦੀ ਕੋਸ਼ਸ਼ ਵਿਚ, ਜੋ ਇਸ ਸਮੇਂ ਸਖਤ ਖਤਰੇ ਵਿਚ ਹੈ, ਹਿੰਦੁਸਤਾਨ ਨੂੰ ਆਪਣਾ ਹਿਸਾ ਅਦਾ ਕਰਨ ਦੇ ਯੋਗ ਬਨਾਉਣ ਲਈ ਹਕੂਮਤ ਲੋਕਾਂ ਦੇ ਪ੍ਰਤੀਨਿਧਾਂ ਦੇ ਹਥ ਵਿਚ ਅਸਲੀ ਤਾਕਤ ਦੇ ਦੇਵੇਗੀ। ਕਾਂਗਰਸ ਨੂੰ ਇਹ ਵੀ ਆਸ ਸੀ ਕਿ ਇਸ ਦੇ ਉਲਟ ਹਕੂਮਤ ਕੋਈ ਅਜੇਹੀ ਕਾਰਰਵਾਈ ਨਹੀਂ ਕਰੇਗੀ ਕਿ ਜਿਸ ਨਾਲ ਹਿੰਦੁਸਤਾਨ ਪਰ ਉਸ ਦਾ ਰਾਜ ਮਜ਼ਬੂਤ ਹੁੰਦਾ ਹੋਵੇ।

ਹਿੰਦੁਸਤਾਨ ਤੋਂ ਬਰਤਾਨਵੀ ਹਕੂਮਤ ਨੂੰ ਵਾਪਸ ਲੈ ਲੈਣ ਦੀ ਤਜਵੀਜ਼ ਨਾਲ ਕਾਂਗਰਸ ਦੀ ਕਦੇ ਵੀ ਇਹ ਖਾਹਸ਼ ਨਹੀਂ ਹੋਈ ਕਿ ਹਕੂਮਤ ਬਰਤਾਨੀਆਂ ਨੂੰ ਪਰੇਸ਼ਾਨ ਕੀਤਾ ਜਾਵੇ ਯਾ ਇਤਿਹਾਦੀ ਤਾਕਤਾਂ ਦੀਆਂ ਜੰਗੀ ਕੋਸ਼ਸ਼ਾਂ ਵਿਚ ਰੁਕਾਵਟ ਪੈਦਾ ਕੀਤੀ ਜਾਵੇ ਜਾਂ ਕਿਸੇ ਤਰ੍ਹਾਂ ਹਿੰਦੁਸਤਾਨ ਪਰ ਬਾਹਰਲੇ ਹਮਲੇ ਦੀ ਹੌਂਸਲਾ ਅਫਜ਼ਾਈ ਕੀਤੀ ਜਾਵੇ ਜਾਂ ਮਹਿਵਰੀ ਤਾਕਤਾਂ ਦੇ ਕਿਸੇ ਮੈਂਬਰ ਦੀ ਕਿਸੇ ਕਿਸਮ ਦੀ ਹੌਂਸਲਾ ਅਫਜਾਈ ਹੋਵੇ। ਨਾ ਹੀ ਕਾਂਗਰਸ ਦੀ ਇਹ ਖਾਹਸ਼ ਹੈ ਕਿ ਇਤਿ-ਦੀਆਂ ਦੀ ਕਾਕਤ ਨੂੰ ਕਮਜ਼ੋਰ ਕੀਤਾ ਜਾਵੇ। ਇਸ ਲਈ ਕਾਂਗਰਸ ਇਸ ਗਲ ਲਈ ਰਾਜ਼ੀ ਹੈ ਕਿ ਜੇ ਜਾਪਾਨੀ ਹਮਲੇ ਨੂੰ ਰੋਕਣ ਜਾਂ ਚੀਨ ਦੀ ਹਿਫਾਜ਼ਤ ਤੇ ਮਦਦ ਕਰਨ ਲਈ ਜੇ ਚਾਹੁਣ ਤਦ ਇਤਿਹਾਦੀ ਆਪਣੀਆਂ ਸਨਦਬਧ ਫੋਜਾਂ ਨੂੰ ਹਿੰਦੁਸਤਾਨ ਵਿਚ ਰਖ ਸਕਦੇ ਹਨ। ਬਰਤਾਨਵੀ ਤਾਕਤ ਹਿੰਦੁਸਤਾਨ ਤੋਂ ਵਾਪਸ ਲੈਣ ਦਾ ਇਹ ਮਤਲਬ ਨਹੀਂ ਹੋਵੇਗਾ ਕਿ ਹਿੰਦੁਸਤਾਨ ਵਿਚ ਰਹਿਣ ਵਾਲੇ ਸਾਰੇ ਅੰਗਰੇਜ਼ ਹਿੰਦੁਸਤਾਨ ਵਿਚੋਂ ਚਲੇ ਜਾਣ। ਖਾਸ ਕਰ ਉਹਨਾਂ ਅੰਗਰੇਜ਼ਾਂ ਨੂੰ ਅਸੀਂ ਹਿੰਦੁਸਤਾਨ ਤੋਂ ਚਲੇ ਜਾਣ ਲਈ ਨਹੀਂ ਕਹਾਂਗੇ ਕਿ ਜੋ ਹਿੰਦੁਸਤਾਨ ਨੂੰ ਆਪਣਾ ਘਰ ਬਣਾ ਕੇ ਇਥੇ ਹਿੰਦੁਸਤਾਨੀ ਬਣ ਕੇ ਰਹਿਣ ਦੇ ਖਾਹਸ਼ਮੰਦ ਹਨ। ਜੇ ਅੰਗਰੇਜ਼ ਹਿੰਦੁਸਤਾਨ ਨੂੰ ਈਮਾਨਦਾਰੀ ਨਾਲ ਛਡ

ਜਾਣ ਤਦ ਹਿੰਦੁਸਤਾਨ ਭਰ ਵਿਚ ਮਜ਼ਬੂਤ ਆਰਜ਼ੀ ਹਕੂਮਤ ਕਾਇਮ ਹੋ ਸਕਦੀ ਹੈ, ਜੋ ਇਤਿਹਾਦੀਆਂ ਦੀ ਤਸ਼ੱਦਦ ਦੇ ਮੁਕਾਬਲੇ ਸਹਾਇਤਾ ਕਰ ਸਕਦੀ ਹੈ।

ਕਾਂਗਰਸ ਨੂੰ ਇਸ ਗਲ ਦਾ ਅਹਿਸਾਸ ਹੈ ਕਿ ਇਹ ਰਸਤਾ ਅਖਤਿਆਰ ਕਰਨ ਵਿਚ ਕਈ ਖਤਰੇ ਵੀ ਹੋ ਸਕਦੇ ਹਨ ਪਰ ਕਿਸੇ ਦੇਸ਼ ਦੀ ਆਜ਼ਾਦੀ ਹਾਸਲ ਕਰਨ ਵਿਚ ਇਸ ਤਰ੍ਹਾਂ ਦੇ ਖਤਰਿਆਂ ਦਾ ਮੁਕਾਬਲਾ ਕਰਨਾ ਹੀ ਪੈਂਦਾ ਹੈ। ਖਾਸ ਕਰ ਇਸ ਨਾਜ਼ਕ ਸਮੇਂ ਦੇਸ਼ ਨੂੰ ਬਚਾਉਣ ਤੇ ਦੁਨੀਆਂ ਭਰ ਦੀ ਆਜ਼ਾਦੀ ਤੇ ਉਸ ਨੂੰ ਹੋਰ ਖਤਰਿਆਂ ਤੇ ਤਕਲੀਫਾਂ ਤੋਂ ਬਚਾਉਣ ਦੇ ਇਸ ਵਡੇ ਕਾਜ਼ ਲਈ ਇਸ ਦੀ ਸਖਤ ਲੋੜ ਹੈ ਤੇ ਕਾਂਗਰਸ ਇਹ ਕੌਮੀ ਮਕਸਦ ਹਾਸਲ ਕਰਨ ਲਈ ਬੇ-ਸਬਰ ਹੋ ਰਹੀ ਹੈ। ਪਰ ਜਿਥੋਂ ਤਕ ਮੁਮਕਨ ਹੋ ਸਕੇ, ਉਹ ਕਾਹਲੀ ਤੋਂ ਕੰਮ ਨਹੀਂ ਲੈਣਾ ਚਾਹੁੰਦੀ ਤੇ ਲਗਦੀ ਵਾਹ ਅਜੇਹੀ ਕਾਰਰਵਾਈ ਤੋਂ ਪਰਹੇਜ਼ ਕਰੇਗੀ ਕਿ ਜਿਸ ਨਾਲ ਇਤਿਹਾਦੀ ਕੌਮਾਂ ਦੀਆਂ ਸਾਂਝੀਆਂ ਕੋਸ਼ਸ਼ਾਂ ਨੂੰ ਨੁਕਸਾਨ ਪੁਜੇ ਤੇ ਉਧਰ ਜੋ ਮੰਗ ਕੀਤੀ ਗਈ ਹੈ ਕਾਂਗਰਸ ਇਸ ਵਿਚ ਨਿਹਾ-ਇਤ ਹੀ ਵਾਜਬ ਤੇ ਮਾਕੂਲ ਤਬੀਦੀਲੀ ਮਨਜ਼ੂਰ ਕਰੇਗੀ।

ਜੇ ਕਾਂਗਰਸ ਦੀ ਇਹ ਅਪੀਲ ਭੀ ਬੋਲੇ ਕੰਨਾਂ ਉਪਰ ਨਾ ਪਈ ਤਦ ਉਹ ਲਾ ਮੀ ਤੌਰ ਪਰ ਵਰਤਮਾਨ ਸੂਰਤ ਹਾਲਤ ਦੇ, ਜੋ ਨਾ ਕੇਵਲ ਸਾਡੀ ਤਰਕੀ ਦੇ ਰਸਤੇ ਵਿਚ ਰੋੜਾ ਹੈ, ਸਗੋਂ ਹਿੰਦੁਸਤਾਨੀਆਂ ਦੀ ਤਸ਼ਦਦ ਦਾ ਮੁਕਾਬਲਾ ਕਰਨ ਵਾਲੀ ਤਾਕਤ ਤੇ ਖਾਹਸ਼ ਨੂੰ ਕਮ-ਜ਼ੋਰ ਕਰਨ ਵਾਲੀ ਹੈ, ਹੋਰ ਜਾਰੀ ਰਹਿਣ ਨੂੰ ਤੌਖਲੇ ਦੀਆਂ ਨਜ਼ਰਾਂ ਨਾਲ ਵੇਖੇਗੀ ਤੇ ਆਪਣੀ ਅਦਮ ਤਸ਼ਦਦ ਦੀ ਸਾਰੀ ਤਾਕਤ ਨੂੰ ਜੋ ਕਿ ਇਸ ਨੇ ੧੯੨੦ ਤੋਂ ਲੈ ਕੇ, ਜਦ ਤੋਂ ਇਸ ਨੇ ਆਜ਼ਾਦੀ ਤੇ ਰਾਜਸੀ ਹਕ ਹਾਸਲ ਕਰਨ ਲਈ ਅਦਮ ਤਸ਼ੱਦਦ ਨੂੰ ਬਤੌਰ ਪਾਲਸੀ ਧਾਰਨ ਕੀਤਾ ਹੈ, ਵਰਤਨ ਲਈ ਮਜ਼ਬੂਰ ਹੋ ਜਾਵੇਗੀ।

ਇਸ ਕਿਸਮ ਦੀ ਵਡੀ ਜਦੋ ਜਹਿਦ ਦੀ ਅਗਵਾਈ ਗਾਂਧੀ ਜੀ ਦੇ ਹੱਥ ਵਿਚ ਹੋਵੇਗੀ। ਜੇਹੜੇ ਸਵਾਲ ਪੇਸ਼ ਹਨ ਉਹ ਹਿੰਦੁਸਤਾਨੀ ਤੇ ਇਤ-ਹਾਦੀ ਕੌਮਾਂ ਦੇ ਲੋਕਾਂ ਲਈ ਨਿਹਾਇਤ ਹੀ ਅਹਿਮ ਤੇ ਅਸਰ ਪਾਉਣ ਵਾਲੇ ਹਨ, ਇਸ ਲਈ ਵਰਕਿੰਗ ਕਮੇਟੀ ਇਹਨਾਂ ਨੂੰ ਸਰਬ ਹਿੰਦ ਕਾਂਗਰਸ ਕਮੇਟੀ ਦੇ ਸਾਹਮਣੇ ਪੇਸ਼ ਕਰਦੀ ਹੈ, ਤਾ ਕਿ ਉਹ ਕੋਈ ਆਖਰੀ ਫੈਸਲਾ ਦੇ ਸਕੇ। ਇਸ ਮਤਲਬ ਲਈ ਸਰਬ ਹਿੰਦ ਕਾਂਗ੍ਰਸ ਕਮੇਟੀ ਦਾ ਇਜਲਾਸ ੭ ਅਗਸਤ ਨੂੰ ਬੰਬਈ ਵਿਚ ਸਦਿਆ ਗਿਆ ਹੈ।

ਕਾਂਗਰਸ ਦੀ ਵਰਕਿੰਗ ਕਮੇਟੀ ਨੇ ਲਗ ਪਗ ਇਕ ਹਫਤੇ ਦੀ ਸੋਚ ਵਿਚਾਰ ਦੇ ਮਗਰੋਂ ਜੋ ਲੰਮਾ ਸਾਰਾ ਮਤਾ ਪਾਸ ਕੀਤਾ ਉਹ ਉਪਰ ਦਰਜ ਕਰ ਚੁਕੇ ਹਾਂ। ਇਸ ਮਤੇ ਉਤੇ ਤਟ ਫਟ ਵਰਤੋਂ ਨਹੀਂ ਸੀ ਕੀਤੀ ਗਈ ਸਗੋਂ ਇਸ ਨੂੰ ੭ ਅਗਸਤ ੧੯੪੨ ਵਿਚ ਹੋਣ ਵਾਲੀ ਆਲਇੰਡੀਆ ਕਾਂਗਰਸ ਕਮੇਟੀ ਦੀ ਜਨਰਲ ਮੀਟਿੰਗ ਦੇ ਸਾਹ-ਮਣੇ ਰਖਿਆ ਜਾਣਾ ਸੀ ਤੇ ਉਸ ਦੀ ਮਨਜ਼ੂਰੀ ਦੇ ਮਗਰੋਂ ਇਸ ਉਤੇ ਵਰਤੋਂ ਕੀਤੀ ਜਾਣੀ ਸੀ। ਉਪ੍ਰੋਕਤ ਮਤੇ ਵਿਚ ਜੋ ਕੁਛ ਕਿਹਾ ਗਿਆ ਉਸਦਾ ਸਪਸ਼ਟ ਭਾਵ ਇਹ ਸੀ।

(੧) ਹਿੰਦੁਸਤਾਨ ਦੀ ਆਜ਼ਾਦੀ ਨ ਕੇਵਲ ਹਿੰਦੁਸਤਾਨ ਦੇ ਲਾਭ ਹਿਤ ਜ਼ਰੂਰੀ ਹੈ ਸਗੋਂ ਦੁਨੀਆਂ ਦੀ ਰਖਿਆ ਅਤੇ ਨਾਜ਼ੀਇਜ਼ਮ ਤੇ ਫੈਸੀਇਜ਼ਮ, ਮਿਲਟਰੀ ਇਜ਼ਮ ਤੇ ਦੂਜੀ ਸਭ ਕਿਸਮ ਦੀ ਇੰਪੀਰੀਅ-ਲਿਜ਼ਮ ਨੂੰ ਖਤਮ ਕਰਨ ਲਈ ਅਤੇ ਇਕ ਕੌਮ ਦੇ ਹਮਲੇ ਨੂੰ ਦੂਜੀ ਕੌਮ ਉਤੇ ਹਮਲੇ ਨੂੰ ਰੋਕਣ ਲਈ ਬੜੀ ਜ਼ਰੂਰੀ ਹੈ।

(੨) ਕਾਂਗਰਸ ਨੇ ਪੂਰਾ ਪੂਰਾ ਜਤਨ ਕੀਤਾ ਹੈ ਕਿ ਕੋਈ ਐਸੀ ਕਾਰਰਵਾਈ ਨਾ ਕੀਤੀ ਜਾਏ ਜਿਸ ਨਾਲ ਅੰਗਰੇਜ਼ਾਂ ਦੀ ਹਕੂ-ਮਤ ਨੂੰ ਕੋਈ ਹਾਨੀ ਪਹੁੰਚੇ ਤੇ ਇਸ ਮਤਲਬ ਲਈ ਮਹਾਤਮਾ ਗਾਂਧੀ ਤੇ ਕਾਂਗਰਸ ਨੇ ਸਤਿਆਗ੍ਰਹਿ ਨੂੰ ਵਧ ਤੋਂ ਵਧ ਸਮੇਂ ਲਈ ਮਲਤਵੀ

ਕਰੀ ਰਖਿਆ ਹੈ ।

(੩) ਸਪਸ਼ਟ ਜਾਪਦਾ ਹੈ ਸਰ ਕਰਿਪਸ ਦੇ ਰਵਈਏ ਨੇ ਵੀ ਕਾਂਗਰਸ ਨੂੰ ਨਿਰਾਸ ਕਰ ਦਿਤਾ । ਸਰ ਕਰਿਪਸ ਆਏ ਸਨ ਇਸ ਲਈ ਕਿ ਹਿੰਦੀ ਜਨਤਾ ਦਾ ਮਿਲਵਰਤਨ ਪ੍ਰਾਪਤ ਕੀਤਾ ਜਾਏ ਪਰ ਨਤੀਜਾ ਇਹ ਨਿਕਲਿਆ ਕਿ ਅੰਗਰੇਜ਼ ਨੀਤੀਵਾਨਾਂ ਵਿਰੁਧ ਜ਼ਬਰਦਸਤ ਨਾਰਾਜ਼ਗੀ ਫੈਲ ਗਈ । ਕਾਂਗਰਸ ਇਸ ਦਸ਼ਾ ਨੂੰ ਖਤਰਨਾਕ ਸਮਝਦੀ ਸੀ ਤੇ ਏਸੇ ਲਈ ਇਸ ਨੂੰ ਦੂਰ ਕਰਨ ਦੀ ਇਛਾਵਾਨ ਸੀ ।

(੪) ਕਾਂਗਰਸ ਚਾਹੁੰਦੀ ਸੀ ਕਿ ਜਾਪਾਨੀਆਂ ਯਾ ਦੂਜੇ ਹਮਲਾ ਆਵਰਾਂ ਨੂੰ ਪੂਰੀ ਤਾਕਤ ਨਾਲ ਰੋਕਿਆ ਜਾਏ ਪਰ ਇਹ ਤਦ ਹੀ ਹੋ ਸਕਦਾ ਸੀ ਜੇ ਕਾਂਗਰਸ ਲੋਕਾਂ ਦੇ ਅੰਗਰੇਜ਼ ਵਿਰੁਧ ਜਜ਼ਬੇ ਨੂੰ ਮਿਲਵਰਤਨ ਦੇ ਭਾਵ ਵਿਚ ਤਬਦੀਲੀ ਕਰ ਦੇਵੇ । ਇਹ ਕੰਮ ਆਜ਼ਾਦ ਤੇ ਖੁਦ-ਮੁਖਤਿਆਰ ਹਿੰਦੁਸਤਾਨ ਹੀ ਕਰ ਸਕਦਾ ਸੀ । ਕਾਂਗਰਸ ਦੇ ਖਿਆਲ ਵਿਚ ਏਥੇ ਦਾ ਹਿੰਦੂ ਮੁਸਲਿਮ ਝਗੜਾ ਯਾ ਫਿਰਕੂ ਉਲਝਨ ਗੈਰ ਮੁਲਕੀ ਹਕੂਮਤ ਦੀ ਪੈਦਾ ਕੀਤੀ ਹੋਈ ਹੈ ਤੇ ਉਸ ਦੇ ਅਸਰ ਰਸੂਖ ਦੇ ਖਾਤਮੇ ਨਾਲ ਹੀ ਇਹ ਦੂਰ ਹੋ ਸਕਦੀ ਹੈ । ਇਸ ਲਈ ਹਾਲੀ ਆਰਜ਼ੀ ਹਿੰਦੁਸਤਾਨੀ ਹਕੂਮਤ ਦੀ ਮੰਗ ਕੀਤੀ ਗਈ ਹੈ ।

(੫) ਇਸ ਤਰ੍ਹਾਂ ਬਣੀ ਹੋਈ ਹਿੰਦੁਸਤਾਨ ਦੀ ਇਹ ਆਰਜ਼ੀ ਹਕੂਮਤ ਬਰਤਾਨੀਆਂ ਨਾਲ ਤੇ ਇਤਿਹਾਦੀਆਂ ਨਾਲ ਮਿਲਵਰਤਨ ਕਰੇਗੀ ਤਾਂ ਜੁ ਹਿੰਦੁਸਤਾਨ ਉਤੇ ਜਾਪਾਨੀ ਹਮਲੇ ਨੂੰ ਪੂਰੀ ਤਾਕਤ ਨਾਲ ਰੋਕਿਆ ਜਾ ਸਕੇ ਤੇ ਚੀਨ ਦੀ ਵਧ ਚੜ੍ਹ ਕੇ ਸਹਾਇਤਾ ਕੀਤੀ ਜਾਏ ।

(੬) ਜੇ ਬਰਤਾਨੀਆ ਨੇ ਕਾਂਗਰਸ ਦੀ ਇਸ ਤਜਵੀਜ਼ ਨੂੰ ਪਰਵਾਨ ਕਰ ਲਿਆ ਤਦ ਇਸ ਨਾਲ ਬਰਤਾਨੀਆਂ ਤੇ ਹਿੰਦੁਸਤਾਨ

ਦੇਵਾਂ ਨੂੰ ਲਾਭ ਪੁਜੇਗਾ ਤੇ ਜੇ ਇਹ ਅਪੀਲ ਮਨਜ਼ੂਰ ਨਾ ਹੋਈ ਤਦ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਸ਼ਾਂਤ ਮਈ ਸਤਿਆਗ੍ਰਹਿ ਕੀਤੇ ਜਾਣ ਦਾ ਫੈਸਲਾ ਕੀਤਾ ਗਿਆ ਸੀ।

ਕਾਂਗਰਸ ਦਾ ਇਹ ਮਤਾ ਉਸ ਵੇਲੇ ਪਾਸ ਕੀਤਾ ਗਿਆ ਜਦ ਹਿੰਦੁਸਤਾਨ ਉਤੇ ਜਾਪਾਨੀ ਹਮਲੇ ਦਾ ਖਤਰਾ ਬਿਲਕੁਲ ਨੇੜੇ ਆ ਚੁਕਾ ਸੀ ਅਤੇ ਬਰਤਾਨਵੀ ਹਾਕਮ ਤੇ ਨੀਤੀਵਾਨ ਹਿੰਦੁਸਤਾਨੀ ਜਨਤਾ ਪਾਸੋਂ ਸਹੈਤਾ ਲੈਣ ਲਈ ਲਿਲਕੜੀਆਂ ਲੈ ਰਹੇ ਸਨ। ਇਹ ਉਹੋ ਦਿਨ ਸੀ ਜਦ ਮੌਲਾਨਾ ਆਜ਼ਾਦ ਨੇ ਇਕ ਵਾਰ ਤਕਰੀਰ ਵਿਚ ਬਰਤਾਨਵੀ ਨੀਤੀਵਾਨਾਂ ਨੂੰ ਆਖਿਆ ਸੀ ਕਿ ਪਹਿਲੇ ਸਾਨੂੰ ਉਹ ਪੁਜ਼ੀਸ਼ਨ ਤੇ ਦਿਉ ਕਿ ਅਸੀਂ ਹਿੰਦੁਸਤਾਨ ਨੂੰ ਆਪਣਾ ਦੇਸ ਤੇ ਕਹਿ ਸਕੀਏ। ਫੇਰ ਸਾਨੂੰ ਇਸ ਦੀ ਰਖਿਆ ਦਾ ਵੀ ਵਾਸਤਾ ਪਾ ਲੈਣਾ। ਮਤਲਬ ਕੀ ਉਸ ਵੇਲੇ ਕਾਂਗਰਸ ਦੇ ਸਾਮ੍ਹਣੇ ਦੋ ਸਵਾਲ ਸਨ ਇਕ ਹਿੰਦੁਸ-ਤਾਨ ਨੂੰ ਆਜ਼ਾਦ ਕਰਾਉਣ ਦਾ ਅਤੇ ਦੂਜਾ ਜਾਪਾਨੀ ਹਮਲੇ ਤੋਂ ਇਸ ਦੀ ਰਖਿਆ ਕਰਨ ਦਾ। ਵਿਚਾਰੇ ਹਿੰਦੀ ਇਸ ਦੀ ਰਖਿਆ ਕਰ ਵੀ ਕਿਵੇਂ ਸਕਦੇ ਸਨ ਜਦ ਇਸ ਉਤੇ ਕਾਬਜ਼ ਅੰਗਰੇਜ਼ਾਂ ਨੇ ਹਿੰਦੀਆਂ ਨੂੰ ਮੁਦਤ ਤੋਂ ਨਿਹਥਾ ਕਰ ਰਖਿਆ ਸੀ ਤੇ ਉਹਨਾਂ ਨੂੰ ਇਕ ਵੜਾ ਚਾਕੂ ਤੀਕ ਰਖਣ ਦੀ ਖੁਲ੍ਹ ਨਹੀਂ ਸੀ ਦਿਤੀ ਜਾਂਦੀ, ਬੰਦੂਕ ਰਖਣ ਦੀ ਤੇ ਗਲ ਹੀ ਛਡੋ। ਖਾਸ ਕਰ ਕੇ ਜੰਗ ਦੇ ਦੌਰਾਨ ਵਿਚ ਹਿੰਦੁਸਤਾਨ ਅਤੇ ਇਸ ਦੇ ਵਸਨੀਕਾਂ ਉਤੇ ਐਨੀਆਂ ਪਾਬੰਦੀਆਂ ਲਾਈਆਂ ਗਈਆਂ ਸਨ ਜਿਨ੍ਹਾਂ ਦੀ ਗਿਣਤੀ ਕਰਨੀ ਮੁਸ਼ਕਲ ਸੀ।

ਅਗਸਤ ੧੯੪੨ ਵਿਚ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਲਈ ਜਿਹੜੀ ਜਦੋ ਜਿਹਦ ਕਾਂਗਰਸ ਵਲੋਂ ਸ਼ੁਰੂ ਕੀਤੀ ਜਾਣੀ ਸੀ ਉਸ ਦੀ ਪ੍ਰਵਾਨਗੀ ਲੈਣ ਲਈ ੭ ਅਗਸਤ ੧੯੪੨ ਨੂੰ ਬੰਬਈ ਵਿਚ ਆਲ ਇੰਡੀਆ ਕਾਂਗਰਸ ਕਮੇਟੀ ਦਾ ਜਨਰਲ ਇਜਲਾਸ ਬੁਲਾਇਆ

ਗਿਆ । ਜਨਰਲ ਇਜਲਾਸ ਤੋਂ ਪਹਿਲੇ ਹੀ ਮਹਾਤਮਾ ਗਾਂਧੀ ਨੇ ਵਾਇਸਰਾਏ ਹਿੰਦ ਨਾਲ ਇਸ ਬਾਰੇ ਖਤ ਪਤ੍ਰ ਸ਼ੁਰੂ ਕਰ ਦਿਤਾ।

ਇਹ ਗਲ ਲੁਕੀ ਛਿਪੀ ਨਹੀਂ ਕਿ ਮਹਾਤਮਾ ਜੀ ਜੋ ਕੁਛ ਕਰਦੇ ਹਨ ਉਹ ਖੁਲ੍ਹੇ ਬੰਦ ਕਰਦੇ ਹਨ ਅਤੇ ਉਹਨਾਂ ਨੇ ਆਪਣੇ ਇਰਾਦੇ ਤੇ ਪ੍ਰੋਗਰਾਮ ਨੂੰ ਵਿਰੋਧੀ ਧੜੇ ਵਲੋਂ ਵੀ ਕਦੇ ਲੁਕਾ ਕੇ ਨਹੀਂ ਰਖਿਆ । ਪੁਰਾਣੇ ਰਿਵਾਜ ਨੂੰ ਮੁਖ ਰਖ ਕੇ ਮਹਾਤਮਾ ਗਾਂਧੀ ਨੇ ਇਸ ਵਾਰ ਵੀ ਵਾਇਸਰਾਏ ਨਾਲ ਖਤ ਪਤ੍ਰ ਸ਼ੁਰੂ ਕੀਤਾ ਅਤੇ ਅਗਸਤ ਦੇ ਆਰੰਭ ਵਿਚ ਹੀ ਆਪ ਨੇ ਵਾਇਸਰਾਏ ਨੂੰ ਇਕ ਖਤ ਲਿਖਿਆ ਜਿਸ ਰਾਹੀਂ ਆਪ ਨੇ ਬ੍ਰਿਟਿਸ਼ ਗੌਰਮਿੰਟ ਨੂੰ ਅੰਤਮ ਤਾੜਨਾ ਕੀਤੀ ਕਿ ਹੁਣ ਵੀ ਮੌਕਾ ਹੈ ਹਿੰਦੁਸਤਾਨ ਦੀ ਦੀ ਮੰਗ ਪਰਵਾਨ ਕਰ ਕੇ ਦੇਸ ਨੂੰ ਬੇਚੈਨੀ ਤੋਂ ਬਚਾ ਲਿਆ ਜਾਏ ਅਤੇ ਇਸ ਤਰ੍ਹਾਂ ਕਰ ਕੇ ਬ੍ਰਤਾਨੀਆਂ ਆਪਣੀ ਨੇਕ ਨਿਯਤੀ ਦਾ ਸਬੂਤ ਪੇਸ਼ ਕਰੇ। ਇਸ ਤੋਂ ਛੁਟ ਮਹਾਤਮਾ ਗਾਂਧੀ ਨੇ ਆਪਣੀ ਅਗਵਾਈ ਹੇਠ ਚਲੌਣ ਵਾਲੀ ਜਦੋ ਜਿਹਦ ਦਾ ਢਾਂਚਾ ਵੀ ਤਿਆਰ ਕਰ ਲਿਆ । ਉਸ ਢਾਂਚੇ ਦੇ ਮੁਤਾਬਕ ਸਾਰੇ ਦੇਸ ਵਿਚ ਇਕੋ ਵਾਰ ਸਤਿਆਗ੍ਰਹਿ ਸ਼ੁਰੂ ਕਰ ਦੇਣ ਦੀ ਤਜਵੀਜ਼ ਸੀ । ਉਸ ਅਨੁਸਾਰ ਸਰਕਾਰੀ ਟੈਕਸ ਤੇ ਮਾਲੀਏ ਦੀ ਅਦਮ ਅਦਾਇਗੀ ਤੋਂ ਛੁਟ ਸਕੂਲਾਂ, ਕਾਲਜਾਂ, ਅਦਾਲਤਾਂ, ਸਰਕਾਰੀ ਮੁਲਾਜ਼ਮਤਾਂ ਤੇ ਸਰਕਾਰੀ ਠੇਕਿਆਂ ਦਾ ਬਾਈਕਾਟ ਕੀਤਾ ਜਾਣਾ ਸੀ । ਸਭ ਕੁਛ ਕਰਨ ਦੇ ਨਾਲ ਹੀ ਸ਼ਾਂਤਮਈ ਦੀ ਪਾਬੰਦੀ ਵੀ ਲਾਜ਼ਮੀ ਰਖੀ ਸੀ । ਮਹਾਤਮਾ ਗਾਂਧੀ ਦੀ ਇਛਾ ਸੀ ਕਿ ਇਹ ਲਹਿਰ ਬਹੁਤ ਵਡੇ ਪੈਮਾਨੇ ਉਤੇ ਚਲਾਈ ਜਾਏ ਤਾਕਿ ਛੇਤੀ ਤੋਂ ਛੇਤੀ ਨਤੀਜਾ ਹਾਸਲ ਕੀਤਾ ਜਾਏ । ੨ ਅਗਸਤ ਨੂੰ ਪੰਡਤ ਜਵਾਹਰ ਲਾਲ ਨਹਿਰੂ ਨੇ ਅਲਾਹਬਾਦ ਵਿਚ ਜੋ ਤਕਰੀਰ ਔਣ ਵਾਲੀ ਜਦੋ ਜਿਹਦ ਬਾਰੇ ਕੀਤੀ ਉਸ ਵਿਚ ਆਪ ਨੇ ਆਖਿਆ ਸੀ –

"ਅਸੀਂ ਜਿਹੜੀ ਕੌਮੀ ਜਦੋ-ਜਿਹਦ ਸ਼ੁਰੂ ਕਰਨ ਵਾਲੇ ਹ

ਦੋਵਾਂ ਨੂੰ ਲਾਭ ਪੁਜੇਗਾ ਤੇ ਜੇ ਇਹ ਅਪੀਲ ਮਨਜ਼ੂਰ ਨਾ ਹੋਈ ਤਦ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਸ਼ਾਂਤ ਮਈ ਸਤਿਆਗ੍ਰਹਿ ਕੀਤੇ ਜਾਣ ਦਾ ਫੈਸਲਾ ਕੀਤਾ ਗਿਆ ਸੀ।

ਕਾਂਗਰਸ ਦਾ ਇਹ ਮਤਾ ਉਸ ਵੇਲੇ ਪਾਸ ਕੀਤਾ ਗਿਆ ਜਦ ਹਿੰਦੁਸਤਾਨ ਉਤੇ ਜਪਾਨੀ ਹਮਲੇ ਦਾ ਖਤਰਾ ਬਿਲਕੁਲ ਨੇੜੇ ਆ ਚੁਕਾ ਸੀ ਅਤੇ ਬਰਤਾਨਵੀ ਹਾਕਮ ਤੇ ਨੀਤੀਵਾਨ ਹਿੰਦੁਸਤਾਨੀ ਜਨਤਾ ਪਾਸੋਂ ਸਹੈਤਾ ਲੈਣ ਲਈ ਲਿਲਕੜੀਆਂ ਲੈ ਰਹੇ ਸਨ। ਇਹ ਉਹੋ ਦਿਨ ਸੀ ਜਦ ਮੌਲਾਨਾ ਆਜ਼ਾਦ ਨੇ ਇਕ ਵਾਰ ਤਕਰੀਰ ਵਿਚ ਬਰਤਾਨਵੀ ਨੀਤੀਵਾਨਾਂ ਨੂੰ ਆਖਿਆ ਸੀ ਕਿ ਪਹਿਲੇ ਸਾਨੂੰ ਉਹ ਪੁਜ਼ੀਸ਼ਨ ਤੇ ਦਿਉ ਕਿ ਅਸੀਂ ਹਿੰਦੁਸਤਾਨ ਨੂੰ ਆਪਣਾ ਦੇਸ ਤੇ ਕਹਿ ਸਕੀਏ। ਫੇਰ ਸਾਨੂੰ ਇਸ ਦੀ ਰਖਿਆ ਦਾ ਵੀ ਵਾਸਤਾ ਪਾ ਲੈਣਾ। ਮਤਲਬ ਕੀ ਉਸ ਵੇਲੇ ਕਾਂਗਰਸ ਦੇ ਸਾਮ੍ਹਣੇ ਦੋ ਸਵਾਲ ਸਨ ਇਕ ਹਿੰਦੁਸ-ਤਾਨ ਨੂੰ ਆਜ਼ਾਦ ਕਰਾਉਣ ਦਾ ਅਤੇ ਦੂਜਾ ਜਾਪਾਨੀ ਹਮਲੇ ਤੋਂ ਇਸ ਦੀ ਰਖਿਆ ਕਰਨ ਦਾ। ਵਿਚਾਰੇ ਹਿੰਦੀ ਇਸ ਦੀ ਰਖਿਆ ਕਰ ਵੀ: ਕਿਵੇਂ ਸਕਦੇ ਸਨ ਜਦ ਇਸ ਉਤੇ ਕਾਬਜ਼ ਅੰਗਰੇਜ਼ਾਂ ਨੇ ਹਿੰਦੀਆਂ ਨੂੰ ਮੁਦਤ ਤੋਂ ਨਿਹਥਾ ਕਰ ਰਖਿਆ ਸੀ ਤੇ ਉਹਨਾਂ ਨੂੰ ਇਕ ਵਡਾ ਚਾਕੂ ਤੀਕ ਰਖਣ ਦੀ ਖੁਲ੍ਹ ਨਹੀਂ ਸੀ ਦਿਤੀ ਜਾਂਦੀ, ਬੰਦੂਕ ਰਖਣ ਦੀ ਤੇ ਗਲ ਹੀ ਛਡੋ। ਖਾਸ ਕਰ ਕੇ ਜੰਗ ਦੇ ਦੌਰਾਨ ਵਿਚ ਹਿੰਦੁਸਤਾਨ ਅਤੇ ਇਸ ਦੇ ਵਸਨੀਕਾਂ ਉਤੇ ਐਨੀਆਂ ਪਾਬੰਦੀਆਂ ਲਾਈਆਂ ਗਈਆਂ ਸਨ ਜਿਨ੍ਹਾਂ ਦੀ ਗਿਣਤੀ ਕਰਨੀ ਮੁਸ਼ਕਲ ਸੀ।

ਅਗਸਤ ੧੯੪੨ ਵਿਚ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਲਈ ਜਿਹੜੀ ਜਦੋ ਜਿਹਦ ਕਾਂਗਰਸ ਵਲੋਂ ਸ਼ੁਰੂ ਕੀਤੀ ਜਾਣੀ ਸੀ ਉਸ ਦੀ ਪ੍ਰਵਾਨਗੀ ਲੈਣ ਲਈ ੭ ਅਗਸਤ ੧੯੪੨ ਨੂੰ ਬੰਬਈ ਵਿਚ ਆਲ ਇੰਡੀਆ ਕਾਂਗਰਸ ਕਮੇਟੀ ਦਾ ਜਨਰਲ ਇਜਲਾਸ ਬੁਲਾਇਆ

ਗਿਆ । ਜਨਰਲ ਇਜਲਾਸ ਤੋਂ ਪਹਿਲੇ ਹੀ ਮਹਾਤਮਾ ਗਾਂਧੀ ਨੇ ਵਾਇਸਰਾਏ ਹਿੰਦ ਨਾਲ ਇਸ ਬਾਰੇ ਖਤ ਪਤ੍ਰ ਸ਼ੁਰੂ ਕਰ ਦਿਤਾ।

ਇਹ ਗਲ ਲੁਕੀ ਛਿਪੀ ਨਹੀਂ ਕਿ ਮਹਾਤਮਾ ਜੀ ਜੋ ਕੁਛ ਕਰਦੇ ਹਨ ਉਹ ਖੁਲ੍ਹੇ ਬੰਦ ਕਰਦੇ ਹਨ ਅਤੇ ਉਹਨਾਂ ਨੇ ਆਪਣੇ ਇਰਾਦੇ ਤੇ ਪ੍ਰੋਗਰਾਮ ਨੂੰ ਵਿਰੋਧੀ ਧੜੇ ਵਲੋਂ ਵੀ ਕਦੇ ਲੁਕਾ ਕੇ ਨਹੀਂ ਰਖਿਆ । ਪੁਰਾਣੇ ਰਿਵਾਜ ਨੂੰ ਮੁਖ ਰਖ ਕੇ ਮਹਾਤਮਾ ਗਾਂਧੀ ਨੇ ਇਸ ਵਾਰ ਵੀ ਵਾਇਸਰਾਏ ਨਾਲ ਖਤ ਪਤ੍ਰ ਸ਼ੁਰੂ ਕੀਤਾ ਅਤੇ ਅਗਸਤ ਦੇ ਆਰੰਭ ਵਿਚ ਹੀ ਆਪ ਨੇ ਵਾਇਸਰਾਏ ਨੂੰ ਇਕ ਖਤ ਲਿਖਿਆ ਜਿਸ ਰਾਹੀਂ ਆਪ ਨੇ ਬ੍ਰਿਟਿਸ਼ ਗੌਰਮਿੰਟ ਨੂੰ ਅੰਤਮ ਤਾੜਨਾ ਕੀਤੀ ਕਿ ਹੁਣ ਵੀ ਮੌਕਾ ਹੈ ਹਿੰਦੁਸਤਾਨ ਦੀ ਦੀ ਮੰਗ ਪਰਵਾਨ ਕਰ ਕੇ ਦੇਸ ਨੂੰ ਬੇਚੈਨੀ ਤੋਂ ਬਚਾ ਲਿਆ ਜਾਏ ਅਤੇ ਇਸ ਤਰ੍ਹਾਂ ਕਰ ਕੇ ਬ੍ਰਤਾਨੀਆਂ ਆਪਣੀ ਨੇਕ ਨਿਯਤੀ ਦਾ ਸਬੂਤ ਪੇਸ਼ ਕਰੇ। ਇਸ ਤੋਂ ਛੁਟ ਮਹਾਤਮਾ ਗਾਂਧੀ ਨੇ ਆਪਣੀ ਅਗਵਾਈ ਹੇਠ ਚਲੌਣ ਵਾਲੀ ਜਦੋ ਜਿਹਦ ਦਾ ਢਾਂਚਾ ਵੀ ਤਿਆਰ ਕਰ ਲਿਆ । ਉਸ ਢਾਂਚੇ ਦੇ ਮੁਤਾਬਕ ਸਾਰੇ ਦੇਸ ਵਿਚ ਇਕੋ ਵਾਰ ਸਤਿਆਗ੍ਰਹਿ ਸ਼ੁਰੂ ਕਰ ਦੇਣ ਦੀ ਤਜਵੀਜ਼ ਸੀ । ਉਸ ਅਨੁਸਾਰ ਸਰਕਾਰੀ ਟੈਕਸ ਤੇ ਮਾਲੀਏ ਦੀ ਅਦਮ ਅਦਾਇਗੀ ਤੋਂ ਛੁਟ ਸਕੂਲਾਂ, ਕਾਲਜਾਂ, ਅਦਾਲਤਾਂ, ਸਰਕਾਰੀ ਮੁਲਾਜ਼ਮਤਾਂ ਤੇ ਸਰਕਾਰੀ ਠੇਕਿਆਂ ਦਾ ਬਾਈਕਾਟ ਕੀਤਾ ਜਾਣਾ ਸੀ । ਸਭ ਕੁਛ ਕਰਨ ਦੇ ਨਾਲ ਹੀ ਸ਼ਾਂਤਮਈ ਦੀ ਪਾਬੰਦੀ ਵੀ ਲਾਜ਼ਮੀ ਰਖੀ ਸੀ । ਮਹਾਤਮਾ ਗਾਂਧੀ ਦੀ ਇਛਾ ਸੀ ਕਿ ਇਹ ਲਹਿਰ ਬਹੁਤ ਵਡੇ ਪੈਮਾਨੇ ਉਤੇ ਚਲਾਈ ਜਾਏ ਤਾਕਿ ਛੇਤੀ ਤੋਂ ਛੇਤੀ ਨਤੀਜਾ ਹਾਸਲ ਕੀਤਾ ਜਾਏ । ੨ ਅਗਸਤ ਨੂੰ ਪੰਡਤ ਜਵਾਹਰ ਲਾਲ ਨਹਿਰੂ ਨੇ ਅਲਾਹਬਾਦ ਵਿਚ ਜੋ ਤਕਰੀਰ ਔਣ ਵਾਲੀ ਜਦੋ ਜਿਹਦ ਬਾਰੇ ਕੀਤੀ ਉਸ ਵਿਚ ਆਪ ਨੇ ਆਖਿਆ ਸੀ -

"ਅਸੀਂ ਜਿਹੜੀ ਕੌਮੀ ਜਦੋ-ਜਿਹਦ ਸ਼ੁਰੂ ਕਰਨ ਵਾਲੇ ਹ

ਇਹ ਸਾਡੀ ਆਖਰੀ ਜਦੋ ਜਿਹਦ ਹੋਵੇਗੀ ਪਿਛਲੇ ਦਿਨਾਂ ਤੋਂ ਮੈਂ ਸਚੇ ਦਿਲ ਨਾਲ ਜਤਨ ਕਰਦਾ ਰਿਹਾ ਹਾਂ ਕਿ ਹਿੰਦੁਸਤਾਨ ਤੇ ਬਰਤਾਨੀਆਂ ਵਿਚਾਲੇ ਸਮਝੌਤਾ ਹੋ ਜਾਏ ਪਰ ਮੇਰੇ ਸਭ ਜਤਨੀ ਨਿਸਫਲ ਰਹੇ ਹਨ। ਹਤਕ ਤੇ ਬੇਇਜ਼ਤੀ ਦੀ ਵੀ ਕੋਈ ਹਦ ਹੁੰਦਂ ਹੈ। ਇਹ ਜਦੋ ਜਿਹਦ ਕੇਵਲ ਕਾਂਗਰਸੀਆਂ ਤੀਕ ਹੀ ਮਹਿਦੂਦ ਨਹੀ ਰਹੇਗੀ ਸਗੋਂ ੪੦ ਕਰੋੜ ਮਨੁਖਾਂ ਦੀ ਹੋਵੇਗੀ। ਇਸ ਜਗ ਵਿਚ ਅਸੀਂ ਤਮਾਸ਼ਾਈ ਬਣ ਕੇ ਤਮਾਸ਼ਾ ਨਹੀਂ ਵੇਖ ਸਕਦੇ।"

## ਕਾਂਗਰਸ ਦੀ ਖੁਫੀਆ ਦਸਤਾਵੇਜ਼

ਇਸ ਤੋਂ ਪਹਿਲਾਂ ਕਿ ਆਲ ਇੰਡੀਆ ਕਾਂਗਰਸ ਕਮੇਟੀ ਦਾ ਸਮਾਗਮ ਬੰਬਈ ਵਿਚ ਹੋ ਚੁਕੇ ਕਾਂਗਰਸ ਵਰਕਿੰਗ ਕਮੇਟੀ ਦੇ ਮਤੇ ਦੀ ਪ੍ਰੋੜਤਾ ਕਰੇ ਸਰਕਾਰ ਹਿੰਦ ਦੇ ਖਬਰਾਂ ਪੁਚਾਊ ਮਹਿਕਮੇ ਨੇ ਸਰਬ ਹਿੰਦ ਕਾਂਗਰਸ ਦੀ ਵਰਕਿੰਗ ਕਮੇਟੀ ਦੇ ਇਕ ਮਈ ੧੯੪੨ ਵਾਲੇ ਮਤੇ ਸਮੇਂ ਵਰਕਿੰਗ ਕਮੇਟੀ ਦੇ ਮੈਂਬਰਾਂ ਦੀ ਜੋ ਪ੍ਰਸਪਰ ਗਲ ਬਾਤ ਹੋਈ, ਉਸ ਬਾਰੇ ਇਕ ਪਰੈਸ ਨੋਟ ਪ੍ਰਕਾਸ਼ਤ ਕਰ ਦਿਤਾ। ਯਾਦ ਰਹੇ ਇਹ ਗਲ ਬਾਤ ਗੁਪਤ ਸੀ ਪਰ ਪੁਲਸ ਨੇ ਅਨੰਦ ਭਵਨ ਤੇ ਛਾਪਾ ਮਾਰ ਕੇ ਇਹ ਕਾਗਜ਼ ਫੜੇ ਸਨ। ਵਰਕਿੰਗ ਕਮੇਟੀ ਦੀ ਇਸ ਮੀਟਿੰਗ ਵਿਚ ਗਾਂਧੀ ਜੀ ਆਪ ਮੌਜੂਦ ਨਹੀਂ ਸਨ, ਪਰ ਵਾਰਧਾ ਤੋਂ ਆਪ ਨੇ ਇਕ ਮਤੇ ਦਾ ਖਰੜਾ ਮੀਰਾਂ ਬਹਿਨ ਹਥ ਘਲਿਆ ਸੀ। ਇਸ ਡਰਾਫਟ ਮਤੇ ਵਿਚ ਹੇਠ ਲਿਖੇ ਮੋਟੇ ਨੁਕਤੇ ਸਨ-

(੧) ਬਰਤਾਨਵੀ ਸਰਕਾਰ ਤੋਂ ਇਹ ਮੰਗ ਕਿ ਉਹ ਹਿੰਦੁਸਤਾਨ ਨੂੰ ਛਡ ਜਾਵੇ। (੨) ਬਰਤਾਨਵੀ ਸਰਕਾਰ ਦੇ ਸਦਕੇ ਹਿੰਦੁਸਤਾਨ ਅਜ ਜੰਗ ਦਾ ਅਖਾੜਾ ਬਣਨ ਵਾਲਾ ਹੈ। (੩) ਦੇਸ਼ ਦੀ ਆਜ਼ਾਦੀ ਲਈ ਬਦੇਸ਼ੀ ਮਦਦ ਦੀ ਲੋੜ ਨਹੀਂ। (੪) ਹਿੰਦੁਸਤਾਨ ਦਾ ਕਿਸੇ ਮੁਲਕ ਨਾਲ ਕੋਈ ਝਗੜਾ ਨਹੀਂ। (੫) ਜੇ ਜਾਪਾਨ ਨੇ

ਹਿੰਦ ਤੇ ਹਮਲਾ ਕੀਤਾ ਤਾਂ ਸ਼ਾਂਤਮਈ ਨਾਲ ਉਸ ਦਾ ਮੁਕਾਬਲਾ ਕੀਤਾ ਜਾਏਗਾ। (੬) ਸ਼ਾਂਤਮਈ ਨਾਮਿਲਵਰਤਨ ਦਾ ਤ੍ਰੀਕਾ। (੭) ਬਦੇਸ਼ੀ ਸਿਪਾਹੀਆਂ ਦੀ ਮੌਜੂਦਗੀ ਹਿੰਦੁਸਤਾਨ ਲਈ ਭਾਰੀ ਖਤਰਾ ਹੈ।

## ਵਰਕਿੰਗ ਕਮੇਟੀ ਦਾ ਸਮਾਗਮ

ਕਾਂਗਰਸ ਵਰਕਿੰਗ ਕਮੇਟੀ ਦਾ ਇਤਿਹਾਸ ਵਿਚ ਸਦਾ ਯਾਦ ਰਹਿਣ ਵਾਲਾ ਇਹ ਸਮਾਗਮ ੪ ਅਗਸਤ ੧੯੪੨ ਨੂੰ ਬਿਰਲਾ ਹਾਊਸ ਬੰਬਈ ਵਿਚ ਸ਼ੁਰੂ ਹੋਇਆ। ਇਸ ਸਮਾਗਮ ਵਿਚ ਵਰਕਿੰਗ ਕਮੇਟੀ ਦੇ ਮੈਂਬਰਾਂ ਤੋਂ ਛੁਟ ਮਹਾਤਮਾ ਗਾਂਧੀ ਵੀ ਸ਼ਾਮਲ ਹੋਏ ਤੇ ਇਸ ਇਨ-ਕਲਾਬੀ ਮੀਟਿੰਗ ਦੀ ਰਿਪੋਰਟ ਲੈਣ ਲਈ ਦਰਜਨਾਂ ਹੀ ਅਮ੍ਰੀਕੀ ਤੇ ਬਰਤਾਨਵੀ ਅਖਬਾਰਾਂ ਦੇ ਖਾਸ ਪਤ੍ਰ ਪ੍ਰੇਰਕ ਆਏ ਹੋਏ ਸਨ।

ਕਾਂਗਰਸ ਦੀ ਕਾਰਰਵਾਈ ਵਿਚ ਮਹਾਤਮਾ ਗਾਂਧੀ ਮੌਲਾਨਾ ਅਬੁਲ ਕਲਾਮ ਆਜ਼ਾਦ ਅਤੇ ਪੰਡਤ ਜਵਾਹਰ ਲਾਲ ਨਹਿਰੂ ਨੇ ਸਰ-ਗਰਮ ਹਿਸਾ ਲਿਆ ਤੇ ਬਰਤਾਨਵੀ ਸਰਕਾਰ ਵਲੋਂ ਹਿੰਦੁਸਤਾਨ ਨੂੰ ਆਜ਼ਾਦੀ ਨ ਦੇਣ ਦੇ ਵਿਰੁਧ ਸਤਿਆਗ੍ਰਹਿ ਸ਼ੁਰੂ ਕਰਨ ਦਾ ਪ੍ਰੋਗਰਾਮ ਤਿਆਰ ਕੀਤਾ ਗਿਆ ਅਤੇ ਇਸ ਲਹਿਰ ਦੀ ਅਗਵਾਈ ਮਹਾਤਮਾ ਗਾਂਧੀ ਨੂੰ ਸੌਂਪੀ ਗਈ! ਮਹਾਤਮਾ ਗਾਂਧੀ ਦਾ ਇਰਾਦਾ ਸੀ ਕਿ ਸਤਿਆ-ਗ੍ਰਹਿ ਸ਼ੁਰੂ ਕਰਨ ਤੋਂ ਪਹਿਲੇ ਬਰਤਾਨੀਆਂ ਨੂੰ ਆਜ਼ਾਦੀ ਦੇਣ ਦਾ ਆਖਰੀ ਮੌਕਾ ਦੇਣ ਲਈ ਲਾਰਡ ਲਿਨਲਿਥਗੋ ਰਾਹੀਂ ਗਲ ਬਾਤ ਕਰਨਗੇ।

੬ ਅਗਸਤ ਨੂੰ ਕਾਂਗਰਸ ਵਰਕਿੰਗ ਕਮੇਟੀ ਨੇ ਹੇਠ ਲਿਖਿਆ ਮਤਾ ਪਾਸ ਕੀਤਾ। ਇਹ ਮਤਾ ੭ ਅਗਸਤ ਨੂੰ ਸਰਬ ਹਿੰਦ ਕਾਂਗਰਸ ਦੇ ਸਮਾਗਮ ਵਿਚ ਪੇਸ਼ ਕੀਤਾ ਜਾਣਾ ਸੀ।

'ਸਰਬ ਹਿੰਦ ਕਾਂਗਰਸ ਕਮੇਟੀ ਨੇ ਵਰਕਿੰਗ ਕਮੇਟੀ ਦੇ ੧੪

ਜੁਲਾਈ ੧੯੪੨ ਦੇ ਮਤੇ, ਉਸਦੇ ਮਗਰੋਂ ਦੇ ਵਾਕਿਆਤ ਜਿਨ੍ਹਾਂ ਵਿਚ ਜੰਗੀ ਸੂਰਤ ਹਾਲਾਤ ਬਾਰੇ ਵਾਕਿਆਤ ਜਿਨ੍ਹਾਂ ਵਿਚ ਜੰਗੀ ਸੂਰਤ ਹਾਲਾਤ ਬਾਰੇ ਵਾਕਿਆਤ ਵੀ ਹਨ, ਬ੍ਰਤਾਨਵੀ ਜ਼ਿੰਮੇਵਾਰ ਅਧਿਕਾਰੀਆਂ ਦੇ ਏਲਾਨਾਂ ਤੇ ਹਿੰਦੁਸਤਾਨ ਅਤੇ ਬਾਹਿਰ ਦੀ ਸਾਰੀ ਸਮਾਲੋਚਨਾਂ ਤੇ ਨੁਕਤਾ ਚੀਨੀ ਪੁਰ ਪੂਰੀ ਤਰ੍ਹਾਂ ਵਿਚਾਰ ਕੀਤੀ ਹੈ। ਕਮੇਟੀ ਉਸੇ ਮਤੇ ਨੂੰ ਪਸੰਦ ਕਰਦੀ ਤੇ ਉਸ ਦੀ ਪ੍ਰੋੜ੍ਹਤਾ ਕਰਦੀ ਹੋਈ ਇਹ ਰਾਇ ਪ੍ਰਗਟ ਕਰਦੀ ਹੈ ਕਿ ੧੪ ਜੁਲਾਈ ਦੇ ਉਪ੍ਰੰਤ ਜੋ ਘਟ-ਨਾਵਾਂ ਹੋਈਆਂ ਹਨ, ਉਹ ਇਸ ਮੰਗ ਨੂੰ ਹੋਰ ਵੀ ਯੋਗ ਕਰਾਰ ਦੇਂਦੀਆਂ ਹਨ ਕਿ ਨਾ ਕੇਵਲ ਹਿੰਦੁਸਤਾਨ ਦੇ ਭਲੇ ਲਈ ਸਗੋਂ ਸਾਥੀ ਦੇਸ਼ਾਂ ਦੇ ਆਦਰਸ਼ ਦੀ ਸਫਲਤਾ ਲਈ ਇਹ ਜ਼ਰੂਰੀ ਹੈ ਕਿ ਹਿੰਦੁਸਤਾਨ ਵਿਚੋਂ ਬਰਤਾਨਵੀ ਰਾਜ ਤੁਰਤ ਖ਼ਤਮ ਹੋ ਜਾਵੇ। ਇਸ ਰਾਜ ਨੂੰ ਜਾਰੀ ਰਖਣਾ ਬੜੀ ਗਿਰਾਵਟ ਹੈ। ਇਹ ਹਿੰਦੁਸਤਾਨ ਨੂੰ ਕਮਜ਼ੋਰ ਕਰਦਾ ਜਾ ਰਿਹਾ ਹੈ ਤੇ ਉਸ ਨੂੰ ਲਗਾਤਾਰ ਸ੍ਵੈ-ਰਖਿਆ ਤੇ ਸੰਸਾਰ-ਸੁਤੰਤ੍ਰਤਾ ਦੇ ਆਦਰਸ਼ ਵਿਚ ਸਹਾਇਕ ਬਣਨ ਦੇ ਨਾਕਾਬਲ ਵੀ ਕਰਦਾ ਜਾ ਰਿਹਾ ਹੈ।

ਕਮੇਟੀ ਰੂਸ ਤੇ ਚੀਨ ਦੇ ਮੋਰਚਿਆਂ ਤੇ ਹਾਲਾਤ ਦੇ ਹੋਰ ਭੈੜਾ ਹੋ ਜਾਣ ਨੂੰ ਨਿਰਾਸਤਾ ਨਾਲ ਵੇਖਦੀ ਹੈ। ਆਪਣੇ ਦੇਸ਼ ਦੀ ਆਜ਼ਾਦੀ ਦੇ ਬਚਾਣ ਲਈ ਚੀਨੀ ਤੇ ਰੂਸੀ ਜਿਸ ਬੀਰਤਾ ਦਾ ਸਬੂਤ ਦੇ ਰਹੇ ਹਨ, ਕਮੇਟੀ ਉਸ ਦੀ ਪ੍ਰਸ਼ੰਸਾ ਕਰਦੀ ਹੈ। ਕਾਂਗਰਸ ਨੂੰ ਉਹਨਾਂ ਸਭ ਦੇਸ਼ਾਂ ਲਈ, ਜੋ ਆਜ਼ਾਦੀ ਲਈ ਅੰਦੋਲਨ ਕਰ ਰਹੇ ਹਨ ਤੇ ਜ਼ੁਲਮ ਦਾ ਸ਼ਿਕਾਰ ਹੋਣ ਵਾਲੀਆਂ ਕੌਮਾਂ ਨਾਲ ਹਮਦਰਦੀ ਹੈ। ਇਸ ਵਧਦੇ ਖ਼ਤਰੇ ਨੂੰ ਮੁਖ ਕੇ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਸਾਥੀ ਦੇਸ਼ਾਂ ਦੀ ਉਸ ਪਾਲਿਸੀ ਦੇ ਮੁਢਲੇ ਅਸੂਲਾਂ ਦੀ ਪੜਤਾਲ ਕਰਨ, ਜਿਨ੍ਹਾਂ ਤੇ ਉਹ ਹੁਣ ਤਕ ਵਰਤੋਂ ਕਰਦੇ ਰਹੇ ਰਹੇ ਹਨ ਤੇ ਜਿਸ ਦੇ ਨਤੀਜੇ ਦੇ ਤੌਰ ਪੁਰ ਮੁੜ ਤਬਾਹ ਕਰੂ ਅਸਫਲਤਾ ਹੁੰਦੀ ਰਹੀ ਹੈ। ਇਹਨਾਂ ਪਾਲਸੀਆਂ, ਆਦਰਸ਼ਾਂ ਤੇ ਸਾਧਨਾਂ ਨਾਲ ਚਿਮਟੇ ਰਹਿਣ ਨਾਲ ਅਸਫਲਤਾ ਨੂੰ ਸਫਲਤਾ ਵਿਚ

ਨਹੀਂ ਬਦਲਿਆ ਜਾ ਸਕਦਾ ਕਿਉਂਕਿ ਪਿਛਲੇ ਤਜਰਬੇ ਨੇ ਦਸਿਆ ਹੈ ਕਿ ਅਸਫਲਤਾ ਇਹਨਾਂ ਦੀਆਂ ਜੜ੍ਹਾਂ ਵਿਚ ਹੈ। ਇਹਨਾਂ ਪਾਲਿਸੀਆਂ ਦੀ ਨੀਂਹ ਆਜ਼ਾਦੀ ਪੁਰ ਨਹੀਂ ਸਗੋਂ ਇਸ ਗੱਲ ਪੁਰ ਰਖੀ ਗਈ ਹੈ ਕਿ ਅਧੀਨ ਦੇਸ਼ਾਂ ਤੇ ਬਸਤੀਆਂ ਪੁਰ ਗ਼ਲਬਾ ਰਖ ਕੇ ਸਾਮਰਾਜ ਵਾਦੀ ਰਵਾਇਤਾਂ ਤੇ ਸਾਧਨਾਂ ਨੂੰ ਕਾਇਮ ਰਖਿਆ ਜਾਵੇ। ਸਲਤਨਤ ਹਕੂਮਤ ਦੀ ਤਾਕਤ ਵਿਚ ਵਾਧਾ ਕਰਨ ਦੀ ਥਾਂ ਭਾਰ ਬਣ ਗਈ ਹੈ। ਹਿੰਦੁਸ-ਤਾਨ ਜੋ ਨਵੀਨ ਸਾਮਰਾਜ ਸ਼ਾਹੀ ਦਾ ਮਮੂਨਾ ਹੈ, ਇਸ ਵੇਲੇ ਇਕ ਕਸਵਟੀ ਬਣ ਗਿਆ ਹੈ ਜਿਸ ਦੀ ਆਜ਼ਾਦੀ ਤੋਂ ਬਰਤਾਨੀਆਂ ਤੇ ਅਮ੍ਰੀਕਾ ਦੀ ਪਰਖ ਹੋ ਜਾਵੇਗੀ ਤੇ ਅਫਰੀਕਾ ਤੇ ਏਸ਼ੀਆ ਦੀ ਜਨਤਾ ਆਸ਼ਾ ਤੇ ਉਤਸ਼ਾਹ ਭਰਪੂਰ ਹੋ ਜਾਵੇਗੀ।

ਇਸ ਲਈ ਇਸ ਦੇਸ਼ ਵਿਚੋਂ ਬ੍ਰਤਾਨਵੀ ਰਾਜ ਦੇ ਅੰਤ ਦਾ ਸਵਾਲ ਬੜਾ ਮਹਾਨ ਹੈ, ਜਿਸ ਪੁਰ ਜੰਗ ਦੇ ਭਵਿਖਤ, ਸੁਤੰਤ੍ਰਤਾ ਤੇ ਜਮਹੂਰ ਦੀ ਜਿੱਤ ਦਾ ਨਿਰਭਰ ਹੈ। ਅਜ਼ਾਦ ਹਿੰਦੁਸਤਾਨ ਸੁਤੰਤ੍ਰਤਾ ਦੀ ਜੰਗ ਤੇ ਨਾਜ਼ੀਇਜ਼ਮ, ਫਾਸਿਜ਼ਮ ਤੇ ਇੰਪੀਰੀਅਲਜ਼ਮ ਦੇ ਜ਼ੁਲਮਾਂ ਵਿਰੁਧ ਲੜਾਈ ਵਿਚ ਆਪਣੇ ਸਾਰੇ ਸਾਧਨ ਝੋਕ ਕੇ ਇਸ ਸਫਲਤਾ ਨੂੰ ਯਕੀਨੀ ਬਣਾ ਦੇਵੇਗਾ। ਇਸ ਨਾਲ ਨਾ ਕੇਵਲ ਜੰਗ ਦੇ ਨਤੀਜਿਆਂ ਤੇ ਹੀ ਪ੍ਰਭਾਵ ਪਵੇਗਾ, ਸਗੋਂ ਇਸ ਨਾਲ ਸਭ ਅਧੀਨ ਤੇ ਦਬੀ ਹੋਈ ਮਾਨੁਖਾ-ਸਮਾਜ ਸਾਥੀ ਦੇਸ਼ਾਂ ਦੀ ਤਰਫ਼ਦਾਰ ਬਣ ਜਾਵੇਗੀ ਤੇ ਇਹਨਾਂ ਦੇਸ਼ਾਂ ਨੂੰ ਜਿਨ੍ਹਾਂ ਦਾ ਹਿੰਦੁਸਤਾਨ ਵੀ ਸਾਥੀ ਹੋਵੇਗਾ, ਸੰਸਾਰ ਦਾ ਇਖ਼-ਲਾਕੀ ਤੇ ਰੂਹਾਨੀ ਲੀਡਰ ਮੰਨ ਲਵੇਗੀ। ਅਧੀਨ ਹਿੰਦੁਸਤਾਨ ਬ੍ਰਤਾਨਵੀ ਸਾਮਰਾਜ ਦਾ ਨਿਸ਼ਾਨ ਰਹੇਗਾ ਤੇ ਸਾਮਰਾਜ ਸ਼ਾਹੀ ਦਾ ਇਹ ਧੱਬਾ ਸਭ ਸਾਥੀ ਦੇਸ਼ਾਂ ਦੇ ਨਸੀਬੇ ਤੇ ਅਸਰ ਪਵੇਗਾ। ਇਸ ਲਈ ਵਰਤਮਾਨ ਖਤਰਾ ਇਹ ਮੰਗ ਕਰਦਾ ਹੈ ਕਿ ਹਿੰਦੁਸਤਾਨ ਸੁਤੰਤ੍ਰ ਹੋਵੇ ਤੇ ਬਰਤਾਨਵੀ ਗ਼ਲਬੇ ਦਾ ਖ਼ਾਤਮਾ ਹੋਵੇ। ਭਵਿਖਤ ਦੇ ਵਾਹਿਦੇ ਤੇ ਗਰੰਟੀਆਂ ਨਾ ਹੀ ਮੌਜੂਦਾ ਦਸ਼ਾ ਤੇ ਅਸਰ ਪਾ ਸਕਦੀਆਂ ਹਨ ਤੇ ਨਾ ਹੀ ਇਸ ਖਤਰੇ ਦਾ ਮੁਕਾਬਲਾ

ਕਰ ਸਕਦੀਆਂ ਹਨ, ਨਾ ਹੀ ਇਹ ਵਾਹਿਦੇ ਜਨਤਾ ਦੇ ਦਿਲਾਂ ਤੇ ਲੋੜੀਂਦਾ ਪ੍ਰਭਾਵ ਪਾ ਸਕਦੇ ਹਨ। ਇਸ ਲਈ ਕੇਵਲ ਆਜ਼ਾਦੀ ਦੀ ਚਿਣਗ ਹੀ ਇਹਨਾਂ ਕਰੋੜਾਂ ਮਨੁਖਾਂ ਦੇ ਜੋਸ਼ ਤੇ ਉਤਸ਼ਾਹ ਨੂੰ ਉਭਿਆਂ ਕਰ ਸਕਦੀ ਹੈ. ਜੋ ਜੰਗ ਦੀ ਦਸ਼ਾ ਨੂੰ ਬਦਲ ਦੇਣਗੇ ।

ਇਸ ਲਈ ਸਰਬ ਹਿੰਦ ਕਾਂਗਰਸ ਕਮੇਟੀ ਪੂਰੇ ਜ਼ੋਰ ਨਾਲ ਇਸ ਮੰਗ ਨੂੰ ਦੁਹਰਾਂਦੀ ਹੈ ਕਿ ਹਿੰਦੁਸਤਾਨ ਤੋਂ ਬਰਤਾਨਵੀ ਤਾਕਤ ਨੂੰ ਹਟਾ ਲੀਤਾ ਜਾਵੇ। ਹਿੰਦੁਸਤਾਨ ਦੀ ਆਜ਼ਾਦੀ ਦੇ ਐਲਾਨ ਪੁਰ ਦੇਸ਼ ਵਿਚ ਇਕ ਆਰਜ਼ੀ ਸਰਕਾਰ ਸਥਾਪਨ ਕੀਤੀ ਜਾਵੇਗੀ ਤੇ ਆਜ਼ਾਦ ਹਿੰਦੁ-ਸਤਾਨ ਇਤਿਹਾਦੀ ਦੇਸ਼ਾਂ ਦਾ ਸਾਥੀ ਬਣ ਕੇ ਆਜ਼ਾਦੀ ਦੀ ਲੜਾਈ ਦੀਆਂ ਸਭ ਔਕੜਾਂ ਤੇ ਮੁਸੀਬਤਾਂ ਨੂੰ ਬਰਦਾਸ਼ਤ ਕਰੇਗਾ। ਆਰਜ਼ੀ ਹਕੂਮਤ ਵਡੀਆਂ ਵਡੀਆਂ ਪਾਰਟੀਆਂ ਦੀ ਮਿਲਵਰਤਨ ਨਾਲ ਹੀ ਕਾਇਮ ਹੋ ਸਕਦੀ ਹੈ। ਇਸ ਤਰ੍ਹਾਂ ਇਹ ਇਕ ਸਾਂਝੀ ਸਰਕਾਰ ਹੋਵੇਗੀ ਜਿਸ ਵਿਚ ਹਿੰਦੁਸਤਾਨ ਵਸੀਆਂ ਦੇ ਸਭ ਮਹਾਨ ਤਬਕਿਆਂ ਦੇ ਪ੍ਰਤੀ-ਨਿਧ ਸ਼ਾਮਲ ਹੋਣਗੇ। ਇਸ ਦਾ ਮੁਢਲਾ ਕੰਮ ਇਹ ਹੋਵੇਗਾ ਕਿ ਉਹ ਹਿੰਦੁਸਤਾਨ ਦੇ ਬਚਾਓ ਦਾ ਕੰਮ ਕਰੇ ਅਤੇ ਆਪਣੀ ਸਾਰੀ ਹਥਿਆਰ ਬੰਦ ਤੇ ਸ਼ਾਂਤਮਈ ਤਾਕਤ ਰਾਹੀਂ ਸਾਰੀ ਦੇਸ਼ਾਂ ਨਾਲ ਸ਼ਾਮਲ ਹੋ ਕੇ ਜ਼ੁਲਮ ਦਾ ਟਾਕਰਾ ਕਰੇ ਤੇ ਕਿਸਾਨਾਂ ਅਤੇ ਕਾਰਖਾਨਿਆਂ ਦੇ ਮਜ਼ਦੂਰਾਂ ਦੀ ਉੱਨਤੀ ਤੇ ਭਲਾਈ ਦੀ ਹਰ ਸੰਭਵ ਰਾਖੀ ਕਰੇ। ਇਸ ਲਈ ਵਾਸਤਵਿਕ ਤਾਕਤ ਤੇ ਅਧਿਕਾਰ ਉਹਨਾਂ ਦੇ ਹਥਾਂ ਵਿਚ ਹੋਣਗੇ।

ਆਰਜ਼ੀ ਸਰਕਾਰ ਪ੍ਰਤੀਨਿਧ ਅਸੈਂਬਲੀ ਦੀ ਇਕ ਸਕੀਮ ਤਿਆਰ ਕਰੇਗੀ, ਜੋ ਸਰਕਾਰ ਹਿੰਦ ਦੀ ਇਕ ਅਜਿਹੀ ਰਾਜ-ਬਣਤਰ ਬਣਾਵੇਗੀ ਜੋ ਦੇਸ਼ ਦੀਆਂ ਸਭ ਜਮਾਤਾਂ ਨੂੰ ਪ੍ਰਵਾਨ ਹੋਵੇ। ਕਾਂਗਰਸ ਦੀ ਰਾਇ ਵਿਚ ਇਹ ਰਾਜ-ਬਣਤਰ ਫ਼ੈਡਰਲ ਹੋਵੇਗੀ, ਜਿਸ ਵਿਚ ਸੂਬਿਆਂ ਨੂੰ ਵਧ ਤੋਂ ਵਧ ਖ਼ੁਦ ਮੁਖਤਾਰੀ ਪ੍ਰਾਪਤ ਹੋਵੇਗੀ ਤੇ ਆਖਰੀ ਅਧਿਕਾਰ (residuary pwoers) ਵੀ ਸੂਬਿਆਂ ਨੂੰ ਦਿਤੇ ਜਾਣਗੇ।

ਹਿੰਦੁਸਤਾਨ ਤੇ ਬਾਹਰੀ ਦੇਸਾਂ ਵਿਚਕਾਰੇ ਭਵਿਖਤ ਦੇ ਸੰਬੰਧਾਂ ਦਾ ਫੈਸਲਾ ਇਹਨਾਂ ਸਭ ਸੁਤੰਤ੍ਰ ਦੇਸ਼ਾਂ ਦੇ ਪ੍ਰਤੀਨਿਧ ਕਰਨਗੇ। ਸੁਤੰਤ੍ਰਤਾ ਹਿੰਦੁਸਤਾਨ ਨੂੰ ਇਸ ਯੋਗ ਬਣਾ ਦੇਵੇਗੀ ਕਿ ਉਹ ਬਾਹਰਲੇ ਤਾਕਤਵਰ ਹਮਲਿਆਂ ਦਾ ਜਨਤਾ ਦੀ ਸਾਂਝੀ ਬਹਾਦਰੀ ਤੇ ਇਰਾਦੇ ਨਾਲ ਮੁਕਾਬਲਾ ਕਰ ਸਕੇ।

ਹਿੰਦੁਸਤਾਨ ਦੀ ਸੁਤੰਤ੍ਰਤਾ ਸਭ ਏਸ਼ੀਆਈ ਕੌਮਾਂ, ਜੋ ਬਾਹਰਲੇ ਗਲਬੇ ਹੇਠਾਂ ਹਨ, ਦੀ ਆਜ਼ਾਦੀ ਦੀ ਨਿਸ਼ਾਨੀ ਤੇ ਮੁਖਬੰਦ ਹੋਣੀ ਚਾਹੀਦੀ ਹੈ। ਬਰਮਾ, ਮਲਾਇਆ, ਹਿੰਦ-ਚੀਨੀ, ਡਚ ਇੰਡੀਜ਼, ਈਰਾਨ ਤੇ ਇਰਾਕ ਨੂੰ ਵੀ ਪੂਰਨ ਸੁਤੰਤ੍ਰਤਾ ਮਿਲਣੀ ਚਾਹੀਦੀ ਹੈ। ਇਸ ਗਲ ਨੂੰ ਸਪਸ਼ਟ ਤੌਰ ਪੁਰ ਸਮਝ ਲੈਣਾ ਚਾਹੀਦਾ ਹੈ ਕਿ ਉਹਨਾਂ ਦੇਸਾਂ ਵਿਚੋਂ, ਜੋ ਇਸ ਵੇਲੇ ਜਾਪਾਨ ਦੇ ਕਬਜ਼ੇ ਵਿਚ ਹਨ ਅੰਤ ਕਿਸੇ ਦੂਜੇ ਗੈਰ ਮੁਲਕੀ ਤਾਕਤ ਹੇਠਾਂ ਰਖਣ ਦੀ ਆਗਿਆ ਨਹੀਂ ਦਿਤੀ ਜਾਵੇਗੀ। ਭਾਵੇਂ ਸਰਬ ਹਿੰਦ ਕਾਂਗਰਸ ਕਮੇਟੀ ਦਾ ਮੁਖ ਪ੍ਰਯੋਜਨ ਇਹ ਹੈ ਕਿ ਉਹ ਹਿੰਦੁਸਤਾਨ ਦੀ ਸੁਤੰਤ੍ਰਤਾ ਤੇ ਬਚਾਉ ਦਾ ਪ੍ਰਬੰਧ ਕਰੇ, ਪਰੰਤੂ ਕਮੇਟੀ ਦੀ ਇਹ ਰਾਇ ਹੈ ਕਿ ਸੰਸਾਰ ਦੀ ਸ਼ਾਂਤੀ, ਅਮਨ ਤੇ ਬਾਕਾਇਦਾ ਉੱਨਤੀ ਇਸ ਗਲ ਦੀ ਮੰਗ ਕਰਦੀ ਹੈ ਕਿ ਆਜ਼ਾਦ ਕੌਮਾਂ ਦੀ ਇਕ ਸੰਸਾਰ ਵਿਆਪੀ ਫੈਡਰੇਸ਼ਨ ਬਣਾਈ ਜਾਵੇ, ਕਿਉਂਕਿ ਵਰਤਮਾਨ ਦੁਨੀਆ ਦੇ ਮਸਲਿਆਂ ਨੂੰ ਕਿਸੇ ਦੂਜੇ ਤਰੀਕੇ ਨਾਲ ਹਲ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਦੀ ਵਰਲਡ ਫੈਡਰੇਸ਼ਨ ਆਪਣੇ ਵਿਚ ਸ਼ਾਮਲ ਕੌਮਾਂ ਦੀ ਆਜ਼ਾਦੀ ਦੀ ਜ਼ਮਾਨਤ ਦੇਵੇਗੀ ਤੇ ਇਸ ਗਲ ਦੀ ਆਗਿਆ ਨਹੀਂ ਦੇਵੇਗੀ ਕਿ ਇਕ ਕੌਮ ਕਿਸੇ ਦੂਜੇ ਤੇ ਜ਼ੁਲਮ ਕਰੇ ਜਾਂ ਲੁਟ ਖਸੁਟ ਕਰੇ। ਇਹ ਫੈਡਰੇਸ਼ਨ ਕੌਮੀ ਘਟ ਗਿਣਤੀਆਂ ਦੀ ਵੀ ਰਾਖੀ ਤੇ ਪਿਛੇ ਰਹੀਆਂ ਕੌਮਾਂ ਤੇ ਇਲਾਕਿਆਂ ਦੀ ਉੱਨਤੀ ਦਾ ਪ੍ਰਬੰਧ ਵੀ ਕਰੇਗੀ, ਤੇ ਸੰਸਾਰ ਦੇ ਸਭ ਵਸੀਲਿਆਂ ਨੂੰ ਸਭ ਸੰਸਾਰ ਦੀ ਭਲਾਈ ਲਈ ਵਰਤਿਆ ਜਾ

ਸਕੇਗਾ । ਅਜਿਹੀ ਸੰਸਾਰ-ਵਿਆਪੀ ਫੈਡਰੇਸ਼ਨ ਦੀ ਸਥਾਪਨਾ ਪੁਰ ਸਭ ਦੇਸ਼ਾਂ ਨੂੰ ਫੌਜਾਂ, ਅਤੇ ਸਮੁੰਦਰੀ ਤੇ ਹਵਾਈ ਤਾਕਤਾਂ ਦੀ ਲੋੜ ਨਹੀਂ ਰਹੇਗੀ ਤੇ ਇਕ ਵਡੀ ਫੈਡਰਲ ਡੀਫੈਂਸ ਫੋਰਸ ਸੰਸਾਰ ਦੀ ਸ਼ਾਂਤੀ ਨੂੰ ਕਾਇਮ ਰਖ ਕੇ ਜ਼ੁਲਮ ਨੂੰ ਰੋਕੇਗੀ ।

ਆਜ਼ਾਦ ਹਿੰਦੁਸਤਾਨ ਬੜੀ ਖੁਸ਼ੀ ਨਾਲ ਅਜਿਹੀ ਵਰਲਡ ਫੈਡਰੇਸ਼ਨ ਵਿਚ ਸ਼ਾਮਲ ਹੋ ਜਾਵੇਗਾ ਤੇ ਕੌਮਾਂਤ੍ਰੀ ਮਸਲਿਆਂ ਦੇ ਹਲ ਕਰਨ ਵਿਚ ਦੂਜੇ ਦੇਸ਼ਾਂ ਨਾਲ ਇਕ ਸਾਥੀ ਦੀ ਹੈਸੀਅਤ ਵਿਚ ਮਿਲਵਰਤਨ ਕਰੇਗਾ ।

ਅਜਿਹੀ ਫੈਡਰੇਸ਼ਨ ਉਹਨਾਂ ਸਭ ਕੌਮਾਂ ਲਈ ਖੁਲ੍ਹੀ ਹੋਵੇਗੀ, ਜੋ ਇਸ ਦੇ ਬੁਨਿਆਦੀ ਅਸੂਲਾਂ ਨਾਲ ਸਹਿਮਤ ਹੋਣਗੀਆਂ । ਜੰਗ ਨੂੰ ਮੁਖ ਰਖ ਕੇ ਇਹ ਜ਼ਰੂਰੀ ਹੈ ਕਿ ਅਜਿਹੀ ਫੈਡਰੇਸ਼ਨ ਪਹਿਲਾਂ ਕੇਵਲ ਸਾਥੀ ਦੇਸ਼ਾਂ ਤਕ ਮਹਿਦੂਦ ਰਹੇ । ਅਜਿਹੇ ਕਦਮ ਦਾ ਜੰਗ, ਮਹਿਵਰੀ ਦੇਸ਼ਾਂ ਲੋਕਾਂ ਤੇ ਆਵਣ ਵਾਲੇ ਅਮਨ ਪੁਰ ਬੜਾ ਅਸਰ ਪਵੇਗਾ ।

ਕਮੇਟੀ ਅਫਸੋਸ ਨਾਲ ਇਹ ਮਹਿਸੂਸ ਕਰਦੀ ਹੈ ਕਿ ਜੰਗ ਦੇ ਭਿਆਨਕ ਤੇ ਜ਼ਬਰਦਸਤ ਸਬਕਾਂ ਅਤੇ ਦੁਨੀਆ ਤੇ ਲਟਕ ਰਹੇ ਖਤਰਿਆਂ ਦੇ ਬਾਵਜੂਦ ਬਹੁਤ ਘਟ ਦੇਸ਼ਾਂ ਦੀਆਂ ਸਰਕਾਰਾਂ ਇਸ ਵਰਲਡ ਫੈਡਰੇਸ਼ਨ ਵਲ ਕਦਮ ਚੁਕਣ ਲਈ ਤਿਆਰ ਹੋਈਆਂ ਹਨ । ਬਰਤਾਨਵੀ ਸਰਕਾਰ ਤੇ ਜੋ ਪ੍ਰਤਿਕਰਮ ਹੋਇਆ ਹੈ ਤੇ ਮੁਲਕੀ ਅਖ-ਬਾਰਾਂ ਨੇ ਜੋ ਗੁਮਰਾਹ-ਕੁਨ ਟੀਕਾ ਟਿਪਣੀ ਕੀਤੀ ਹੈ ਇਸ ਤੋਂ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਹਿੰਦੁਸਤਾਨ ਦੀ ਯੋਗ ਮੰਗ ਦੀ ਵੀ ਵਿਰੋਧਤਾ ਕੀਤੀ ਜਾ ਰਹੀ ਹੈ, ਭਾਵੇਂ ਇਸ ਦਾ ਵਾਹਿਦ ਮੰਤਵ ਇਹ ਹੈ ਕਿ ਵਰਤਮਾਨ ਖਤਰਿਆਂ ਦਾ ਮੁਕਾਬਲਾ ਕੀਤਾ ਜਾਵੇ । ਹਿੰਦੁਸ-ਤਾਨ ਨੂੰ ਆਪਣੀ ਰਾਖੀ ਦੇ ਯੋਗ ਬਣਾਇਆ ਜਾਵੇ ਤੇ ਰੂਸ ਅਤੇ ਚੀਨ ਨੂੰ ਇਸ ਲੋੜ ਵੇਲੇ ਸਹਾਇਤਾ ਦਿਤੀ ਜਾਵੇ । ਕਮੇਟੀ ਕਿਸੇ

ਤਰ੍ਹਾਂ ਵੀ ਚੀਨ ਤੇ ਰੂਸ ਨੂੰ, ਉਨ੍ਹਾਂ ਦੀ ਡੀਫੈਂਸ ਵਿਚ ਪਰੇਸ਼ਾਨ ਨਹੀਂ ਕਰਨਾ ਚਾਹੁੰਦੀ, ਕਿਉਂਕਿ ਉਨ੍ਹਾਂ ਦੀ ਆਜ਼ਾਦੀ ਕੀਮਤੀ ਹੈ ਤੇ ਉਲਟਾ ਬਚਾਓ ਕੀਤਾ ਜਾਣਾ ਚਾਹੀਦਾ ਹੈ, ਨਾ ਹੀ ਕਮੇਟੀ ਸਾਥੀ ਦੇਸ਼ਾਂ ਦੀ ਬਚਾਓ ਦੀ ਸ਼ਕਤੀ ਨੂੰ ਕਮਜ਼ੋਰ ਕਰਨਾ ਚਾਹੁੰਦੀ ਹੈ, ਪਰੰਤੂ ਖਤਰਾ ਹਿੰਦੁਸਤਾਨ ਤੇ ਸਾਥੀ ਦੇਸ਼ਾਂ ਦੋਹਾਂ ਲਈ ਵਧ ਰਿਹਾ ਹੈ ਤੇ ਇਸ ਮਰਹਲੇ ਪਰ ਬੇ-ਅਮਲੀ ਜਾਂ ਬਦੇਸ਼ੀ ਰਾਜ ਦੀ ਅਧੀਨਤਾ ਹਿੰਦੁਸਤਾਨ ਲਈ ਨਾ ਕੇਵਲ ਅਪਮਾਨ ਵਾਲੀ ਗਲ ਹੈ ਤੇ ਉਸ ਦੀ ਮਜ਼ਾਹਮਤ ਤੇ ਬਚਾਓ ਦੀ ਸ਼ਕਤੀ ਨੂੰ ਘਟਾ ਰਹੀ ਹੈ, ਸਗੋਂ ਇਹ ਵਧ ਰਹੇ ਖਤਰੇ ਦਾ ਵੀ ਕੋਈ ਉਤਰ ਨਹੀਂ ਤੇ ਇਸ ਨੂੰ ਸਾਥੀ ਦੇਸ਼ਾਂ ਦੇ ਵਾਸੀਆਂ ਦੀ ਸੇਵਾ ਨਹੀਂ ਕਿਹਾ ਜਾ ਸਕਦਾ। ਵਰਕਿੰਗ ਕਮੇਟੀ ਨੇ ਬਰਤਾਨੀਆਂ ਤੇ ਸਾਥੀ ਦੇਸ਼ਾਂ ਨੂੰ ਜੋ ਪੁਰ ਜ਼ੋਰ ਅਪੀਲ ਕੀਤੀ ਹੈ, ਹਾਲੀਂ ਤਕ ਉਸ ਦਾ ਕੋਈ ਜਵਾਬ ਨਹੀਂ ਮਿਲਿਆ ਤੇ ਬਹੁਤ ਸਾਰੇ ਬਦੇਸ਼ੀ ਹਲਕਿਆਂ ਵਿਚ ਜੋ ਨੁਕਤਾਚੀਨੀ ਕੀਤੀ ਗਈ ਹੈ, ਉਸ ਤੋਂ ਪ੍ਰਗਟ ਹੁੰਦਾ ਹੈ ਕਿ ਇਹ ਲੋਕ ਹਿੰਦੁਸਤਾਨ ਤੇ ਦੁਨੀਆ ਦੀ ਲੋੜ ਸੰਬੰਧੀ ਕਿਤਨੀ ਅਗਿਆਨਤਾ ਦੇ ਮਾਲਕ ਹਨ।

ਸਰਬ ਹਿੰਦ ਕਾਂਗਰਸ ਕਮੇਟੀ ਦੁਨੀਆ ਦੀ ਆਜ਼ਾਦੀ ਦੀ ਖਾਤਰ ਇਸ ਆਖਰੀ ਵਕਤ ਬਰਤਾਨੀਆਂ ਤੇ ਸਾਥੀ ਦੇਸ਼ਾਂ ਦੇ ਨਾ ਆਖਣੀ ਅਪੀਲ ਨੂੰ ਫਿਰ ਦੁਹਰਾਂਦੀ ਹੈ। ਪਰੰਤੂ ਕਮੇਟੀ ਇਸ ਗਲ ਨੂੰ ਮਹਿਸੂਸ ਕਰਦੀ ਹੈ ਕਿ ਇਹ ਗਲ ਬਿਲਕੁਲ ਮੁਨਾਸਿਬ ਨਹੀਂ ਕਿ ਇਕ ਦੇਸ਼ ਨੂੰ ਇਕ ਸਾਮਰਾਜ-ਸ਼ਾਹੀ ਹਕੂਮਤ ਵਿਰੁਧ ਆਪਣੀ ਮਰਜ਼ੀ ਪ੍ਰਗਟ ਕਰਨ ਤੋਂ ਰੋਕਿਆ ਜਾਵੇ ਤੇ ਉਹ ਸਾਮਰਾਜ-ਸ਼ਾਹੀ ਹਕੂਮਤ ਵੀ ਅਜਿਹੀ ਹੋਵੇ, ਜੋ ਹਿੰਦੁਸਤਾਨ ਨੂੰ ਆਪਣੇ ਲਾਭਾਂ ਦੇ ਹੱਕ ਵਿਚ ਕਾਰਰਵਾਈ ਕਰਨ ਦੀ ਆਗਿਆ ਨਾ ਦੇਂਦੀ ਹੋਵੇ। ਇਸ ਲਈ ਕਮੇਟੀ ਇਹ ਤਜਵੀਜ਼ ਕਰਦੀ ਹੈ ਕਿ ਹਿੰਦੁਸਤਾਨ ਦੀ ਆਜ਼ਾਦੀ ਦੇ ਹੱਕ ਨੂੰ ਪ੍ਰਗਟ ਕਰਨ ਦੀ ਖਾਤਰ ਬੜੇ ਭਾਰੀ ਪੈਮਾਨੇ ਪੁਰ ਸ਼ਾਂਤ-

ਮਈ ਦੀਆਂ ਲੀਹਾਂ ਪੁਰ ਇਕ ਸਮੂਹਕ ਜਦੋ-ਜਿਹਦ ਦੀ ਆਗਿਆ ਦਿਤੀ ਜਾਵੇ ਤਾਂ ਜੋ ਦੇਸ਼ ਨੇ ਪਿਛਲੇ ੨੨ ਸਾਲਾਂ ਦੀ ਸ਼ਾਂਤਮਈ ਦੀ ਜਦੋ-ਜਿਹਦ ਵਿਚ ਜੋ ਤਾਕਤ ਪ੍ਰਾਪਤ ਕੀਤੀ ਹੈ, ਉਸ ਨੂੰ ਵਰ-ਤਿਆ ਜਾ ਸਕੇ। ਅਜਿਹੀ ਜਦੋ-ਜਿਹਦ ਅਥਵਾ ਲਹਿਰ ਜ਼ਰੂਰੀ ਤੋਰ ਪਰ ਗਾਂਧੀ ਜੀ ਦੀ ਅਗਵਾਈ ਹੇਠ ਹੋਣੀ ਚਾਹੀਦੀ ਹੈ। ਇਸ ਲਈ ਕਮੇਟੀ ਗਾਂਧੀ ਜੀ ਨੂੰ ਬੇਨਤੀ ਕਰਦੀ ਹੈ ਕਿ ਉਹ ਅਗਵਾਈ ਕਰਨ ਤੇ ਜੋ ਕਦਮ ਚੁਕਿਆ ਜਾਣ ਵਾਲਾ ਹੈ, ਉਸ ਵਿਚ ਕੌਮ ਨੂੰ ਰਾਹ ਵਿਖਾਣ। ਇਹ ਕਮੇਟੀ ਭਾਰਤ-ਵਾਸੀਆਂ ਨੂੰ ਅਪੀਲ ਕਰਦੀ ਹੈ ਕਿ ਉਨ੍ਹਾਂ ਨੂੰ ਜਿਨ੍ਹਾਂ ਔਕੜਾਂ ਤੇ ਮੁਸੀਬਤਾਂ ਦਾ ਸਾਹਮਣਾ ਕਰਨਾ ਪਏ, ਉਹ ਉਹਨਾਂ ਨੂੰ ਸਬਰ ਤੇ ਹੌਂਸਲੇ ਨਾਲ ਸਹਾਰਨ ਤੇ ਉਹ ਗਾਂਧੀ ਜੀ ਦੀ ਲੀਡਰੀ ਦੇ ਝੰਡੇ ਹੇਠਾਂ ਇਕੱਤਰ ਹੋ ਜਾਣ ਤੇ ਹਿੰਦੁਸ-ਤਾਨੀ ਆਜ਼ਾਦੀ ਦੇ ਸਿਖੇ ਹੋਏ ਸਿਪਾਹੀਆਂ ਵਾਂਗ ਆਪਣੀਆਂ ਹਦਾ-ਇਤਾਂ ਤੇ ਵਰਤੋਂ ਕਰਨ। ਉਹਨਾਂ ਨੂੰ ਇਹ ਗਲ ਚੇਤੇ ਰਖਣੀ ਚਾਹੀਦੀ ਹੈ ਕਿ ਸ਼ਾਂਤਮਈ ਇਸ ਲਹਿਰ ਦੀ ਬੁਨਿਆਦ ਹੈ। ਬਹੁਤ ਸੰਭਵ ਹੈ ਕਿ ਇਕ ਅਜਿਹਾ ਵੇਲਾ ਵੀ ਆ ਜਾਵੇ ਜਦ ਕਿ ਹਦਾ-ਇਤਾਂ ਜਾਰੀ ਕਰਨ ਜਾਂ ਉਨ੍ਹਾਂ ਦਾ ਜਨਤਾ ਤਕ ਪੁਚਾਣਾ ਅਸੰਭਵ ਹੋ ਜਾਵੇ ਤੇ ਜਦ ਕਿ ਕਾਂਗਰਸ ਕਮੇਟੀਆਂ ਮੁਅੱਤਲ ਹੋ ਜਾਣ ਇਸ ਹਾਲਤ ਵਿਚ ਹਰ ਮਰਦ ਤੇ ਹਰ ਦੇਵੀ ਨੂੰ ਜਾਰੀ ਹੋਈਆਂ ਹਦਾ-ਇਤਾਂ ਨੂੰ ਮੁਖ ਰਖ ਕੇ ਆਪਣੇ ਸੰਬੰਧੀ ਆਪ ਫੈਸਲਾ ਕਰਨਾ ਹੋਵੇਗਾ।

ਹਰ ਉਹ ਹਿੰਦੁਸਤਾਨੀ ਜੋ ਦੇਸ਼ ਦੀ ਸੁਤੰਤ੍ਰਤਾ ਦਾ ਅਭਿਲਾਖੀ ਹੈ ਤੇ ਜਿਸ ਨੇ ਇਸ ਲਈ ਕੰਮ ਕਰਨਾ ਹੈ, ਉਸ ਨੂੰ ਆਪਣਾ ਆਗੂ ਆਪ ਬਣਨਾ ਪਵੇਗਾ ਤੇ ਉਸ ਰਾਹ ਤੇ ਚਲਣਾ ਪਵੇਗਾ ਜਿਥੇ ਆਰਾਮ ਦੀ ਕੋਈ ਗੁੰਜਾਇਸ਼ ਨਹੀਂ ਤੇ ਜੋ ਅੰਤ ਆਜ਼ਾਦੀ ਵਲ ਜਾਂਦੀ ਹੈ।

ਅੰਤ ਵਿਚ ਜਿਥੇ ਸਰਬ ਹਿੰਦ ਕਾਂਗਰਸ ਕਮੇਟੀ ਨੇ ਆਜ਼ਾਦ ਹਿੰਦੁਸਤਾਨ ਦੀ ਅਗਲੀ ਹਕੂਮਤ ਬਾਰੇ ਢਾਂਚਾ ਪੇਸ਼ ਕਰ ਦਿਤਾ ਹੈ, ਓਥੇ ਉਹ ਇਸ ਗਲ ਨੂੰ ਸਪਸ਼ਟ ਕਰ ਦੇਣਾ ਚਾਹੁੰਦੀ ਏ ਕਿ ਉਹ ਇਸ ਸਮੂੰਹਕ ਲਹਿਰ ਨੂੰ ਜਾਰੀ ਕਰ ਕੇ ਕਾਂਗਰਸ ਲਈ ਤਾਕਤ ਪ੍ਰਾਪਤ ਨਹੀਂ ਕਰਨਾ ਚਾਹੁੰਦੀ। ਤਾਕਤ ਜਦ ਪ੍ਰਾਪਤ ਹੋਵੇਗੀ, ਸਾਰੇ ਹਿੰਦੁਸਤਾਨ ਦੀ ਮਲਕੀਅਤ ਹੋਵੇਗੀ।

## ਕਾਂਗਰਸੀ ਲੀਡਰ ਗ੍ਰਿਫਤਾਰ

ਬੰਬਈ, ੮ ਅਗਸਤ ਨੂੰ ਸਰਬ ਹਿੰਦ ਕਾਂਗਰਸ ਕਮੇਟੀ ਨੇ ਕਾਂਗਰਸ ਵਰਕਿੰਗ ਕਮੇਟੀ ਦਾ ਉਹ ਮਤਾ ਪਾਸ ਕਰ ਦਿਤਾ, ਜਿਸ ਵਿਚ ਬਰਤਾਨਵੀ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਹਿੰਦੁਸਤਾਨ ਤੋਂ ਆਪਣੀ ਤਾਕਤ ਹਟਾ ਲਵੇ, ਨਹੀਂ ਤਾਂ ਸਿਵਲ ਨਾ-ਫੁਰਮਾਨੀ ਕੀਤੀ ਜਾਵੇਗੀ। ਕੇਵਲ ੧੩ ਮੈਂਬਰਾਂ ਨੇ ਇਸ ਮਤੇ ਵਿਰੁਧ ਵੋਟ ਦਿਤੇ। ਬਹਿਸ ਨੂੰ ਖਤਮ ਕਰਦਿਆਂ ਪੰਡਤ ਜਵਾਹਰ ਲਾਲ ਜੀ ਨਹਿਰੂ ਨੇ ਕਿਹਾ ਕਿ ਕਾਂਗਰਸ ਦਾ ਮਤਾ ਧਮਕੀ ਨਹੀਂ ਸਗੋਂ ਆਜ਼ਾਦੀ ਦੀ ਸੂਰਤ ਪੁਰ ਮਿਲਵਰਤਨ ਦੀ ਪੇਸ਼ਕਸ਼ ਹੈ। ਮਤੇ ਦੇ ਪਾਸ ਹੋਣ ਪਿਛੋਂ ਮਹਾਤਮਾ ਗਾਂਧੀ ਨੇ ਤਕਰੀਰ ਕਰਦਿਆਂ ਕਿਹਾ ਕਿ ਅਸੀਂ ਜਦੋ-ਜਿਹਦ ਅਥਵਾ ਲਹਿਰ ਸ਼ੁਰੂ ਕਰਨ ਤੋਂ ਪਹਿਲਾਂ ਵਾਇਸਰਾਏ ਨੂੰ ਮਿਲਣ ਦੀ ਪੂਰੀ ਕੋਸ਼ਸ਼ ਕਰਾਂਗੇ।

ਵਰਕਿੰਗ ਕਮੇਟੀ ਦੇ ਮਤੇ ਵਿਚ ਕਈ ਤਰਮੀਮਾਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਨੂੰ ਅਪ੍ਰਵਾਨ ਕਰ ਦਿਤਾ ਗਿਆ। ਇਨ੍ਹਾਂ ਵਿਚੋਂ ਇਕ ਤਰਮੀਮ ਡਾਕਟਰ ਸੀ. ਸਭਰਾਇਨ ਨੇ ਪੇਸ਼ ਕੀਤੀ, ਜਿਸ ਵਿਚ ਮੰਗ ਕੀਤੀ ਗਈ ਕਿ ਮਤੇ ਵਿਚੋਂ ਸਿਵਲ ਨਾ-ਫੁਰਮਾਨੀ ਸੰਬੰਧੀ ਪੈਰੇ ਨੂੰ ਕਢ ਦਿਤਾ ਜਾਵੇ ਤੇ ਇਸ ਦੀ ਥਾਂ ਇਹ ਸ਼ਬਦ ਸ਼ਾਮਲ ਕੀਤੇ ਜਾਣ ਕਿ ਕਾਂਗਰਸ ਮੁਸਲਿਮ ਲੀਗ ਨਾਲ ਸਮਝੌਤੇ ਦੀ ਗਲ ਬਾਤ ਕਰਨ ਵਿਚ ਪਹਿਲ ਕਰੇ ਤੇ ਆਰਜ਼ੀ ਸਰਕਾਰ ਅਸਥਾਪਨ

ਕਰੇ। ਕਾਂਗਰਸ ਨੂੰ ਸਾਰਾ ਜ਼ੋਰ ਸਮਝੌਤਾ ਕਰਨ ਵਿਚ ਲਾਣਾ ਚਾਹੀਦਾ ਹੈ, ਤਾਂ ਜੋ ਮਿਲੀ ਜੁਲੀ ਮੰਗ ਪੇਸ਼ ਕੀਤੀ ਜਾ ਸਕੇ । ਡਾਕਟਰ ਅਸ਼ਰਫ਼ ਤੇ ਮਿਸਟਰ ਸਜਾਦ ਜ਼ਹੀਰ ਆਦਿ ਕਮਯੂਨਿਸਟਾਂ ਨੇ ਵੀ ਆਪਣੀਆਂ ਤਰਮੀਮਾਂ ਪੇਸ਼ ਕੀਤੀਆਂ ਤੇ ਆਪਣੀਆਂ ਤਕਰੀਰਾਂ ਵਿਚ ਜ਼ੋਰ ਦਿਤਾ ਕਿ ਕਾਂਗਰਸ ਸਿਵਲ ਨਾ-ਫੁਰਮਾਨੀ ਸ਼ੁਰੂ ਕਰਨ ਦੀ ਥਾਂ ਇਕ ਮਿਲਿਆ ਜੁਲਿਆ ਮੋਰਚਾ ਕਾਇਮ ਕਰੇ ਤੇ ਕੌਮੀ ਗੌਰਮਿੰਟ ਸਾਥੀ ਦੇਸ਼ਾਂ ਨਾਲ ਮਿਲ ਕੇ ਹਮਲਾ-ਆਵਰਾਂ ਦਾ ਮੁਕਾਬਲਾ ਕਰੇ । ਕਮਯੂਨਿਸਟ ਲੀਡਰਾਂ ਨੇ ਆਪਣੀਆਂ ਤਕਰੀਰਾਂ ਵਿਚ ਕਿਹਾ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਕਾਂਗਰਸ ਜੋ ਸਦਾ ਹੀ ਆਜ਼ਾਦੀ ਤੇ ਪਰਜਾ ਰਾਜ ਦੀ ਹਮਾਇਤ ਕਰਦੀ ਰਹੀ ਹੈ, ਇਸ ਨਾਜ਼ਕ ਮੌਕੇ ਤੇ ਇਕ ਅਜਿਹੀ ਲਹਿਰ ਚਲਾ ਰਹੀ ਹੈ ਜਿਸ ਤੋਂ ਪਤਾ ਨਹੀਂ ਆਜ਼ਾਦੀ ਮਿਲੇਗੀ ਕਿ ਨਹੀਂ ਪਰੰਤੂ ਸਾਥੀ ਦੇਸ਼ਾਂ ਦੇ ਯਤਨਾਂ ਵਿਚ ਜ਼ਰੂਰ ਰੁਕਾਵਟ ਪਵੇਗੀ । ਯੂ. ਪੀ. ਦੇ ਸੋਸ਼ਲਿਸਟ ਦੇ ਮਿਸਟਰ ਬਾਲ ਕ੍ਰਿਸ਼ਨ ਸ਼ਰਮਾ ਨੇ ਵੀ ਇਕ ਤਰਮੀਮ ਪੇਸ਼ ਕੀਤੀ ਕਿ ਇਸ ਵਕਤ ਜੰਤਕ ਲਹਿਰ ਸ਼ੁਰੂ ਕਰਨਾ ਮੁਨਾਸਿਬ ਨਹੀਂ । ਕਿਉਂਕਿ ਕੁਝ ਖ਼ਾਸ ਕਾਰਨਾਂ ਕਰ ਕੇ ਮਜ਼ਦੂਰ ਜਮਾਤਾਂ ਇਸ ਵਕਤ ਇਸ ਦੀ ਪਰੋੜ੍ਹਤਾ ਨਹੀਂ ਕਰ ਸਕਣਗੀਆਂ । ਪ੍ਰਧਾਨ ਕਾਂਗਰਸ ਮੌਲਾਨਾ ਆਜ਼ਾਦ ਨੇ ਇਹ ਤਰਮੀਮ ਇਸ ਆਧਾਰ ਪੁਰ ਬੇ-ਜ਼ਾਬਤਾ ਕਰਾਰ ਦੇ ਦਿਤੀ ਕਿ ਇਹ ਇਕ ਵਖਰੇ ਮਤੇ ਦੀ ਹੈਸੀਅਤ ਰਖਦੀ ਹੈ ਤੇ ਵਰਕਿੰਗ ਕਮੇਟੀ ਦੇ ਮਤੇ ਦੇ ਉਲਟ ਹੈ ।

੮ ਅਗਸਤ ੧੯੪੨ ਨੂੰ ਕਾਂਗਰਸ ਨੇ ਬੰਬਈ ਵਿਚ ਮਤਾ ਪਾਸ ਕੀਤਾ ਅਤੇ ਦੂਜੇ ਦਿਨ ੯ ਅਗਸਤ ਨੂੰ ਸਵੇਰੇ ਲੋਕਾਂ ਨੇ ਇਹ ਖ਼ਬਰ ਪੜ੍ਹ ਲਈ ਕਿ ਸਰਕਾਰ ਨੇ ਮਹਾਤਮਾਂ ਗਾਂਧੀ, ਕਾਂਗਰਸ ਦੇ ਪ੍ਰਧਾਨ ਮੌਲਾਨਾ ਆਜ਼ਾਦ, ਪੰਡਤ ਜਵਾਹਰ ਲਾਲ ਨਹਿਰੂ, ਮਿਸਟਰ ਵਲਭ ਭਾਈ ਪਟੇਲ, ਮਿਸਜ਼ ਸਰੋਜਨੀ ਨਾਈਡੂ ਅਤੇ ਕਾਂਗਰਸ ਵਰਕਿੰਗ

ਕਮੇਟੀ ਦੇ ਦੂਜੇ ਸਭ ਮੈਂਬਰ ਗ੍ਰਿਫਤਾਰ ਕਰ ਲਏ ਹਨ। ਇਹੋ ਨਹੀਂ ਸਗੋਂ ਮੀਰਾ ਬੈਣ ਮਹਾਂ ਦੇਵ ਡੇਸਾਈ ਤੇ ਬੰਬਈ ਸੂਬਕ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਸੈਕ੍ਰੇਟਰੀ ਵੀ ਗ੍ਰਿਫਤਾਰ ਕਰ ਲਏ ਗਏ ।ਦਿਨ ਚੜ੍ਹਦੇ ਤੀਕ ਬੰਬਈ ਸ਼ਹਿਰ ਵਿਚੋਂ ਸਰਕਾਰ ਨੇ ੪੨ ਲੀਡਰ ਗ੍ਰਿਫਤਾਰ ਕਰ ਲਏ । ਮਹਾਤਮਾਂ ਗਾਂਧੀ ਤੇ ਉਹਨਾਂ ਦੇ ਬਹੁਤ ਸਾਰੇ ਸਾਥੀ ਪੂਨੇ ਦੇ ਪਾਸ ਸਰ ਆਗਾ ਖਾਂ ਦੇ ਮਹਲ ਵਿਚ ਨਜ਼ਰ ਬੰਦ ਕਰ ਦਿਤੇ ਗਏ। ਬਾਕੀ ਦੇ ਅਹਿਮਦ ਗੜ੍ਹ ਕਿਲੇ ਵਿਚ ਭੇਜ ਦਿਤੇ ਗਏ ਤੇ ਓਥੇ ਨਜ਼ਰ ਬੰਦ ਕੀਤੇ ਗਏ ।

ਬੰਬਈ ਦੇ ਲੋਕਾਂ ਨੇ ਜਦ ਕਾਂਗਰਸੀ ਲੀਡਰਾਂ ਦੀ ਗ੍ਰਿਫਤਾਰੀ ਦੀ ਖਬਰ ਪੜ੍ਹੀ ਤਦ ਉਹਨਾਂ ਨੇ ਹੜਤਾਲ ਕਰ ਦਿਤੀ, ਜਲੂਸ ਕਢੇ ਤੇ ਮਜ਼ਾਹਰੇ ਸ਼ੁਰੂ ਕਰ ਦਿਤੇ। ਪੁਲੀਸ ਨੇ ਮਜ਼ਾਹਰੇ ਰੋਕੇ ਪਰ ਰੋਕ ਨ ਸਕੀ ਇਸ ਤੇ ਉਸ ਨੇ ਹਜੂਮ ਉਤੇ ਗੋਲੀ ਚਲਾ ਦਿਤੀ। ਅਤੇ ਬੰਬਈ ਵਿਚ ਕਈ ਵਾਰ ਗੋਲੀਆਂ ਚਲਾ ਕੇ ਹਜੂਮ ਨੂੰ ਖਿੰਡਾਇਆ ਗਿਆ। ਜਦ ਇਹ ਖਬਰ ਦੂਜੇ ਸ਼ਹਿਰਾਂ ਵਿਚ ਪੁਜੀ ਤਦ ਓਥੇ ਵੀ ਵਖਾਵੇ ਸ਼ੁਰੂ ਹੋ ਗਏ। ਸਰਕਾਰੀ ਦਫਤ੍ਰਾਂ, ਥਾਣਿਆਂ ਤੇ ਸਰਕਾਰੀ ਅਮਾਰਤਾਂ ਨੂੰ ਅਗਾਂ ਲਾਈਆਂ ਗਈਆਂ ।

ਸਰਕਾਰ ਨੇ ਵੀ ਦੇਸ ਦੇ ਸਭ ਵਡੇ ਵਡੇ ਸ਼ਹਿਰਾਂ ਵਿਚੋਂ ਕਾਂਗਰਸੀਆਂ ਨੂੰ ਚੁਣ ਚੁਣ ਕੇ ਗ੍ਰਿਫਤਾਰ ਕੀਤਾ ਤੇ ਮਜ਼ਾਹਰਾ ਕਰਨ ਵਾਲਿਆਂ ਉਤੇ ਗੋਲੀਆਂ ਚਲਾਈਆਂ। ਬੰਬਈ ਵਿਚ ੯ ਤਰੀਕ ਨੂੰ ੧੨ ਵਾਰ ਗੋਲੀ ਚਲੌਣੀ ਪਈ। ਉਸੇ ਥਿਨ ਅਹਿਮਦਾਬਾਦ ਅਤੇ ਪੂਨੇ ਵਿਚ ਵੀ ਪੁਲੀਸ ਨੇ ਗੋਲੀਆਂ ਚਲਾਈਆਂ ਤੇ ਹਜੂਮ ਨੂੰ ਖਿੰਡਾਇਆ ਲਖਨਊ ਤੇ ਦਿਲੀ ਵਿਚ ਵੀ ਭੜਕੇ ਹੋਏ ਹਜੂਮ ਉਤੇ ਗੋਲੀ ਚਲਾਈ ਗਈ ।

ਦੂਜੇ ਪਾਸੇ ਵਖ ਵਖ ਸੂਬਿਆਂ ਵਿਚ ਵੀ ਕਾਂਗਰਸੀਆਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ।

ਨ ਕੇਵਲ ਬੰਬਈ ਵਿਚ ਹੀ ਸਗੋਂ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਸਿਰ ਕਢ ਕਾਂਗਰਸੀ ਲੀਡਰਾਂ ਤੇ ਕਾਰਕੁਨਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ ਗ੍ਰਿਫਤਾਰੀਆਂ ਦੇ ਨਾਲ ਹੀ ਸਰਕਾਰ ਨੇ ਕਾਂਗਰਸ ਦੀ ਵਰਕਿੰਗ ਕਮੇਟੀ ਆਲ ਇੰਡੀਆ ਕਾਂਗਰਸ ਕਮੇਟੀ ਅਤੇ ਦੂਜੀਆਂ ਕਾਂਗਰਸ ਕਮੇਟੀਆਂ ਨੂੰ ਕਾਨੂੰਨ ਵਿਰੁਧ ਕਰਾਰ ਦੇ ਦਿਤਾ। ਏਥੇ ਹੀ ਬਸ ਨ ਕੀਤੀ ਗਈ ਸਗੋਂ ਪਬਲਿਕ ਮੀਟਿੰਗਾਂ ਦੀ ਵੀ ਮਨਾਹੀ ਕਰ ਦਿਤੀ ਤੇ ਜਤਨ ਕੀਤਾ ਗਿਆ ਕਿ ਕਾਂਗਰਸੀ ਲੀਡਰਾਂ ਦੀ ਗ੍ਰਿਫਤਾਰੀ ਵਿਰੁਧ ਲੋਕ ਆਪਣੀ ਆਵਾਜ਼ ਉਚੀ ਨ ਕਰ ਸਕਣ। ਪਰ ਲੋਕਾਂ ਦਾ ਜੋਸ਼ ਮਠਾ ਨ ਹੋਇਆ। ਕਾਂਗਰਸੀ ਲੀਡਰਾਂ ਦੀ ਗ੍ਰਿਫਤਾਰੀ ਦੀ ਖਬਰ ਸੁਣਦੇ ਸਾਰ ਬੰਬਈ ਵਿਚ ਹੀ ਨਹੀਂ ਸਗੋਂ ਹਿੰਦੁਸਤਾਨ ਭਰ ਦੇ ਸਭ ਵਡੇ ਵਡੇ ਸ਼ਹਿਰਾਂ ਵਿਚ ਜ਼ਬਰਦਸਤ ਹੜਤਾਲਾਂ ਹੋਈਆਂ। ਬੰਬਈ ਤੇ ਹੋਰਨਾਂ ਸ਼ਹਿਰਾਂ ਵਿਚ ਜਲਸੇ ਤੇ ਜਲੂਸ ਕਢੇ ਗਏ ਪੋਲੀਸ ਨੇ ਜਲੂਸਾਂ ਨੂੰ ਰੋਕਣ ਲਈ ਲਾਠੀ ਚਾਰਜ ਕੀਤੇ ਤੇ ਟੀਅਰ ਗੇਸ ਵਰਤੀ ਤੇ ਗੋਲੀਆਂ ਵੀ ਚਲਾਈਆਂ ਜਿਨ੍ਹਾਂ ਕਰ ਕੇ ਕਾਫੀ ਨੁਕਸਾਨ ਜਾਨਾਂ ਦਾ ਹੋਇਆ। ਸਰਕਾਰ ਨੇ ਕਾਂਗਰਸ ਦੀਆਂ ਜਾਇਦਾਦਾਂ, ਦਫਤ੍ਰਾਂ ਤੇ ਫੰਡਾਂ ਨੂੰ ਜ਼ਬਤ ਕਰ ਲਿਆ ਤੇ ਸਰਕਾਰ ਦੀਆਂ ਇਹਨਾਂ ਕਾਰਰਵਾਈਆਂ ਨੇ ਬਲਦੀ ਉਤੇ ਤੇਲ ਛਿੜਕਿਆ ਲੋਕਾਂ ਦੇ ਜਜ਼ਬਾਤ ਭੜਕ ਉਠੇ ਤੇ ਉਹਨਾਂ ਨੇ ਉਹ ਕਾਰੇ ਕੀਤੇ ਜਿਨ੍ਹਾਂ ਨੂੰ ਸਰਕਾਰ ਨੇ ਬਗ਼ਾਵਤ ਦਾ ਨਾਮ ਦੇ ਕੇ ਪੂਰੀ ਤਾਕਤ ਨਾਲ ਦਬਾਉਣ ਦਾ ਜਤਨ ਕੀਤਾ।

ਲੋਕਾਂ ਨੇ ਭੜਕਾਹਟ ਦੇ ਕਾਰਨ ਸਰਕਾਰੀ ਜਾਇਦਾਦਾਂ ਤੇ ਦਫਤ੍ਰਾਂ ਅਗਾਂ ਲਾ ਦਿਤੀਆਂ, ਤਾਰਾਂ ਕਟ ਦਿਤੀਆਂ, ਅਫਸਰਾਂ ਤੇ ਸਰਕਾਰੀ ਚੌਕੀਆਂ ਉਤੇ ਹਮਲੇ ਕੀਤੇ ਤੇ ਲੁਟ ਮਾਰ ਦੀਆਂ ਵਾਰਦਾਤਾਂ ਵੀ ਹੋਈਆਂ। ਪੋਲੀਸ ਨੇ ਵੀ ਘਟ ਨ ਗੁਜ਼ਾਰੀ ਗੁਨਾਹਗਾਰ ਬੇ-ਗੁਨਾਹ ਲੋਕਾਂ ਨੂੰ ਪੂਰੀ ਤਾਕਤ ਨਾਲ ਦਬਾਇਆ ਤੇ ਜੋ ਜੋ ਸਖਤੀਆਂ ਇਸ ਜ਼ਮਾਨੇ ਵਿਚ

ਪੁਲੀਸ ਤੇ ਲੋਕਾਂ ਵਲੋਂ ਇਕ ਦੂਜੇ ਉਤੇ ਕੀਤੀਆਂ ਗਈਆਂ ਉਹਨਾਂ ਦੀ ਵਿਥਿਆ ਸੁਣ ਕੇ ਹੁਣ ਵੀ ਦਿਲ ਨੂੰ ਕਾਂਬਾ ਛਿੜ ਪੈਂਦਾ ਹੈ। ਲੀਡਰਾਂ ਦੀ ਗ੍ਰਿਫਤਾਰੀ ਦੇ ਕਾਰਨ ਸਾਰੇ ਦੇਸ਼ ਵਿਚ ਗ਼ਮ ਤੇ ਗੁੱਸੇ ਦੇ ਜਜ਼ਬਾਤ ਭੜਕ ਉਠੇ ਸਨ। ਸ਼ਇਦ ਹੀ ਕੋਈ ਸੂਬਾ ਐਸਾ ਬਚਿਆ ਹੋਵੇ ਜਿਥੇ ਲੋਕਾਂ ਨੇ ਡਾਕਖਾਨੇ ਨ ਸਾੜੇ ਹੋਣ, ਟੈਲੀਗ੍ਰਾਫ ਤੇ ਟੈਲੀਫੋਨ ਦੀਆਂ ਤਾਰਾਂ ਨ ਕਟੀਆਂ ਹੋਣ, ਰੇਲਵੇ ਸਟੇਸ਼ਨਾਂ ਤੇ ਲਾਈਨਾਂ ਨੂੰ ਨੁਕਸਾਨ ਨ ਪੁਚਾਇਆ ਹੋਵੇ ਤੇ ਇਹੋ ਜਿਹੇ ਹੋਰ ਕਾਰੇ ਨ ਵਰਤਾਏ ਹੋਣ। ਇਹਨਾਂ ਕਾਰਰਵਾਈਆਂ ਨੂੰ ਦਬੋਣ ਲਈ ਪੁਲੀਸ ਨੇ ਵੀ ਘਟ ਨ ਕੀਤੀ ਤੇ ਉਹਨੇ ਵੀ ਕਈ ਥਾਈਂ ਲਾਠੀਆਂ ਤੇ ਗੋਲੀਆਂ ਨਾਲ ਜਵਾਬ ਦਿਤਾ ਜਿਸ ਕਰ ਕੇ ਕਾਫੀ ਨੁਕਸਾਨ ਦੋਵਾਂ ਧਿਰਾਂ ਦਾ ਹੋਇਆ। ਉਹਨਾਂ ਦਿਨਾਂ ਵਿਚ ਕਿਹੋ ਜਿਹੇ ਕਾਰੇ ਹੋਏ ਇਸਦਾ ਅੰਦਾਜ਼ਾ ਪੰਜਾਬ ਗੌਰਮਿੰਟ ਦੇ ੨੫ ਸਤੰਬਰ ਦੇ ਇਕ ਐਲਾਨ ਤੋਂ ਸਹਿਜੇ ਹੀ ਲਗਾ ਸਕਦਾ ਹੈ ਜੋ ਉਸ ਨੇ ੧੪ ਅਗਸਤ ਦੀ ਇਕ ਘਟਨਾ ਬਰੇ ਪ੍ਰਕਾਸ਼ਤ ਕੀਤਾ ਸੀ। ਉਸ ਐਲਾਨ ਵਿਚ ਦਰਜ ਸੀ :–

ਯੂ. ਪੀ. ਤੋਂ ਇਤਲਾਹਾਂ ਮਿਲੀਆਂ ਹਨ ਕਿ ਪੰਜਾਬ ਦੇ ਜ਼ਿਲਾ ਕਾਂਗੜੇ ਦਾ ਇਕ ਬਹਾਦੁਰ ਪੁਲੀਸ ਅਫਸਰ ਜਰਾ ਸਿੰਘ ੨੬ ਸਾਲ ਤੋਂ ਯੂ. ਪੀ. ਦੇ ਮਹਿਕਮਾ ਪੁਲੀਸ ਵਿਚ ਕੰਮ ਕਰ ਰਿਹਾ ਸੀ। ੧੪ ਅਗਸਤ ਨੂੰ ਸਤ ਵਜੇ ਸਵੇਰੇ ਜਰਾ ਸਿੰਘ ਨੇ ਸੁਣਿਆ ਕਿ ਚਮੋੜ ਦੇ ਰੈਸਟ ਹਾਊਸ ਨੂੰ ੮੦੦੦ ਦੇ ਲਗ ਪਗ ਆਦਮੀਆਂ ਦੀ ਭੀੜ ਨੇ ਘੇਰ ਲਿਆ ਹੈ। ਉਹ ਕਾਂਗਰਸੀ ਨਾਅਰੇ ਲਾ ਰਹੇ ਹਨ ਤੇ ਕਾਂਗਰਸੀ ਝੰਡਾ ਝੁਲਾ ਰਹੇ ਹਨ। ਇਸ ਇਨਸਪੈਕਟਰ ਨੇ ਉਥੇ ਪੁਜ ਕੇ ਡਿੱਠਾ ਕਿ ਰੈਸਟ ਹਾਊਸ ਵਿਚ ਅਗ ਦੇ ਭਾਂਬੜ ਬਲ ਰਹੇ ਹਨ। ਭੀੜ ਨੇ ਰੈਸਟ ਹਾਊਸ ਦੇ ਦਰਵਜ਼ੇ ਤੋੜ ਕੇ ਅੰਦਰ ਦਾਖਲ ਹੋਣ ਦੇ ਪਿਛੋਂ ਸਬ ਡਵੀਜ਼ਨਲ ਅਫਸਰ ਤੇ ਨਾਇਬ ਤਹਿਸੀਲਦਾਰ ਨੂੰ ਉਹਨਾਂ ਦੀਆਂ ਕੁਰ-

ਸੀਆਂ ਦੇ ਨਾਲ ਇਕ ਕੇਂਦਰੀ ਕਮਰੇ ਵਿਚ ਬੰਨ੍ਹ ਦਿਤਾ ਤੇ ਸਾਰੇ ਰੈਸਟ ਹਾਊਸ ਨੂੰ ਅਗ ਲਾ ਦਿਤੀ । ਉਕਤ ਇਨਸਪੈਕਟਰ ਭੀੜ ਨੂੰ ਚੀਰਦਾ ਹੋਇਆ ਅਗੇ ਵਧਿਆ। ਉਸ ਨੇ ਭੀੜ ਨੂੰ ਖੰਡਾਉਣ ਦੀ ਕੋਸ਼ਸ਼ ਕੀਤੀ। ਭੀੜ ਨੇ ਉਸ ਨੂੰ ਧਮਕੀ ਦਿਤੀ ਕਿ ਉਹ ਭੀ ਉਹਨਾਂ ਦੀਆਂ ਕਤਲ ਗ਼ਾਰਤ ਤੇ ਅਗ ਲਾਉਣ ਦੀਆਂ ਸਰ ਗਰਮੀਆਂ ਵਿਚ ਸ਼ਾਮਲ ਹੋ ਜਾਵੇ ਨਹੀਂ ਤਾਂ ਮਾਰ ਦਿਤਾ ਜਾਵੇਗਾ। ਇਨਸਪੈਕਟਰ ਨੇ ਗੋਲੀ ਚਲਾ ਕੇ ਇਕ ਆਦਮੀ ਨੂੰ ਮਾਰ ਦਿਤਾ। ਗੋਲੀਆਂ ਖਤਮ ਹੋਣ ਪਰ ਉਸ ਨੇ ਸੰਗੀਨ ਤੋਂ ਕੰਮ ਲਿਆ। ਉਸ ਦੇ ਨਾਲ ਕੇਵਲ ਇਕ ਕਾਨਸਟੇਬਲ ਸੀ, ਜਿਸ ਦਾ ਨਾਮ ਕਾਮਤਾ ਪ੍ਰਸ਼ਾਦ ਸੀ। ਉਸ ਨੇ ਕਮਾਲ ਵਫ਼ਾਦਾਰੀ ਨਾਲ ਉਸ ਦਾ ਸਾਥ ਦਿਤਾ। ਉਹਨਾਂ ਦੋਹਾਂ ਨੇ ਕੁਝ ਸਮੇਂ ਤਕ ਭੀੜ ਦਾ ਮੁਕਾਬਲਾ ਕੀਤਾ । ਆਖਰਕਾਰ ਲਾਠੀਆਂ ਦੀਆਂ ਚੋਟਾਂ ਨਾਲ ਡਿਗ ਪਏ ਤੇ ਭੀੜ ਨੇ ਉਹਨਾਂ ਨੂੰ ਸਾੜ ਕੇ ਸਵਾਹ ਦਾ ਢੇਰ ਕਰ ਦਿਤਾ।"

ਇਸ ਗੜਬੜ ਦੇ ਦਿਨਾਂ ਵਿਚ ਜੋ ਕਾਫ਼ੀ ਦੇਰ ਤੀਕ ਜਾਰੀ ਰਹੀ ਪੁਲੀਸ ਤੇ ਫ਼ੌਜ ਨੇ ਹਿੰਦੁਸਤਾਨ ਦੇ ਕਈ ਸੂਬਿਆਂ ਵਿਚ ਨਿਹਥੇ ਤੇ ਮਾਸੂਮ ਲੋਕਾਂ ਉਤੇ ਜੋ ਜ਼ੁਲਮ ਕੀਤੇ ਉਹਨਾਂ ਦੀ ਵਿਥਿਆ ਵੀ ਬੜੀ ਦਰਦਨਾਕ ਕਾਂਡ ਪੇਸ਼ ਕਰਦੀ ਹੈ। ਫ਼ੌਜੀਆਂ ਨੇ ਪਿੰਡਾਂ ਵਾਲਿਆਂ ਦੀਆਂ ਇਸਤ੍ਰੀਆਂ ਦੇ ਸਤ ਭੰਗ ਕੀਤੇ ਅਤੇ ਜ਼ਰਾ ਜ਼ਰਾ ਜਿੰਨੇ ਬਹਾਨਿਆਂ ਉਤੇ ਪਿੰਡਾਂ ਦੇ ਪਿੰਡ ਸਾੜ ਕੇ ਸੁਵਾਹ ਕਰ ਦਿਤੇ ਸਨ । ਜੁਰਮਾਨੇ, ਮਾਰ ਕੁਟ ਤੇ ਆਮ ਗਲਾਂ ਹੋ ਗਈਆਂ ਸਨ ਅਤੇ ਪਿਛੋਂ ਜੋ ਰਿਪੋਰਟਾਂ ਤੇ ਖ਼ਬਰਾਂ ਅਖਬਾਰਾਂ ਵਿਚ ਛਪੀਆਂ ਉਹ ਲੂੰ ਕੰਡੇ ਖੜੇ ਕਰਨ ਵਾਲੀਆਂ ਸਨ । ਲੋਕਾਂ ਨੇ ਵੀ ਕਈ ਥਾਵਾਂ ਉਤੇ ਮਤਵਾਜ਼ੀ ਗੌਰ-ਮਿੰਟਾਂ ਕਾਇਮ ਕਰ ਲਈਆਂ ਸਨ ਤੇ ਸਰਕਾਰੀ ਪੁਲੀਸ ਤੇ ਫੌਜ ਨੂੰ ਬਿਲਕੁਲ ਨਾਕਾਰਾ ਕਰ ਰਖਿਆ ਸੀ।

ਫੇਰ ਜਦੋਂ ੧੯੪੫ ਵਿਚ ਜੰਗ ਖਤਮ ਹੋਈ ਤਦ ੧੯੪੬

ਵਿਚ ਪਾਰਲੀਮੈਂਟਰੀ ਡੈਲੀਗੇਸ਼ਨ ਤੇ ਉਸ ਦੇ ਮਗਰੋਂ ਵਜ਼ਾਰਤੀ ਮਿਸ਼ਨ ਜਿਸ ਵਿਚ ਲਾਰਡ ਪਥਿਕ ਲਾਰੰਸ ਵਜ਼ੀਰ ਹਿੰਦ, ਮਿਸਟਰ ਏ. ਵੀ. ਅਲੈਗਜ਼ੈਂਡਰ ਅਤੇ ਸਰ ਸਟੈਫੋਰਡ ਕਰਿਪਸ ਸ਼ਾਮਲ ਸਨ ਹਿੰਦੁਸਤਾਨ ਵਿਚ ਆਇਆ ਤੇ ਉਸ ਨੇ ਆਰਜ਼ੀ ਹਕੂਮਤ ਤੇ ਕਾਨਸਟੀ ਟਯੂਟ ਅਸੈਂਬਲੀ ਦੀਆਂ ਸਕੀਮਾਂ ਹਿੰਦੀ ਲੀਡਰਾਂ ਨਾਲ ਮਿਲ ਕੇ ਤਿਆਰ ਕੀਤੀਆਂ, ਜਿਸ ਦੇ ਮੁਤਾਬਕ ਪਹਿਲੇ ਕਾਂਗਰਸ ਨੇ ਆਰਜ਼ੀ ਗੌਰਮਿੰਟ ਬਣਾਈ ਜਿਸ ਦੇ ਵਜ਼ੀਰ ਆਜ਼ਮ ਪੰਡਤ ਜਵਾਹਰ ਲਾਲ ਨਹਿਰੂ ਬਣਾਏ ਗਏ। ਮਗਰੋਂ ਮੁਸਲਮ ਲੀਗ ਵੀ ਇਸ ਗੌਰਮਿੰਟ ਵਿਚ ਆ ਸ਼ਾਮਲ ਹੋਈ। ਅਜ ਕਲ ਇਹੋ ਨੈਸ਼ਨਲ ਗੌਰਮਿੰਟ ਸਰਕਾਰ ਹਿੰਦ ਦਾ ਕਾਰੋਬਾਰ ਚਲਾ ਰਹੀ ਹੈ।

ਹਿੰਦੁਸਤਾਨ ਦੀ ਇਸ ਜਦੋ ਜਿਹਦ ਆਜ਼ਾਦੀ ਵਿਚ ਸ੍ਰੀ ਸੁਭਾਸ਼ ਬਾਬੂ ਨੇ ਕੀ ਅਤੇ ਕਿਸ ਤਰੀਕੇ ਨਾਲ ਹਿਸਾ ਲਿਆ ਇਹ ਸਭ ਵਿਸਥਾਰ ਅਗਲੇ ਪਤ੍ਰਿਆਂ ਵਿਚ ਖੋਹਲ ਕੇ ਦਸਿਆ ਗਿਆ ਹੈ ।

# ੨

# ਬਚਪਨ ਅਤੇ ਸਿਖਿਆ

## ਖ਼ਾਨਦਾਨ

ਸ੍ਰੀ ਯੁਤ ਸੁਭਾਸ਼ ਚੰਦਰ ਬੋਸ ਅਰਥਾਤ ਨੇਤਾ ਜੀ ਦੇ ਦਾਦਾ ਦੀਵਾਨ ਗੋਪੀ ਨਾਥ ਬੋਸ ਹਿੰਦੁਸਤਾਨ ਵਿਚ ਪਹਿਲੇ ਸਜਨ ਸਨ ਜਿਨ੍ਹਾਂ ਨੇ ਆਲਮਗੀਰ ਰਵਾਦਾਰੀ ਦਾ ਪ੍ਰਚਾਰ ਕੀਤਾ। ਦੀਵਾਨ ਸਾਹਿਬ ਬੰਗਾਲ ਦੇ ਖੁਦ ਮੁਖਤਿਆਰ ਬਾਦਸ਼ਾਹ ਹੁਸੈਨ ਸ਼ਾਹ ਦੇ ਦੀਵਾਨ (ਵਜ਼ੀਰ) ਸਨ। ਆਪ ਨੇ ਆਪਣੀ ਯੋਗਤਾ ਅਤੇ ਦਿਆਨਤਦਾਰੀ ਦੇ ਗੁਣਾਂ ਸਦਕਾ ਬਾਦਸ਼ਾਹ ਦੇ ਮਨ ਨੂੰ ਜਿਤ ਲਿਆ ਸੀ। ਆਪ ਦੇ ਕੰਮਾਂ ਅਤੇ ਖਿਆਲਾਂ ਤੋਂ ਬੰਗਾਲ ਦਾ ਬਾਦਸ਼ਾਹ ਐਨਾ ਪ੍ਰਸੰਨ ਹੋਇਆ ਕਿ ਉਸ ਨੇ "ਨੇਤਾ ਜੀ" ਦੇ ਦਾਦੇ ਨੂੰ 'ਪੁਰੰਧਰ ਖਾਨ' ਦਾ ਖਿਤਾਬ ਦਿਤਾ। ਉਹਨਾਂ ਦੇ ਦੋ ਛੋਟੇ ਭਰਾਵਾਂ ਨੂੰ ਵੀ 'ਗੀਧਾਬਾ ਖਾਨ' ਅਤੇ 'ਸੁੰਦਰ ਬਾਰ ਖਾਨ' ਦੇ ਖਤਾਬ ਦਿਤੇ

ਗਏ । ਉਹਨਾਂ ਦਾ ਇਕ ਹੋਰ ਭਾਈ ਮਲਾਧਾਰ ਬੋਸ ਵੀ ਬਾਦਸ਼ਾਹ ਦਾ ਬੜਾ ਵਡਾ ਦਰਬਾਰੀ ਸੀ । ਇਹ ਸਾਰੇ ਦੇ ਸਾਰੇ ਸਜਨ ਵੈਸ਼ਨੋ ਮਤ ਦੇ ਪੁਜਾਰੀ ਸਨ ਤੇ ਪ੍ਰਚਾਰਕ ਵੀ। ਉਹਨਾਂ ਵਿਚੋਂ ਦਰਪ, ਸਨਾਤਨ ਅਤੇ ਹਬੀਬ ਗੋ ਸੁਵਾਮੀ ਨੇ ਪ੍ਰਮਾਤਮਾ ਪ੍ਰਾਪਤੀ ਦੀ ਧੁੰਨ ਵਿਚ ਸੰਸਾਰ ਦਾ ਤਿਆਗ ਕਰ ਦਿਤਾ ਅਤੇ ਵਜ਼ੀਰੀ ਛਡ ਛੁਡਾ ਕੇ ਸੰਨਿਆਸ ਧਾਰਨ ਕਰ ਲਿਆ ।


ਇਹ ਖਾਨਦਾਨ ਜ਼ਿਲਾ ੨੪ ਪਰਗਨੇ ਦੇ ਪਿੰਡ ਦਾਲੀਆ ਦਾ ਰਹਿਣ ਵਾਲਾ ਸੀ। ਇਸੇ ਖਾਨਦਾਨ ਦੇ ਨੌਨਿਹਾਲ ਸਨ ਰਾਏ ਬਹਾਦਰ ਬਾਬੂ ਜਾਨਕੀ ਪ੍ਰਸਾਦ—ਸ੍ਰੀ ਯੁਤ ਨੇਤਾ ਜੀ ਦੇ ਪੂਜਯ ਪਿਤਾ । ਬਾਬੂ ਜਾਨਕੀ ਨਾਥ ਬੋਸ ਬੰਗਾਲ ਨੂੰ ਛਡ ਕੇ ਬਿਹਾਰ ਦੇ ਸ਼ਹਿਰ ਕਟਕ ਵਿਚ ਆ ਵਸੇ । ਅਸਲ ਵਿਚ ਆਪ ਕਟਕ ਦੇ ਰੇਵਨਸ਼ਾ ਕਾਲਜ ਵਿਚ ਆਪਣੀ ਸਿਖਿਆ ਦੀ ਪੂਰਤੀ ਲਈ ਆਏ ਸਨ ਪਰ ਵਕਾਲਤ ਪਾਸ ਕਰਨ ਮਗਰੋਂ ਆਪ ਉਸੇ ਸ਼ਹਿਰ ਵਿਚ ਵਸ ਗਏ ਅਤੇ ਪ੍ਰੈਕਟਸ ਸ਼ੁਰੂ ਕਰ ਦਿਤੀ। ਏਥੇ ਆ ਕੇ ਐਸੇ ਵਸੇ ਕਿ ਇਥੋਂ ਦੇ ਹੀ ਹੋ ਗਏ ਅਤੇ ਆਪਣੀ ਮੌਤ ਤੋਂ ਚੰਦ ਮਹੀਨੇ ਪਹਿਲੇ ਤੀਕ ਏਸੇ ਸ਼ਹਿਰ ਵਿਚ ਟਿਕੇ ਰਹੇ। ਬਾਬੂ ਜਾਨਕੀ ਨਾਥ ਬੋਸ ਕਟਕ ਬਾਰ ਦੇ ਪਤਵੰਤੇ ਮੈਂਬਰ ਸਨ । ਆਪ ਦੀ ਯੋਗਤਾ ਨੂੰ ਮੁਖ ਰਖ ਕੇ ਸਰਕਾਰ ਨੇ ਆਪ ਨੂੰ ਸਰਕਾਰੀ ਵਕੀਲ ਨਿਯਤ ਕਰ ਦਿਤਾ ਸੀ । ਆਪ ਦੀ ਵਕਾਲਤ ਬੜੇ ਵਡੇ ਪੈਮਾਨੇ ਉਤੇ ਜਾਰੀ ਹੋ ਗਈ ਤੇ ਸਾਰੇ ਇਲਾਕੇ ਵਿਚ ਆਪ ਨੂੰ ਮਾਨ ਤੇ ਇਜ਼ਤ ਦੀਆਂ ਨਜ਼ਰਾਂ ਨਾਲ ਤਕਿਆ ਜਾਂਦਾ ਸੀ । ਲੋਕ ਆਪ ਨੂੰ ਕਿਉਂ ਪਿਆਰਦੇ ਸਨ ? ਇਸਦਾ ਵਡਾ ਕਾਰਨ ਆਪ ਦਾ ਲੋਕਾਂ ਨਾਲ ਪਿਆਰ ਤੇ ਹਮਦਰਦੀ ਭਰਪੂਰ ਸਲੂਕ ਸੀ। ਆਪ ਕੇਵਲ ਪ੍ਰਸਿਧ ਤੇ ਨਾਮੀ ਵਕੀਲ ਹੀ ਨਹੀਂ ਸਨ ਸਗੋਂ ਉਸ ਸ਼ਹਿਰ ਦੀ ਮਿਉਨੀਸੀਪਲ ਕਮੇਟੀ ਤੇ ਡਿਸਟਰਿਕਟ ਬੋਰਡ ਦੋਵਾਂ ਦੇ ਪ੍ਰਧਾਨ ਵੀ ਸਨ ਤੇ ਇਹ ਮਾਨ ਉਦੋਂ ਬਹੁਤ ਥੋੜੇ ਹਿੰਦੀਆਂ ਨੂੰ ਪ੍ਰਾਪਤ ਹੁੰਦਾ ਸੀ। ਆਪ ਦੀਆਂ ਕਾਰਗੁਜ਼ਾਰੀਆਂ

ਨੂੰ ਮੁਖ ਰਖ ਕੇ ਸਰਕਾਰ ਨੇ ਆਪ ਨੂੰ ਰਾਏ ਬਹਾਦਰੀ ਦਾ ਖਤਾਬ ਦਿਤਾ। ਆਪ ਜਿਥੇ ਸਰਕਾਰ ਦੀ ਸੇਵਾ ਕਰਨ ਵਿਚ ਸਰ ਗਰਮ ਸਨ ਉਥੇ ਲੋਕ ਸੇਵਾ ਵਿਚ ਵੀ ਸਭ ਤੋਂ ਅਗੇ ਸਨ।

ਇਹੋ ਜਿਹੇ ਲੋਕ-ਸੇਵਕ ਪਿਤਾ ਦੇ ਘਰ ਹਿੰਦੀ ਨੌਜਵਾਨਾਂ ਦੇ ਦਿਲਾਂ ਦੇ ਬਾਦਸ਼ਾਹ ਮਹਾਨ ਵਡੇ ਇਨਕਲਾਬੀ ਤੇ ਬਾਗ਼ੀ ਜੋਧੇ ਸ੍ਰੀ ਯੁਤ ਸੁਭਾਸ਼ ਚੰਦਰ ਬੋਸ ਜੀ ਨੇ ੫ ਜਨਵਰੀ ੧੮੯੭ ਈਸਵੀ ਨੂੰ ਜਨਮ ਲਿਆ। ਆਪ ਦੀ ਜੀਵਨ-ਲੜੀ ਸ਼ੁਰੂ ਕਰਨ ਤੋਂ ਪਹਿਲੇ ਇਹ ਯੋਗ ਜਾਪਦਾ ਹੈ ਕਿ ਨੇਤਾ ਜੀ ਦੀ ਖਾਨਦਾਨ ਪ੍ਰਨਾਲੀ ਪਾਠਕਾਂ ਦੀ ਭੇਟ ਕੀਤੀ ਜਾਏ ਜੋ ਇਸ ਪ੍ਰਕਾਰ ਹੈ:-

# ਰਾਏ ਬਹਾਦਰ ਜਾਨਕੀ ਨਾਥ ਬੋਸ

(ਧਰਮ ਪਤਨੀ ਪ੍ਰਭਾਵਤੀ ਬੋਸ)




ਨੋਟ: ਸੁਭਾਸ਼ ਜੀ ਦੇ ਉਪਰੋਕਤ ਭਰਾਵਾਂ ਤੋਂ ਛੁਟ ਅਧੀ ਦਰਜਨ ਭੈਣਾਂ ਵੀ ਹਨ।

# ਸਕੂਲ ਵਿਚ

ਆਪ ਦੀ ਪੜ੍ਹਾਈ ਵੀ ਕਟਕ ਦੇ ਯੂਰਪੀਨ ਸਕੂਲ ਵਿਚ ਸ਼ੁਰੂ ਹੋਈ ਜਿਥੇ ਆਪ ਦੇ ਪਿਤਾ ਨੇ ਵਿਦਿਆ ਹਾਸਲ ਕੀਤੀ ਸੀ। ਮੁਢਲੀ ਵਿਦਿਆ ਖਤਮ ਕਰਨ ਮਗਰੋਂ ਆਪ ਨੂੰ ਰੇਵਨਸ਼ਾ ਕਾਲਜੀਏਟ ਸਕੂਲ ਵਿਚ ਦਾਖਲ ਕੀਤਾ ਗਿਆ ਜਿਥੋਂ ਆਪ ਨੇ ੧੯੧੩ ਵਿਚ ਮੈਟਰਿਕ ਪਾਸ ਕੀਤਾ । ਕਲਕੱਤਾ ਯੂਨੀਵਰਸਿਟੀ ਦੇ ਐਂਟਰੈਂਸ ਦੇ ਇਮਤਿਹਾਨ ਵਿਚ ਆਪ ਦੂਜੇ ਨੰਬਰ ਉਤੇ ਆਏ ਸਨ ਜਿਸ ਤੋਂ ਆਪ ਦੀ ਤੇਜ਼ ਬੁੱਧੀ ਦਾ ਸਬੂਤ ਮਿਲਦਾ ਹੈ । ਅੰਗ੍ਰੇਜ਼ੀ ਅਖੌਤ ਹੈ ਕਿ (Comming Events cast Their Shadow Before) ਅਰਥਾਤ 'ਹੋਣਹਾਰ ਬਿਰਵਾ ਕੇ ਹੋਤ ਚੀਕਨੇ ਪਾਤ' । ਇਹ ਘਟਨਾ ਸੁਭਾਸ਼ ਬਾਬੂ ਦੇ ਜੀਵਨ ਉਤੇ ਪੂਰੀ ਤਰ੍ਹਾਂ ਘਟਦੀ ਹੈ । ਅਤੇ ਇਸ ਦੀ ਪ੍ਰੋੜਤਾ ਆਪ ਦੇ ਜੀਵਨ ਦੀਆਂ ਮੁਢਲੀਆਂ ਘਟਨਾਵਾਂ ਤੋਂ ਹੀ ਹੋ ਜਾਂਦੀ ਹੈ। ਅਜੇ ਆਪ ਸਕੂਲ ਵਿਚ ਹੀ ਪੜ੍ਹਦੇ ਸਨ ਕਿ ਉੜੀਸੇ ਵਿਚ ਹੈਜ਼ੇ ਦੀ ਵਬਾ ਫੁਟ ਪਈ, ਲੋਕ ਧੜਾ ਧੜ ਮਰਨ ਲਗ ਪਏ । ਇਹ ਵੇਖ ਕੇ ਕੁਛ ਨੌਜਵਾਨਾਂ ਦੀਆਂ ਪਾਰਟੀਆਂ ਨੇ ਉਹਨਾਂ ਦੁਖੀਆਂ ਦੀ ਸੇਵਾ ਕਰਨ ਦਾ ਫੈਸਲਾ ਕੀਤਾ । ਸੁਭਾਸ਼ ਬਾਬੂ ਉਹਨਾਂ ਕੁਮਾਰ-ਸੇਵਕਾਂ ਵਿਚ ਸਭ ਤੋਂ ਮੂਹਰੇ ਸਨ । ਸਕੂਲ ਦੇ ਵੇਲੇ ਤੋਂ ਜਿਹੜਾ ਸਮਾ ਬਚਦਾ ਉਹ ਆਪ ਹੈਜ਼ੇ ਦੇ ਰੋਗੀਆਂ ਦੀ ਸੇਵਾ ਤੇ ਦਵਾ ਦਾਰੂ ਵਿਚ ਖਰਚ ਕਰਨ ਲਗ ਪਏ । ਮਾਤਾ ਜੀ ਸਨੇਹ ਵਸ ਬਤੇਰਾ ਰੋਕਦੀ ਕਿ ਖਤਰੇ ਵਾਲੀ ਥਾਂ ਨਾ ਜਾਵੇ ਪਰ ਆਪ ਕਦ ਰੁਕਦੇ ਸਨ । ਆਪ ਨੰਗੇ ਸਰੀਰ ਤੇ ਨੰਗੇ ਪੈਰ ਹੀ ਨਸ ਜਾਂਦੇ ਅਤੇ ਸਰੀਰ ਉੱਤੇ ਜੇ ਕਪੜੇ ਵੀ ਹੁੰਦੇ ਤਦ ਵੀ ਉਹ ਬਹੁਤ ਚਿਰ ਆਪ ਦੇ ਸਰੀਰ ਉਤੇ ਨਾ ਟਿਕਦੇ । ਕਾਰਨ ਇਹ ਕਿ ਰਸਤੇ ਵਿਚ ਜਿਹੜਾ ਵੀ ਭੁੱਖਾ ਨੰਗਾ ਸਾਧੂ ਯਾ ਫਕੀਰ ਆਪ ਨੂੰ ਟਕਰ ਜਾਂਦਾ ਉਸੇ ਨੂੰ ਆਪਣੇ

ਕਪੜੇ ਲਾਹ ਕੇ ਦੇ ਆਉਂਦੇ। ਸਕੂਲ ਵਿਚ ਜੇ ਕੋਈ ਵਿਦਿਆਰਥੀ ਗਰੀਬ ਹੁੰਦਾ ਤਦ ਕਪੜੇ ਤੇ ਪੈਸਿਆਂ ਨਾਲ ਉਸ ਦੀ ਸਹੋਤਾ ਕਰਨੋਂ ਕਦੇ ਨਾ ਰੁਕਦੇ।

ਗਰੀਬਾਂ ਤੇ ਲੋੜ ਵੰਦਾਂ ਦੀ ਸਹਾਇਤਾ ਦੇ ਨਾਲ ਹੀ ਆਪ ਨੂੰ ਸਾਧੂਆਂ ਸੰਤਾਂ ਤੇ ਸੰਨਿਆਸੀਆਂ ਦੀ ਸੇਵਾ ਦਾ ਬੜਾ ਚਾਅ ਸੀ। ਅਜੇ ਆਪ ਸਕੂਲ ਵਿਚ ਹੀ ਪੜ੍ਹਦੇ ਸਨ ਅਤੇ ਆਪ ਨੇ ਦਸਵੀਂ ਦਾ ਇਮਤਿਹਾਨ ਨਹੀਂ ਸੀ ਦਿਤਾ ਕਿ ਕਟਕ ਦੀਆਂ ਬਸਤੀਆਂ ਵਿਚ ਇਕ ਭਾਰਗੀ ਸਾਧੂ ਨੇ ਆਨ ਡੇਰੇ ਲਾਏ। ਸੁਭਾਸ਼ ਬਾਬੂ ਸਕੂਲ ਜਾਣ ਤੋਂ ਪਹਿਲੇ ਦੁਧ ਦਾ ਇਕ ਕਟੋਰਾ ਲੈ ਕੇ ਉਸ ਸਾਧੂ ਦੇ ਪਾਸ ਜਾਂਦੇ ਅਤੇ ਉਹ ਦੁਧ ਉਸਨੂੰ ਪਿਆਲ ਕੇ ਬੜੇ ਹੀ ਖੁਸ਼ ਹੁੰਦੇ। ਆਪ ਦੇ ਦਿਲ ਵਿਚ ਉਸ ਸਾਧੂ ਲਈ ਬੜੀ ਸ਼ਰਧਾ ਸੀ। ਏਸੇ ਤਰ੍ਹਾਂ ਹੋਰ ਵੀ ਜਿਹੜਾ ਕੋਈ ਸਾਧੂ ਸੰਤ ਆਂ ਜਾਂਦਾ ਆਪ ਉਸ ਨੂੰ ਮਿਲਨ ਲਈ ਉਚੇਚੇ ਤੌਰ ਉਤੇ ਜਾਂਦੇ। ਆਪ ਨੂੰ ਸਾਧੂ ਸੰਤਾਂ ਦੇ ਉਪਦੇਸ਼ ਬੜੇ ਚੰਗੇ ਲਗਦੇ ਤੇ ਆਪ ਜੋ ਕੁਛ ਉਹਨਾਂ ਪਾਸੋਂ ਸੁਣਦੇ ਉਸ ਉਤੇ ਅਮਲ ਕਰਨ ਦਾ ਜਤਨ ਜ਼ਰੂਰ ਕਰਦੇ।

ਸਕੂਲ ਦੇ ਦਿਨਾਂ ਵਿਚ ਹੀ ਇਕ ਵਾਰ ਆਮ ਸਰਦੀਆਂ ਦੀ ਰੁਤੇ ਇਕਲੇ ਹੀ ਹਿਮਾਲਾ ਪਹਾੜ ਉਪਰ ਚਲੇ ਗਏ। ਉਥੇ ਜੋ ਗੁਫਾ ਸਨ ਉਹਨਾਂ ਨੂੰ ਤਕਿਆ ਅਤੇ ਨਾਲ ਹੀ ਤਕੇ ਉਹਨਾਂ ਗੁਫਾਵਾਂ ਵਿਚ ਬੈਠ ਕੇ ਪੂਜਾ ਪਾਠ ਕਰਨ ਵਾਲੇ ਸਾਧੂ ਮਹਾਤਮਾ। ਪਹਾੜ ਉਤੇ ਫਿਰਦੇ ਫਿਰਾਉਂਦੇ ਆਪ ਦੀ ਨਿਗਾਹ ਸਰਦੀ ਨਾਲ ਠਠਰਦੇ ਹੋਏ ਇਕ ਸਾਧੂ ਉਤੇ ਪਈ। ਉਸ ਵੇਲੇ ਆਪ ਨੇ ਆਪਣੇ ਉਤੇ ਇਕ ਕੀਮਤੀ ਸ਼ਾਲ ਲੈ ਰਖੀ ਸੀ। ਆਪ ਨੇ ਉਹ ਵਡਮੁਲੀ ਸ਼ਾਲ ਲਾਹ ਕੇ ਉਸ ਸਧੂ ਉਤੇ ਦੇ ਦਿਤੀ ਹਾਲਾਂ ਕਿ ਉਸ ਵੇਲੇ ਸਰਦੀ ਤੋਂ ਸਰੀਰ ਨੂੰ ਬਚਾਉਣ ਲਈ ਆਪ ਪਾਸ ਉਹੋ ਇਕ ਗਰਮ ਕਪੜਾ ਸੀ। ਆਪ ਨੇ ਕੜਾਕੇ ਦੀ ਸਰਦੀ ਆਪ ਤਾਂ ਬਰ-

ਦਾਬਤ ਕਰ ਲਈ ਪਰ ਇਕ ਗਰੀਬ ਸਾਧੂ ਨੂੰ ਠੁਠਰਦਿਆਂ ਵੇਖ ਕੇ ਉਸ ਦਾ ਦੁੱਖ ਸਹਾਰ ਨ ਸਕੇ।

ਏਸ ਛੋਟੀ ਜਿਹੀ ਉਮਰ ਵਿਚ ਆਪ ਨੂੰ ਸਵਾਮੀ ਵਵੇਕਾ ਨੰਦ ਅਤੇ ਰਾਮ ਕ੍ਰਿਸ਼ਨ ਪਰਮ ਹੰਸ ਦੀ ਸਿਖਿਆ ਦੀ ਪਾਨ ਚੜ੍ਹੀ। ਅਜੇ ਆਪ ਦੀ ਉਮਰ ਮੁਸ਼ਕਲ ਨਾਲ ੧੪ ਸਾਲ ਦੀ ਹੋਈ ਸੀ ਕਿ ਆਪ ਨੇ ਯੋਗ ਆਸਨਾਂ ਦੀ ਮਸ਼ਕ ਸ਼ੁਰੂ ਕਰ ਦਿਤੀ ਜਿਸ ਕਰ ਕੇ ਸਕੂਲ ਦੀ ਪੜ੍ਹਾਈ ਵਿਚ ਵੀ ਹਰਜ ਹੋਣ ਲਗ ਪਿਆ। ਆਪ ਦੀ ਜਮਾਤ ਦੇ ਲੜਕੇ ਜਦ ਸਕੂਲ ਵਿਚ ਪੜ੍ਹਾਈ ਕਰਦੇ ਹੁੰਦੇ ਤਾਂ ਆਪ ਬੜੀ ਸ਼ਾਨ ਨਾਲ ਆਪਣੇ ਕਮਰੇ ਵਿਚ ਸਮਾਧੀ ਅਸਥਿਤ ਵੇਖੇ ਜਾਂਦੇ। ਭਜਨ ਬੰਦਗੀ ਦੇ ਨਾਲ ਹੀ ਨਾਲ ਆਪ ਨੇ ਗਰੀਬਾਂ ਅਤੇ ਮੁਹਤਾਜਾਂ ਦੀ ਸੇਵਾ ਦਾ ਕੰਮ ਵੀ ਜਾਰੀ ਕਰ ਰਖਿਆ ਸੀ। ਆਪ ਖਲਕਤ ਦੀ ਸੇਵਾ ਨੂੰ ਹੀ ਈਸ਼ਵਰ ਪ੍ਰਾਪਤੀ ਦਾ ਸਾਧਨ ਮੰਨਣ ਲਗ ਪਏ। ਆਪ ਨੂੰ ਇਹ ਪੱਕਾ ਨਿਸ਼ਚਾ ਸੀ ਕਿ ਰਬ ਦੇ ਬੰਦਿਆਂ ਦੀ ਸੇਵਾ ਕਰਨ ਨਾਲ ਰਬ ਜ਼ਰੂਰ ਖੁਸ਼ ਹੁੰਦਾ ਹੈ। ਇਸ ਤਰ੍ਹਾਂ ਪਿਆਰ ਤੇ ਕੁਰਬਾਨੀ ਦਾ ਜਜ਼ਬਾ ਆਪ ਅੰਦਰ ਮੁਢ ਤੋਂ ਹੀ ਲਹਿਰਾਂ ਮਾਰਨ ਲਗ ਪਿਆ ਸੀ।

ਕਿਹਾ ਜਾਂਦਾ ਹੈ ਕਿ ਸੁਭਾਸ਼ ਬਾਬੂ ਦੇ ਖਿਆਲਾਂ ਦੇ ਢਾਲਣ ਵਿਚ ਉਸ ਦੇ ਹੈਡ ਮਾਸਟਰ ਬੇਨੀ ਬਾਬੂ ਦਾ ਬੜਾ ਹਥ ਸੀ; ਜਿਸ ਨੇ ਆਪ ਅੰਦਰ ਦੇਸ਼ ਭਗਤੀ ਕੁਟ ਕੁਟ ਕੇ ਭਰ ਦਿਤੀ। ਢਾਕੇ ਦੇ ਦੁਲਾਰਿਆਂ ਦੀ ਕਥਾ, ਮਹਾਰਾਜ ਨੰਦ ਕੁਮਾਰ ਦੀ ਫਾਂਸੀ, ਕੰਪਣੀ ਦੀਆਂ ਧੋਖੇ ਬਾਜ਼ੀਆਂ ਸਭ ਆਪ ਦੇ ਲਹੂ ਨੂੰ ਉਬਾਲੇ ਦੇਂਦੀਆਂ ਰਹਿੰਦੀਆਂ ਸਨ। ਦੇਸ਼ ਭਗਤ ਉਸਤਾਦ ਨੇ ਆਪਣੇ ਸ਼ਗਿਰਦ ਨੂੰ ਇਨਕਲਾਬ ਦਾ ਪੁਜਾਰੀ ਬਣਾ ਦਿਤਾ। ਹੌਲੀ ਹੌਲੀ ਚੌਦਾਂ ਸਾਲ ਦੀ ਉਮਰ ਵਿਚ ਉਹ ਉਸ ਅਸਥਾਨ ਤੀਕ ਪਹੁੰਚ ਗਿਆ ਜਿਥੇ ਪਹੁੰਚ ਕੇ ਮਨੁਖ ਆਪਾ ਭੁਲ ਜਾਂਦਾ ਹੈ ਤੇ ਉਸ ਨੂੰ ਦੇਸ਼ ਦਾ

ਲਾਭ ਹੀ ਮੁਖ ਰਖਣ ਦਾ ਫ਼ਿਕਰ ਰਹਿੰਦਾ ਹੈ। ਸਵਾਮੀ ਵਵੇਕਾਨੰਦ ਜੀ ਉਨ੍ਹੀ ਦਿਨੀਂ ਬੰਗਾਲ ਵਿਚ ਹੀ ਸਨ। ਸੁਭਾਸ਼ ਨੂੰ ਵੀ ਦਰਸ਼ਨ ਕਰਨ ਦਾ ਸੋਭਾਗ ਪ੍ਰਾਪਤ ਹੋਇਆ। ਆਪ ਨੇ ਉਸ ਮਹਾਤਮਾ ਦੇ ਚਰਨਾਂ ਵਿਚ ਬੈਠ ਕੇ ਭਾਰਤ ਦੀ ਪੁਰਾਤਨ ਸਭਿਅਤਾ ਉਤੇ ਗਰਭ ਕਰਨਾ ਸਿਖਿਆ ਆਪ ਨੂੰ ਪਤਾ ਲਗ ਗਿਆ ਕਿ ਗੁਲਾਮੀ ਆਤਮਾ ਨੂੰ ਜ਼ੰਜੀਰਾਂ ਵਿਚ ਜਕੜ ਦੇਂਦੀ ਹੈ ਇਸ ਲਈ ਗੁਲਾਮੀ ਵਿਰੁਧ ਬਗ਼ਾਵਤ ਕਰਨਾ ਹੀ ਈਸ਼ਵਰ ਪ੍ਰਾਪਤੀ ਦਾ ਇਕ ਮਾਤ੍ਰ ਸਾਧਨ ਹੈ।

ਬਚਪਨ ਤੋਂ ਹੀ **ਸੁਭਾਸ਼ ਬਾਬੂ ਦੀ ਤਬੀਅਤ ਬੜੀ** ਸਾਦਗੀ ਪਸੰਦ ਸੀ। ਆਪ ਅਜੇ ਅਠ ਸਾਲ ਦੇ ਹੀ ਸਨ ਕਿ ਕਿਸੇ ਆਦਰਿਸ਼ ਸ਼ਕਤੀ ਨੇ ਉਹਨਾਂ ਦੇ ਜੀਵਨ ਵਿਚ ਸਾਧਨਾ ਦੀ ਫੂਕ ਮਾਰ ਦਿਤੀ। ਉਹਨਾਂ ਨੇ ਆਪਣੀਆਂ ਲੋੜਾਂ ਨੂੰ ਘਟ ਤੋਂ ਘਟ ਕਰ ਦਿਤਾ ਸੀ। ਰਾਇ ਬਹਾਦਰ ਜਾਨਕੀ ਦਾਸ ਬੋਸ ਵਰਗੇ ਧਨੀ ਬਾਪ ਦੀ ਔਲਾਦ ਹੋਣ ਦੇ ਬਾਵਜੂਦ ਇਕ ਵੇਲੇ ਭੋਜਨ ਕਰਦੇ ਤੇ ਬਹੁਤਾ ਸਮਾਂ ਪ੍ਰਮਾਰਥ ਦੀ ਸੋਚ ਵਿਚ ਬਤੀਤ ਕਰਦੇ ਸਨ। ਕੇਵਲ ਇਕ ਸਾਦੀ ਜਿਹੀ ਧੋਤੀ ਅਤੇ ਕੋਮਲ ਜਿਹੇ ਸਰੀਰ ਉਤੇ ਲਪੇਟੀ ਹੋਈ ਇਕ ਚਾਦਰ ਬਸ ਇਹੋ ਉਹਨਾਂ ਦੀ ਪੁਸ਼ਾਕ ਸੀ। ਬਪਰਵਾਹ ਐਨੇ ਕਿ ਕੜਕੜਾ-ਉਂਦੀ ਸਰਦੀ ਹੋਵੇ ਭਾਵੇਂ ਕਹਿਰ ਦੀ ਗਰਮੀ ਆਪ ਫਰਸ਼ ਉਤੇ ਹੀ ਲੇਟ ਕੇ ਸਉਂ ਜਾਂਦੇ। ਪਲਕਾਂ ਦੀ ਓਟ ਵਿਚ ਸੰਤਾਨ ਦੀ ਕਲਿ-ਆਨ ਦੀ ਮੰਗਲ ਕਾਮਨਾ ਲੁਕਾ ਰਖਣ ਵਾਲੀ ਜਨਨੀ ਰਾਤ ਨੂੰ ਬਿਸਤ੍ਰੇ ਤੋਂ ਉਠ ਕੇ ਆਉਂਦੀ ਅਤੇ ਆਪਣੇ ਫੁਲ ਵਰਗੇ ਕੋਮਲ ਬੱਚੇ ਨੂੰ ਫਰਸ਼ ਉਤੇ ਸੁਤਾ ਵੇਖਦੀ। ਉਹ ਸਿਰਹਾਣੇ ਜਾ ਖੜਦੀ ਹੌਲੀ ਜਿਹੀ ਉਸ ਨੂੰ ਜਗਾਉਂਦੀ ਅਤੇ ਪੁਚਕਾਰਦੀ ਹੋਈ ਆਖਦੀ– "ਚਲੋ ਬੇਟਾ! ਮੇਰੀ ਖਾਟ ਉਪਰ!" ਸੁਭਾਸ਼ ਆਪਣੀ ਪਿਆਰੀ ਮਾਂ ਦੀ ਮਿਠੀ ਆਵਾਜ਼ ਸੁਣਦੇ ਸਾਰ ਉਠ ਬੈਠਦਾ ਅਤੇ ਮਾਂ ਨੂੰ ਗਲ-

ਵਕੜੀ ਪਾ ਕੇ ਮੁਸਕਾਨ ਦੇ ਫੁਲ ਖਲ੍ਹਰਦਾ ਹੋਇਆ ਆਖਦਾ– "ਮਾਂ ! ਸਿਵਜ਼ੀ ਕੈਲਾਸ਼ ਪਰਬਤ ਦੀ ਚਟਾਨ ਉਤੇ ਸਉਂਦੇ ਹਨ ਨਾ ? ਉਹਨਾਂ ਦੀ ਮਾਂ ਤੇ ਉਹਨਾਂ ਨੂੰ ਕਦੇ ਮਨਾਅ ਨਹੀਂ ਕਰਦੀ ?

ਮਲੂਮ ਹੁੰਦਾ ਉਸ ਦੀ ਆਤਮਾ ਦੀਨ ਦੁਖੀਆਂ ਦੇ ਦੁੱਖ ਦੂਰ ਕਰਨ ਲਈ ਉਸ ਨੂੰ ਪੁਕਾਰ ਰਹੀ ਸੀ । ਉਹ ਉਸ ਅੰਤਰ ਆਤਮੇ ਆਵਾਜ਼ ਨੂੰ ਸੁਣ ਕੇ ਬਿਹਬਲ ਹੋ ਉਠਦਾ । ਅਜੇ ਉਹ ਸਕੂਲ ਦੀ ਚੌਥੀ ਜਮਾਤ ਵਿਚ ਪੜ੍ਹਦਾ ਸੀ ਕਿ ਜਾਜਪੁਰ ਪਰਗਨੇ ਦੇ ਇਕ ਨਿਕਟਵਰਤੀ ਪਿੰਡ ਵਿਚ ਹੈਜ਼ੇ ਦੀ ਭਿਆਣਕ ਵਬਾ ਫੁਟ ਪਈ । ਸੁਭਾਸ਼ ਉਥੇ ਜਾਣਾ ਚਾਹੁੰਦਾ ਸੀ ਪਰ ਉਸ ਨੂੰ ਪਤਾ ਸੀ ਕਿ ਉਸ ਦੇ ਮਾਤਾ ਪਿਤਾ ਉਸ ਨੂੰ ਜਾਣ ਦੀ ਕਦੇ ਆਗਿਆ ਨਹੀਂ ਦੇਣਗੇ। ਉਸ ਨੂੰ ਅੰਦਰੋਂ ਕਈ ਪੁਕਾਰ ਰਿਹਾ ਸੀ ਅਤੇ ਉਹ ਪੁਕਾਰ ਘੜੀ ਮੁੜੀ ਉਸ ਦੀ ਆਤਮਾ ਨਾਲ ਟਕਰਾਉਂਦੀ ਸੀ ।

ਸੁਭਾਸ਼ ਰਹਿ ਨਾ ਸਕਿਆ । ਉਹ ਉਥੇ ਜਾਣ ਵਾਲੇ ਚਾਰ ਮੈਡੀਕਲ ਵਿਦਿਆਰਥੀਆਂ ਨਾਲ ਤੁਰ ਪਿਆ । ਬਰਸਾਤ ਦੀ ਮਸਿਆ ਸੀ, ਤਾਰਿਆਂ ਦੇ ਟਿਮਟਿਮਾਉਂਦੇ ਦੀਵਿਆਂ ਦੇ ਚਾਨਣੇ ਵਿਚ ਝਾੜੀਆਂ ਨੂੰ ਪਰੇ ਹਟਾਉਂਦੇ ਹੋਇਆਂ ਕੰਡਿਆਂ ਨਾਲ ਭਰੀਆਂ ਹੋਈਆਂ ਪਗਡੰਡੀਆਂ ਉਪਰ ਆਪਣੇ ਨਿਕੇ ਨਿਕੇ ਪੈਰ ਟਕਾਉਂਦਾ ਬਾਲਕ-ਸੁਭਾਸ਼ ਮਾਤਾ ਪਿਤਾ ਪਿਤਾ ਨੂੰ ਖਬਰ ਕੀਤੇ ਬਗੈਰ ਉਸ ਪਿੰਡ ਵਲ ਟੁਰ ਪਿਆ ।

ਦੂਜੇ ਦਿਨ ਮਾਤਾ ਨੇ ਸਿਰ ਵਿਚ ਦੋਹਥੜ ਮਾਰੀ । ਪਿਤਾ ਨੇ ਕੰਮ ਕਾਜ ਸਭ ਛਡ ਦਿਤਾ ਅਤੇ ਪਾਗਲਾਂ ਵਾਂਗ ਸ਼ਹਿਰ ਦੀ ਖਾਕ ਛਾਣ ਮਾਰੀ ਪਰ ਸੁਭਾਸ਼ ਦਾ ਕੋਈ ਪਤਾ ਥਹੁ ਨਾ ਲਗਾ । ਸਾਰੇ ਕਟਕ ਵਿਚ ਦੋਹੀ ਫਿਰ ਗਈ ਕਿ ਸੁਭਾਸ਼ ਗੁੰਮ ਹੋ ਗਿਆ। ਸਨੇਹ ਮਈ ਮਾਤਾ ਨੇ ਉਸ ਦਿਨ ਮਾਂ-ਦੁਰਗਾ ਦੀ ਆਰਤੀ ਉਤਾਰੀ ਅਤੇ ਭਰੇ ਹੋਏ ਗਲੇ ਨਾਲ ਬੇਨਤੀ ਕੀਤੀ–"ਮਾਂ ! ਉਸ ਉਤੇ ਸਦਾ

ਆਪਣੀ ਦਯਾ ਰਖਣੀ ਉਹ ਤੇਰਾ ਹੀ ਬਾਲਕ ਹੈ ।"

ਕੁਛ ਦਿਨ ਮਗਰੋਂ ਅਚਾਨਕ ਦਰਵਾਜ਼ਾ ਖੁਲ੍ਹਿਆ ਅਤੇ ਕੋਈ ਅੰਦਰ ਦਾਖਲ ਹੋਇਆ। ਪਿਛੋਂ ਦੀ ਹੌਲੇ ਹੌਲੇ ਆ ਕੇ ਆਪਣੀਆਂ ਨਿਕੀਆਂ ਨਿਕੀਆਂ ਹਥੇਲੀਆਂ ਨਾਲ ਮਾਂ ਦੀਆਂ ਅਖਾਂ ਮੀਟ ਲਈਆਂ। ਕੌਣ ਹੈ ? ਮੋਨੀਲਾ, ਚਲ ਮੈਨੂੰ ਇਹ ਲਾਡ ਚੰਗਾ ਨਹੀਂ ਲਗਦਾ। ਪਿਛੋਂ ਸੁਭਾਸ਼ ਦੀ ਖਿੜ ਖਿੜ ਦੀ ਆਵਾਜ਼ ਆਈ । ਮਾਂ ਚੌਂਕ ਕੇ ਖੜੀ ਹੋ ਗਈ–'ਸੁਭਾਸ਼–ਮੇਰਾ ਬੇਟਾ ! ਮੇਰਾ ਲਾਲ !! ਇਹ ਕਹਿੰਦੇ ਉਸ ਦਾ ਗਲਾ ਭਰ ਆਇਆ। ਸੁਭਾਸ਼ ਆਪਣੀ ਮਾਂ ਦੇ ਲਕ ਨਾਲ ਚੰਬੜ ਗਿਆ । ਸਨੇਹ ਮਈ ਮਾਂ ਦੀਆਂ ਗਲ੍ਹਾਂ ਉਤੇ ਦੋ ਗਰਮ ਗਰਮ ਹੰਝੂ ਟਪਕ ਪਏ !

ਇਹੋ ਜਿਹੇ ਕੌਤਕਾਂ ਵਿਚਾਲੇ ਸੁਭਾਸ਼ ਨੇ ਸਕੂਲ ਦੀ ਪੜ੍ਹਾਈ ਖਤਮ ਕਰ ਕੇ ਮੈਟਰੀਕੂਲੇਸ਼ਨ ਦਾ ਇਮਤਿਹਾਨ ਪਾਸ ਕੀਤਾ ।

## ਕਾਲਜ ਵਿਚ

ਮੈਟਰੀਕੁਲੇਸ਼ਨ ਦਾ ਇਮਤਿਹਾਨ ਪਾਸ ਕਰ ਲੈਣ ਮਗਰੋਂ ਸੁਭਾਸ਼ ਚੰਦਰ ਬੋਸ ਉਚੇਰੀ ਵਿਦਿਆ ਲਈ ਪ੍ਰੈਜ਼ੀਡੈਂਸੀ ਕਾਲਜ ਕਲਕੱਤਾ ਵਿਚ ਜਾ ਦਾਖਲ ਹੋਏ। ਐਫ. ਏ. ਵਿਚ ਪੜ੍ਹਨ ਸਮੇਂ ਕੁਛ ਨੌਜਵਾਨਾਂ ਨੇ ਦੇਸ ਸੇਵਕਾਂ ਦੀ ਇਕ ਟੋਲੀ ਬਣਾਈ । ਇਸ ਟੋਲੀ ਵਿਚ ਸ਼ਾਮਲ ਹੋਣ ਵਾਲੇ ਨੌਜਵਾਨ ਨੂੰ ਇਹ ਪ੍ਰਣ ਧਾਰਨਾ ਪੈਂਦਾ ਸੀ ਕਿ ਉਹ ਸਾਰੀ ਉਮਰ ਬ੍ਰਹਮਚਾਰੀ ਰਹਿ ਕੇ ਦੇਸ਼-ਸੇਵਾ ਵਿਚ ਜੀਵਨ ਬਤੀਤ ਕਰੇਗਾ । ਸੁਭਾਸ਼ ਬਾਬੂ ਵੀ ਇਸ ਟੋਲੀ ਦੇ ਮੈਂਬਰ ਬਣ ਗਏ । ਅਤੇ ਇਹ ਪ੍ਰਣ ਧਾਰਨ ਕੀਤਾ ਕਿ ਆਪ ਸਾਰੀ ਉਮਰ ਬ੍ਰਹਮਚਾਰੀ ਰਹਿਣਗੇ–ਇਸ ਪ੍ਰਣ ਉਤੇ ਆਪ ਸਾਰੀ ਉਮਰ ਕਾਇਮ ਰਹੇ ।

ਅਗਲੇ ਸਾਲ ਆਪ ਨੇ ਸੰਸਾਰ ਤਿਆਗ ਕਰਨ ਦਾ ਨਿਸ਼ਚਾ ਧਾਰ ਕੇ ਆਪਣੇ ਇਕ ਸਾਥੀ ਸਮੇਤ ਗੁਰੂ ਦੀ ਭਾਲ ਵਿਚ

ਕਲਕੱਤੇ ਵਿਚੋਂ ਨਿਕਲ ਤੁਰੇ। ਗੁਰੂ ਦੀ ਢੂੰਡ ਵਿਚ ਆਪ ਨੇ ਕਈ ਤੀਰਥਾਂ ਦਾ ਰਟਨ ਕੀਤਾ। ਕਲਕੱਤੇ ਤੋਂ ਚਲਨ ਸਮੇਂ ਆਪ ਨੇ ਮਾਤਾ ਪਿਤਾ ਨੂੰ ਵੀ ਖਬਰ ਨਹੀਂ ਦਿਤੀ। ਜਦ ਆਪ ਦੇ ਪਿਤਾ ਨੂੰ ਖਬਰ ਮਿਲੀ ਤਦ ਉਹ ਬਹੁਤ ਚਿੰਤਵਾਨ ਹੋਏ। ਉਹਨਾਂ ਬਤੇਰੀ ਢੂੰਡ ਭਾਲ ਕੀਤੀ। ਕਾਸ਼ੀ ਦੇ ਰਾਮ ਕ੍ਰਿਸ਼ਨ ਮਠ ਨੂੰ ਤਾਰ ਦਿਤੀ ਤ ਪੁਛਿਆ ਪਰ ਸੁਭਾਸ਼ ਉਥੇ ਕਿਥੇ ਸੀ। ਉਹ ਾਂ ਉਤ੍ਰ ਦਿਤਾ–"ਸੁਭਾਸ਼ ਏਥੇ ਨਹੀਂ ਆਇਆ।"

ਏਸੇ ਦੌਰਾਨ ਵਿਚ ਆਗਰੇ ਪਹੁੰਚੇ ਤਾਂ ਆਪ ਦੀ ਮੁਲਾਕਤਾ ਇਕ ਰਾਜਸੀ ਸੰਨਿਆਸੀ ਪ੍ਰੇਮਾਨੰਦ ਨਾਲ ਹੋਈ ਜੋ ਗ੍ਰਿਸਤੀਆਂ ਵਾਂਗ ਜੀਵਨ ਬਤੀਤ ਕਰਦੇ ਸਨ। ਸੁਭਾਸ਼ ਬੋਸ ਨੂੰ ਇਹ ਗਲ ਪਸੰਦ ਨਾ ਆਈ। ਉਹ ਆਗਰੇ ਤੋਂ ਬਿੰਦ੍ਰਾਬਨ ਵਲ ਚਲੇ ਗਏ। ਏਥੇ ਆਪ ਨੂੰ ਇਕ ਵੈਸ਼ਨੋ ਸਾਧੂ ਬਾਬਾ ਰਾਮ ਕਿਸ਼ਨ ਦਾਸ ਨਾਮੀ ਮਿਲੇ। ਉਸ ਮਹਾਤਮਾ ਨੇ ਇਹਨਾਂ ਦੋਵਾਂ ਨੌਜਵਾਨਾਂ ਨੂੰ ਇਹ ਸਿਖਿਆ ਦਿਤੀ ਕਿ ਗਿਆਨ ਤੇ ਇਲਮ ਰਾਹੀਂ ਸੰਸਾਰਕ ਪਾਬੰਦੀਆਂ ਤੋਂ ਮੁਕਤੀ ਪ੍ਰਾਪਤ ਕਰੋ। ਉਥੋਂ ਚਲ ਕੇ ਸੁਭਾਸ਼ ਤੇ ਉਸ ਦਾ ਸਾਥੀ ਵੇਦਾਂਤੀ ਗਿਆਨ ਦੇ ਕੇਂਦਰ ਕਾਸ਼ੀ (ਬਨਾਰਸ) ਪਹੁੰਚੇ। ਬਨਾਰਸ ਵਿਚ ਆਪ ਰਾਮ ਕਿਸ਼ਨ ਮਿਸ਼ਨ ਦੇ ਗੁਰੂ ਅਖਲ ਮਹਾਰਾਜ ਦੀ ਸੇਵਾ ਵਿਚ ਹਾਜ਼ਰ ਹੋਏ। ਉਹਨਾਂ ਨੇ ਦੋਵਾਂ ਨੌਜਵਾਨਾਂ ਨੂੰ ਹਦਾਇਤ ਕੀਤੀ ਕਿ ਉਹ ਘਰਾਂ ਨੂੰ ਮੁੜ ਜਾਣ ਕਿਉਂਕਿ ਉਹ ਮਾਪਿਆਂ ਦੀ ਆਗਿਆ ਤੋ ਬਿਨਾ ਆਏ ਸਨ। ਉਸ ਨੇ ਦਸਿਆ ਕਿ ਮਾਪਿਆਂ ਦੀ ਖੁਸ਼ੀ ਤੋਂ ਬਗੈਰ ਪ੍ਰਮਾਤਮਾ ਦੀ ਪ੍ਰਾਪਤੀ ਅਸੰਭਵ ਹੈ। ਦੋਵੇਂ ਨੌਜਵਾਨ ਮਜਬੂਰ ਹੋ ਕੇ ਕਲਕੱਤੇ ਵਾਪਸ ਪਰਤ ਆਏ।

ਸੰਨ ੧੯੧੫ ਈਸਵੀ ਵਿਚ ਸੁਭਾਸ਼ ਬੋਸ ਨੇ ਐਫ. ਏ. ਦਾ ਇਮਤਿਹਾਨ ਫਸਟ ਡਵੀਜਨ ਵਿਚ ਪਾਸ ਕੀਤਾ ਅਤੇ ਬੀ. ਏ. ਵਿਚ ਦਾਖਲ ਹੋ ਗਏ। ਇਸ ਸਾਲ ਦੀ ਇਕ ਘਟਨਾ ਐਸੀ ਹੈ ਜੋ ਆਪ

ਦੀ ਅਣਖ ਦਾ ਜ਼ਬਰਦਸਤ ਸਬੂਤ ਪੇਸ਼ ਕਰਦੀ ਹੈ ਅਤੇ ਜਿਸ ਤੋਂ ਆਪ ਦੀ ਜੰਗ ਜੂ ਸਪਿਰਟ ਟਪਕ ਟਪਕ ਪੈਂਦੀ ਹੈ । ਉਸ ਸਮੇਂ ਪਹਿਲੀ ਆਲਮਗੀਰ ਜੰਗ ਯੂਰਪ ਵਿਚ ਜ਼ੋਰ ਨਾਲ ਲੜੀ ਜਾ ਰਹੀ ਸੀ। ਬਰਤਾਨਵੀ ਹਕੂਮਤ ਵਲੋਂ ਹਿੰਦੁਸਤਾਨ ਉਤੇ ਅਨੇਕਾਂ ਹੀ ਪਾਬੰਦੀਆਂ ਲਗ ਚੁਕੀਆਂ ਸਨ। ਦੇਸ ਭਰ ਵਿਚ ਵਡੇ ਪੈਮਾਨੇ ਉਤੇ ਬੇਚੈਨੀ ਫੈਲ ਰਹੀ ਸੀ ਜਿਸ ਨੂੰ ਵਖ ਵਖ ਥਾਂਵਾਂ ਉਤੇ ਹੋਈਆਂ ਦਹਿਸ਼ਤ ਫੈਲਾਊ ਵਾਰਦਾਤਾਂ ਸਪਸ਼ਟ ਤੌਰ ਉਤੇ ਪ੍ਰਗਟ ਕਰ ਰਹੀਆਂ ਸਨ। ਪੁਲਿਸ ਦੀਆਂ ਆਹਿੰਸਕ ਕਾਰਰਵਾਈਆਂ ਹਰ ਰੋਜ਼ ਦਾ ਦਸਤੂਰ ਬਣ ਚੁਕੀਆਂ ਸਨ ਅਤੇ ਲੋਕਾਂ ਦਾ ਗੁੱਸਾ ਪੈਰੋ ਪੈਰ ਵਧਦਾ ਜਾ ਰਿਹਾ ਸੀ । ਸੰਨ ੧੯੧੪-੧੫ ਵੀ ਹਿੰਦੁਸਤਾਨ ਦੀ ਜੰਗਿ ਆਜ਼ਾਦੀ ਦੇ ਇਤਿਹਾਸ ਵਿਚ ਇਕ ਯਾਦਗਾਰੀ ਸਾਲ ਹੈ। ਇਹ ਉਹੋ ਸਾਲ ਸੀ ਜਦ ਅਮ੍ਰੀਕਾ ਤੋਂ ਆਏ ਦੇਸ਼ ਭਗਤਾਂ ਦਾ ਸੁਵਾਗਤ ਗੋਰੀ ਸਰਕਾਰ ਨੇ ਗੋਲੀਆਂ ਤੇ ਫਾਂਸੀਆਂ ਨਾਲ ਕੀਤਾ ਸੀ । ਯੁਗ ਪਲਟਾਊਆਂ ਨੂੰ ਲਭ ਲਭ ਕੇ ਜੇਲਾਂ ਵਿਚ ਬੰਦ ਕੀਤਾ ਗਿਆ। ਸਾਜ਼ਸ਼ ਦੇ ਮੁਕਦਮੇ ਚਲਾਕੇ ਕਈਆਂ ਨੂੰ ਫਾਂਸੀਆਂ ਤੇ ਲਟ-ਕਾਇਆ ਗਿਆ ਤੇ ਕਈਆਂ ਨੂੰ ਕਾਲੇ ਪਾਣੀ ਭੇਜ ਦਿਤਾ ਗਿਆ। ਬਜ ਬਜ ਦੇ ਘਾਟ ਉਤੇ ਕਾਮਾ ਗਾਟਾ ਮਾਰੂ (ਗੁਰੂ ਨਾਨਕ ਜਹਾਜ਼) ਦੀ ਘਟਨਾ ਵੀ ਏਸੇ ਸਾਲ ਹੀ ਹੋਈ ਸੀ। ਇਹਨਾਂ ਕਾਰਨਾਂ ਕਰਕੇ ਹਿੰਦੁਸਤਾਨ ਦੀ ਸਿਆਸੀ ਫ਼ਜ਼ਾ ਗੰਦਲੀ ਹੋ ਚੁਕੀ ਸੀ।

ਕਲਕਤੇ ਦੇ ਪ੍ਰੈਜ਼ੀਡੈਂਸੀ ਕਾਲਜ ਦਾ ਅੰਗਰੇਜ਼ ਪ੍ਰੋਫੈਸਰ ਉਟਨ (Oattan) ਆਪਣੀ ਹੈਂਕੜ ਦੇ ਕਾਰਨ ਬਹੁਤ ਬਦਨਾਮ ਹੋ ਚੁਕਾ ਸੀ। ਉਸ ਦੀ ਇਕ ਇਕ ਗਲ ਤੇ ਇਕ ਇਕ ਕਾਰਰਵਾਈ ਤੋਂ ਹੰਕਾਰ, ਤਕਬਰ ਤੇ ਹਾਕਮਾਨਾ ਬੋ ਟਪਕਦੀ ਸੀ । ਇਕ ਦਿਨ ਸੁਭਾਸ ਚੰਦਰ ਬੋਸ ਦੀ ਕਮਾਨ ਹੇਠ ਉਸ ਪ੍ਰੋਫੈਸਰ ਦੀਆਂ ਜ਼ਲੀਲ ਹਰਕਤਾਂ ਵਿਰੁਧ ਪ੍ਰੋਟੈਸਟ ਕਰਨ ਲਈ ਵਿਦਿਆਰਥੀਆਂ ਨੇ ਹੜਤਾਲ ਕਰ ਦਿਤੀ। ਜਿਸ ਤੇ ਪ੍ਰਿੰਸੀਪਲ ਨੇ ਦਖਲ ਦੇ ਕੇ ਹੜਤਾਲ ਬੰਦ ਕਰਾਈ ਤੇ ਮਿ: ਓਟਨ

ਨੇ ਆਪਣੇ ਰਵਈਏ ਲਈ ਮਾਫੀ ਮੰਗ ਲਈ । ਪਰ 'ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ' ਦੇ ਕਥਨ ਅਨੁਸਾਰ ਇਕ ਮਹੀਨਾ ਮਗਰੋਂ ਹੀ ਉਸ ਪ੍ਰੋਫੈਸਰ ਦਾ ਰਵਈਆ ਫੇਰ ਬਦਲ ਗਿਆ ਅਤੇ ਉਸ ਨੇ ਇਕ ਡਿਗਰੀ ਸਟੂਡੈਂਟ ਦੇ ਮੂੰਹ ਉਤੇ ਥਪੜ ਮਾਰਿਆ । ਇਸਦੇ ਉਤ੍ਰ ਵਿਚ ਸੁਭਾਸ ਬਾਬੂ ਨੇ ਵੀ ਉਸ ਨੂੰ ਥਪੜ ਮਾਰ ਕੇ ਉਸਦੀ ਹੋਸ਼ ਟਿਕਾਨੇ ਲੈ ਆਂਦੀ। ਪ੍ਰਿੰਨਸੀਪਲ ਨੇ ਡਿਸਪਲਨ ਦੇ ਨਾਮ ਉਤੇ ਕੁਛ ਵਿਦਿਆਰ-ਥੀਆਂ ਦੇ ਵਿਰੁਧ ਐਕਸ਼ਨ ਲਿਆ। ਸੁਭਾਸ ਤੇ ਪਹਿਲੇ ਹੀ ਇਹੋ ਜਿਹੇ ਦਲੇਰਾਨਾ ਕੰਮਾਂ ਦਾ ਲੀਡਰ ਸਮਜਿਆ ਜਾਂਦਾ ਸੀ । ਪ੍ਰਿੰਸਿਪਲ ਨੇ ਸੁਭਾਸ ਬਾਬੂ ਅਤੇ ਉਹਨਾਂ ਦੇ ਸਾਥੀ ਮਿਸਟਰ ਅਨੰਗ ਨੂੰ ਜੋ ਪਿਛੋਂ ਕੇਂਦਰੀ ਅਸੈਂਬਲੀ ਦੇ ਮੈਂਬਰ ਬਣੇ, ਕਾਲਜ ਵਿਚੋਂ ਬਾਹਰ ਕਢ ਦਿਤਾ । ਇਸ ਘਟਨਾ ਦਾ ਵਰਨਣ ਖੁਦ ਸੁਭਾਸ਼ ਬਾਬੂ ਨੇ ਵੀ ਆਪਣੇ ਇਕ ਐਡਰੈਸ ਵਿਚ ਜਿਹੜਾ ਸੀ. ਪੀ. ਤੇ ਬ੍ਰਾਰ ਸਟੂਡੈਂਟਸ ਕਾਨਫ੍ਰੈਂਸ ਵਿਚ ਪੜ੍ਹਿਆ ਗਿਆ ਐਉਂ ਕੀਤਾ ਹੈ:-

"ਪ੍ਰਿੰਸੀਪਲ ਨੇ ਮੈਨੂੰ ਆਖਿਆ ਕਿ ਤੁਸੀ ਕਾਲਜ ਵਿਚ ਅਤਿ ਭੈੜੀ ਕਿਸਮ ਦੀ ਗੜ ਬੜ ਪੈਦਾ ਕਰਨ ਵਾਲੇ ਵਿਦਿਆਰਥੀ ਹੋ, ਪਰ ਮੇਰੇ ਜੀਵਨ ਵਿਚ ਉਹ ਇਕ ਯਾਦਗਾਰੀ ਦਿਨ ਸੀ । ਇਹ ਪਹਿਲਾ ਮੌਕਾ ਸੀ ਕਿ ਕਿਸੇ ਉਚੇਰੇ ਮੰਤਵ ਲਈ ਤਕਲੀਫ ਉਠੌਣ ਵਿਚ ਮੈਨੂੰ ਪ੍ਰਸੰਨਤਾ ਹੋਈ। ਦੁਨੀਆ ਦੀਆਂ ਸਭ ਖੁਸ਼ੀਆਂ ਇਸ ਪ੍ਰਸੰਨਤਾ ਦੇ ਸਾਮ੍ਹਣੇ ਹੇਚ ਸਨ । ਕੌਮੀਅਤ ਤੇ ਉਚਾ ਸਦਾਚਾਰ ਮੇਰੇ ਜੀਵਨ ਵਿਚ ਛਾ ਗਿਆ। ਮੈਂ ਉਸ ਅਜ਼ਮਾਇਸ਼ ਵਿਚੋਂ ਸਫਲ ਹੋ ਕੇ ਨਿਕਲਿਆ ਅਤੇ ਮੇਰੇ ਜੀਵਨ ਦੇ ਭਵਿਖਤ ਦਾ ਰਸਤਾ ਸਦਾ ਲਈ ਨਿਯਤ ਹੋ ਗਿਆ ।'

ਇਸ ਘਟਨਾ ਦੇ ਪੂਰੇ ਤਿੰਨ ਸਾਲ ਮਗਰੋਂ ਸੰਨ ੧੯੧੭ ਈਸਵੀ ਵਿਚ ਸੁਵਰਗੀ ਸਰ ਅਸੋਤੋਸ਼ ਮੁਕਰਜੀ ਦੇ ਚਰਨਾਂ ਸਦਕਾ ਸੁਭਾਸ਼ ਬਾਬੂ ਨੂੰ ਤਾਲੀਮ ਜਾਰੀ ਰਖਣ ਦੀ ਆਗਿਆ ਮਿਲ ਗਈ- ਆਪ ਸਕਾਟਸ ਚਰਚ ਕਾਲਜ ਦੀ ਥਰਡਈਅਰ ਵਿਚ ਜਾ,


3275D

ਦਾਖਲ ਹੋਏ।

ਠੀਕ ਏਸੇ ਸਮੇਂ ਹਿੰਦੁਸਤਾਨੀ ਵਦਿਆਰਥੀਆਂ ਨੂੰ ਮੁਢਲੀ ਫੌਜੀ ਤਾਲੀਮ ਦੇਣ ਲਈ ਯੂਨੀਵਰਸਟੀ ਟ੍ਰੇਨਿੰਗਕੋਰਾਂ ਜਥੇਬੰਦ ਕੀਤੀਆਂ ਗਈਆਂ ਅਤੇ ਆਜ਼ਾਦ ਹਿੰਦ ਫੌਜ ਦੇ ਹੋਣ ਵਾਲੇ ਸੁਪ੍ਰੀਮ ਕਮਾਂਡਰ ਨੇ ਇਸ ਮੌਕੇ ਤੋਂ ਪੂਰਾ ਪੂਰਾ ਲਾਭ ਉਠਾਇਆ। ਸੁਭਾਸ਼ ਬਾਬੂ ਜਿਸ ਤਰ੍ਹਾਂ ਪੜ੍ਹਾਈ ਲਿਖਾਈ ਵਿਚ ਬੜੇ ਚਤੁਰ ਸਨ ਉਸੇ ਤਰ੍ਹਾਂ ਫੌਜੀ ਤਾਲੀਮ ਦੇ ਵੀ ਵਡੇ ਸ਼ੌਕੀਨ ਸਨ। ਕਾਲਜ ਵਿਚੋਂ ਆਪ ਬੀ. ਏ. ਫਿਲਸਫਾ ਦੇ ਇਮਤਿਹਾਨ ਵਿਚ ਸਭ ਤੋਂ ਫਸਟ ਰਹੇ। ਬੀ. ਏ. ਪਾਸ ਕਰਨ ਮਗਰੋਂ ਆਪ ਕਲਕਤਾ ਯੂਨੀਵਰਸਿਟੀ ਦੀਆਂ ਪੋਸਟ ਗ੍ਰੈਜੂਏਟ ਕਲਾਸਾਂ ਵਿਚ ਦਾਖਲ ਹੋ ਗਏ। ਏਥੇ ਆਪ ਨੇ ਐਕਸਪੇਰੀਮਿੰਟਲ ਸਾਈਕਾਲੋਜੀ ਦਾ ਵਿਸ਼ਾ ਲੈ ਰਖਿਆ ਸੀ।

ਬੀ. ਏ. ਪਾਸ ਕਰਨ ਉਤੇ ਆਪ ਦੇ ਪਿਤਾ ਬਾਬੂ ਜਾਨਕੀ ਨਾਥ ਨੂੰ ਬੜੀ ਪ੍ਰਸੰਨਤਾ ਹੋਈ ਅਤੇ ਆਪ ਨੇ ਉਹਨਾਂ ਨੂੰ ਇੰਗਲੈਂਡ ਭੇਜਣ ਦੀ ਤਿਆਰੀ ਕਰ ਦਿਤੀ। ਉਹਨਾਂ ਦਾ ਖਿਆਲ ਸੀ ਕਿ ਸੁਭਾਸ਼ ਨੂੰ ਆਈ. ਸੀ. ਐਸ. ਕਰਾ ਕੇ ਕਿਸੇ ਉਚੇ ਸਰਕਾਰੀ ਔਹਦੇ ਉਤੇ ਲਵਾਇਆ ਜਾਏ ਪਰ ਸੁਭਾਸ਼ ਨੂੰ ਇਹ ਤਜਵੀਜ਼ ਮਨਜ਼ੂਰ ਨਹੀਂ ਸੀ ਕਿਉਂਕਿ ਆਪ ਸਰਕਾਰੀ ਨੌਕਰੀ ਨੂੰ ਗ਼ੁਲਾਮੀ ਸਮਝਦੇ ਤੇ ਇਸ ਤੋਂ ਖੁਣਸ ਖਾਂਦੇ ਸਨ। ਸੁਭਾਸ਼ ਦਾ ਇਨਕਾਰ ਸੁਣ ਕੇ ਆਪਦੇ ਪਿਤਾ ਨਾਰਾਜ਼ ਹੋ ਗਏ ਉਹਨਾਂ ਨੇ ਸੁਭਾਸ਼ ਨੂੰ ਤੇ ਕੁਛ ਨ ਆਖਿਆ ਪਰ ਆਪਣੀ ਪਤਨੀ ਅਰਥਾਤ ਸੁਭਾਸ਼ ਦੀ ਮਾਤਾ ਨੂੰ ਆਖਣ ਲਗੇ-"ਇੰਗਲੈਂਡ ਵਿਚ ਜਾ ਕੇ ਆਈ. ਸੀ. ਐਸ. ਦਾ ਇਮਤਿਹਾਨ ਪਾਸ ਕਰਨ ਲਈ ਹਿੰਮਤ ਦੀ ਲੋੜ ਹੈ। ਉਥੇ ਅੰਗ੍ਰੇਜ਼ਾਂ ਨਾਲ ਮੁਕਾਬਲਾ ਕਰਨਾ ਪੈਂਦਾ ਹੈ।"

ਸੁਭਾਸ਼ ਨੇ ਜਦ ਇਹ ਤਾਹਨਾ ਸੁਣਿਆ ਤਦ ਉਹਨਾਂ ਨੂੰ ਬੜੀ ਤਮਕ ਲਗੀ। ਉਹ ਤਣ ਕੇ ਖੜੇ ਹੋ ਗਏ ਅਤੇ ਪਿਤਾ ਨੂੰ ਸੰਬੋਧਨ ਕਰ ਕੇ ਬੋਲੇ- "ਕੀ ਆਪ ਸਮਝਦੇ ਹੋ ਕਿ ਮੈਂ ਡਰਦਾ ਹਾਂ? ਚੱਛਾ ਮੈਂ ਜਾ ਰਿਹਾ ਹਾਂ। ਅਠ

ਮਹੀਨੇ ਅਜੇ ਬਾਕੀ ਹਨ ਮੈਂ ਪਾਸ ਹੋ ਕੇ ਦਖਾਵਾਂਗਾ, ਪਰ ਇਕ ਸ਼ਰਤ ਹੈ !''

ਜਾਨਕੀ ਬਾਬੂ ਨੂੰ ਭਲਾ ਹੋਰ ਕੀ ਚਾਹੀਦਾ ਸੀ। ਬੜੇ ਖੁਸ਼ ਹੋ ਕੇ ਬੋਲੇ ਇਕ ਕੀ ਮੈਂ ਸੌ ਸ਼ਰਤਾਂ ਪੂਰੀਆਂ ਕਰ ਦਿਆਂਗਾ ਤੂੰ ਜਾਣ ਲਈ ਤਿਆਰ ਹੋ ਸਹੀ।'

"ਮੈਂ ਕਲ ਜਾ ਰਿਹਾ ਹਾਂ।'' ਸੁਭਾਸ਼ ਨੇ ਆਖਿਆ। "ਪਰ ਸ਼ਰਤ ਇਹ ਹੈ ਕਿ ਮੈਂ ਉਥੇ ਇਮਤਿਹਾਨ ਪਾਸ ਕਰਨ ਮਗਰੋਂ ਤਿਆਗ ਪਤ੍ਰ ਦੇ ਦਿਆਂਗਾ। ਮੈਂ ਹਿੰਦੁਸਤਾਨ ਵਿਚ ਸੁਤੰਤਰਤਾ ਦਾ ਸੰਦੇਸ਼ ਲੈ ਕੇ ਆਵਾਂਗਾ ਗੁਲਾਮੀ ਦਾ ਨਹੀਂ। ਬਸ ਮੇਰੀ ਸ਼ਰਤ ਇਹੋ ਹੈ ਤੇ ਆਪ ਇਹ ਸ਼ਰਤ ਮਨਜ਼ੂਰ ਕਰ ਚੁਕੇ ਹੋ ?'

ਬਾਬੂ ਜਾਨਕੀ ਨਾਥ ਕੁਛ ਖਿਣ ਚੁਪ ਰਹੇ ਫੇਰ ਸਿਰ ਹਿਲਾ ਕੇ ਬੋਲੇ "ਹਾਂ!'' ਸੁਭਾਸ਼ ਦਾ ਸਾਮਾਨ ਉਸੇ ਵੇਲੇ ਬਝਣਾ ਸ਼ੁਰੂ ਹੋ ਗਿਆ।

ਸੁਭਾਸ਼ ਬਾਬੂ ਵਲਾਇਤ ਗਏ, ਜੀ ਲਾ ਕੇ ਪੜ੍ਹਾਈ ਕੀਤੀ ਇਮਤਿਹਾਨ ਵਿਚ ਪਾਸ ਹੋ ਗਏ ਅਤੇ ਪਾਸ ਵੀ ਬੜੇ ਸ਼ਾਨਦਾਰ ਤ੍ਰੀਕੇ ਨਾਲ ਹੋਏ ਕਿਉਂਕਿ ਆਪ ਸਭ ਵਿਦਿਆਰਥੀਆਂ ਵਿਚੋਂ ਚੌਥੇ ਨੰਬਰ ਉਤੇ ਆਏ ਹਾਲਾਂ ਕਿ ਖ਼ਾਸ ਮਜ਼ਮੂਨ ਦੇ ਤੌਰ ਉਤੇ ਆਪ ਨੇ ਅੰਗ੍ਰੇਜ਼ੀ ਦਾ ਕਦੇ ਮੁਤਾਲਿਆ ਨਹੀਂ ਸੀ ਕੀਤਾ। ਪਾਸ ਹੋਣ ਸਾਰ ਆਪ ਨੇ ਤਿਆਗ ਪਤ੍ਰ ਲਿਖ ਦਿਤਾ।

ਇੰਡੀਆ ਆਫਸ ਵਿਚ ਸਰ ਵਿਲਿਅਮ ਡਯੂਕ ਜਾਨਕੀ ਬਾਬੂ ਦੇ ਬੜੇ ਗੂਹੜੇ ਮਿਤ੍ਰ ਰਹਿ ਚੁਕੇ ਸਨ। ਉਹਨਾਂ ਨੇ ਡਿਠਾ ਕਿ ਉਹਨਾਂ ਦਾ ਹੋਣ ਹਾਰ ਸਪੁਤ੍ਰ ਐਸੀ ਅਨੋਖੀ ਕਾਰਵਾਈ ਕਰਨ ਵਾਲਾ ਹੈ। ਉਹਨਾਂ ਨੇ ਤਿਆਗ ਪਤ੍ਰ ਚੁਪ ਚਾਪ ਆਪਣੇ ਪਾਸ ਰਖ ਲਿਆ ਅਤੇ ਸਾਰਾ ਮਾਮਲਾ ਜਾਨਕੀ ਬਾਬੂ ਨੂੰ ਲਿਖ ਭੇਜਿਆ।

ਜਾਨਕੀ ਬਾਬੂ ਵਿਚ ਪਤਾ ਨਹੀਂ ਕਿਹੜਾ ਪਰੀਵਰਤਨ ਹੋ ਗਿਆ ਕਿ ਉਹਨਾਂ ਨੇ ਇਸ ਭਾਵ ਦੀ ਤਾਰ ਲਿਖੀ–

"ਮੈਨੂੰ ਆਪਣੇ ਬੇਟੇ ਉਤੇ ਗਰਭ ਹੈ। ਮੈਂ ਏਸੇ ਸ਼ਰਤ ਉਤੇ ਉਸ ਨੂੰ ਇੰਗਲੈਂਡ ਭੇਜਿਆ ਸੀ ਕਿ ਉਹ ਤਿਆਗ ਪਤ੍ਰ ਦੇ ਦੇਵੇਗਾ। ਉਹ ਗੁਲਾਮ

ਨਹੀਂ ਰਹੇਗਾ। ਇਹ ਉਸ ਦੇ ਜੀਵਨ ਦੀ ਇਕ ਨਿਸ਼ਾਨੀ ਰਹੇਗੀ।"

ਤਾਰ ਪੜ੍ਹ ਕੇ ਸਰ ਵਿਲੀਅਮ ਡਲੂਕ ਹੈਰਾਨ ਰਹਿ ਗਏ।

ਹੈਰਾਨੀ ਵਾਲੀ ਗਲ ਤਾਂ ਇਹ ਸੀ ਕਿ ਸੁਭਾਸ਼ ਪੂਰੀ ਪ੍ਰੀਖਿਆ ਵਿਚ ਸਭ ਤੋਂ ਚੋਥੇ ਨੰਬਰ ਉਤੇ ਪਾਸ ਹੋਏ ਸਨ। ਐਨੇ ਗੋਰੇ ਦਿਮਾਗਾਂ ਦੀ ਮੌਜੂਦਗੀ ਵਿਚ ਵੀ ਅੰਗ੍ਰੇਜ਼ੀ ਸਾਹਿਤ ਦੇ ਪ੍ਰਸ਼ਨ-ਪਤ੍ਰ ਵਿਚ ਸਭ ਤੋਂ ਅਵਲ ਆਏ। ਸਾਰੇ ਪ੍ਰੀਖਕ ਉਹਨਾਂ ਦੀ ਇਸ ਸ਼ਾਨਦਾਰ ਸਫਲਤਾ ਉਤੇ ਚਕ੍ਰਿਤ ਰਹਿ ਗਏ।

ਸਰ ਵਿਲਿਅਮ ਨੇ ਸੁਭਾਸ਼ ਬਾਬੂ ਤੋਂ ਪੁਛਿਆ-"ਹਛਾ ਨੌਜਵਾਨ! ਹੁਣ ਤੂੰ ਰੋਜ਼ੀ ਲਈ ਕੀ ਕੰਮ ਕਰੇਂਗਾ?"

ਸੁਭਾਸ਼ ਬਾਬੂ ਮੁਸਕ੍ਰਾਏ ਤੇ ਬੋਲੇ-"ਮੈਂ ਬਚਪਨ ਤੋਂ ਹੀ ਦੋ ਆਨੇ ਰੋਜ਼ਾਨਾ ਦੀ ਖ਼ੁਰਾਕ ਉਤੇ ਨਿਰਬਾਹ ਕਰਨ ਦੀ ਆਦਤ ਪਾ ਰਖੀ ਹੈ। ਸੁ ਮੈਨੂੰ ਐਨੀ ਥੋੜੀ ਰਕਮ ਲਈ ਬਹੁਤਾ ਫਿਕਰ ਕਰਨ ਦੀ ਲੋੜ ਨਹੀਂ।"

ਸਰ ਵਿਲੀਅਮ ਸੁਭਾਸ਼ ਬਾਬੂ ਦਾ ਮੂੰਹ ਤਕਦੇ ਰਹਿ ਗਏ।

* * *

ਇੰਗਲੈਂਡ ਵਿਚ ਵਿਦਿਆ ਪ੍ਰਾਪਤੀ ਦੇ ਸਮੇਂ ਆਪ ਉਥੇ ਕਿਸ ਤਰ੍ਹਾਂ ਜੀਵਨ ਬਤਾਉਂਦੇ ਰਹੇ ਇਹ ਵੀ ਬੜੀ ਦਿਲਚਸਪ ਵਾਰਤਾ ਹੈ। ਕਾਲਜ ਵਿਚ ਪੜ੍ਹਨ ਦੇ ਸਮੇਂ ਤੋਂ ਆਪ ਹਿੰਦੀਆਂ ਦੀ ਤੋਹੀਨ ਨੂੰ ਤਕ ਕੇ ਦੁਖੀ ਹੁੰਦੇ ਸਨ। ਇਸ ਲਈ ਜਦ ਕਦੇ ਉਹ ਹਿੰਦੁਸਤਾਨੀਆਂ ਦਾ ਮਾਨ ਵਡਿਆਈ ਹੁੰਦੀ ਤਕਦੇ ਤਦ ਦਿਲ ਵਿਚ ਬੜੇ ਖੁਸ਼ ਹੁੰਦੇ ਅਤੇ ਇਸ ਗਲ ਉਤੇ ਫਖਰ ਕਰਦੇ ਸਨ। ਇੰਗਲੈਂਡ ਵਿਚ ਰਹਿਣ ਸਮੇਂ ਆਪ ਨੇ ਆਪਣੇ ਮਿਤ੍ਰਾਂ ਨੂੰ ਜੋ ਖਤ ਲਿਖੇ ਉਹਨਾਂ ਵਿਚੋਂ ਆਪ ਦੇ ਉਸ ਸਮੇਂ ਦੇ ਵਿਚਾਰਾਂ ਉਤੇ ਬਹੁਤ ਸਾਰਾ ਚਾਨਣਾ ਪੈਂਦਾ ਹੈ। ਨਵੰਬਰ ੧੯੧੯ ਨੂੰ ਫਿਟਜ਼ ਵਿਲੀਅਮ ਹਾਲ ਤੋਂ ਆਪ ਨੇ ਆਪਣੇ ਮਿਤ੍ਰ ਸ੍ਰੀ ਯੁਤ ਹਿੰਮਤ ਕੁਮਾਰ ਨੂੰ ਐਉਂ ਲਿਖਿਆ:-

"ਇਹ ਵੇਖ ਕੇ ਕਿ ਗੋਰੇ ਲੋਕ ਮੇਰੀ ਚਾਕਰੀ ਕਰਦੇ ਅਤੇ ਮੇਰੇ

ਛੁਟ ਝਾੜਦੇ ਹਨ ਮੈਨੂੰ ਬੜੀ ਪ੍ਰਸੰਨਤਾ ਹੁੰਦੀ ਹੈ।" ਇਕ ਹੋਰ ਚਿਠੀ ਵਿਚ ਆਪ ਨੇ ਇੰਡੀਅਨ ਮਜਲਸ ਲੰਡਨ ਦੇ ਸਾਲਾਨਾ ਡਿਨਰ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਮਿਸਜ਼ ਰਾਏ ਅਤੇ ਮਿਸਜ਼ ਸ੍ਰੋਜਨੀ ਨਾਇਡੂ ਨੇ ਅੰਗ੍ਰੇਜ਼ ਤੇ ਹਿੰਦੁਸਤਾਨੀ ਪਤਵੰਤਿਆਂ ਦੀ ਹਾਜ਼ਰੀ ਵਿਚ ਬੜੀਆਂ ਹੀ ਸ਼ਾਨਦਾਰ ਤਕਰੀਰਾਂ ਕੀਤੀਆਂ ਸਨ। ਇਹਨਾਂ ਸ਼ਾਨਦਾਰ ਤਕਰੀਰਾਂ ਤੋਂ ਪ੍ਰਭਾਵਤ ਹੋ ਕੇ ਆਪ ਨੇ ਲਿਖਿਆ ਸੀ:—

"ਏਥੇ ਮਿਸਜ਼ ਸ੍ਰੋਜਨੀ ਨਾਇਡੂ ਦੀ ਤਕਰੀਰ ਸੁਣ ਕੇ ਮੇਰਾ ਸਿਰ ਉਚਾ ਹੋ ਗਿਆ ਏ। ਮੈਨੂੰ ਉਸ ਦਿਨ ਪਹਿਲੀ ਵਾਰ ਨਜ਼ਰ ਆਇਆ ਕਿ ਕਿਸੇ ਹਿੰਦੁਸਤਾਨੀ ਤੀਵੀਂ ਵਿਚ ਐਨੀ ਸਭਿਅਤਾ, ਐਨੀ ਤਾਲੀਮ ਅਤੇ ਐਨੀ ਯੋਗਤਾ ਹੋ ਸਕਦੀ ਹੈ ਕਿ ਉਹ ਪਛਮੀ ਦੁਨੀਆ ਦੇ ਸਾਮ੍ਹਣੇ ਇਸ ਸ਼ਾਨ ਨਾਲ ਖੜੀ ਹੋ ਸਕੇ। ਇਸ ਤੋਂ ਮੈਂ ਇਹ ਨਤੀਜਾ ਕਢਿਆ ਹੈ ਕਿ ਜਿਹੜਾ ਦੇਸ ਇਹੋ ਜਿਹੀਆਂ ਫ਼ਖਰ ਯੋਗ ਤੀਵੀਂਆਂ ਨੂੰ ਜਨਮ ਦੇ ਸਕਦਾ ਹੈ ਨਿਸਚੇ ਕਰ ਕੇ ਉਸ ਦਾ ਭਵਿਖਤ ਬੜਾ ਹੀ ਸ਼ਾਨਦਾਰ ਹੈ।"

ਇੰਗਲੈਂਡ ਵਿਚ ਰਿਹਾਇਸ਼ ਦੇ ਦਿਨਾਂ ਵਿਚ ਆਪ ਉਥੇ ਦੂਜੇ ਅਮੀਰ ਤੇ ਫ਼ਜ਼ੂਲ ਖ਼ਰਚ ਲੋਕਾਂ ਵਾਂਗ ਜੀਵਨ ਨਹੀਂ ਸਨ ਬਿਤਾਉਂਦੇ। ਨ ਹੀ ਆਪ ਨੇ ਆਪਣੇ ਪਿਤਾ ਦੇ ਧਨ ਨੂੰ ਲੰਡਨ ਦੇ ਹੋਟਲਾਂ ਦੇ ਐਸ਼ ਇਸ਼ਰਤ ਵਿਚ ਖ਼ਰਾਬ ਕੀਤਾ। ਨ ਹੀ ਆਪ ਫੈਸ਼ਨੇਬਲ ਯੂਰਪੀਨ ਲੜਕੀਆਂ ਦੇ ਜਾਲ ਵਿਚ ਫਸੇ ਜਿਹੜੀਆਂ ਹਿੰਦੁਸਤਾਨੀ ਨੌਜਵਾਨਾਂ ਨਾਲ ਆਪਣੀ ਪਤਿ ਦਾ ਸੌਦਾ ਕਰਨ ਵਿਚ ਬੜੀਆਂ ਮਾਹਰ ਹੁੰਦੀਆਂ ਹਨ। ਇਹ ਤ੍ਰਿਤਰੀਆਂ ਪ੍ਰੇਮ-ਪਿਆਰ ਦੇ ਝੂਠੇ ਇਕਰਾਰ ਕਰ ਕੇ ਹਿੰਦੁਸਤਾਨੀ ਰਾਜਿਆਂ ਨਵਾਬਾਂ ਤੇ ਵਿਦਿਆਰਥੀਆਂ ਦੇ ਧਨ ਉਤੇ ਡਾਕੇ ਮਾਰਦੀਆਂ ਰਹਿੰਦੀਆਂ ਹਨ। ਸੁਭਾਸ਼ ਬਾਬੂ ਇਸ ਐਸ਼ ਇਸ਼ਰਤ ਦੇ ਸੰਸਾਰ ਵਿਚ ਉਵੇਂ ਹੀ ਅਡੋਲ ਤੇ ਨਿਰਲੇਪ ਰਹੇ ਜਿਵੇਂ ਪਾਣੀ ਵਿਚ ਕਮਲ ਫੁਲ ਪਾਣੀ ਤੋਂ ਨਿਰਲੇਪ ਰਹਿੰਦਾ ਹੈ।

# ੩

# ਜਦੋ ਜਿਹਦ ਦੇ ਮੈਦਾਨ ਵਿਚ

੧੬ ਜੁਲਾਈ ੧੯੨੧ ਨੂੰ ਆਪ ਬੰਬਈ ਪਹੁੰਚ ਗਏ ਅਤੇ ਆਉਂਦੇ ਸਾਰ ਮਹਾਤਮਾ ਗਾਂਧੀ ਦੀ ਸੇਵਾ ਵਿਚ ਹਾਜ਼ਰ ਹੋਏ । ਗਾਂਧੀ ਜੀ ਨੇ ਆਪ ਨੂੰ ਮਸ਼ਵਰਾ ਦਿਤਾ ਕਿ ਆਪ ਸੁਵਰਗੀ ਮਿਸਟਰ ਸੀ. ਆਰ. ਦਾਸ ਨਾਲ ਮੁਲਾਕਾਤ ਕਰਨ । ਬੰਗਾਲ ਵਿਚ ਪਹੁੰਚ ਕੇ ਆਪ ਨੇ ਮਹਾਤਮਾ ਗਾਂਧੀ ਦੇ ਆਦੇਸ਼ ਅਨੁਸਾਰ ਸ੍ਰੀ ਯੁਤ ਸੀ. ਆਰ. ਦਾਸ ਨਾਲ ਮੁਲਾਕਾਤ ਕੀਤੀ ਅਤੇ ਉਹਨਾਂ ਨੇ ਆਪ ਨੂੰ ਆਪਣਾ ਲੈਫਟੀਨੈਂਟ ਥਾਪ ਲਿਆ । ਇਸ ਤਰ੍ਹਾਂ ਆਪ ਹਿੰਦੁਸਤਾਨ ਦੀ ਰਾਜਸੀ ਲਹਿਰ ਵਿਚ ਸ਼ਾਮਲ ਹੋ ਕੇ ਕੰਮ ਕਰਨ ਲਗੇ ।

ਇਹ ਉਹ ਸਮਾਂ ਸੀ ਜਦ ਪਹਿਲਾ ਮਹਾਨ ਯੁਧ ਖ਼ਤਮ ਹੋ ਚੁਕਾ ਸੀ । ਜੰਗ ਦੇ ਦਿਨਾਂ ਵਿਚ ਬਰਤਾਨਵੀ ਹਕੂਮਤ ਨੇ ਹਿੰਦੁਸਤਾਨੀਆਂ ਨਾਲ ਜੋ ਇਕਰਾਰ ਕੀਤੇ ਸਨ ਉਹਨਾਂ ਸਭਨਾਂ ਨੂੰ ਭੁਲਾ ਕੇ ਹਿੰਦੀਆਂ ਦੇ

ਜਜ਼ਬਾਤ ਨੂੰ ਦਬਾਉਣ ਉਤੇ ਲਕ ਬੰਨ੍ਹ ਲਿਆ ਸੀ ਜਿਸ ਕਰ ਕੇ ਲੋਕਾਂ ਦੇ ਦਿਲਾਂ ਵਿਚ ਬੜੀ ਨਾਰਾਜ਼ਗੀ ਤੇ ਘ੍ਰਿਣਾ ਉਤਪਨ ਹੋ ਚੁਕੀ ਸੀ। ਲੋਕਾਂ ਨੂੰ ਬਰਤਾਨੀਆਂ ਦੀ ਨੇਕਨਿਯਤੀ ਉਤੇ ਸ਼ਕ ਹੋਣ ਲਗ ਪਿਆ ਸੀ। ਜਲਿਆਂ ਵਾਲੇ ਬਾਗ ਵਿਚ ਨਿਹਥੇ ਤੇ ਪੁਰ ਅਮਨ ਸ਼ਹਿਰੀਆਂ ਦੇ ਕਤਲਿਆਮ ਦੇ ਕਾਰਨ ਲੋਕ ਭੜਕੇ ਹੋਏ ਸਨ। ਮਹਾਂ ਕਵੀ ਟੈਗੋਰ ਨੇ ਇਹਨਾਂ ਜ਼ੁਲਮਾਂ ਵਿਰੁਧ ਪ੍ਰੋਟੈਸਟ ਦੇ ਤੌਰ ਉਤੇ ਸਰ ਦਾ ਖਿਤਾਬ ਤਿਆਗ ਦਿਤਾ ਸੀ। ਇੰਡੀਅਨ ਨੇਸ਼ਨਲ ਕਾਂਗਰਸ ਦੇ ਨਾਗਪੁਰ ਦੇ ਸਮਾਗਮ ਵਿਚ ਸਰਕਾਰ ਨਾਲ ਨਾਮਿਲਵਰਤਨ ਦਾ ਮਤਾ ਪਾਸ ਹੋ ਚੁਕਾ ਸੀ। ਸਰ ਸਨਕਰਨ ਨਾਇਰ ਨੇ ਕੌਂਸਲ ਦੀ ਮੈਂਬਰੀ ਨੂੰ ਲਤ ਮਾਰ ਦਿਤੀ ਸੀ। ਦੇਸ ਭਰ ਵਿਚ ਸਰਕਾਰੀ ਔਹਦਿਆਂ, ਸਰਕਾਰੀ ਸਕੂਲਾਂ ਤੇ ਕਾਲਜਾਂ, ਸਰਕਾਰੀ ਅਦਾਲਤਾਂ ਤੇ ਵਕਾਲਤਾਂ ਦਾ ਬਾਈਕਾਟ ਸ਼ੁਰੂ ਹੋ ਚੁਕਾ ਸੀ। ਥਾਂ ਥਾਂ ਉਤੇ ਕੌਮੀ ਅਦਾਲਤਾਂ ਤੇ ਕੌਮੀ ਸਕੂਲ ਕਾਲਜ ਖੁਲ੍ਹ ਰਹੇ ਸਨ। ਵਿਦਿਆਰਥੀਆਂ ਨੇ ਸਕੂਲਾਂ ਕਾਲਜਾਂ ਅਤੇ ਵਕੀਲਾਂ ਨੇ ਅਦਾਲਤਾਂ ਦਾ ਬਾਈਕਾਟ ਸ਼ੁਰੂ ਕਰ ਦਿਤਾ ਸੀ। ਹਿੰਦੁਸਤਾਨ ਭਰ ਵਿਚ ਗ੍ਰਿਫਤਾਰੀਆਂ ਤੇ ਫੜੋ ਫੜੀ ਦਾ ਜ਼ੋਰ ਸੀ।

ਇਹੋ ਜਿਹੇ ਸਮੇਂ ਵਿਚ ਸ੍ਰੀ ਯੁਤ ਸੁਭਾਸ਼ ਚੰਦਰ ਬੋਸ ਨੇ ਬੰਗਾਲ ਦੇ ਬੇਤਾਜ ਬਾਦਸ਼ਾਹ ਸ੍ਰੀ ਯੁਤ ਚਿਤਰੰਜਨ ਦਾਸ ਦਾ ਲੇਫਟੀਨੈਂਟ ਬਣਨਾ ਪ੍ਰਵਾਨ ਕੀਤਾ। ਸ੍ਰੀ ਯੁਤ ਸੀ. ਆਰ. ਦਾਸ ਨੇ ਆਪ ਨੂੰ ਨੇਸ਼ਨਲ ਕਾਲਜ ਦਾ ਪ੍ਰਿੰਸੀਪਲ ਨਿਯਤ ਕਰ ਦਿਤਾ। ਇਹ ਇਕ ਕੌਮੀ ਤਾਲੀਮੀ ਅਦਾਰਾ ਸੀ। ਮੰਤਵ ਇਹ ਸੀ ਕਿ ਨੌਜਵਾਨ ਬੰਗਾਲ ਦਾ ਖ਼ਮੀਰ ਕੌਮੀ ਨੀਂਹਾਂ ਉਤੇ ਉਠਾਇਆ ਜਾਏ। ਮਹਾਤਮਾ ਗਾਂਧੀ ਨੇ ਸਰਕਾਰੀ ਸਕੂਲਾਂ ਤੇ ਕਾਲਜਾਂ ਨੂੰ 'ਗ਼ੁਲਾਮਖਾਨਿਆਂ' ਦਾ ਨਾਮ ਦਿਤਾ ਸੀ ਅਤੇ ਕੌਮੀ ਤਾਲੀਮ ਦੀ ਹਰ ਪਾਸੇ ਬੜੀ ਲੋੜ ਅਨੁਭਵ ਹੋ ਰਹੀ ਸੀ।

ਨੇਸ਼ਨਲ ਕਾਲਜ ਦੀ ਪ੍ਰਿੰਸੀਪਲੀ ਦੇ ਨਾਲ ਹੀ ਨਾਲ ਸੁਭਾਸ਼ ਬਾਬੂ ਬੰਗਾਲ ਸੂਬਾ ਕਾਂਗਰਸ ਕਮੇਟੀ ਦੇ ਪ੍ਰਾਪੇਗੰਡਾ ਬਿਓਰੋ ਦੇ

ਪਬਲਿਸਟੀ ਇਨਚਾਰਜ ਵੀ ਥਾਪੇ ਗਏ। ਪਬਲਿਸਟੀ ਦਾ ਕੰਮ ਆਪ ਨੇ ਜਿਸ ਸ਼ਾਨਦਾਰ ਤ੍ਰੀਕੇ ਨਾਲ ਸਿਰੇ ਚਾੜ੍ਹਿਆ ਉਸ ਦੀ ਦੋਸਤਾਂ ਤੇ ਵੈਰੀਆਂ ਦੋਵਾਂ ਨੇ ਮੁਕਤ ਕੰਠ ਨਾਲ ਪ੍ਰਸੰਸਾ ਕੀਤੀ। ਹੋਰ ਤੇ ਹੋਰ ਹਿੰਦੀਆਂ ਦੇ ਕਟੜ ਵਿਰੋਧੀ ਗੋਰੇ ਅਖਬਾਰ ਸਟੇਟਸ ਮੈਨ ਨੇ ਵੀ ਇਹ ਗਲ ਮੰਨੀ ਸੀ ਕਿ ਪਬਲਿਸਟੀ ਦੇ ਕੰਮ ਵਿਚ ਸ੍ਰੀ ਯੁਤ ਸੁਭਾਸ਼ ਨੇ ਸ਼ਿਮਲੇ ਦੇ ਸਰਕਾਰੀ ਹਲਕਿਆਂ ਨੂੰ ਵੀ ਮਾਤ ਪਾ ਦਿਤੀ ਹੈ।

ਠੀਕ ਇਹਨਾਂ ਹੀ ਦਿਨਾਂ ਵਿਚ ਬੰਗਾਲ ਵਿਚ ਇਕ ਵਾਲੰਟੀਅਰ ਲਹਿਰ ਚਾਲੂ ਹੋਈ। ਸੁਭਾਸ਼ ਬੋਸ ਇਸ ਲਹਿਰ ਦੇ ਆਰਗੇਨਾਈਜ਼ਿੰਗ ਲੀਡਰ ਨਿਯਤ ਹੋਏ। ਇਸ ਕੰਮ ਵਿਚ ਆਪ ਨੂੰ ਯੂਨੀਵਰਸਿਟੀ ਦੀ ਟਰੇਨਿੰਗ ਨਾਲ ਬੜੀ ਸਹਾਇਤਾ ਮਿਲੀ।

ਸੰਨ ੧੯੨੧ ਈਸਵੀ ਵਿਚ ਪ੍ਰਿੰਸ ਆਫ ਵੇਲਜ਼ (ਵਰਤਮਾਨ ਡਯੂਕ ਆਫ਼ ਵਿੰਡਸਰ) ਹਿੰਦੁਸਤਾਨ ਵਿਚ ਤਸ਼ਰੀਫ ਲਿਆਏ। ਇੰਡੀਅਨ ਨੈਸ਼ਨਲ ਕਾਂਗਰਸ ਨੇ ਉਹਨਾਂ ਦੇ ਬਾਈਕਾਟ ਦਾ ਫੈਸਲਾ ਕੀਤਾ। ਕਾਂਗਰਸ ਨੇ ਇਸ ਬਾਈਕਾਟ ਦੇ ਫੈਸਲੇ ਨੂੰ ਮੁਖ ਰਖ ਕੇ ਹਿੰਦੁਸਤਾਨ ਦੇ ਵਡੇ ਵਡੇ ਸ਼ਹਿਰਾਂ ਵਿਚ ਪ੍ਰਿੰਸ ਆਫ਼ ਵੇਲਜ਼ ਦੇ ਆਉਣ ਉਤੇ ਮੁਕੰਮਲ ਹੜਤਾਲ ਕੀਤੀ ਗਈ। ਕਲਕਤੇ ਦੀ ਹੜਤਾਲ ਐਨੀ ਕਾਮਯਾਬ ਤੇ ਮੁਕੰਮਲ ਸੀ ਜਿਸ ਨੂੰ ਬਿਆਨ ਕਰਨਾ ਮੁਸ਼ਕਲ ਹੈ। ਸ਼ਹਿਰ ਦੀਆਂ ਗਲੀਆਂ ਸੁਨਸਾਨ, ਦੁਕਾਨਾਂ ਬੰਦ ਅਤੇ ਸਾਰੇ ਸਕੂਲਾਂ ਤੇ ਕਾਲਜਾਂ ਵਿਚ ਉਲੂ ਬੋਲ ਰਹੇ ਸਨ। ਇਹ ਸਾਰੀ ਕਾਮਯਾਂਬੀ ਸ੍ਰੀ ਯੁਤ ਸੁਭਾਸ਼ ਚੰਦਰ ਬੋਸ ਦੀ ਯੋਗਤਾ ਤੇ ਉਹਨਾਂ ਦੀ ਲੀਡਰੀ ਦਾ ਸਦਕਾ ਹੀ ਹੋਈ। ਕਲਕਤੇ ਦੀ ਸ਼ਾਨਦਾਰ ਤੇ ਅਦੁਤੀ ਹੜਤਾਲ ਦਾ ਇਕ ਪ੍ਰਗਟ ਪਹਿਲੂ ਇਹ ਸੀ ਕਿ ਸ੍ਰੀ ਸੁਭਾਸ਼ ਬੋਸ ਦੀ ਲੀਡਰੀ ਦੇ ਮਾਤਹਿਤ ਵਾਲੰਟੀਅਰਾਂ ਨੇ ਐਡੇ ਵਡੇ ਸ਼ਹਿਰ ਦਾ ਅਮਨ ਸਫਲਤਾ ਨਾਲ ਕਾਇਮ ਰਖਿਆ ਕਿ ਵਿਰੋਧੀ ਕਿਸੇ ਕਿਸਮ ਦੀ ਦੁਰਘਟਨਾ ਕਰਾਉਣ ਤੋਂ ਅਸਫਲ ਰਹੇ। ਹਾਲਾਂ ਕਿ ਸਾਰੇ ਐਂਗਲੋ ਇੰਡੀਅਨ ਅਖਬਾਰਾਂ ਨੇ ਪਬਲਿਕ ਤੇ ਖਾਸ

ਕਰ ਕੇ ਕਾਂਗਰਸੀਆਂ ਵਿਰੁਧ ਜ਼ਹਿਰੀਲਾ ਪ੍ਰਾਪੇਗੰਡਾ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਸੀ ਰਖੀ । ਉਹਨਾਂ ਨੇ ਇਥੋਂ ਤੀਕ ਲਿਖ ਦਿਤਾ ਕਿ ਪਬਲਿਕ ਨੇ ਸ਼ਾਹੀ ਤਾਜ ਅਤੇ ਪ੍ਰਿੰਸ ਆਫ ਵੇਲਜ਼ ਦੀ ਜ਼ਬਰਦਸਤ ਤੌਹੀਨ ਕੀਤੀ ਹੈ ।

ਇਸ ਕਾਮਯਾਬ ਹੜਤਾਲ ਤੋਂ ਖਿਝ ਕੇ ਬੰਗਾਲ ਗੌਰਮਿੰਟ ਨੇ ਇਕ ਐਲਾਨ ਰਾਹੀਂ ਕਾਂਗਰਸ ਅਤੇ ਖਿਲਾਫਤ ਦੀਆਂ ਸਾਰੀਆਂ ਵਾਲੰਟੀਅਰ ਜਮਾਤਾਂ ਨੂੰ ਕਾਨੂਨ ਵਿਰੁਧ ਕਰਾਰ ਦੇ ਦਿਤਾ । ਗੌਰਮਿੰਟ ਐਲਾਨ ਦੇ ਦੂਜੇ ਦਿਨ ਹੀ ਕਲਕਤੇ ਦੇ ਪੁਲੀਸ ਕਮਿਸ਼ਨਰ ਨੇ ਇਕ ਹੁਕਮ ਰਾਹੀਂ ਕਲਕਤਾ ਤੇ ਆਸ ਪਾਸ ਦੇ ਇਲਾਕੇ ਵਿਚ ਤਿੰਨ ਮਹੀਨੇ ਤੀਕ ਸਾਰੇ ਪਬਲਿਕ ਜਲਸਿਆਂ ਅਤੇ ਜਲੂਸਾਂ ਦੀ ਮਨਾਹੀ ਕਰ ਦਿਤੀ। ਇਸ ਦੇ ਛੇਤੀ ਹੀ ਮਗਰੋਂ ਇੰਡੀਅਨ ਨੈਸ਼ਨਲ ਕਾਂਗਰਸ ਵਲੋਂ ਸਿਵਲ ਨਾ ਫੁਰਮਾਨੀ ਦੀ ਲਹਿਰ ਸ਼ੁਰੂ ਹੋ ਗਈ।

੧੫ ਦਸੰਬਰ ੧੯੨੧ ਨੂੰ ਸ੍ਰੀ ਯੁਤ ਸੀ. ਆਰ. ਦਾਸ, ਮੌਲਾਨਾ ਅਬੁਲ ਕਲਾਮ ਆਜ਼ਾਦ ਅਤੇ ਸੁਭਾਸ਼ ਚੰਦਰ ਬੋਸ ਗ੍ਰਿਫਤਾਰ ਕੀਤੇ ਗਏ । ਇਹਨਾਂ ਵਿਰੁਧ ਮੁਕਦਮਾ ਚਲਾ ਕੇ ਇਨ੍ਹਾਂ ਨੂੰ ਛੇ ਛੇ ਮਹੀਨੇ ਲਈ ਜੇਲ ਵਿਚ ਬੰਦ ਕੀਤਾ ਗਿਆ । ਸੁਭਾਸ਼ ਬਾਬੂ ਨੂੰ ਆਪਣੇ ਚੀਫ ਸ੍ਰੀ ਯੁਤ ਸੀ. ਆਰ. ਦਾਸ ਦੇ ਨਾਲ ਰਹਿਣ ਦੀ ਆਗਿਆ ਮਿਲ ਗਈ । ਸੋ ਆਪ ਆਪਣੇ ਮਹਿਬੂਬ ਲੀਡਰ ਦੇ ਇਕੋ ਸਮੇਂ ਬਾਵਰਚੀ ਅਤੇ ਪ੍ਰਾਈਵੇਟ ਸੈਕ੍ਰੇਟਰੀ ਬਣ ਗਏ ।

ਸੁਭਾਸ਼ ਬਾਬੂ ਦੀ ਜੇਲ ਵਿਚੋਂ ਰਿਹਾਈ ਦੇ ਥੋੜਾ ਸਮਾ ਹੀ ਮਗਰੋਂ ਉਤ੍ਰੀ ਬਗਾਲ ਵਿਚ ਵਬਾਈ ਬੀਮਾਰੀਆਂ ਤੇ ਦੁਖਾਂ ਨੇ ਆਨ ਸਿਰ ਕਢਿਆ । ਆਪ ਉਸ ਇਲਾਕੇ ਵਿਚ ਪਹੁੰਚੇ ਅਤੇ ਰੀਲੀਫ ਦਾ ਕੰਮ ਸ਼ੁਰੂ ਕਰ ਦਿਤਾ । ਬਤੌਰ ਸੈਕ੍ਰੇਟਰੀ ਰੀਲੀਫ ਕਮੇਟੀ ਆਪ ਨੇ ਉਥੇ ਐਨੀ ਸ਼ਾਨਦਾਰ ਸੇਵਾ ਕੀਤੀ ਕਿ ਬੰਗਾਲ ਦੇ ਗਵਰਨਰ ਲਾਰਡ ਲਿਟਨ ਨੇ ਆਪ ਨੂੰ ਇਸ ਸੇਵਾ ਲਈ ਸਰਕਾਰੀ ਤੌਰ ਉਤੇ ਧੰਨਵਾਦ ਦਿਤਾ ।

# ਸਵਰਾਜ ਪਾਰਟੀ ਦੀ ਕਾਇਮੀ

ਦਸੰਬਰ ੧੯੨੨ ਈਸਵੀ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦਾ ਸਾਲਾਨਾ ਸਮਾਗਮ ਗਯਾ ਵਿਚ ਦੇਸ਼ ਬੰਧੂ ਸੀ. ਆਰ. ਦਾਸ ਦੀ ਪ੍ਰਧਾਨਗੀ ਹੇਠ ਹੋਇਆ। ਇਸ ਸਮਾਗਮ ਦੇ ਮੌਕੇ ਉਤੇ ਕਾਂਗਰਸ ਦੇ ਅੰਦਰ ਹੀ ਇਕ ਸਵਰਾਜ ਪਾਰਟੀ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ। ਪ੍ਰਵਿਨਸ਼ਲ ਕੌਂਸਲਾਂ ਦੇ ਅੰਦਰ ਆਪਣੇ ਮੈਂਬਰ ਭੇਜਣ ਤੇ ਕੌਂਸਲਾਂ ਨੂੰ ਨਾਕਾਰਾ ਸਾਬਤ ਕਰਨਾ ਇਸ ਪਾਰਟੀ ਦਾ ਮੁਖ ਪ੍ਰਯੋਜਨ ਕਰਾਰ ਪਾਇਆ। ਮਹਾਤਮਾ ਗਾਂਧੀ ਦੇ ਅਨਿਨ ਭਗਤਾਂ ਨੇ ਕਾਂਗਰਸ ਦੇ ਸਮਾਗਮ ਵਿਚ ਇਸ ਤਜਵੀਜ਼ ਦੀ ਵਿਰੋਧਤਾ ਕੀਤੀ। ਸੁਭਾਸ਼ ਚੰਦਰ ਬੋਸ ਇਸ ਨਵੀਂ ਲਾਈਨ ਸੰਬੰਧੀ ਉਕਾ ਹੀ ਨਵੇਂ ਆਦਮੀ ਸਨ, ਇਸ ਗਲ ਦੇ ਬਾਵਜੂਦ ਆਪ ਪਾਰਟੀ ਨੂੰ ਆਰਗੇਨਾਈਜ਼ ਕਰਨ ਵਿਚ ਤਨੋ ਮਨੋ ਹੋ ਕੇ ਰੁਝ ਗਏ। ਇਹਨਾਂ ਹੀ ਦਿਨਾਂ ਵਿਚ ਸੁਭਾਸ਼ ਬੋਸ ਨੇ ਆਪਣੇ ਖ਼ਿਆਲਾਂ ਦੇ ਪ੍ਰਚਾਰਨ ਲਈ ਬੰਗਾਲੀ ਦਾ ਰੋਜ਼ਾਨਾ ਅਖਬਾਰ "ਬੰਗਲਾਰ ਕਥਾ" ਅਰਥਾਤ ਬੰਗਾਲ ਦੀ ਆਵਾਜ਼ ਨਾਮੀ ਜਾਰੀ ਕੀਤਾ। ਆਪ ਚਾਹੁੰਦੇ ਸਨ ਕਿ ਇੰਪੀਰੀਅਲਿਜ਼ਮ ਤੇ ਬ੍ਰਿਟਿਸ਼ ਡੈਮੋਕਰੇਸੀ ਦੀ ਵਿਰੋਧਤਾ ਲਈ ਨਵੀਂ ਮੁਹਿੰਮ ਨੂੰ ਜਾਰੀ ਕੀਤਾ ਜਾਏ। ਏਸੇ ਦੌਰਾਨ ਵਿਚ ਸੁਭਾਸ਼ ਬੋਸ ਨੇ ਦੇਸ਼ ਬੰਧੂ ਸੀ. ਆਰ. ਦਾਸ ਦੇ ਅਖਬਾਰ "ਫਾਰਵਰਡ" ਦਾ ਵੀ ਚਾਰਜ ਲੈ ਲਿਆ ਜੋ ਸਵਰਾਜ ਪਾਰਟੀ ਦੇ ਖਿਆਲਾਂ ਦਾ ਪ੍ਰਚਾਰ ਕਰਨ ਲਈ ਜਾਰੀ ਕੀਤਾ ਗਿਆ ਸੀ। ਸੰਨ ੧੯੨੩ ਵਿਚ ਆਪ ਨੂੰ ਬੰਗਾਲ ਦੀ ਸੂਬਕ ਕਾਂਗਰਸ ਕਮੇਟੀ ਦਾ ਸੈਕ੍ਰੇਟਰੀ ਥਾਪਿਆ ਗਿਆ। ਉਸੇ ਸਾਲ ਆਪ ਨੇ 'ਬੰਗਾਲ ਯੰਗ ਪਾਰਟੀ' ਨੂੰ ਜਨਮ ਦਿਤਾ। ਇਸ ਪਾਰਟੀ ਦਾ ਜੋ ਮੈਨੀਫੈਸਟੋ ਜਾਰੀ ਕੀਤਾ ਗਿਆ ਉਸ ਤੋਂ ਸਪਸ਼ਟ ਹੁੰਦਾ ਹੈ ਕਿ ਸੁਭਾਸ਼ ਬਾਬੂ ਇਸ ਦਾ ਆਦਰਸ਼ ਮੁਕੰਮਲ ਆਜ਼ਾਦੀ ਰਖਣਾ ਚਾਹੁੰਦੇ ਸਨ।

ਸੰਨ ੧੯੨੪ ਵਿਚ ਸਵਰਾਜ ਪਾਰਟੀ ਨੇ ਮਿਉਨਸੀਪਲ ਕਾਰਪੋਰੇਸ਼ਨ ਕਲਕਤਾ ਦੀਆਂ ਚੋਣਾਂ ਲੜੀਆਂ। ਨਤੀਜਾ ਇਹ ਨਿਕਲਿਆ ਕਿ ਕਾਰਪੋਰੇਸ਼ਨ ਉਤੇ ਏਸ ਪਾਰਟੀ ਦਾ ਕਬਜ਼ਾ ਹੋ ਗਿਆ। ਦੇਸ਼ ਬੰਧੂ ਸੀ. ਆਰ. ਦਾਸ ਕਾਰਪੋਰੇਸ਼ਨ ਦੇ ਮੇਅਰ ਨਿਯਤ ਹੋਏ ਅਤੇ ਸੁਭਾਸ਼ ਬਾਬੂ ਚੀਫ਼ ਐਗਜ਼ੇਕਟਿਵ ਆਫੀਸਰ। ਸਰਕਾਰ ਇਸ ਜੋਸ਼ੀਲੇ ਨੌਜਵਾਨ ਦੀਆਂ ਸਰਗਰਮੀਆਂ ਤੋਂ ਜਾਣੂੰ ਸੀ ਤੇ ਉਹ ਆਪ ਨੂੰ ਪਸੰਦ ਨਹੀਂ ਸੀ ਕਰਦੀ। ਇਸੇ ਲਈ ਉਸ ਨੇ ਇਕ ਮਹੀਨੇ ਤੀਕ ਇਸ ਤਕਰਰੀ ਨੂੰ ਰੋਕੀ ਰਖਿਆ, ਅੰਤ ਮਨਜ਼ੂਰੀ ਦੇਣੀ ਪਈ। ਇਸ ਔਹਦੇ ਦੀ ਤਨਖਾਹ ਤਿੰਨ ਹਜ਼ਾਰ ਰੁਪਏ ਮਹਾਵਾਰ ਸੀ, ਪਰ ਸੁਭਾਸ਼ ਬਾਬੂ ਨੇ ਕੇਵਲ ਅਧੀ ਤਨਖਾਹ ਲੈਣੀ ਪਰਵਾਨ ਕੀਤੀ। ਥੋੜੇ ਹੀ ਚਿਰ ਦੇ ਅੰਦਰ ਇਸ ਔਹਦੇ ਉਤੇ ਪੁਜ ਕੇ ਆਪ ਨੇ ਏਨਾ ਨਾਮ ਖਟਿਆ ਕਿ ਆਪ ਤੋਂ ਚੰਗੇਰਾ ਆਦਮੀ ਇਸ ਔਹਦੇ ਲਈ ਮਿਲਨਾ ਮੁਹਾਲ ਹੋ ਗਿਆ ਪਰ ਗੌਰਮਿੰਟ ਆਪ ਨਾਲ ਖੁਸ਼ ਨਹੀਂ ਸੀ। ਉਹ ਆਪ ਨੂੰ ਖ਼ਤਰਨਾਕ ਸਮਝ ਕੇ ਆਪਣੇ ਰਾਹ ਵਿਚੋਂ ਹਟਾਉਣਾ ਚਾਹੁੰਦੀ ਸੀ। ਪੂਰੇ ਪੰਜ ਮਹੀਨੇ ਮਗਰੋਂ ਸਰਕਾਰ ਨੇ ਇਸ ਸ਼ੇਰ ਮਰਦ ਨੂੰ ਰੈਗੂਲੇਸ਼ਨ ੩ ਦੇ ਮਾਤਹਿਤ ਗ੍ਰਿਫਤਾਰ ਕਰ ਲਿਆ। ਇਸ ਰੈਗੂਲੇਸ਼ਨ ਮਾਤਹਿਤ ਮੁਕਦਮੇ ਦੀ ਸਮਾਇਤ ਦੀ ਵੀ ਲੋੜ ਨਹੀਂ ਸੀ। ਗ੍ਰਿਫਤਾਰ ਕਰਨ ਮਗਰੋਂ ਆਪ ਨੂੰ ਪਹਿਲੇ ਅਲੀ ਪੁਰ ਜੇਲ ਵਿਚ ਅਤੇ ਪਿਛੋਂ ਬਹਿਰਾਮ ਪੁਰ ਜੇਲ ਵਿਚ ਭੇਜਿਆ ਗਿਆ। ਇਥੋਂ ਕੁਛ ਚਿਰ ਮਗਰੋਂ ਆਪ ਨੂੰ ਮਾਂਡਲੇ (ਬਰਮਾ) ਜੇਲ ਵਿਚ ਲੈ ਗਏ।

## ਮਾਂਡਲੇ ਜੇਲ ਵਿਚ

ਸ੍ਰੀ ਯੁਤ ਸੁਭਾਸ਼ ਬਾਬੂ ਨੂੰ ਹਕੂਮਤ ਆਪਣੇ ਲਈ ਐਨਾ ਖਤਰਨਾਕ ਸਮਝਦੀ ਸੀ ਕਿ ਉਹ ਆਪ ਨੂੰ ਹਿੰਦੁਸਤਾਨ ਵਿਦਲੀ ਕਿਸੇ ਜੇਲ ਵਿਚ ਰਖਣਾ ਵੀ ਬਰਦਾਸ਼ਤ ਨ ਕਰ ਸਕੀ। ਸਰਕਾਰ ਨੇ ਆਪ

ਨੂੰ ਮਾਂਡਲੇ (ਬਰਮਾ) ਜੇਲ ਵਿਚ ਭੇਜਣ ਦਾ ਪਕ ਨਿਸਚਾ ਧਾਰ ਲਿਆ। ਇਸ ਸਿਲਸਿਲੇ ਵਿਚ ਸਰਕਾਰ ਹਿੰਦ ਤੇ ਬੰਗਾਲ ਦੀ ਹਕੂਮਤ ਵਿਚਾਲੇ ਢੇਰ ਚਿਰ ਤੀਕ ਖਤ ਪਤ੍ਰ ਹੁੰਦਾ ਰਿਹਾ, ਜਿਸ ਦੇ ਮਗਰੋਂ ਆਪ ਮਾਂਡਲੇ ਜੇਲ ਵਿਚ ਭੇਜੇ ਗਏ। ਆਪ ਨੂੰ ਕਿਸ ਤਰ੍ਹਾਂ ਮਾਂਡਲੇ ਜੇਲ ਵਿਚ ਭੇਜਿਆ ਗਿਆ, ਸਫਰ ਵਿਚ ਆਪ ਨਾਲ ਕੀ ਸਲੂਕ ਹੋਇਆ ਅਤੇ ਮਾਂਡਲੇ ਜੇਲ ਵਿਚ ਆਪ ਨਾਲ ਕੀ ਬੀਤੀ? ਇਹਨਾਂ ਸਭਨਾਂ ਗਲਾਂ ਨੂੰ ਆਪ ਨੇ ਆਪਣੀ ਪੁਸਤਕ 'ਇੰਡੀਅਨ ਸਟਰਗਲ' ਅਰਥਾਤ ਹਿੰਦੁਸਤਾਨ ਦੀ ਜਦੋ ਜਿਹਦ ਵਿਚ ਖੋਲ੍ਹ ਕੇ ਲਿਖਿਆ ਹੈ। ਇਹ ਕਹਾਣੀ ਸੁਭਾਸ਼ ਬਾਬੂ ਦੀ ਆਪ ਬੀਤੀ ਤੇ ਆਪ ਲਿਖੀ ਹੋਈ ਹੈ ਇਸ ਲਈ ਅਸੀਂ ਪਾਠਕਾਂ ਦੀ ਵਾਕਫੀ ਲਈ ਉਸ ਦਾ ਭਾਵ ਦਰਜ ਕਰਦੇ ਹਾਂ ਜੋ ਇਸ ਤਰ੍ਹਾਂ ਹੈ—

"੨੫ ਅਕਤੂਬਰ ੧੯੨੪ ਦੀ ਸਵੇਰ ਨੂੰ ਸੂਰਜ ਨਿਕਲਨ ਤੋਂ ਪਹਿਲੇ ਮੇਰੇ ਨੌਕਰ ਨੇ ਮੈਨੂੰ ਜਗਾਇਆ ਅਤੇ ਖ਼ਬਰ ਦਿਤੀ ਕਿ ਕੁਛ ਪੁਲੀਸ ਅਫਸਰ ਮਿਲਨ ਲਈ ਆਏ ਹਨ। ਹੁੰਗਲਾਉਂਦਾ ਹੋਇਆ ਉਠ ਕੇ ਮੈਂ ਉਹਨਾਂ ਅਫਸਰਾਂ ਪਾਸ ਗਿਆ। ਉਹਨਾਂ ਵਿਚੋਂ ਇਕ ਨੇ ਜੋ ਕਲਕਤੇ ਦਾ ਡਿਪਟੀ ਕਮਿਸ਼ਨਰ ਸੀ ਤੇ ਜਿਸ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਸਾਂ ਨਰਮੀ ਨਾਲ ਆਖਿਆ ਕਿ ਉਹ ਇਕ ਦੁਖਦਾਈ ਫਰਜ਼ ਦੀ ਪੂਰਤੀ ਲਈ ਏਥੇ ਆਇਆ ਹੈ। ਉਸ ਦੇ ਪਾਸ ਰੈਗੂਲੇਸ਼ਨ ੩ ਸੰਨ ੧੮੧੮ ਦੇ ਮਾਤਹਿਤ ਮੇਰੀ ਗ੍ਰਿਫਤਾਰੀ ਦੇ ਵਾਰੰਟ ਸਨ। ਉਸ ਨੇ ਮੈਨੂੰ ਇਹ ਵੀ ਦਸਿਆ ਕਿ ਮੇਰੇ ਘਰ ਦੀ ਤਲਾਸ਼ੀ ਦੇ ਵਾਰੰਟ ਵੀ ਉਸ ਦੀ ਜੇਬ ਵਿਚ ਹਨ। ਸੁ ਮੈਨੂੰ ਸੌਚ ਪਾਣੀ ਤੋਂ ਵਿਹਲੇ ਹੋਣ ਤੇ ਉਹਨਾਂ ਨਾਲ ਚਲਨ ਲਈ ਤਿਆਰੀ ਕਰਨ ਲਈ ਆਖਿਆ ਗਿਆ। ਪੁਲਸ ਅਫਸਰ ਮੇਰੇ ਮਕਾਨ ਦੀ ਤਲਾਸ਼ੀ ਲੈਣ ਵਿਚ ਰੁਝ ਗਏ। ਵਾਰੰਟਾਂ ਵਿਚ ਦਰਜ ਸੀ ਕਿ ਤਲਾਸ਼ੀ ਹਥਿਆਰ, ਬਾਰੂਦ ਤੇ ਕਾਰਤੂਸਾਂ ਦੇ ਸੰਬੰਧ ਵਿਚ ਹੈ। ਪੁਲੀਸ ਨੂੰ ਇਹਨਾਂ ਵਿਚੋਂ ਕੋਈ ਚੀਜ਼ ਵੀ ਮੇਰੇ

ਮਕਾਨ ਤੋਂ ਨ ਮਿਲੀ। ਫੇਰ ਵੀ ਮੇਰੇ ਜ਼ਾਤੀ ਕਾਗਜ਼ਾਤ ਜਿਨ੍ਹਾਂ ਵਿਚ ਕੁਝ ਚਿਠੀਆਂ ਵੀ ਸਨ ਆਪਣੇ ਨਾਲ ਲੈ ਗਈ। ਡਿਪਟੀ ਕਮਿਸ਼ਨਰ ਪੁਲਿਸ ਨੇ ਵਖਾਵੇ ਤੋਂ ਬਚੌਣ ਲਈ ਮੈਨੂੰ ਆਪਣੀ ਕਾਰ ਵਿਚ ਬਿਠਾ ਲਿਆ। ਇਹ ਗ੍ਰਿਫਤਾਰੀ ਐਨੀ ਅਚਾਨਕ ਹੋਈ ਕਿ ਮੇਰੇ ਭਾਈ ਭੈਣਾਂ, ਮਾਂ ਅਤੇ ਦੂਜੇ ਸਾਕ ਸੰਬੰਧੀਆਂ ਤੀਕ ਨੂੰ ਵੀ ਇਤਲਾਹ ਨ ਹੋ ਸਕੀ। ਮਕਾਨ ਤੋਂ ਅਲੀਪੁਰ ਦੇ ਰਸਤੇ ਵਿਚ ਕਾਰ ਵਿਚ ਬੈਠੇ ਬੈਠੇ ਕੁਝ ਦੋਸਤਾਂ ਤੇ ਰਿਸ਼ਤੇਦਾਰਾਂ ਦੇ ਦਰਸ਼ਨ ਹੋ ਗਏ। ਇਹਨਾਂ ਲੋਕਾਂ ਵਿਚੋਂ ਕਈਆਂ ਨੇ ਮੈਨੂੰ ਡਿਪਟੀ ਕਮਿਸ਼ਨਰ ਪੁਲਿਸ ਦੇ ਨਾਲ ਕਾਰ ਵਿਚ ਬੈਠਿਆਂ ਵੇਖਿਆ ਵੀ ਪਰ ਕਿਸੇ ਨੂੰ ਸ਼ਕ ਨ ਪਿਆ ਕਿ ਮੇਰੀ ਮੰਜ਼ਲ ਜੇਲ ਹੈ। ਅਲੀ ਪੁਰ ਸੈਂਟਰਲ ਜੇਲ ਵਿਚ ਪਹੁੰਚਣ ਉਤੇ ਮੈਨੂੰ ਪਤਾ ਲਗਾ ਕਿ ਉਸ ਕਿਸ਼ਤੀ ਵਿਚ ਮੈਂ ਇਕਲਾ ਨਹੀਂ ਹਾਂ ਮੇਰੇ ਕੁਛ ਹੋਰ ਸਾਥੀ ਵੀ ਉਸੇ ਸਵੇਰ ਗ੍ਰਿਫਤਾਰ ਹੋ ਕੇ ਉਥੇ ਪਹੁੰਚ ਚੁਕੇ ਸਨ। ਜੇਲ ਦੇ ਹਾਕਮ ਸਾਡੀਆਂ ਗ੍ਰਿਫਤਾਰੀਆਂ ਉਤੇ ਦੁਖੀ ਸਨ। ਸਾਨੂੰ ਬਾਕੀ ਦੇ ਜੇਲ ਵਾਸੀਆਂ ਤੋਂ ਅਡਰੇ ਰਖਣ ਲਈ ਖਾਸ ਪ੍ਰਬੰਧ ਕੀਤੇ ਗਏ। ਜਿਉਂ ਜਿਉਂ ਦਿਨ ਢਲਦਾ ਗਿਆ ਮੇਰੇ ਸਾਥੀਆਂ ਦੀ ਵੀ ਗਿਣਤੀ ਵਧਦੀ ਚਲੀ ਗਈ। ਸੂਰਜ ਡੁਬਣ ਤੀਕ ਅਸੀਂ ਸਾਰੇ ੧੮ ਸਾਥੀ ਹੋ ਗਏ।

ਗ੍ਰਿਫਤਾਰੀ ਸਮੇਂ ਮੈਂ ਕਲਕੱਤਾ ਕਾਰਪੋਰੇਸ਼ਨ ਦਾ ਚੀਫ ਐਗ-ਜ਼ੇਕਟਿਵ ਆਫੀਸਰ ਵੀ ਸਾਂ ਇਸ ਲਈ ਮੇਰੀ ਅਚਾਨਕ ਗ੍ਰਿਫਤਾਰੀ ਨਾਲ ਕਾਰਪੋਰੇਸ਼ਨ ਦੇ ਕੰਮ ਵਿਚ ਕੁਛ ਹਰਜ ਵੀ ਹੋਇਆ ਅਤੇ ਗੌਰਮਿੰਟ ਨੂੰ ਮਜਬੂਰ ਹੋ ਕੇ ਇਹ ਹੁਕਮ ਜਾਰੀ ਕਰਨਾ ਪਿਆ ਕਿ ਇਕ ਹਫਤਾ ਹੋਰ ਮੈਂ ਜੇਲ ਵਿਚ ਕਾਰਪੋਰੇਸ਼ਨ ਦਾ ਕੰਮ ਕਰ ਸਕਦਾ ਹਾਂ। ਮੇਰੇ ਆਫਸ ਸੈਕ੍ਰੇਟਰੀ ਨੂੰ ਵੀ ਕਾਰਪੋਰੇਸ਼ਨ ਦੇ ਕੰਮ ਦੇ ਸੰਬੰਧ ਵਿੱਚ ਮੇਰੇ ਨਾਲ ਜੇਲ ਵਿੱਚ ਮੁਲਾਕਾਤ ਕਰਨ ਦੀ ਆਗਿਆ ਮਿਲ ਗਈ। ਇਹਨਾਂ ਮੁਲਾਕਾਤਾਂ ਦੇ ਮੌਕਿਆ ਉਤੇ ਜੇਲ ਅਫਸਰਾਂ ਤੋਂ ਛੁਟ ਪੁਲਿਸ ਅਫਸਰ ਵੀ ਮੌਜੂਦ ਹੁੰਦੇ ਸਨ। ਕਈ ਵਾਰ ਮੇਰਾ ਉਹਨਾਂ ਨਾਲ ਝਗੜਾ

ਵੀ ਹੋ ਜਾਂਦਾ ਸੀ। ਕਈ ਵਾਰ ਗੁਸਤਾਖੀ ਭਰੇ ਰਵਈਏ ਉਤੇ ਉਹਨਾਂ ਨੂੰ ਝਾੜਾਂ ਵੀ ਪਾਉਣੀਆਂ ਪੈਂਦੀਆਂ ਸਨ। ਇਸ ਖੁਦਦਾਰੀ ਦੀ ਸਜ਼ਾ ਮੈਨੂੰ ਇਹ ਦਿਤੀ ਗਈ ਕਿ ਉਹਨਾਂ ਮੈਨੂੰ ਅਲੀਪੁਰ ਜੇਲ੍ਹ ਤੋਂ ਬਹਿਰਾਮ ਪੁਰ ਜੇਲ ਵਿਚ ਤਬਦੀਲ ਕਰ ਦਿਤਾ। ਤਾਂ ਜੁ ਨ ਮੁਲਾਕਾਤਾਂ ਹੋ ਸਕਣ ਤੇ ਨ ਪੁਲਿਸ ਅਫ਼ਸਰਾਂ ਨੂੰ ਮੇਰੇ ਪਾਸੋਂ ਸਖਤ ਸੁਸਤ ਸੁਣਨਾ ਪਏ। ਪਰ ਗੌਰਮਿੰਟ ਦੇ ਹੁਕਮ ਐਨੇ ਅਪਮਾਨ ਭਰਪੂਰ ਹੁੰਦੇ ਸਨ ਕਿ ਪੁਲਿਸ ਅਫਸਰਾਂ ਨਾਲ ਮੇਰਾ ਝਗੜਾ ਬਹਿਰਾਮ ਪੁਰ ਜੇਲ ਵਿਚ ਵੀ ਜਾਰੀ ਰਿਹਾ। ਗੌਰਮਿੰਟ ਨੇ ਮੈਨੂੰ ਓਥੇ ਵੀ ਦੋ ਮਹੀਨੇ ਤੋਂ ਵਧੀਕ ਤੀਕ ਨ ਠਹਿਰਨ ਦਿਤਾ।

੨੫ ਜਨਵਰੀ ੧੯੨੫ ਨੂੰ ਇਹ ਹੁਕਮ ਜਾਰੀ ਹੋ ਗਿਆ ਕਿ ਮਨੂੰ ਕਲਕੱਤਾ ਜੇਲ ਵਿਚ ਮੁੰਤਕਿਲ ਕੀਤਾ ਜਾਏ। ਕਲਕਤਾ ਲੈ ਜਾਣ ਸਮੇਂ ਰਸਤੇ ਵਿਚ ਦਸਿਆ ਗਿਆ ਮੈਨੂੰ ਕਲਕਤੇ ਵਿਚ ਨਹੀਂ ਰਖਿਆ ਜਾਣਾ ਸਗੋਂ ਅਪਰ ਬਰਮਾ ਦੇ ਕਿਸੇ ਜੇਲ ਵਿਚ ਲਿਜਾਇਆ ਜਾਣਾ ਹੈ। ਅੱਧੀ ਰਾਤ ਬੀਤ ਚੁਕੀ ਸੀ ਕਿ ਅਸੀਂ ਕਲਕੱਤੇ ਪਹੁੰਚੇ। ਮੈਨੂੰ ਰਾਤ ਕਟਨ ਲਈ ਲਾਲ ਬਾਜ਼ਾਰ ਥਾਨੇ ਵਿਚ ਲਿਆਂਦਾ ਗਿਆ ਜਿਸ ਕਮਰੇ ਵਿਚ ਮੈਨੂੰ ਰਖਿਆ ਗਿਆ ਉਹ ਅਤਿ ਗੰਦਾ ਅਤੇ ਮਛਰਾਂ ਨਾਲ ਭਰਪੂਰ ਸੀ ਇਸ ਲਈ ਮੈਂ ਸਾਰੀ ਰਾਤ ਇਕ ਮਿੰਟ ਲਈ ਵੀ ਸਉਂ ਨ ਸਕਿਆ। ਸਾਰੀ ਰਾਤ ਛਤ ਦੀਆਂ ਕੜੀਆਂ ਗਿਣਦਿਆਂ ਬਤਾਈ। ਨਾਲ ਵਾਲੇ ਕਮਰੇ ਵਿਚੋਂ ਜਾਣੀਆਂ ਪਛਾਣੀਆਂ ਆਵਾਜ਼ਾਂ ਆ ਰਹੀਆਂ ਸਨ। ਮੈਂ ਦਿਲ ਹੀ ਦਿਲ ਵਿਚ ਖੁਸ਼ ਸਾਂ ਕਿ ਗੌਰਮਿੰਟ ਨੇ ਏਥੇ ਵੀ ਮੇਰੇ ਲਈ ਸਾਥੀ ਭੇਜ ਦਿਤੇ ਹਨ। ਅਜੇ ਪਹੁ ਨਹੀਂ ਸੀ ਫੁਟੀ ਕਿ ਇਕ ਪੁਲਿਸ ਅਫਸਰ ਨੇ ਆਨ ਸ਼ਕਲ ਦਿਖਾਈ। ਔਣ ਵਾਲੇ ਸਜਨ ਅਸਿਸਟੈਂਟ ਇਨਸਪੈਕਟਰ ਜਨਰਲ ਆਫ ਪੁਲੀਸ ਮਿਸਟਰ ਲੂਈਸ ਸਨ। ਪਿਛੋਂ ਮੈਨੂੰ ਪਤਾ ਲਗਾ ਕਿ ਇਹ ਸਾਹਿਬ ਮਾਂਡਲੇ ਤੀਕ ਮੇਰੇ ਰਖਿਅਕ ਨੀਯਤ ਹੋਏ ਹਨ। ਏਨੇ ਚਿਰ ਨੂੰ ਸਾਹਮਣੇ ਵਾਲਾ ਦਰਵਾਜ਼ਾ ਖੁਲ੍ਹਾ ਤਦ

ਜਾਣੇ ਪਛਾਣੇ ਸਤ ਚਿਹਰਿਆਂ ਵਾਲੇ ਸਜਨ ਸਾਮ੍ਹਣੇ ਖੜੇ ਸਨ। ਸਭ ਨੇ ਮਾਂਡਲੇ ਜੇਹਲ ਵਿਚ ਜਾਣਾ ਸੀ। ਮੂੰਹ ਹਨੇਰੇ ਹੀ ਸਾਨੂੰ ਜੇਲ ਵਿਚੋਂ ਕਢਿਆ ਗਿਆ, ਕੈਦੀਆਂ ਨੂੰ ਇਕ ਜੇਲ ਤੋਂ ਦੂਜੀ ਜੇਲ ਵਿਚ ਯਾ ਇਧਰ ਉਧਰ ਲਿਜਾਣ ਵਾਲੀਆਂ ਦੋ ਲਾਰੀਆ ਬਾਹਰ ਖੜੀਆਂ ਸਨ। ਇਕ ਵਿਚ ਸਾਡਾ ਸਾਮਾਨ ਰਖਿਆ ਗਿਆ। ਪੁਲਿਸ ਅਫ਼ਸਰ ਦਾ ਇਸ਼ਾਰਾ ਪਾ ਕੇ ਉਹ ਬੜੀ ਤੇਜ਼ੀ ਨਾਲ ਇਕ ਪਾਸੇ ਵਲ ਰਵਾਨਾ ਹੋ ਗਈ। ਦੂਜੀ ਲਾਰੀ ਵਿਚ ਸਾਨੂੰ ਬਿਠਾ ਦਿਤਾ ਗਿਆ ਗਿਆ। ਲਾਰੀ ਇਕ ਐਸੀ ਥਾਂ ਆ ਕੇ ਰੁਕੀ ਜੋ ਦਰਿਆ ਦਾ ਕਿਨਾਰਾ ਸੀ। ਦਰਿਆ ਵਿਚ ਜਹਾਜ਼ ਖੜਾ ਸੀ। ਸਾਨੂੰ ਇਸ ਵਿਚ ਬਠਾ ਦਿਤਾ ਗਿਆ ਤੇ ਜਹਾਜ਼ ਸਮੁੰਦਰ ਵਲੇ ਰਵਾਨਾ ਹੋਇਆ। ਜਦ ਜਹਾਜ਼ ਸਮੁੰਦਰ ਵਿਚ ਦਾਖਲ ਹੋ ਗਿਆ ਤਦ ਪਹਿਰਾ ਹਟਾ ਲਿਆ ਗਿਆ। ਉਹਨਾਂ ਦੀ ਥਾਂ ਉਤੇ ਚਿਟ ਕਪੜੀਏ ਸਿਪਾਹੀ ਨੀਯਤ ਕੀਤੇ ਗਏ । ਜਹਾਜ਼ ਵਿਚ ਬੈਠੇ ਹੋਏ ਦੂਜੇ ਮੁਸਾਫ਼ਰਾਂ ਵਿਚ ਸਾਡੇ ਬਾਰੇ ਕਾਨਾ ਫੂਸੀ ਸ਼ੁਰੂ ਹੋ ਗਈ। ਲੋਕ ਹੈਰਾਨ ਹੋ ਰਹੇ ਸਨ ਕਿ ਇਹ ਕੌਣ ਹਨ ਜਿਨ੍ਹਾਂ ਲਈ ਐਨੇ ਕਰੜੇ ਪ੍ਰਬੰਧ ਕੀਤੇ ਗਏ ਹਨ। ਸਾਡੇ ਅਫ਼ਸਰ ਮਿਸਟਰ ਲੂਈਸ ਬੜੇ ਗਾਲੜੀ ਅਫ਼ਸਰ ਸਨ। ਉਹਨਾਂ ਨੇ ਸਮਾ ਕਟਨ ਲਈ ਸਾਡੇ ਨਾਲ ਗਲਾਂ ਸ਼ੁਰੂ ਕਰ ਦਿਤੀਆਂ । ਮੈਂ ਪੁਲੀਟੀਕਲ ਕੈਦੀਆਂ ਉਤੇ ਸਖਤੀ ਦੀ ਸ਼ਕਾਇਤ ਕੀਤੀ। ਪਹਿਲੇ ਤੇ ਮਿਸਟਰ ਲੂਈਸ ਨੇ ਇਸ ਗਲ ਦੇ ਮੰਨਣ ਤੋਂ ਇਨਕਾਰ ਕਰ ਦਿਤਾ ਪਰ ਅੰਤ ਵਿਚ ਉਹਨਾਂ ਨੂੰ ਇਹ ਮਨਣਾ ਈ ਪਿਆ ਕਿ ਕਈ ਹਾਲਤਾਂ ਵਿਚ ਪੁਲੀਸ ਸਖਤੀ ਰਵਾ ਰਖਦੀ ਹੈ। ਰੰਗੂਨ ਪਹੁੰਚਨ ਤੋਂ ਪਹਿਲੀ ਰਾਤ ਮਿਸਟਰ ਲੂਈਸ ਸਾਰੀ ਰਾਤ ਨ ਸਉਂ ਸਕੇ। ਜਦ ਮੈਂ ਉਹਨਾਂ ਪਾਸੋਂ ਪੁਛਿਆ ਤਦ ਉਹਨਾਂ ਦਸਿਆ ਕਿ ਸਾਰੀ ਰਾਤ ਉਹ ਸੁਪਨੇ ਵਿਚ ਇਹ ਦੇਖਦੇ ਰਹੇ ਹਨ ਕਿ ਕੁਛ ਕੈਦੀ ਨਸ ਗਏ ਹਨ।

# ਰੰਗੂਨ ਤੋਂ ਮਾਂਡਲੇ ਤੀਕ

ਰੰਗੂਨ ਤੋਂ ਮਾਂਡਲੇ ਤੀਕ ੨੦ ਘੰਟੇ ਦਾ ਥਕਾ ਦੇਣ ਵਾਲਾ ਸਫ਼ਰ ਸੀ ਸਾਡੇ ਨਾਲ ਪੁਲੀਸ ਦੀ ਇਕ ਤਕੜੀ ਟੋਲੀ ਸੀ। ਸਿਪਾਹੀ ਟਰੇਨ ਦੇ ਦੋਹੀਂ ਪਾਸੀ ਸੰਗੀਨਾਂ ਲਈ ਖੜੇ ਸੀ। ਐਉਂ ਜਾਪਦਾ ਸੀ ਕਿ ਯਾ ਤੇ ਅਸੀਂ ਵਡੇ ਅਫ਼ਸਰ ਹਾਂ ਯਾ ਜਾਨਵਰ। ਉਸ ਵੇਲੇ ਤੀਕ ਮਾਂਡਲੇ ਦਾ ਨਾਮ ਮੈਂ ਕੇਵਲ ਇਤਿਹਾਸ ਵਿਚ ਹੀ ਪੜ੍ਹ ਰਖਿਆ ਸੀ। ਮੈਨੂੰ ਕੇਵਲ ਇੰਨਾਂ ਹੀ ਖਿਆਲ ਸੀ ਕਿ ਮਾਂਡਲੇ ਕਿਸੇ ਜ਼ਮਾਨੇ ਵਿਚ ਬਰਮਾਂ ਦੀ ਰਾਜਧਾਨੀ ਸੀ। ਬਰਮਾ ਦੀ ਦੂਜੀ ਜੰਗ ਏਥੇ ਹੀ ਲੜੀ ਗਈ ਸੀ। ਮੈਨੂੰ ਇਹ ਵੀ ਪਤਾ ਸੀ ਕਿ ਇਹੋ ਉਹ ਮੁਕਾਮ ਹੈ ਜਿਥੇ ਅੰਗ੍ਰੇਜ਼ਾਂ ਨੇ ਲੋਕ ਮਾਨਯ ਤਿਲਕ ਨੂੰ ਲਗਾਤਾਰ ਛੇ ਸਾਲ ਤੀਕ ਕੈਦ ਰਖਿਆ ਸੀ ਅਤੇ ਇਹੋ ਉਹ ਅਸਥਾਨ ਹੈ ਜਿਥੇ ਲਾਜਪਤ ਰਾਏ ਇਕ ਸਾਲ ਲਈ ਕੈਦ ਕੀਤੇ ਗਏ ਸਨ। ਮੈਨੂੰ ਫ਼ਖ਼ਰ ਮਹਿਸੂਸ ਹੋ ਰਿਹਾ ਸੀ ਕਿ ਸਾਨੂੰ ਉਹਨਾਂ ਮਹਾਨ ਵਿਯਕਤੀਆਂ ਦੇ ਪੈਰ ਚਿਨ੍ਹਾਂ ਉਪਰ ਚਲਣ ਦਾ ਅਵਸਰ ਨਸੀਬ ਹੋਇਆ ਹੈ। ਗੱਡੀ ਵਿਚ ਬੈਠਿਆਂ ਅਸਾਂ ਉਹ ਸ਼ਾਨਦਾਰ ਇਮਾਰਤਾਂ ਡਿਠੀਆਂ ਜੋ ਸਲਤਨਤ ਬ੍ਰਹਮਾ ਦੀ ਪੁਰਾਣੀ ਰਾਜਧਾਨੀ ਦੇ ਸ਼ਾਹੀ ਮਹਲ ਸਨ। ਸਾਡੀ ਗਡੀ ਜੇਲ ਦੇ ਦਰਵਾਜ਼ੇ ਅਗੇ ਪਹੁੰਚੀ। ਦਰਵਾਜ਼ਾ ਖੁਲ੍ਹਿਆ ਅਤੇ ਸਾਨੂੰ ਅੰਦਰ ਧਕ ਦਿਤਾ ਗਿਆ। ਅਸੀ ਜੇਲ ਦੀਆਂ ਉਚੀਆਂ ਦੀਵਾਰਾਂ ਵਿਚ ਗੁੰਮ ਹੋ ਗਏ।

ਮਾਂਡਲੇ ਜੇਲ ਕੀ ਸੀ? ਇਕ ਕਿਸਮ ਦਾ ਚਿੜੀਆ ਘਰ ਸੀ। ਕੈਦੀਆਂ ਨੂੰ ਸਰਦੀ ਗਰਮੀ ਬਾਰਸ਼ਾਂ ਅਤੇ ਲੂ ਤੋਂ ਬਚਾਉਣ ਲਈ ਕੋਈ ਪ੍ਰਬੰਧ ਨਹੀਂ ਸੀ। ਅਸੀਂ ਹੈਰਾਨ ਸਾਂ ਕਿ ਏਥੇ ਜ਼ਿੰਦਗੀ ਕਿਵੇਂ ਬਤੀਤ ਕਰਾਂਗੇ ਪਰ ਸਬਰ ਦਾ ਘੁਟ ਪੀ ਕੇ ਰਹਿ ਗਏ। ਜੇਲ ਸਟਾਫ ਦੇ ਉਚ ਅਧਿਕਾਰੀਆਂ ਨੇ ਸਾਨੂੰ ਦਸਿਆ ਕਿ ਉਹ ਉਸ ਸਮੇਂ ਤੋਂ ਏਥੇ ਮੌਜੂਦ ਹਨ ਜਦ ਲੋਕ ਮਾਨਯ ਤਿਲਕ ਨੂੰ ਏਥੇ ਰਖਿਆ ਗਿਆ ਸੀ।

ਉਹਨਾਂ ਤੋਂ ਲੈ ਕੇ ਇਨਸਪੈਕਟਰ ਜਨਰਲ ਆਫ ਜੇਲਖਾਨਾ ਜਾਤ ਨੇ ਸਾਨੂੰ ਲੋਕ ਮਾਨਯ ਤਿਲਕ ਸੰਬੰਧੀ ਕਈ ਸਵਾਲਦੀਆਂ ਘਟਨਾਵਾਂ ਸੁਣਾਈਆਂ। ਇਸੇ ਜੇਲ ਵਿਚ ਮਿਸਟਰ ਜੀਵਨ ਲਾਲ ਚੈਟਰ ਜੀ ਵੀ ਬਤੌਰ ਸ਼ਾਹੀ ਕੈਦੀ ਠਹਿਰੇ ਹੋਏ ਸਨ। ਉਹ ਸਾਥੋਂ ਬਹੁਤ ਪਹਿਲੇ ਇਥੇ ਆਏ ਸਨ ਅਤੇ ਸਾਡੇ ਪਹੁੰਚਣ ਤੋਂ ਪਹਿਲੇ ਹੀ ਉਹਨਾਂ ਨੇ ਬਰਮੀ ਜ਼ਬਾਨ ਸਿਖ ਲਈ ਸੀ। ਅਸਾਂ ਵੀ ਬਰਮੀ ਜ਼ਬਾਨ ਦਾ ਪਹਿਲਾ ਸਬਕ ਉਹਨਾਂ ਪਾਸੋਂ ਹੀ ਪੜ੍ਹਿਆ। ਉਥੋਂ ਮੈਂ ਛੇਤੀ ਹੀ ਬਰਮੀ ਲੋਕਾਂ ਨਾਲ ਹਿਲ ਮਿਲ ਗਿਆ। ਬਰਮੀਆਂ ਅੰਦਰ ਕੁਛ ਐਸੀਆਂ ਗਲਾਂ ਹਨ ਕਿ ਹਰ ਕੋਈ ਉਹਨਾਂ ਨਾਲ ਪਿਆਰ ਕਰਨ ਲਗ ਜਾਂਦਾ ਹੈ। ਬਰਮੀ ਬੜੇ ਖੁਲ੍ਹ ਦਿਲੇ, ਸਾਫ ਬਿਆਨ ਅਤੇ ਖੁਸ਼ ਰਹਿਣੇ ਹੁੰਦੇ ਹਨ। ਭਾਵੇਂ ਕੁਛ ਕੁਛ ਜਜ਼ਬਾਤੀ ਹੋਣ ਦੇ ਕਾਰਨ ਉਹ ਕਦੇ ਕਦੇ ਆਪੇ ਤੋਂ ਬਾਹਰ ਵੀ ਹੋ ਜਾਂਦੇ ਹਨ।

## ਮਾਂਡਲਾ ਜੇਲ

ਮਾਂਡਲੇ ਜੇਲ ਦਾ ਸੁਪਰਨਟੈਂਡੈਂਟ ਮੇਜਰ ਸਮਿਥ ਬੜਾ ਨੇਕ ਸੁਭਾ ਅਫਸਰ ਸੀ। ਉਹ ਸਾਡੇ ਵਰਗੇ ਪਰਦੇਸੀਆਂ ਦਾ ਖ਼ਾਸ ਖ਼ਿਆਲ ਰਖਦਾ ਸੀ। ਜਿੰਨਾ ਚਿਰ ਅਸੀ ਉਥੇ ਰਹੇ, ਉਹਦੇ ਅਤੇ ਸਾਡੇ ਵਿਚਕਾਰ ਕਦੇ ਕੋਈ ਗਲਤ ਫਹਿਮੀ ਨ ਹੋਈ। ਇਥੋਂ ਤੀਕ ਕਿ ਜਦ ਅਸਾਂ ਭੁਖ ਹੜਤਾਲ ਕੀਤੀ ਤਦ ਵੀ ਉਹਨਾਂ ਨਾਲ ਸਾਡੇ ਸੰਬੰਧ ਬਰਾਬਰ ਕਾਇਮ ਰਹੇ। ਚੀਫ ਜੇਲਰ ਨਾਲ ਸਾਡਾ ਕਈ ਵਾਰ ਝਗੜਾ ਹੋ ਪੈਂਦਾ। ਉਹ ਸਾਨੂੰ ਤੰਗ ਕਰਨ ਵਿਚ ਘਟ ਨਹੀਂ ਸੀ ਗੁਜ਼ਾਰਦਾ। ਅੰਤ ਉਸ ਨੂੰ ਇਹ ਅਨੁਭਵ ਹੋ ਗਿਆ ਕਿ ਕੈਦੀ ਕਿਸੇ ਦਾ ਲਿਹਾਜ਼ ਨਹੀਂ ਕਰਦੇ। ਉਹਨਾਂ ਨਾਲ ਜੈਸਾ ਸਲੂਕ ਕੀਤਾ ਜਾਏਗਾ ਉਹ ਵੀ ਵੈਸਾ ਈ ਸਲੂਕ ਕਰਨਗੇ, ਨਤੀਜਾ ਇਹ ਹੋਇਆ ਕਿ ਉਸ ਨੂੰ ਵੀ ਸਾਡੇ ਨਾਲ ਮਿਤ੍ਰਾਂ ਵਰਗੇ ਸੰਬੰਧ ਕਾਇਮ ਕਰਨੇ ਪਏ। ਜੇਲ ਡਿਪਾਰਟਮੈਂਟ ਦੇ ਵਡੇ

ਅਫਸਰ ਇਕ ਪਾਰਸੀ ਜੈਂਟਲਮੈਨ ਲੈਫਟੀਨੈਂਟ ਕਰਨਲ ਤਾਰਾਪੁਰ ਸਨ। ਉਹ ਬੜੇ ਭਲੇ ਪੁਰਸ਼ ਸਨ। ਉਹਨਾਂ ਨੇ ਵੀ ਸਮੁਚੇ ਤੌਰ ਉਤੇ ਸਾਡੇ ਨਾਲ ਚੰਗਾ ਸਲੂਕ ਕੀਤਾ। ਉਹਨਾਂ ਨੂੰ ਕਠਨਾਈ ਕੇਵਲ ਇਹ ਸੀ ਕਿ ਸਾਡੇ ਬਾਰੇ ਬੰਗਾਲ ਗੌਰਮਿੰਟ ਦਾ ਰਵਈਆ ਬੜਾ ਹੀ ਬਦਲਾ ਲਊ ਕਿਸਮ ਦਾ ਸੀ। ਬਰਮਾ ਗੌਰਮਿੰਟ ਹਮਦਰਦੀ ਰਖਣ ਦੇ ਬਾਵਜੂਦ ਆਪਣੀ ਜ਼ਿੰਮੇਵਾਰੀ ਉਤੇ ਸਾਡੇ ਆਰਾਮ ਲਈ ਸਹੂਲਤਾਂ ਦੇਣ ਲਈ ਤਿਆਰ ਨਹੀਂ ਸੀ।

ਬਰਮਾ ਦੇ ਲੋਕ ਤਮਾਕੂ ਦੇ ਬੜੇ ਹੀ ਪ੍ਰੇਮੀ ਹਨ। ਉਹ ਰੋਟੀ ਨਾਲੋਂ ਵਧੀਕ ਤਮਾਕੂ ਦੀ ਵਰਤੋਂ ਨੂੰ ਜ਼ਰੂਰੀ ਸਮਝਦੇ ਹਨ। ਲੈਫਟੀ-ਨੈਂਟ ਕਰਨਲ ਤਾਰਾਪੁਰ ਦੀ ਰਾਇ ਸੀ ਕਿ ਜੇ ਤਮਾਕੂ ਨੋਸ਼ੀ ਦੀ ਕਾਨੂਨੀ ਖੁਲ੍ਹ ਕਰ ਦਿਤੀ ਜਾਏ ਤਦ ਜੇਲ ਵਿਚ ਜੁਰਮਾਂ ਦੀ ਗਿਣਤੀ ਘਟ ਹੋ ਜਾਏ, ਪਰ ਪਿਛਾਂਹ ਖਿਚੂ ਹਾਕਮਾਂ ਨੇ ਉਸ ਦੀ ਗਲ ਨੂੰ ਪ੍ਰਵਾਨ ਨਾ ਕੀਤਾ।

ਮਾਂਡਲੇ ਜੇਲ ਵਿਚ ਰਿਹਾਇਸ਼ ਦੇ ਦੌਰਾਨ ਵਿਚ ਮੈਂ ਬਰਮੀ ਕੈਦੀਆਂ ਦੀ ਮਨੋ ਵਿਗਿਆਨਕ ਰੁਚੀ ਦਾ ਮੁਤਾਲਿਆ ਕਰਨ ਦਾ ਜਤਨ ਕੀਤਾ। ਅੰਤ ਇਸ ਸਿਟੇ ਉਤੇ ਪੁਜਾ ਕਿ ਭਾਵੇਂ ਕਤਲ ਦੇ ਕੈਦੀਆਂ ਨੂੰ ਨਖਿਦ ਇਨਸਾਨ ਸਮਝਿਆ ਜਾਂਦਾ ਹੈ ਪਰ ਉਹਨਾਂ ਵਿਚ ਵੀ ਬਿਹਤ੍ਰੀਨ ਮਨੁਖ ਹੁੰਦੇ ਹਨ। ਇਹਨਾਂ ਦੇ ਟਾਕਰੇ ਉਤੇ ਜੇਬ ਕਟ, ਕਾਮੀ ਅਤੇ ਚੋਰ ਬਦਤ੍ਰੀਨ ਹੁੰਦੇ ਹਨ। ਕਦੇ ਕਦੇ ਬਰਮਾ ਗੌਰਮਿੰਟ ਦੇ ਅਫਸਰ ਵੀ ਜੇਲ ਦੇ ਮੁਆਇਨੇ ਲਈ ਆਇਆ ਕਰਦੇ ਸਨ। ਰਜਿਸਟਾਰ ਤੋਂ ਲੈ ਕੇ ਹੋਮ ਮੈਂਬਰ ਤੀਕ ਵਡੇ ਛੋਟੇ ਸਾਰੇ ਅਫਸਰਾਂ ਨੂੰ ਵੇਖਣ ਦਾ ਮੌਕਾ ਮਿਲਿਆ। ਇਕ ਵਾਰ ਇੰਗਲੈਂਡ ਦੇ ਕਮਿਸ਼ਨਰ ਮਿਸਟਰ ਪੈਟਰਸਨ ਵੀ ਜੇਲ ਵਿਚ ਆਏ ਅਤੇ ਸਾਨੂੰ ਵੇਖ ਕੇ ਆਖਣ ਲਗੇ—"ਇਹ ਹਨ ਹਿੰਦੁਸਤਾਨ ਦੇ ਅਠ ਸਭ ਤੋਂ ਵਧੀਕ ਖਤਰਨਾਕ ਆਦਮੀ।"

ਮਾਂਡਲੇ ਜੇਲ ਵਿਚ ਸਾਨੂੰ ਬਰਮਾ ਦੇ ਪੁਲੀਟੀਕਲ ਕੈਦੀਆਂ ਨਾਲ ਮਿਲਨ ਦਾ ਵੀ ਮੌਕਾ ਮਿਲਿਆ। ਉਹਨਾਂ ਪਾਸੋਂ ਸਾਨੂੰ ਬਰਮਾ ਦੀ ਪੁਲੀਟੀਕਲ ਹਾਲਤ ਦਾ ਪਤਾ ਲਗਦਾ ਰਿਹਾ। ਮੇਰਾ ਤਜਰਬਾ ਹੈ ਕਿ ਬਰਮਾ ਦੇ ਭਿਖੂ (ਪ੍ਰੋਹਤ) ਬਿਹਤ੍ਰੀਨ ਇਨਸਾਨ ਹੁੰਦੇ ਹਨ। ਬਰਮਾ ਵਿਚ ਜ਼ਾਤ ਪਾਤ ਦਾ ਕੋਈ ਭਿੰਨ ਭੇਦ ਨਹੀਂ। ਪਿਛਲੀਆਂ ਕਈ ਸਦੀਆਂ ਤੋਂ ਬਰਮਾ ਦੀਆਂ ਲੜਕੀਆਂ ਅਤੇ ਲੜਕਿਆਂ ਲਈ ਮੁਢਲੀ ਵਿਦਿਆ ਦਾ ਮੁਫਤ ਪ੍ਰਬੰਧ ਹੈ। ਇਸੇ ਲਈ ਤਲੀਮੀ ਤ੍ਰੱਕੀ ਦੇ ਲਿਹਾਜ਼ ਨਾਲ ਬਰਮਾ ਹਿੰਦੁਸਤਾਨ ਤੋਂ ਬਹੁਤ ਅਗੇ ਹੈ। ਜਦ ਤੋਂ ਬਰਮਾ ਬਰਤਾਨਵੀ ਸਲਤਨਤ ਵਿਚ ਸ਼ਾਮਲ ਹੋਇਆ ਹੈ ਬਰਮੀ ਪ੍ਰੋਹਿਤਾਂ ਨੇ ਹੀ ਕੌਮੀਅਤ ਦੇ ਜਜ਼ਬੇ ਨੂੰ ਜ਼ਿੰਦਾ ਰਖਿਆ ਹੈ। ਇਹਨਾਂ ਲੋਕਾਂ ਨੇ ਬਰਮੀ ਸਭਿਅਤਾ ਤੇ ਸਭਿਆਚਾਰ ਨੂੰ ਜੀਉਂਦਾ ਰਖਣ ਅਤੇ ਬਰਮੀਆਂ ਨੂੰ ਯੂਰਪੀਨ ਤਹਿਜ਼ੀਬ ਤੋਂ ਬਚਾਈ ਰਖਣ ਲਈ ਪੂਰੀ ਪੂਰੀ ਕੋਸ਼ਸ਼ ਕੀਤੀ ਹੈ। ਬਰਮੀ ਲੋਕਾਂ ਉਤੇ ਇਹਨਾਂ ਪ੍ਰੋਹਤਾਂ ਦਾ ਬੜਾ ਅਸਰ ਰਸੂਖ ਹੈ। ਕਿਉਂਕਿ ਬਰਮੀ ਪ੍ਰੋਹਤ ਅੰਗ੍ਰੇਜ਼ਾਂ ਦੀ ਹਰ ਚੀਜ਼ ਦੇ ਵਿਰੁਧ ਹਨ ਇਸ ਲਈ ਬਰਤਾਨਵੀ ਹਾਕਮ ਵੀ ਇਹਨਾਂ ਪ੍ਰੋਹਤਾਂ ਤੋਂ ਨਫਰਤ ਕਰਦੇ ਹਨ। ਹੈਰਾਨੀ ਇਸ ਗਲ ਦੀ ਹੈ ਕਿ ਬਰਮੀ ਪ੍ਰੋਹਤ ਜਿੰਨੇ ਬ੍ਰਿਟਿਸ਼ ਵਿਰੋਧੀ ਹਨ ਉਨੇ ਹੀ ਹਿੰਦੁਸਤਾਨ ਨਿਵਾਜ਼ ਹਨ। ਉਹਨਾਂ ਨੇ ਹੀ ਹਿੰਦੁਸਤਾਨ ਦੀ ਅਲਹਿਦਗੀ ਦੀ ਡਟ ਕੇ ਵਿਰੋਧਤਾ ਕੀਤੀ ਸੀ। ਬਰਮੀਆਂ ਦਾ ਅੰਗ੍ਰੇਜ਼ੀ ਪੜ੍ਹਿਆ ਲਿਖਿਆ ਤਬਕਾ (ਸ੍ਰੇਣੀ) ਇਹਨਾਂ ਪ੍ਰੋਹਤਾਂ ਦੇ ਵਿਰੁਧ ਹੈ। ਇਸ ਲਈ ਉਹ ਹਿੰਦੀ ਵਿਰੋਧੀ ਵੀ ਹੈ। ਇਹਨਾਂ ਲੋਕਾਂ ਦਾ ਖਿਆਲ ਸੀ ਕਿ ਹਿੰਦੁਸਤਾਨ ਤੋਂ ਬਰਮਾ ਦੀ ਅਲਹਿਦਗੀ ਦਾ ਫਲ ਇਹ ਨਿਕਲੇਗਾ ਕਿ ਬਰਮਾ ਦਾ ਪੁਲੀਟੀਕਲ ਅੜਿਕਾ ਆਪ ਤੋਂ ਆਪ ਹਲ ਹੋ ਜਾਏਗਾ ਪਰ ਉਹਨਾਂ ਦਾ ਇਹ ਕਿਆਸ ਜਿਸ ਤਰ੍ਹਾਂ ਮਿਥਿਆ ਸਾਬਤ ਹੋਇਆ ਉਹ ਸਾਰੀ ਦੁਨੀਆ ਦੇ ਸਾਮ੍ਹਣੇ ਹੈ। ਇਸ

ਦੇ ਉਲਟ ਬਰਮੀ ਪ੍ਰੋਹਤ ਬਰਮਾ ਦਾ ਭਲਾ ਹਿੰਦੁਸਤਾਨ ਦੇ ਨਾਲ ਰਹਿਣ ਵਿਚ ਸਮਝਦੇ ਹਨ ।

ਜਦ ਮੈਂ ਹਿੰਦੁਸਤਾਨ ਵਿਚ ਸਾਂ ਉਸ ਵੇਲੇ ਰੇਵਰੰਡ ਉਤਮ ਬਰਮਾ ਦੇ ਬੇਤਾਜ ਬਾਦਸ਼ਾਹ ਸਨ। ਮੇਰਾ ਅੰਦਾਜ਼ਾ ਸੀ ਕਿ ਬਰਮਾ ਵਿਚ ਸਭ ਤੋਂ ਵਧੀਕ ਅਸਰ ਰਸੂਖ ਬਰਮੀ ਪ੍ਰੋਹਤਾਂ ਦਾ ਹੈ। ਲੋਕ ਹੈਰਾਨ ਹੁੰਦੇ ਹਨ ਕਿ ਇਸ ਵਿਰੋਧਤਾ ਦੇ ਬਾਵਜੂਦ ਅੰਗ੍ਰੇਜ਼ਾਂ ਨੇ ਬਰਮਾ ਨੂੰ ਹਿੰਦੁਸਤਾਨ ਤੋਂ ਅਲਹਿਦਾ ਕਿਉਂ ਕੀਤਾ ? ਜਿਹੜੇ ਲੋਕ ਬਰਮਾ ਦੇ ਹਾਲਾਤ ਤੋਂ ਜਾਣੂੰ ਹਨ ਉਹਨਾਂ ਨੂੰ ਪਤਾ ਹੈ ਕਿ ਅੰਗ੍ਰੇਜ਼ਾਂ ਨੇ ਕਿਸ ਗਲ ਨੂੰ ਮੁਖ ਰਖ ਕੇ ਇਹ ਕਾਰਰਵਾਈ ਕੀਤੀ? ਅੰਗ੍ਰੇਜ਼ ਜਾਣਦੇ ਹਨ ਕਿ ਜੇ ਹਿੰਦੁਸਤਾਨ ਆਜ਼ਾਦ ਹੋ ਜਾਏ ਤਦ ਵੀ ਬਰਮਾ ਉਤੇ ਕਬਜ਼ਾ ਰਖਣਾ ਜ਼ਰੂਰੀ ਹੈ । ਬਰਮਾ ਐਨਾ ਬੇ-ਆਬਾਦ ਹੈ ਕਿ ਉਸ ਵਿਚ ਅੰਗ੍ਰੇਜ਼ਾਂ ਨੂੰ ਆਬਾਦ ਕਰਨ ਦੀ ਕਾਫੀ ਗੁੰਜਾਇਸ਼ ਹੈ। ਇਸ ਤੋਂ ਛੁਟ ਧੁਰ ਪੂਰਬ ਦਾ ਦਰਵਾਜ਼ਾ ਹੋਣ ਕਰ ਕੇ ਬਰਮਾ ਦੀ ਫੌਜੀ ਵਸ਼ੇਸ਼ਤਾ ਐਨੀ ਵਧੀਕ ਹੈ ਕਿ ਅੰਗ੍ਰੇਜ਼ ਉਸ ਨੂੰ ਸਹਿਜੇ ਹੀ ਆਜ਼ਾਦ ਨਹੀਂ ਕਰਨ ਲਗੇ ।

ਅਕਤੂਬਰ ੧੯੨੫ ਨੂੰ ਸਾਡਾ ਕੌਮੀ ਤਿਉਹਾਰ ਦੁਰਗਾ ਪੂਜਾ ਸੀ । ਅਸਾਂ ਇਹ ਉਤਸਵ ਮਨੌਣ ਅਤੇ ਫੰਡ ਹਾਸਲ ਕਰਨ ਲਈ ਜੇਲ ਦੇ ਕਰਮਚਾਰੀਆਂ ਨੂੰ ਦਰਖਾਸਤ ਦਿਤੀ । ਕਿਉਂਕਿ ਜੇਲ ਦੇ ਇਸਾਈ ਕੈਦੀਆਂ ਨੂੰ ਕਰਿਮਿਸ ਮਨੌਣ ਦੀ ਆਗਿਆ ਮਿਲ ਚੁਕੀ ਸੀ ਇਸ ਲਈ ਜੇਲ ਕਰਮਚਾਰੀਆਂ ਨੂੰ ਸਾਡੀ ਦਰਖਾਸਤ ਪਰਵਾਨ ਕਰਨੀ ਪਈ । ਬਰਮਾ ਗੌਰਮਿੰਟ ਨੇ ਸੁਪਰਨਟੈਂਡੈਂਟ ਦੇ ਫੈਸਲੇ ਨੂੰ ਬਦਲ ਦਿਤਾ । ਅਸਾਂ ਫੇਰ ਬਰਮਾ ਗੌਰਮਿੰਟ ਨੂੰ ਲਿਖਿਆ ਕਿ ਉਹ ਆਪਣੇ ਫੈਸਲੇ ਉਤੇ ਮੁੜ ਵਿਚਾਰ ਕਰੇ ਵਰਨਾ ਸਾਨੂੰ ਭੁਖ ਹੜਤਾਲ ਕਰਨ ਲਈ ਮਜਬੂਰ ਹੋਣਾ ਪਏਗਾ । ਗੌਰਮਿੰਟ ਨੇ ਸਾਡੀ ਦਰਖ਼ਾਸਤ ਠੁਕਰਾ ਦਿਤੀ ਜਿਸ ਤੇ ਅਸਾਂ ਫਰਵਰੀ ੧੯੨੬ ਵਿਚ ਭੁਖ ਹੜਤਾਲ ਕਰ

ਦਿਤੀ। ਬਾਹਰ ਨਾਲ ਵੀ ਸਾਡਾ ਖਤ ਪਤ੍ਰ ਬੰਦ ਕਰ ਦਿਤਾ ਗਿਆ। ਅਜੇ ਤਿੰਨ ਦਿਨ ਹੀ ਬੀਤੇ ਸਨ ਕਿ ਸਾਡੀ ਭੁਖ ਹੜਤਾਲ ਦੀ ਖਬਰ ਕਲਕੱਤੇ ਦੇ ਅਖਬਾਰ "ਫਾਰਵਰਡ ਬਲਾਕ" ਵਿਚ ਪ੍ਰਕਾਸ਼ਤ ਹੋ ਗਈ ਜਿਸ ਕਰ ਕੇ ਹਿੰਦੁਸਤਾਨ ਵਿਚ ਪ੍ਰੋਟੈਸਟ ਸ਼ੁਰੂ ਹੋ ਗਿਆ। ਕੇਂਦਰੀ ਅਸੈਂਬਲੀ ਵਿਚ ਭੁਖ ਹੜਤਾਲ ਬਾਰੇ ਸਵਾਲ ਪੇਸ਼ ਕੀਤਾ ਗਿਆ, ਹੋਮ ਮੈਂਬਰ ਨੂੰ ਕੋਈ ਜਵਾਬ ਨਾ ਅਹੁੜਿਆ। ਇਕ ਪਾਸੇ ਤੇ ਇਹ ਹੁਕਮ ਜਾਰੀ ਕਰ ਦਿਤਾ ਕਿ ਕੈਦੀਆਂ ਨੂੰ ਦੁਰਗਾ ਪੂਜਾ ਮਨੌਣ ਲਈ ਸਹੂਲਤਾ ਦਿਤੀਆਂ ਜਾਣ ਦੂਜੇ ਪਾਸੇ ਇਹ ਪੜਤਾਲ ਹੋਣ ਲਗੀ ਕਿ "ਫਾਰਵਰਡ" ਨੂੰ ਸਾਡੀ ਭੁਖ ਹੜਤਾਲ ਦੀ ਖਬਰ ਕਿਵੇਂ ਮਿਲੀ ?

ਏਨੇ ਚਿਰ ਨੂੰ ਹਿੰਦੁਸਤਾਨ ਵਿਚ ਜਨਰਲ ਚੋਣਾਂ ਸ਼ੁਰੂ ਹੋ ਗਈਆਂ। ਕਾਂਗਰਸ ਪਾਰਟੀ ਨੇ ਮੈਨੂੰ ਅਤੇ ਮੇਰੇ ਇਕ ਹੋਰ ਸਾਥੀ ਸ਼ਾਹੀ ਕੈਦੀ ਮਿਸਟਰ ਮਿਤ੍ਰਾ ਨੂੰ ਨਾਮਜ਼ਦ ਕਰ ਦਿਤਾ। ਮਿਸਟਰ ਮਿਤ੍ਰਾ ਤੇ ਬਿਲਾ ਮੁਕਾਬਲਾ ਚੁਣੇ ਗਏ ਪਰ ਮੇਰਾ ਮੁਕਾਬਲਾ ਇਕ ਜ਼ਬਰਦਸਤ ਵਿਰੋਧੀ ਮਿਸਟਰ ਜੇ. ਐਨ. ਬਾਬੂ ਲਿਬਰਲੀ ਨਾਲ ਸੀ। ਉਹ ਆਪਣੇ ਹਲਕੇ ਵਿਚ ਬੜਾ ਅਸਰ ਰਸੂਖ ਵਾਲਾ ਸਜਨ ਸੀ। ਉਹਦੇ ਖਿਲਾਫ ਸਾਡੇ ਪਾਸ ਸਵਾਏ ਇਸ ਦੇ ਹੋਰ ਕੁਛ ਦਲੀਲ ਨਹੀਂ ਸੀ ਕਿ ਉਹ ਕਾਂਗਰਸੀ ਨਹੀਂ ਲਿਬਰਲ ਹੈ। ਕਾਂਗਰਸ ਪਾਰਟੀ ਨੇ ਪਹਿਲੀ ਵਾਰ ਨਜ਼ਰ ਬੰਦਾਂ ਯਾ ਸ਼ਾਹੀ ਕੈਦੀਆਂ ਨੂੰ ਬਤੌਰ ਉਮੈਦਵਾਰ ਖੜਾ ਕੀਤਾ ਸੀ। ਸਾਡੀਆਂ ਚੋਣਾਂ ਦੇ ਦਿਨਾਂ ਵਿਚ ਇਹ ਨਾਹਰਾ ਉਚਾ ਕੀਤਾ ਗਿਆ ਕਿ ਇਹਨਾਂ ਨੂੰ ਰਿਹਾ ਕਰੌਣ ਲਈ ਅਸੈਂਬ-ਲੀਆਂ ਦੇ ਮੈਂਬਰ ਚੁਣ ਦਿਉ। ਮੈਂ ਭਾਰੀ ਬਹੁ-ਗਿਣਤੀ ਵਿਚ ਵੋਟ ਲੈ ਕੇ ਕਾਮਯਾਬ ਹੋ ਗਿਆ। ਇਸ ਦੇ ਬਾਵਜੂਦ ਮੇਰੀ ਰਿਹਾਈ ਅਮਲ ਵਿਚ ਨਾ ਆਈ। ਇਸ ਦੌਰਾਨ ਵਿਚ ਭੁਖ ਹੜਤਾਲ ਅਤੇ ਪੌਣ ਪਾਣੀ ਦੀ ਖਰਾਬੀ ਨਾਲ ਮੇਰੀ ਸਿਹਤ ਵਿਗੜ ਗਈ, ਅਤੇ ਮੈਨੂੰ ਨਮੂਨੀਆ ਹੋ ਗਿਆ। ਭਾਵੇਂ ਮੇਰੀ ਜਾਨ ਤੇ ਬਚ ਗਈ ਪਰ

ਮੈਨੂੰ ਹਰ ਵੇਲੇ ਹਰਾਰਤ ਰਹਿਣ ਲਗੀ ਅਤੇ ਮੇਰਾ ਵਜ਼ਨ ਦਿਨੋ ਦਿਨ ਘਟਨ ਲਗ ਪਿਆ । ਤਿਬੀ ਇਮਤਿਹਾਨ ਲਈ ਮੈਨੂੰ ਰੰਗੂਨ ਲਿਆਂਦਾ ਗਿਆ । ਡਾਕਟਰਾਂ ਦੇ ਮਸ਼ਾਵਰਤੀ ਬੋਰਡ ਵਿਚ ਲੈਫਟੀਨੈਂਟ ਕਰਨਲ ਕੇਲਸਲ ਅਤੇ ਮੇਰੇ ਭਾਈ ਡਾਕਟਰ ਨੀਲ ਬੋਸ ਸ਼ਾਮਲ ਸਨ । ਬੋਰਡ ਨੇ ਸਿਫਾਰਸ਼ ਕੀਤੀ ਕਿ ਮੈਨੂੰ ਹੋਰ ਸਮੇਂ ਲਈ ਜੇਲ ਵਿਚ ਨਾ ਰਖਿਆ ਜਾਏ । ਉਧਰ ਰੰਗੂਨ ਜੇਲ ਦੇ ਸੁਪਰਨਟੈਂਡੈਂਟ ਨਾਲ ਮੇਰਾ ਝਗੜਾ ਹੋ ਗਿਆ ਇਸ ਲਈ ਮੈਨੂੰ ਇਨਸਨ ਜੇਲ ਵਿਚ ਬਦਲ ਦਿਤਾ ਗਿਆ । ਉਸ ਜੇਲ ਦਾ ਸੁਪਰਨਟੈਂਡੈਂਟ ਫਿੰਡਲੇ ਸੀ। ਉਹ ਮੇਰੀ ਸਿਹਤ ਦੀ ਦਸ਼ਾ ਵੇਖ ਕੇ ਹੈਰਾਨ ਰਹਿ ਗਿਆ । ਤਿੰਨ ਹਫਤੇ ਤੀਕ ਉਡੀਕ ਕਰਨ ਮਗਰੋਂ ਉਹਨਾਂ ਨੇ ਮੇਰੇ ਬਾਰੇ ਬੰਗਾਲ ਸਰਕਾਰ ਨੂੰ ਇਕ ਜ਼ਬਰਦਸਤ ਚਿਠੀ ਲਿਖੀ ਅਤੇ ਉਹ ਮੇਰੀ ਬਾਬਤ ਕਾਰਰਵਾਈ ਕਰਨ ਲਈ ਮਜਬੂਰ ਹੋ ਗਈ । ਮੈਨੂੰ ਇਹ ਪੇਸ਼ਕਸ਼ ਕੀਤੀ ਗਈ ਕਿ ਜੇ ਮੈਂ ਸਿਹਤ ਦੀ ਬਹਾਲੀ ਲਈ ਸੁਵਿਟਜ਼ਰਲੈਂਡ ਜਾਣਾ ਪਰਵਾਨ ਕਰਾਂ ਤਦ ਉਹ ਮੈਨੂੰ ਰਿਹਾ ਕਰ ਦੇਵੇਗੀ । ਮੈਂ ਇਹ ਪੇਸ਼ਕਸ਼ ਠੁਕਰਾ ਦਿਤੀ । ਬੰਗਾਲ ਗੌਰਮਿੰਟ ਨੇ ਮੈਨੂੰ ਅਲਮੋੜਾ ਜੇਲ ਵਿਚ ਤਬਦੀਲ ਕਰ ਦਿਤਾ । ਰਸਤੇ ਵਿਚ ਜਦ ਮੇਰਾ ਜਹਾਜ਼ ਡਾਇਮੰਡ ਬੰਦਰ ਉਤੇ ਪੁਜਾ ਤਾਂ ਇਕ ਪੁਲਿਸ ਅਫਸਰ ਮੈਨੂੰ ਮਿਲਿਆ ਉਸ ਨੇ ਦਸਿਆ ਕਿ ਗਵਰਨਰ ਬੰਗਾਲ ਨੇ ਸਰਨੀਲ ਰਤਨ ਸਰਕਾਰ, ਡਾਕਟਰ ਬਿਧਾਨ ਚੰਦਰ ਰਾਏ, ਲੈਫਟੀਨੈਂਟ ਕਰਨਲ ਸੈਂਡੀਜ਼ ਅਤੇ ਮੇਜਰ ਹਿੰਗਸਟਨ ਜੋ ਗਵਰਨਰ ਦੇ ਜ਼ਾਤੀ ਡਾਕਟਰ ਸਨ ਇਹਨਾਂ ਸਭਨਾਂ ਦਾ ਇਕ ਤਿਬੀ ਬੋਰਡ ਕਾਇਮ ਕੀਤਾ ਹੈ । ਮੈਨੂੰ ਗਵਰਨਰ ਦੀ ਲਾਂਚ (ਕਿਸ਼ਤੀ) ਵਿਚ ਸਵਾਰ ਕੀਤਾ ਗਿਆ ਅਤੇ ਉਥੇ ਹੀ ਤਿਬੀ ਬੋਰਡ ਨੇ ਮੇਰਾ ਮੁਆਇਨਾ ਕੀਤਾ । ਇਸ ਬੋਰਡ ਨੇ ਤਾਰ ਰਾਹੀਂ ਮੇਰੀ ਰਿਹਾਈ ਦੀ ਸਿਫਾਰਸ਼ ਕੀਤੀ ਜਿਸ ਕਰ ਕੇ ੧੬ ਮਈ ੧੯੨੬ ਨੂੰ ਮੈਨੂੰ ਰਿਹਾ ਕੀਤਾ ਗਿਆ । ਮੇਰੀ ਰਿਹਾਈ ਦਾ ਹੁਕਮ ਗਵਰਨਰ

ਨੇ ਜਾਰੀ ਕੀਤਾ ਸੀ ਜਿਸ ਉਤੇ ੧੧ ਮਈ ਦੀ ਤਾਰੀਖ ਦਰਜ ਸੀ ਇਹ ਦੇਖ ਕੇ ਮੈਂ ਹੈਰਾਨ ਰਹਿ ਗਿਆ। ਆਖੀਰ ਮੈਨੂੰ ਪਤਾ ਲਗਾ ਕਿ ਗਵਰਨਰ ਵਲੋਂ ਮੇਰੀ ਰਿਹਾਈ ਦਾ ਹੁਕਮ ਜਾਰੀ ਹੋਣ ਦੇ ਬਾਵ-ਜੂਦ ਬੰਗਾਲ ਪੁਲੀਸ ਆਖਰੀ ਦਮ ਤੀਕ ਮੇਰੀ ਰਿਹਾਈ ਦੀ ਵਿਰੋ-ਧਤਾ ਕਰਦੀ ਰਹੀ।"

ਇਸ ਸੰਬੰਧ ਵਿਚ ਇਸ ਵਿਚ ਇਹ ਗਲ ਚੇਤੇ ਰਖਣ ਵਾਲੀ ਹੈ ਕਿ ਇਸ ਵਿਚਕਾਰ ਕਲਕੱਤਾ ਕਾਰਪੋਰੇਸ਼ਨ ਵਲੋਂ ਵੇਲੇ ਵੇਲੇ ਸਿਰ ਆਪ ਦੀ ਰੁਖਸਤ ਪਰਵਾਨ ਹੁੰਦੀ ਰਹੀ ਅਤੇ ਇਹ ਸਿਲਸਿਲਾ ੧੨ ਮਈ ੧੯੨੭ ਤੀਕ ਜਾਰੀ ਰਿਹਾ। ਉਸ ਸਮੇਂ ਤੀਕ ਸੁਭਾਸ ਬਾਬੂ ਕਾਰਪੋਰੇਸ਼ਨ ਦੀ ਮੁਲਾਜ਼ਮਤ ਵਿਚ ਹੀ ਸਨ।

ਸ੍ਰੀ ਸੁਭਾਸ਼ ਬਾਬੂ ਦੇ ਵਡੇ ਭਰਾਤਾ ਸ੍ਰੀ ਸਰਤ ਬੋਸ ਨੂੰ ਬੰਗਾਲ ਗੌਰਮਿੰਟ ਵਲੋਂ ਜੋ ਤਾਰ ਪੁਜੀ ਉਸ ਵਿਚ ਦਰਜ ਸੀ–"ਗੌਰਮਿੰਟ ਬੰਗਾਲ ਨੇ ਸ੍ਰੀ ਯੁਤ ਸੁਭਾਸ਼ ਚੰਦਰ ਬੋਸ ਦੀ ਬਿਨਾ ਸ਼ਰਤ ਰਿਹਾਈ ਦੇ ਹੁਕਮ ਜਾਰੀ ਕਰ ਦਿਤੇ ਹਨ ਮਿਹਰਬਾਨੀ ਕਰ ਕੇ ਉਹਨਾਂ ਨੂੰ ਸਟੀਮਰ ਤੋਂ ਆਪਣੇ ਮਕਾਨ ਉਤੇ ਲੈ ਜਾਉ।"

ਇਸ ਤਰ੍ਹਾਂ ਲੰਮੇਰੀ ਨਜ਼ਰ ਬੰਦੀ ਮਗਰੋਂ ਸੁਭਾਸ਼ ਬਾਬੂ ਰਿਹਾ ਹੋ ਗਏ। ਆਪ ਦੀ ਰਿਹਾਈ ਉਤੇ ਬੰਗਾਲ ਵਿਚ ਹੀ ਨਹੀਂ ਸਾਰੇ ਹਿੰਦੁਸਤਾਨ ਵਿਚ ਖੁਸ਼ੀਆਂ ਮਨਾਈਆਂ ਗਈਆਂ। ਪਬਲਿਕ ਜਲਸਿਆਂ ਵਿਚ ਤੇ ਮੰਦਰਾਂ ਮਸੀਤਾਂ ਵਿਚ ਆਪ ਦੀ ਅਰੋਗਤਾ ਲਈ ਪ੍ਰਾਰਥਨਾ ਕੀਤੀਆਂ ਤੇ ਦੁਆਵਾਂ ਮੰਗੀਆਂ ਗਈਆਂ। ਹਿੰਦੁਸਤਾਨ ਦੇ ਕੋਨੇ ਕੋਨੇ ਤੋਂ ਵਧਾਈ ਦੇ ਤਾਰ ਭੇਜੇ ਗਏ। ਬੰਬਈ ਵਿਚ ਹੋ ਰਹੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਮਾਗਮ ਨੇ ਵਧਾਈ ਦੀ ਤਾਰ ਭੇਜੀ।

ਸੰਨ ੧੯੨੮ ਈਸਵੀ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦਾ ੪੩ਵਾਂ ਸਮਾਗਮ ਕਲਕੱਤੇ ਵਿਚ ਹੋਇਆ। ਇਸ ਵੇਲੇ ਤੀਕ ਆਪ ਦੀ ਸਿਹਤ ਬਹਾਲ ਹੋ ਚੁਕੀ ਸੀ। ਆਪ ਕਾਂਗਰਸ ਸਮਾਗਮ

ਦੇ ਸੰਬੰਧ ਵਿਚ ਵਾਲੰਟੀਅਰ ਕੋਰ ਦੇ ਜਨਰਲ ਆਫੀਸਰ ਕਮਾਂਡਿੰਗ ਨਿਯਤ ਕੀਤੇ ਗਏ । ਕਲਕੱਤਾ ਕਾਂਗਰਸ ਤੋਂ ਪਹਿਲੇ ਪੰਡਤ ਮੋਤੀ ਲਾਲ ਜੀ ਨਹਿਰੂ ਨੇ ਇਕ ਰਿਪੋਰਟ ਤਿਆਰ ਕੀਤੀ ਸੀ ਜਿਸ ਨੂੰ ਨਹਿਰੂ ਰਪੋਰਟ ਦਾ ਨਾਮ ਦਿਤਾ ਗਿਆ ਸੀ । ਇਸ ਰਿਪੋਰਟ ਵਿਚ ਮੰਗ ਕੀਤੀ ਗਈ ਕਿ ਹਿੰਦੁਸਤਾਨ ਨੂੰ ਇਕ ਸਾਲ ਦੇ ਅੰਦਰ ਅੰਦਰ ਦਰਜਾ ਨੌਆਬਾਦਿਆਤ ਦਿਤਾ ਜਾਏ । ਸ੍ਰੀ ਯੁਤ ਸੁਭਾਸ਼ ਬੋਸ ਅਤੇ ਪੰਡਤ ਜਵਾਹਰ ਲਾਲ ਨਹਿਰੂ ਦੀ ਇਸ ਰਿਪੋਰਟ ਨਾਲ ਤਸੱਲੀ ਨਾ ਹੋਈ ਉਹ ਮੁਕੰਮਲ ਆਜ਼ਾਦੀ ਦੇ ਹਾਮੀ ਸਨ ਪਰ ਮਹਾਤਮਾ ਗਾਂਧੀ ਨੇ ਉਹਨਾਂ ਦੀ ਇਕ ਨਾ ਚਲਣ ਦਿਤੀ। ਮਜਬੂਰਨ ਇਹਨਾਂ ਦੋਵਾਂ ਨੂੰ ਇਸ ਰਪੋਰਟ ਦੀ ਤਾਈਦ ਕਰਨੀ ਪਈ । ਇਹ ਉਹੋ ਰਿਪੋਰਟ ਸੀ ਜਿਸ ਨੂੰ ਸਿਖਾਂ ਨੇ ਬਾਬਾ ਖੜਕ ਸਿੰਘ ਦੀ ਲੀਡਰੀ ਹੇਠ ਅਪ੍ਰਵਾਨ ਕੀਤਾ ਸੀ । ਇਸ ਰਿਪੋਰਟ ਸੰਬੰਧੀ ਮਹਾਤਮਾ ਗਾਂਧੀ ਨੇ ਕਾਂਗਰਸ ਦੇ ਖੁਲ੍ਹੇ ਸਮਾਗਮ ਵਿਚ ਹੇਠ ਲਿਖਿਆ ਮਤਾ ਪੇਸ਼ ਕੀਤਾ:–

"ਆਲ ਪਾਰਟੀਜ਼ ਕਮੇਟੀ ਦੀ ਰਿਪੋਰਟ ਉਤੇ ਵਿਚਾਰ ਕਰਨ ਮਗਰੋਂ ਕਾਂਗਰਸ ਇਸ ਰਿਪੋਰਟ ਦਾ ਹਿੰਦੁਸਤਾਨ ਦੇ ਰਾਜਸੀ ਤੇ ਫਿਰਕੂ ਸਵਾਲਾਂ ਦੇ ਹਲ ਵਲ ਇਕ ਵਸ਼ੇਸ਼ ਕਦਮ ਹੋਣ ਕਰ ਕੇ ਸੁਵਾਗਤ ਕਰਦੀ ਹੈ । ਸਿਆਸੀ ਸੂਰਤ ਹਾਲਾਤ ਦੀਆਂ ਲੋੜਾਂ ਨੂੰ ਮੁਖ ਰਖ ਕੇ ਅਮਲ ਕਰਨ ਦੀ ਆਜ਼ਾਦੀ ਨੂੰ ਮੁਰਖਿਅਤ ਰਖਦੇ ਹੋਏ ਇਹ ਕਾਨਫ੍ਰੰਸ ਉਸ ਕਾਨਸਟੀਟਯੂਸ਼ਨ ਨੂੰ ਪਰਵਾਨ ਕਰਦੀ ਹੈ ਪਰ ਸ਼ਰਤ ਇਹ ਕਿ ਬਰਤਾਨਵੀ ਗੌਰਮਿੰਟ ੩੧ ਦਸੰਬਰ ੧੯੨੯ ਤੀਕ ਯਾ ਇਸ ਤੋਂ ਪਹਿਲੇ ਇਸ ਕਾਨਸਟੀਟਯੂਸ਼ਨ ਨੂੰ ਮੁਕੰਮਲ ਤੌਰ ਉਤੇ ਮਨਜ਼ੂਰ ਕਰ ਲਵੇ । ਜੇ ਉਸ ਤ੍ਰੀਕ ਤੀਕ ਇਸ ਕੌਮੀ ਮੰਗ ਨੂੰ ਪਰ-ਵਾਨ ਨ ਕੀਤਾ ਗਿਆ ਤਦ ਦੇਸ ਨੂੰ ਟੈਕਸ ਦੇਣ ਤੋਂ ਇਨਕਾਰ ਅਤੇ ਸ਼ਾਂਤਮਈ ਨਾ ਮਿਲਵਰਤਨ ਦੀ ਮੁਹਿਮ ਜਾਰੀ ਕਰਨ ਦੀ ਸਲਾਹ ਦਿਤੀ ਜਾਏਗੀ ।"

ਸ੍ਰੀ ਯੁਤ ਸੁਭਾਸ਼ ਚੰਦਰ ਬੋਸ ਨੇ ਉਪ੍ਰੋਕਤ ਮਤੇ ਵਿਚ ਇਹ ਤ੍ਰਮੀਮ ਪੇਸ਼ ਕੀਤੀ:-

"ਕਾਂਗਰਸ ਐਲਾਨ ਕਰਦੀ ਹੈ ਕਿ ਮੁਕੰਮਲ ਆਜ਼ਾਦੀ ਹਿੰਦੁਸ-ਤਾਨ ਦੇ ਲੋਕਾਂ ਦਾ ਆਦਰਸ਼ ਮੰਨਦੀ ਹੋਈ ਇਹ ਰਾਏ ਰਖਦੀ ਹੈ ਕਿ ਜਦ ਤੀਕ ਬਰਤਾਨੀਆਂ ਨਾਲੋਂ ਸੰਬੰਧ ਨਹੀਂ ਤੋੜੇ ਜਾਣਗੇ ਹਿੰਦੁਸਤਾਨ ਵਿਚ ਮੁਕੰਮਲ ਆਜ਼ਾਦੀ ਕਾਇਮ ਨਹੀਂ ਹੋ ਸਕਦੀ। ਇਹ ਕਾਂਗਰਸ ਨਹਿਰੂ ਰਿਪੋਰਟ ਨੂੰ ਦਰਜਾ ਨੌਆਬਾਦਿਆਤ ਦੇ ਸਿਫ਼ਾਰਸ਼ ਕੀਤੇ ਆਈਨ ਦੀ ਨੀਂਹ ਕਾਇਮ ਕਰ ਕੇ ਰਾਏ ਜ਼ਾਹਰ ਕਰਦੀ ਹੈ ਕਿ ਇਸ ਕਾਨਸਟੀਟਯੂਸ਼ਨ ਵਿਚ ਜੋ ਹੋਰ ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ ਉਹ ਦੇਸ਼ ਦੀ ਰਾਜਸੀ ਤ੍ਰੱਕੀ ਵਲ ਇਕ ਸ਼ਾਨਦਾਰ ਕਦਮ ਹੈ। ਕਾਂਗਰਸ ਇਸ ਰਿਪੋਰਟ ਦੇ ਵਿਸਥਾਰ ਨੂੰ ਮਨਜ਼ੂਰ ਨਾ ਕਰਦੀ ਹੋਈ ਵੀ ਇਸ ਨੂੰ ਆਮ ਤੌਰ ਉਤੇ ਪਰਵਾਨ ਕਰਦੀ ਹੈ।"

ਸ੍ਰੀ ਸੁਭਾਸ਼ ਬਾਬੂ ਦੀ ਤ੍ਰਮੀਮ ਦੀ ਪ੍ਰੋੜਤਾ ਕਰਦੇ ਹੋਏ ਪੰਡਤ ਜਵਾਹਰ ਲਾਲ ਨਹਿਰੂ ਨੇ ਆਖਿਆ-"ਨੌਆਬਾਦੀਆਂ ਵਰਗੇ ਦਰਜੇ ਦੀ ਮੰਗ ਕਰਨ। ਇਸ ਤੋਂ ਛੁਟ ਹੋਰ ਕੁਛ ਨਹੀਂ ਕਿ ਸਰਕਾਰ ਬਰ-ਤਾਨੀਆਂ ਦੇ ਦਰਵਾਜ਼ੇ ਅਗੇ ਖੜੇ ਹੋ ਕੇ ਉਸ ਤੋਂ ਭਿਛਿਆ ਮੰਗੀ ਜਾਏ।"

ਇਸ ਦੇ ਮਗਰੋਂ ਮਹਾਤਮਾ ਗਾਂਧੀ ਜੀ ਨੇ ਇਕ ਜਜ਼ਬਾਤੀ ਤਕਰੀਰ ਕੀਤੀ ਜਿਸ ਦੇ ਕਾਰਨ ਵੋਟਾਂ ਦੀ ਗਿਣਤੀ ਵੇਲੇ ਸੁਭਾਸ਼ ਬਾਬੂ ਦੀ ਤ੍ਰਮੀਮ ਗਿਰ ਗਈ ਅਤੇ ਇਹ ਰਿਪੋਰਟ ਕੌਮੀ ਮੰਗ ਦੇ ਰੂਪ ਵਿਚ ਕਲਕਤਾ ਕਾਂਗਰਸ ਦੇ ਸਮਾਗਮ ਵਿਚ ਮਨਜ਼ੂਰ ਹੋ ਗਈ, ਪਰ ਨਾਲ ਹੀ ਹਕੂਮਤ ਬਰਤਾਨੀਆਂ ਨੂੰ ਇਹ ਅਲਟੀਮੇਟਮ ਵੀ ਦੇ ਦਿਤਾ ਗਿਆ ਕਿ ਜੇ ਉਸ ਨੇ ਇਕ ਸਾਲ ਦੇ ਅੰਦਰ ਅੰਦਰ ਹਿੰਦੁਸਤਾਨ ਨੂੰ ਦਰਜਾ ਨੌ ਆਬਾਦੀਆਤ ਨ ਦਿਤਾ ਤਦ ਮੁਕੰਮਲ ਆਜ਼ਾਦੀ ਦੀ ਪ੍ਰਾਪਤੀ ਲਈ ਬਰਤਾਨੀਆਂ ਨਾਲ ਨਾ-ਮਿਲਵਰਤਨ ਦਾ ਮਤਾ ਪਾਸ ਕੀਤਾ ਜਾਏਗਾ। ਕਲਕਤਾ ਕਾਂਗਰਸ ਦਾ ਸਮਾਗਮ ਖ਼ਤਮ ਹੋਇਆ ਤਦ ਸ੍ਰੀ ਯੁਤ ਸੁਭਾਸ਼

ਬਾਬੂ ਦੀਆਂ ਕੁਰਬਾਨੀਆਂ ਨੂੰ ਮੁਖ ਰਖ ਕੇ ਉਹਨਾਂ ਨੂੰ ਕਾਂਗਰਸ ਦੀ ਵਰਕਿੰਗ ਕਮੇਟੀ ਵਿਚ ਲੈ ਲਿਆ ਗਿਆ।

ਕਿਉਂਕਿ ਨਿਯਤ ਤ੍ਰੀਕ ਤੀਕ ਬਰਤਾਨੀਆਂ ਨੇ ਦਰਜਾ ਨੌਅਬਾਦਿਆਤ ਨ ਦਿਤਾ ਇਸ ਲਈ ਇਹ ਮਤਾ ਆਪ ਤੋਂ ਆਪ ਰਦ ਹੋ ਗਿਆ ਅਤੇ ਇਸ ਦੀ ਥਾਂ ਲਾਹੌਰ ਦੇ ਸਮਾਗਮ ਵਿਚ ਮੁਕੰਮਲ ਆਜ਼ਾਦੀ ਦੀ ਮੰਗ ਕੀਤੀ ਗਈ।

## ਸਾਈਮਨ ਕਮਿਸ਼ਨ

੩ ਫਰਵਰੀ ੧੯੨੮ ਨੂੰ ਸਾਈਮਨ ਕਮਿਸ਼ਨ ਹਿੰਦੁਸਤਾਨ ਵਿਚ ਆਇਆ। ਬੰਬਈ ਦੇ ਸਾਹਿਲ ਉਤੇ ਕਦਮ ਰਖਦੇ ਸਾਰ ਇਸ ਦਾ ਬਾਈਕਾਟ ਸ਼ੁਰੂ ਹੋ ਗਿਆ ਤੇ ਲੋਕਾਂ ਨੇ "ਸਾਈਮਨ ਵਾਪਸ ਮੁੜ ਜਾਓ' (Go back Simon) ਦੇ ਨਾਹਰਿਆਂ ਤੇ ਕਾਲੀਆਂ ਝੰਡੀਆਂ ਨਾਲ ਇਸ ਦਾ ਸਵਾਗਤ ਕੀਤਾ। ਇਸ ਕਮਿਸ਼ਨ ਦੇ ਸਾਰੇ ਮੈਂਬਰ ਗੋਰੇ ਸਨ ਤੇ ਇਹ ਇਸ ਲਈ ਆਇ ਾ ਸੀ ਕਿ ਬਰਤਾਨਵੀ ਗੌਰਮਿੰਟ ਵਲੋਂ ਹਿੰਦੁਸਤਾਨ ਦੀ ਸੂਰਤਿ ਹਾਲਾਤ ਦੀ ਪੜਤਾਲ ਕਰੇ ਤਾਂ ਜੁ ਹਿੰਦੁਸਤਾਨ ਸੰਬੰਧੀ ਕਾਨਸਟੀਟਯੂਸ਼ਨ ਤਿਆਰ ਕੀਤਾ ਜਾਏ। ਇਸ ਕਮਿਸ਼ਨ ਨੂੰ ਭੇਜਨ ਦਾ ਮੰਤਵ ਇਹ ਸੀ ਕਿ ਹਿੰਦੁਸਤਾਨੀਆਂ ਨੂੰ ਆਪਣੇ ਭਵਿਖਤ ਦਾ ਫੈਸਲਾ ਕਰਨ ਦਾ ਅਧਿਕਾਰ ਨਹੀਂ ਅਤੇ ਨ ਹੀ ਇਸ ਮਾਮਲੇ ਵਿਚ ਬਰਤਾਨੀਆਂ ਹਿੰਦੀਆਂ ਉਤੇ ਭਰੋਸਾ ਕਰਨ ਲਈ ਤਿਆਰ ਹੈ। ਇਹ ਦਸ਼ਾ ਐਸੀ ਸੀ ਜਿਸ ਨਾਲ ਹਿੰਦੁਸਤਾਨੀਆਂ ਦਾ ਬੜਾ ਭਾਰੀ ਅਪਮਾਨ ਹੁੰਦਾ ਸੀ। ਏਸੇ ਗਲ ਨੂੰ ਮੁਖ ਰਖ ਕੇ ਦੇਸ ਨੇ ਸਾਈਮਨ ਕਮਿਸ਼ਨ ਦਾ ਮੁਕੰਮਲ ਬਾਈਕਾਟ ਕਰ ਦਿਤਾ ਅਤੇ ਹਿੰਦੁਸਤਾਨ ਦੇ ਸਾਹਿਲ ਉਤੇ ਪੈਰ ਧਰਦੇ ਸਾਰ ਇਸ ਦੇ ਵਿਰੁਧ ਮੁਜ਼ਾਹਰੇ ਸ਼ੁਰੂ ਹੋ ਗਏ।

ਸਾਈਮਨ ਕਮਿਸ਼ਨ ਦੀ ਆਮਦ ਉਤੇ ਕਲਕੱਤੇ ਵਿਚ ਜ਼ਬਰਦਸਤ ਤੇ ਇਤਿਹਾਸਕ ਹੜਤਾਲ ਹੋਈ। ਕਲਕੱਤੇ ਦੇ ਸਾਰੇ ਸਕੂਲਾਂ ਤੇ ਕਾਲਜਾਂ

ਨੇ ਵੀ ਹੜਤਾਲ ਕੀਤੀ, ਇਸ ਹੜਤਾਲ ਦੀ ਅਗਵਾਈ ਕਰਨ ਵਾਲੇ ਵੀ ਸੁਭਾਸ਼ ਬਾਬੂ ਹੀ ਸਨ । ਜਿਥੇ ਜਿਥੇ ਵੀ ਸਾਈਮਨ ਕਮਿਸ਼ਨ ਜਾਂਦਾ ਕਾਲੀਆਂ ਝੰਡੀਆਂ ਅਤੇ "ਸਾਈਮਨ ਮੁੜ ਜਾਓ" ਦੇ ਨਾਹਰਿਆਂ ਨਾਲ ਉਸ ਦਾ ਸਵਾਗਤ ਕੀਤਾ ਜਾਂਦਾ। ਜਦ ਇਹ ਕਮਿਸ਼ਨ ਲਾਹੌਰ ਪੁਜਾ ਤਦ ਰੇਲਵੇ ਸਟੇਸ਼ਨ ਉਤੇ ਸੁਵਰਗੀ ਲਾਲਾ ਲਾਜਪਤ ਰਾਇ ਦੀ ਅਗਵਾਈ ਹੇਠ ਲੱਖਾਂ ਪੰਜਾਬੀਆਂ ਨੇ ਵਿਰੋਧੀ ਮੁਜ਼ਾਹਰਾ ਕੀਤਾ । ਵਖਾਵਾ ਕਰਨ ਸਮੇਂ ਪੁਲੀਸ ਨੇ ਲਾਠੀ ਚਾਰਜ ਕੀਤਾ ਅਤੇ ਪੁਲਿਸ ਦੀਆਂ ਲਾਠੀਆਂ ਨਾਲ ਲਾਲਾ ਲਾਜਪਤ ਰਾਇ ਐਸੇ ਫਟੜ ਹੋਏ ਕਿ ਮੁੜ ਸਿਹਤ ਯਾਬ ਨ ਹੋ ਸਕੇ । ਲਾਲਾ ਜੀ ਦੀ ਮੌਤ ਦਾ ਅਸਲ ਕਾਰਨ ਪੁਲੀਸ ਦੀਆਂ ਲਾਠੀਆਂ ਦੀਆਂ ਸੱਟਾਂ ਹੀ ਸਨ । ਇਸ ਘਟਨਾ ਤੋਂ ਥੋੜਾ ਚਿਰ ਮਗਰੋਂ ਇਨਕਲਾਬੀ ਨੌਜਵਾਨਾਂ ਨੇ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲਾਠੀ ਚਾਰਜ ਕਰੌਣ ਵਾਲੇ ਅੰਗਰੇਜ਼ ਅਸਿਸਟੈਂਟ ਸੁਪਰਾਨਟੈਂਡੈਂਟ ਪੁਲੀਸ ਮਿਸਟਰ ਸਾਂਡਰਸ ਤੋਂ ਇਸ ਤਰ੍ਹਾਂ ਲਿਆ ਕਿ ਉਸ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ। ਇਸ ਦੇ ਥੋੜਾ ਚਿਰ ਮਗਰੋਂ ਹੀ ਸੁਵਰਗੀ ਸਰਦਾਰ ਭਗਤ ਸਿੰਘ ਅਤੇ ਮਿਸਟਰ ਬੀ. ਕੇ ਦਤ ਨੇ ਕੇਂਦਰੀ ਅਸੈਂਬਲੀ ਵਿਚ ਬੰਬ ਸੁਟਿਆ ਜਿਸ ਕਰਕੇ ਸਾਰੇ ਹਿੰਦੁਸਤਾਨ ਵਿਚ ਪਕੜ ਧਕੜ ਸ਼ੁਰੂ ਹੋ ਗਈ ਤੇ ਸਾਜ਼ਸ਼ ਦੇ ਮੁਕਦਮੇ ਦੀਆਂ ਤਿਆਰੀਆਂ ਹੋਣ ਲਗ ਪਈਆਂ।

੨੦ ਮਾਰਚ ੧੯੨੯ ਨੂੰ ਪੁਲਿਸ ਨੇ ਸਾਰੇ ਹਿੰਦੁਸਤਾਨ ਵਿਚ ਬਾਲਸ਼ਵੇਕਾਂ ਦੀ ਤਲਾਸ਼ ਵਿਚ ਛਾਪੇ ਮਾਰ ਕੇ ਦਰਜਨਾਂ ਕਮਿਊਨਿਸਟ ਕਾਰਕੁਨਾਂ ਨੂੰ ਗ੍ਰਿਫਤਾਰ ਕੀਤਾ ਜਿਨ੍ਹਾਂ ਵਿਰੁਧ ਮੇਰਠ ਵਿਚ ਸਾਜ਼ਸ ਦਾ ਮੁਕਦਮਾ ਚਲਾਇਆ ਗਿਆ। ਇਹਨਾਂ ਵਿਰੁਧ ਦੋਸ਼ ਇਹ ਲਾਇਆ ਗਿਆ ਕਿ ਇਹਨਾਂ ਨੇ ਮਲਕ ਮਅਜ਼ਮ ਵਿਰੁਧ ਬਗਾਵਤ ਦੀ ਸਾਜ਼ਸ਼ ਕੀਤੀ ਹੈ। ਇਸੇ ਮੁਕਦਮੇ ਵਿਚ ਪੰਜਾਬ ਵਿਚੋਂ ਸ: ਸੋਹਣ ਸਿੰਘ ਜੋਸ਼ ਗ੍ਰਿਫਤਾਰ ਕੀਤੇ ਗਏ ਸਨ।

ਦੂਜੇ ਪਾਸੇ ਲਾਹੌਰ ਵਿਚ ਸਰਦਾਰ ਭਗਤ ਸਿੰਘ ਅਤੇ ਆਪ ਦੇ ਸਾਥੀ ਮਿਸਟਰ ਭਟਕੇਸ਼ਵਰ ਦਤ ਵਿਰੁਧ ਮਿਸਟਰ ਸਾਂਡਰਸ ਦੇ ਕਤਲ ਦੇ ਦੋਸ਼ ਵਿਚ ਮੁਕਦਮਾ ਚਲਾਇਆ ਗਿਆ। ਅਜੇ ਇਹ ਮੁਕਦਮਾ ਚਲ ਹੀ ਰਿਹਾ ਸੀ ਕਿ ਭਗਤ ਸਿੰਘ ਤੇ ਆਪ ਦੇ ਸਾਥੀਆਂ ਨੇ ਜੇਲਾਂ ਵਿਚ ਰਾਜਸੀ ਕੈਦੀਆਂ ਨਾਲ ਮਨੁਖਤਾ ਹੀਨ ਸਲੂਕ ਵਿਰੁਧ ਪ੍ਰੋਟੈਸਟ ਦੇ ਤੌਰ ਉਤੇ ਭੁਖ ਹੜਤਾਲ ਸ਼ੁਰੂ ਕਰ ਦਿਤੀ। ਉਹਨਾਂ ਦੀ ਮੰਗ ਸੀ ਰਾਜਸੀ ਕੈਦੀਆਂ ਨਾਲ ਚੰਗੇਰਾ ਸਲੂਕ ਕੀਤਾ ਜਾਏ। ਹੌਲੀ ਹੌਲੀ ਮੁਕਦਮਾ ਸਾਜ਼ਸ ਦੇ ਇਕ ਕੈਦੀ ਸ੍ਰੀ ਜਤੇਂਦਰ ਨਾਥ ਦਾਸ ਦੀ ਭੁਖ ਹੜਤਾਲ ਦੇ ਕਾਰਨ ਹਾਲਤ ਨਾਜ਼ਕ ਹੋ ਗਈ। ਜਿਸ ਕਰ ਕੇ ਸੁਭਾਸ਼ ਬਾਬੂ, ਪੰਡਤ ਜਵਾਹਰ ਲਾਲ ਨਹਿਰੂ ਤੇ ਦੇਸ ਦੇ ਹੋਰ ਵਡੇ ਵਡੇ ਲੀਡਰਾਂ ਨੂੰ ਤਾਰਾਂ ਦਿਤੀਆਂ ਗਈਆਂ। ਭੁਖ ਹੜਤਾਲ ਦੀਆਂ ਖਬਰਾ ਸੁਣ ਕੇ ਸਾਰੇ ਦੇਸ ਵਿਚ ਹਾ ਹਾ ਕਾਰ ਮਚ ਗਿਆ। ਪੰਡਤ ਜਵਾਹਰ ਲਾਲ ਨਹਿਰੂ ੯ ਅਗਸਤ ਨੂੰ ਲਾਹੌਰ ਪਹੁੰਚੇ ਅਤੇ ਭੁਖ ਹੜਤਾਲੀਆਂ ਨਾਲ ਮੁਲਾਕਾਤ ਕੀਤੀ ਪਰ ਉਹਨਾਂ ਸਾਫ ਕਹਿ ਦਿਤਾ ਕਿ ਜਦ ਤੀਕ ਸਰਕਾਰ ਸਾਡੀਆਂ ਮੰਗਾਂ ਪੂਰੀਆਂ ਨਹੀਂ ਕਰਦੀ ਉਹ ਭੁਖ ਹੜਤਾਲ ਛਡਣ ਲਈ ਤਿਆਰ ਨਹੀਂ। ਸੁਭਾਸ਼ ਬਾਬੂ ਦੇ ਕਹਿਣ ਉਤੇ ਬੰਗਾਲ ਦੇ ਨੌਜਵਾਨਾਂ ਨੇ ਸ਼ਾਂਤਮਈ ਵਖਾਵਾ ਕੀਤਾ। ਜਲੂਸ ਨਾਲ ਪੁਲੀਸ ਦੀ ਟਕਰ ਹੋ ਗਈ। ਲਾਠੀ ਚਾਰਜ ਹੋਇਆ ਅਤੇ ਬਹੁਤ ਸਾਰੇ ਨੌਜਵਾਨ ਫਟੜ ਹੋ ਗਏ। ਜਲਸੇ ਵਿਚ ਸੁਭਾਸ਼ ਬਾਬੂ ਨੇ ਐਲਾਨ ਕੀਤਾ ਕਿ ਜਦ ਤੀਕ ਭੁਖ ਹੜਤਾਲੀਆਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਬੰਗਾਲ ਵਿਚ ਐਜੀਟੇਸ਼ਨ ਜਾਰੀ ਰਹੇਗੀ।

੧੬ ਅਗਸਤ ਨੂੰ ਮਿਸਟਰ ਦਾਸ ਦੀ ਹਾਲਤ ਨਾਜ਼ਕ ਹੋ ਗਈ ਅਤੇ ਉਹ ਮਰਨ ਕਿਨਾਰੇ ਪਹੁੰਚ ਗਏ। ਜੇਲ ਦੇ ਕਰਮ ਚਾਰੀਆਂ ਵਲੋਂ ਦਾਸ ਦੇ ਪਿਤਾ ਨੂੰ ਤਾਰ ਪੁਜੀ ਕਿ ਉਹਨਾਂ ਦੇ ਸਪੁਤ੍ਰ ਦੀ ਹਾਲਤ ਨਾਜ਼ਕ ਹੈ ਉਹ ਛੇਤੀ ਪਹੁੰਚ ਜਾਣ।

ਉਧਰ ਪੰਜਾਬ ਗੌਰਮਿੰਟ ਨੂੰ ਫਿਕਰ ਸੀ, ਉਹਨੇ ਇਕ ਜੇਲ ਕਮੇਟੀ ਬਣਾਈ ਜਿਸ ਦੇ ਕਹਿਣ ਉਤੇ ਸ: ਭਗਤ ਸਿੰਘ ਅਤੇ ਮਿ: ਦਤ ਨੇ ਭੁਖ ਹੜਤਾਲ ਛਡ ਦਿਤੀ ਪਰ ਜਤੇਂਦਰ ਨਾਥ ਦਾਸ ਨੇ ਭੁਖ ਹੜਤਾਲ ਛਡਣ ਤੋਂ ਇਨਕਾਰ ਕਰ ਦਿਤਾ। ਅੰਤ ੧੩ ਸਤੰਬਰ ਨੂੰ ਪੂਰੇ ੬੩ ਦਿਨਾਂ ਦੀ ਭੁਖ ਹੜਤਾਲ ਮਗਰੋਂ ਸ੍ਰੀ ਜਤੇਂਦਰ ਨਾਥ ਦੇ ਪ੍ਰਾਨ ਪੰਖੇਰੂ ਉਡਾਰੀ ਲਾ ਗਏ ਤੇ ਉਹ ਬੋਰਸਟਲ ਜੇਲ ਵਿਚ ਸ਼ਹੀਦੀ ਪਾ ਗਿਆ। ਸ੍ਰੀ ਯੁਤ ਬੋਸ ਨੇ ਉਸ ਦੀ ਲਾਸ਼ ਨੂੰ ਕਲਕੱਤੇ ਲਿਆਵਨ ਲਈ ਤਾਰ ਰਾਹੀਂ ਛੀ ਸੌ ਰੁਪਇਆ ਸ਼ਹੀਦ ਦੇ ਛੋਟੇ ਭਾਈ ਨੂੰ ਭੇਜਿਆ ਕਿਉਂਕਿ ਜਤੇਂਦਰ ਨਾਥ ਦਾਸ ਦੀ ਇਹ ਅੰਤਮ ਇਛਾ ਸੀ ਕਿ ਮੌਤ ਮਗਰੋਂ ਉਹਨਾਂ ਦੀ ਲਾਸ਼ ਕਲਕੱਤੇ ਲਿਜਾ ਕੇ ਉਥੇ ਜਲਾਈ ਜਾਏ। ਸ਼ਹੀਟ ਦੀ ਲਾਸ਼ ੧੫ ਸਤੰਬਰ ਦੀ ਸਵੇਰੇ ਹੋੜਾ ਐਕਸਪ੍ਰੈਸ ਵਿਚ ਰਵਾਨਾ ਕੀਤੀ ਗਈ ਜਿਸ ਦਾ ਦਾਹ ਸੰਸਕਾਰ ਕਲਕੱਤੇ ਵਿਚ ਉਸ ਦੀ ਮਨਸ਼ਾ ਦੇ ਮੁਤਾਬਕ ਹੋਇਆ।

## ਲਾਹੌਰ ਵਿਚ

੧੮ ਅਕਤੂਬਰ ਸੰਨ ੧੯੨੯ ਨੂੰ ਸ੍ਰੀ ਯੁਤ ਸੁਭਾਸ਼ ਚੰਦਰ ਬੋਸ ਸੁਵਰਗੀ ਜਤੇਂਦਰ ਨਾਥ ਦਾਸ ਦੇ ਛੋਟੇ ਭਾਈ ਦੇ ਨਾਲ ਪਹਿਲ ਵਾਰ ਲਾਹੌਰ ਵਿਚ ਤਸ਼ਰੀਫ ਲਿਆਏ। ਪੰਜਾਬੀਆਂ ਨੇ ਆਪ ਦੀ ਬੜਾ ਹੀ ਸ਼ਾਨਦਾਰ ਸਵਾਗਤ ਕੀਤਾ। ਆਪ ਦੇ ਸੁਵਾਗਤ ਲਈ ਪੰਜਾਹ ਹਜ਼ਾਰ ਤੋਂ ਵਧੀਕ ਲੋਕ ਰੇਲਵੇ ਸਟੇਸ਼ਨ ਉਤੇ ਆਪ ਦੇ ਦਰਸ਼ਨ ਲਈ ਹਾਜ਼ਰ ਹੋ ਗਏ। ਲਾਹੌਰ ਦੇ ਬ੍ਰੇਡਲਾ ਹਾਲ ਵਿਚ ਪੰਜਾਬ ਪ੍ਰਾਵਿਨਸ਼ਲ ਸਟੂਡੈਂਟਸ ਕਾਨਫ੍ਰੰਸ ਦੇ ਸਮਾਗਮ ਵਿਚ ਸ੍ਰੀਯੁਤ ਬੋਸ ਨੇ ਜੋ ਸਵਾਗਤੀ ਐਡਰੈਸ ਪੜ੍ਹਿਆ ਉਸ ਵਿਚ ਆਪ ਨੇ ਫਰਮਾਇਆ:-

"ਜਦ ਮੈਂ ਉਸ ਹਮਦਰਦੀ ਦਾ ਖਿਆਲ ਕਰਦਾ ਹਾਂ ਜੋ

ਪੰਜਾਬ ਦੇ ਨੌਜਵਾਨਾਂ ਨੇ ਪੰਜਾਬ ਦੀਆਂ ਜੇਲਾਂ ਵਿਚ ਕਿਆਮ ਦੇ ਦਿਨਾਂ ਅੰਦਰ ਸ਼ਹੀਦ ਜਤੇਂਦਰ ਦਾਸ ਅਤੇ ਉਹਨਾਂ ਦੇ ਸਾਥੀ ਬੰਗਾਲੀ ਕੈਦੀਆਂ ਨਾਲ ਹਵਾ ਰਖੀ ਤਦ ਮੇਰੇ ਦਿਲ ਵਿਚ ਆਪ ਲਈ ਧੰਨਵਾਦ ਦੇ ਜਜ਼ਬਾਤ ਲਹਿਰਾਂ ਮਾਰਨ ਲਗ ਜਾਂਦੇ ਹਨ । ਆਪ ਦੀ ਖੁਲ੍ਹ-ਦਿਲੀ ਨੇ ਪੰਜਾਬ ਨੂੰ ਸਾਡੇ ਦਿਲ ਵਿਚ ਨਾ ਬਿਆਨੇ ਜਾਣ ਦੀ ਹਦ ਤੀਕ ਪਿਆਰਾ ਬਣਾ ਦਿਤਾ ਹੈ । ਬੰਗਾਲ ਉਸ ਹਮਦਰਦੀ ਤੇ ਸਹਾਇਤਾ ਨੂੰ ਧੰਨਵਾਦ ਤੇ ਹਸਾਨ ਨਾਲ ਸਦਾ ਯਾਦ ਰਖੇਗਾ ਜੋ ਪੰਜਾਬ ਨੇ ਇਨ੍ਹਾਂ ਮੁਸੀਬਤ ਦੇ ਦਿਨਾਂ ਵਿਚ ਬੰਗਾਲ ਨੂੰ ਦਿਤੀ ਹੈ । ਮੇਰਾ ਵਿਸਵਾਸ਼ ਹੈ ਕਿ ਸ਼ਹੀਦ ਜਤੇਂਦਰ ਨਾਥ ਦਾਸ ਨੇ ਆਪਣੇ ਆਤਮ ਬਲੀਦਾਨ ਰਾਹੀਂ ਜਿਥੇ ਇਕ ਪੱਕੇ ਰਿਸ਼ਤੇ ਦੀ ਨੀਂਹ ਰਖੀ ਹੈ ਉਥੇ ਭਾਰਤ ਦੀ ਆਤਮਾਂ ਨੂੰ ਵੀ ਜਾਗ੍ਰਤ ਵਿਚ ਲੈ ਆਂਦਾ ਹੈ ।"
ਏਸੇ ਅਡਰੈਸ ਵਿਚ ਆਪ ਨੇ ਵਿਦਿਆਰਥੀਆਂ ਨੂੰ ਖੁਲ੍ਹੇ ਡੁਲੇ ਤੌਰ ਉਤੇ ਪਾਲੇਟਿਕਸ ਵਿਚ ਹਿਸਾ ਲੈਣ ਦਾ ਆਦੇਸ਼ ਦਿਤਾ ਤੇ ਕਿਹਾ ਕਿ ਵਿਦਿਆਰਥੀਆਂ ਵਿਚੋਂ ਹੀ ਨੀਤੀਵਾਨ ਤੇ ਫਿਲਾਸਫਾਰ ਪੈਦਾ ਹੁੰਦੇ ਹਨ । ਸਾਨੂੰ ਇਹ ਨਿਸ਼ਚਾ ਧਾਰ ਲੈਣਾ ਚਾਹੀਦਾ ਹੈ ਕਿ ਯਾ ਤੇ ਅਸੀਂ ਆਜ਼ਾਦ ਹੋ ਕੇ ਰਹਾਂਗੇ ਯਾ ਫੇਰ ਆਜ਼ਾਦੀ ਦੀ ਜਦੋ ਜਿਹਦ ਵਿਚ ਆਪਣੇ ਜੀਵਨ ਕੁਰਬਾਨ ਕਰ ਦਿਆਂਗੇ । ਸਾਨੂੰ ਆਪਣੇ ਅਮਲਾਂ ਨਾਲ ਇਹ ਗਲ ਸਾਬਤ ਕਰ ਦਖਾਉਣੀ ਚਾਹੀਦੀ ਹੈ ਤਦ ਹੀ ਅਸੀਂ ਸ਼ਹੀਦ ਸੁਵਰਗੀ ਜਤੇਂਦਰ ਨਾਥ ਦਾਸ ਦੇ ਹਮਵਤਨ ਅਖਵਾਉਣ ਦੇ ਹਕਦਾਰ ਹੋ ਸਕਦੇ ਹਾਂ । ਪੰਜਾਬ ਵਿਚੋਂ ਰਵਾਨਗੀ ਤੋਂ ਪਹਿਲੇ ਆਪ ਨੇ ਫਰਮਾਇਆ—ਨਾ ਮਿਲਵਰਤਨ ਦੀ ਲਹਿਰ ਪੰਜਾਬ ਵਿਚੋਂ ਹੀ ਸ਼ੁਰੂ ਹੋਈ ਸੀ । ਮੈਨੂੰ ਉਮੈਦ ਹੈ ਕਿ ਅਲਟੀਮੇਟਮ ਦੀ ਮਿਆਦ ਖਤਮ ਹੋਣ ਉਤੇ ਲਾਹੌਰ ਕਾਂਗਰਸ ਇਸ ਲਹਿਰ ਨੂੰ ਮੁੜ ਸੁਰਜੀਤ ਕਰੇਗੀ । ਪੰਜਾਬੀਆਂ ਨੂੰ ਆਉਣ ਵਾਲੀ ਜਦੋ ਜਿਹਦ ਵਿਚ ਭਾਰੀਆਂ ਕੁਰਬਾਨੀਆਂ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ । ਰਵਾਨਗੀ ਤੋਂ ਪਹਿਲੇ ਆਪ ਨੇ

ਸਰਦਾਰ ਭਗਤ ਸਿੰਘ, ਮਿਸਟਰ ਬੀ. ਕੇ ਦਤ ਅਤੇ ਮੁਕਦਮਾ ਸਾਜ਼ਸ਼ ਲਾਹੌਰ ਦੇ ਹੋਰਨਾਂ ਜ਼ੇਰ ਸਮਾਇਤ ਕੈਦੀਆਂ ਨਾਲ ਮੁਲਾਕਾਤ ਦੀ ਆਗਿਆ ਮੰਗੀ ਪਰ ਪੰਜਾਬ ਸਰਕਾਰ ਨੇ ਆਗਿਆ ਨਾ ਦਿਤੀ ਜਿਸ ਕਰ ਕੇ ਆਪ ਨੂੰ ਨਿਰਾਸ ਕਲਕੱਤੇ ਵਾਪਸ ਮੁੜਨਾ ਪਿਆ।

ਪਿਛਲੀ ਕਾਂਗਰਸ ਵਿਚ ਸਰਕਾਰ ਬਰਤਾਨੀਆਂ ਨੂੰ ਇਹ ਅਲਟੀ-ਮੇਟਮ ਦੇ ਦਿਤਾ ਗਿਆ ਸੀ ਕਿ ਇਕ ਸਾਲ ਦੇ ਅੰਦਰ ਅੰਦਰ ਜੇ ਦਰਜਾ ਨੌਆਬਾਦਿਆਤ ਨਾ ਦਿਤਾ ਗਿਆ ਤਦ ਅਗਲੇ ਸਾਲ ਮੁਕੰਮਲ ਆਜ਼ਾਦੀ ਦਾ ਐਲਾਨ ਕਰ ਦਿਤਾ ਜਾਇਗਾ। ਇਸ ਅਲਟਮੇਟਮ ਦੀ ਮਿਆਦ ਖਤਮ ਹੋਣ ਵਿਚ ਥੋੜਾ ਚਿਰ ਬਾਕੀ ਰਹਿ ਗਿਆ ਸੀ। ਬਰਤਾ-ਨੀਆਂ ਦੇ ਪਿਛਾਂਹ ਖਿਚੂ ਹਲਕਿਆਂ ਵਿਚ ਹਲ ਚਲ ਮਚ ਗਈ। ਅਕਤੂਬਰ ਵਿਚ ਲਾਰਡ ਇਰਵਿਨ ਵਾਇਸਰਾਏ ਨੂੰ ਲੰਡਨ ਸਦਿਆ ਗਿਆ ਜੋ ਬਰਤਾਨਵੀ ਵਜ਼ਾਰਤ ਨਾਲ ਸਲਾਹ ਮਸ਼ਵਰਾ ਕਰ ਕੇ ੩੧ ਅਕਤੂਬਰ ਨੂੰ ਵਾਪਸ ਆ ਗਏ। ਸਰਕਾਰ ਬਰਤਾਨੀਆਂ ਨੇ ਕਾਂਗਰਸ ਦੀ ਮੰਗ ਨੂੰ ਠੁਕਰਾ ਦਿਤਾ ਸੀ। ਉਸ ਨੇ ਇਸ ਭਾਵ ਦਾ ਐਲਾਨ ਜਾਰੀ ਕੀਤਾ ਕਿ ਹਿੰਦੁਸਤਾਨ ਨੂੰ ਹੌਲੀ ਹੌਲੀ ਦਰਜਾ ਨੌਆਬਾਦੀਆਂ ਵਰਗੀ ਹਕੂਮਤ ਦਿਤੀ ਜਾਏਗੀ ਅਤੇ ਨਾਲ ਹੀ ਲੰਡਨ ਵਿਚ ਹਿੰਦੁਸਤਾਨੀ ਲੀਡਰਾਂ ਦੀ ਗੋਲਮੇਜ਼ ਕਾਨਫ੍ਰੰਸ ਵੀ ਸਦੀ ਜਾਏਗੀ। ਇਸ ਐਲਾਨ ਨਾਲ ਹਿੰਦੁਸਤਾਨ ਦੇ ਰਾਜਸੀ ਹਲਕਿਆਂ ਵਿਚ ਨਿਰਾਸਤਾ ਦੀ ਲਹਿਰ ਦੌੜ ਗਈ। ਇਸ ਐਲਾਨ ਦੇ ਜਵਾਬ ਵਿਚ ਮਹਾਤਮਾ ਗਾਂਧੀ, ਪੰਡਤ ਮੋਤੀ ਲਾਲ ਨਹਿਰੂ, ਪੰਡਤ ਜਵਾਹਰ ਲਾਲ ਨਹਿਰੂ, ਸ: ਪਟੇਲ, ਪੰਡਤ ਮਦਨ ਮੋਹਨ ਮਾਲਵੀਆ, ਡਾਕਟਰ ਅਨੁਸਾਰੀ, ਆਦਕ ਸਿਰ ਕਢ ਲੀਡਰਾਂ ਨੇ ਇਕ ਬਿਆਨ ਜਾਰੀ ਕੀਤਾ ਜਿਸ ਵਿਚ ਦਰਜ ਸੀ ਕਿ ਹਕੂਮਤ ਜ਼ਬਾਨੀ ਨਹੀਂ ਅਮਲੀ ਤੌਰ ਉਤੇ ਯਕੀਨ ਦਿਵਾਵੇ ਕਿ ਉਸ ਦਾ ਦਿਲ ਤਬਦੀਲ ਹੋ ਚੁਕਾ ਹੈ। ਰਾਜਸੀ ਕੈਦੀ ਰਿਹਾ ਕੀਤੇ ਜਾਣ, ਅਤੇ ਤਜਵੀਜ਼ ਕੀਤੀ ਗਈ ਗੋਲਮੇਜ਼ ਕਾਨਫ੍ਰੰਸ ਵਿਚ ਕਾਂਗਰਸ

ਨੂੰ ਸਭ ਤੋਂ ਵਧੀਕ ਪ੍ਰਤੀਨਿਧਤਾ ਦਿਤੀ ਜਾਏ । ਜੇ ਇਹ ਸ਼ਰਤਾਂ ਪੂਰੀਆਂ ਨਾ ਕੀਤੀਆਂ ਗਈਆਂ ਤਦ ਕੋਈ ਵੀ ਕਾਂਗਰਸੀ ਲੀਡਰ ਉਸ ਗੋਲ ਮੇਜ਼ ਕਾਨਫ੍ਰੰਸ ਵਿਚ ਸ਼ਰੀਕ ਨਹੀਂ ਹੋਵੇਗਾ। ਸ੍ਰੀਯੁਤ ਸੁਭਾਸ਼ ਬੋਸ ਨੇ ਇਸ ਮੈਨੀਫੈਸਟੋ ਉਤੇ ਦਸਖਤ ਕਰਨ ਤੋਂ ਇਨਕਾਰ ਕਰ ਦਿਤਾ ਤੇ ਆਖਿਆ ਕਲਕੱਤਾ ਰੈਜ਼ੂਲੇਸ਼ਨ ਉਤੇ ਪਾਬੰਦ ਰਹਿੰ-ਦਿਆਂ ਹਕੂਮਤ ਬਰਤਾਨੀਆਂ ਦੇ ਰੁਬਰੂ ਗੋਡੇ ਟੇਕ ਦੇਣਾ ਸਿਆਸੀ ਪਤਨ ਤੇ ਗਦਾਰੀ ਹੈ । ਮੈਂ ਤੇ ਮੁਕੰਮਲ ਆਜ਼ਾਦੀ ਦਾ ਹਾਮੀ ਹਾਂ ਅਤੇ ਬਰਤਾਨੀਆਂ ਨਾਲੋਂ ਸੰਬੰਧ ਤੋੜੇ ਬਿਨਾ ਮੇਰੀ ਤਸੱਲੀ ਨਹੀਂ ਹੋ ਸਕਦੀ । ਮੈਂ ਗੋਲਮੇਜ਼ ਕਾਨਫ੍ਰੰਸ ਦੀ ਤਜਵੀਜ਼ ਨੂੰ ਵੀ ਪਸੰਦ ਨਹੀਂ ਕਰਦਾ ਕਿਉਂਕਿ ਇਹ ਸਭ ਕੁਛ ਕਾਂਗਰਸ ਵਿਚ ਮਤਭੇਤ ਪੈਦਾ ਕਰਨ ਲਈ ਕੀਤਾ ਜਾ ਰਿਹਾ ਹੈ ਅਤੇ ਇਹ ਸਭ ਜਾਲ ਸਾਨੂੰ ਰਾਜਸੀ ਭੁਲ ਭੁਲਈਆਂ ਵਿਚ ਫਸਾਉਨ ਲਈ ਵਿਛਾਏ ਜਾ ਰਹੇ ਹਨ । ਇਹ ਉਹ ਜ਼ਮਾਨਾ ਸੀ ਜਦ ਸਾਰੇ ਹਿੰਦੁਸਤਾਨ ਦੇ ਨੌਜਵਾਨਾਂ ਦੀਆਂ ਨਜ਼ਰਾਂ ਸ੍ਰੀ ਸੁਭਾਸ਼ ਬੋਸ ਵਲੇ ਲਗੀਆਂ ਹੋਈਆਂ ਸਨ । ਸੁਭਾਸ਼ ਬਾਬੂ ਨੌਜਵਾਨਾਂ ਦੀਆਂ ਆਸਾਂ ਉਮੈਦਾਂ ਦਾ ਆਖਰੀ ਸਹਾਰਾ ਬਣ ਗਏ ਸਨ । ਨਵੇਂ ਸਿਰੇ ਫੇਰ ਲਾਰਡ ਇਰਵਨ ਤੇ ਮਹਾਤਮਾ ਗਾਂਧੀ ਵਿਚਾਲੇ ਸੁਲਹ ਦੀ ਗਲ ਬਾਤ ਲਈ ਜਤਨ ਹੋ ਰਹੇ ਸਨ ਕਿ ਕੁਛ ਇਨਕਲਾਬ ਪਸੰਦ ਨੌਜਵਾਨਾਂ ਨੇ ੨੩ ਦਸੰਬ. ੧੯੨੯ ਨੂੰ ਦਿਲੀ ਦੇ ਪਾਸ ਵਾਇਸਰਾਏ ਦੀ ਟਰੇਨ ਨੂੰ ਬੰਬਾਂ ਨਾਲ ਉਡਾ-ਉਨ ਦਾ ਜਤਨ ਕੀਤਾ ਪਰ ਵਾਇਸਰਾਏ–ਲਾਰਡ ਇਰਵਨ ਉਸ ਹਾਦਸੇ ਵਿਚੋਂ ਵਾਲ ਵਾਲ ਬਚ ਗਏ ।

## ਲਾਹੌਰ ਕਾਂਗਰਸ

ਸੰਨ ੧੯੨੯ ਖਾਤਮੇ ਦੇ ਨੇੜੇ ਨੇੜੇ ਪੁਜ ਰਿਹਾ ਸੀ ਅਤੇ ਨਾਲ ਹੀ ਖਤਮ ਹੋ ਰਹੀ ਸੀ ਉਸ ਅਲਟੀਮੇਟਮ ਦੀ ਮਿਆਦ ਜੋ

ਕਲਕੱਤੇ ਦੇ ਸਮਾਗਮ ਵਿਚ ਬਰਤਾਨਵੀ ਗੌਰਮਿੰਟ ਨੂੰ ਨੌ ਆਬਾਦੀਆਂ ਵਰਗੀ ਹਕੂਮਤ ਦੇਣ ਬਾਬਤ ਦਿਤਾ ਗਿਆ ਸੀ। ਦਸੰਬਰ ੧੯੨੯ ਦੇ ਅੰਤ ਵਿਚ ਲਾਹੌਰ ਅੰਦਰ ਦਰਿਆ ਰਾਵੀ ਦੇ ਕਿਨਾਰੇ ਕਾਂਗ੍ਰਸ ਦਾ ਇਤਿ-ਹਾਸਕ ਸਮਾਗਮ ਹੋਇਆ। ਇਸ ਸਮਾਗਮ ਦੇ ਪ੍ਰਧਾਨ ਸਨ ਪੰਡਤ ਜਵਾਹਰ ਲਾਲ ਨਹਿਰੂ। ੨੫ ਦਸੰਬਰ ਨੂੰ ਪ੍ਰਧਾਨ ਦਾ ਜੋ ਸ਼ਾਹੀ ਸਵਾਗਤ ਲਾਹੌਰ ਵਿਚ ਹੋਇਆ ਉਹ ਵੀ ਇਤਿਹਾਸਕ ਤੇ ਯਾਦਗਾਰੀ ਚੀਜ਼ ਸੀ। ਪੰਡਤ ਜਵਾਹਰ ਲਾਲ ਨਹਿਰੂ ਦਾ ਉਹ ਸ਼ਾਨਦਾਰ ਸੁਵਾਗਤ ਹੋਇਆ ਜੋ ਸਹਿਨਸ਼ਾਹਾਂ ਦਾ ਵੀ ਨ ਹੋਇਆ ਹੋਵੇ। ਲਾਹੌਰ ਵਿਚ ਦੇ ਕਾਂਗਰਸ ਸਮਾਗਮ ਸਮੇਂ ਮੁਲਕ ਵਿਚ ਪਕੜ ਧਕੜ ਤੇ ਹਕੂਮਤ ਦੀਆਂ ਸਖਤੀਆਂ ਦਾ ਚਕਰ ਬੜੀ ਤੇਜ਼ੀ ਨਾਲ ਚਲ ਰਿਹਾ ਸੀ। ਇਸ ਲਈ ਕਿਹਾ ਜਾ ਸਕਦਾ ਹੈ ਕਿ ਇਹ ਸਮਾਗਮ ਬੜੀ ਹੀ ਨਾ ਖੁਸ਼ਗਵਾਰ ਫਜ਼ਾ ਵਿਚ ਸ਼ੁਰੂ ਹੋਇਆ। ਇਸ ਗਲ ਦੇ ਬਾਵਜੂਦ ਲੋਕਾਂ ਦੇ ਦਿਲਾਂ ਅੰਦਰ ਆਜ਼ਾਦੀ ਦੀ ਜੋ ਤੜਪ ਪੈਦਾ ਹੋ ਚੁਕੀ ਸੀ ਉਹ ਪੂਰੀ ਤਰ੍ਹਾਂ ਜਲਵਾ ਦਿਖਾ ਰਹੀ ਸੀ ਤੇ ਪਬਲਿਕ ਤੇ ਲੀਡਰ ਸਭ ਚੜ੍ਹਦੀਆਂ ਕਲਾਂ ਵਿਚ ਸਨ। ਇਸ ਕਾਨਫ੍ਰੰਸ ਦਾ ਸਾਰ ਇਹ ਸੀ ਕਿ ਮਹਾਤਮਾਂ ਗਾਂਧੀ ਨੇ ਨਵੀਂ ਲਹਿਰ ਚਲਾਉਣ ਦਾ ਫੈਸਲਾ ਕਰ ਲਿਆ। ਕਾਂਗਰਸ ਵਰਕਿੰਗ ਕਮੇਟੀ ਨੇ ਮੁਕੰਮਲ ਆਜ਼ਾਦੀ, ਨਹਿਰੂ ਰਿਪੋਰਟ ਦੀ ਮਨਸੂਖੀ ਅਤੇ ਕੌਂਸਲਾਂ ਦੇ ਬਾਈਕਾਟ ਦਾ ਫੈਸਲਾ ਕਰ ਲਿਆ, ਉਸ ਨੇ ਜੋ ਮਤਾ ਪਾਸ ਕੀਤਾ ਉਹ ਇਸ ਤਰ੍ਹਾਂ ਸੀ:-

"ਕਾਂਗਰਸ ਦਾ ਇਹ ਸਮਾਗਮ ਮਹਾਤਮਾਂ ਗਾਂਧੀ ਅਤੇ ਦੂਜੇ ਲੀਡਰਾਂ ਦੀ ਵਾਇਸਰਾਏ ਨਾਲ ਮੁਲਾਕਾਤ ਦੇ ਫਲ ਰੂਪ ਸੋਚ ਵਿਚਾਰ ਮਗਰੋਂ ਇਹ ਰਾਏ ਕਾਇਮ ਕਰਦਾ ਹੈ ਕਿ ਵਰਤਮਾਨ ਦਸ਼ਾ ਵਿਚਾਲੇ ਤਜਵੀਜ਼ ਕੀਤੀ ਹੋਈ ਗੋਲਮੇਜ਼ ਕਾਨਫ੍ਰੰਸ ਵਿਚ ਸ਼ਾਮਲ ਹੋ ਕੇ ਕਾਂਗ੍ਰਸ ਕੁਛ ਹਾਸਲ ਨਹੀਂ ਕਰ ਸਕਦੀ। ਇਸ ਲਈ ਕਲਕੱਤਾ-ਸਮਾਗਮ ਵਿਚ ਪਾਸ ਹੋਏ ਮਤੇ ਨੂੰ ਮੁਖ ਰਖ ਕੇ ਕਾਂਗਰਸ ਐਲਾਨ ਕਰਦੀ ਹੈ ਕਿ ਕਾਂਗਰਸ-ਕਾਨਸਟੀ

ਟਧੁਸ਼ਨ (ਦਸਤੂਰ) ਵਿਚ ਲਫ਼ਜ਼ ਸੁਵਰਾਜ ਦਾ ਮਤਲਬ ਮੁਕੰਮਲ ਅ ਜ਼ਾਦੀ ਹੋਵੇਗਾ। ਨਾਲ ਹੀ ਇਹ ਵੀ ਐਲਾਨ ਕਰਦੀ ਹੈ ਕਿ ਨਹਿਰੂ ਰਿਪੋਰਟ ਦੀ ਸਾਰੀ ਸਕੀਮ ਵਾਪਸ ਲੈ ਲਈ ਜਾਏ। ਕਾਂਗਰਸ ਨੂੰ ਇਹ ਆਸ ਹੈ ਕਿ ਅਗੋਂ ਤੋਂ ਸਾਰੇ ਕਾਂਗਰਸੀ ਹਿੰਦੁਸਤਾਨ ਲਈ ਮੁਕੰਮਲ ਆਜ਼ਾਦੀ ਹਾਸਲ ਕਰਨ ਦਾ ਪੂਰਾ ਪੂਰਾ ਜਤਨ ਕਰਨਗੇ। ਮੁਕੰਮਲ ਆਜ਼ਾਦੀ ਦੀ ਮੁਹਿਮ ਤਿਆਰ ਕਰਨ ਅਤੇ ਕਾਂਗਰਸ ਪਾਲਿਸੀ ਨੂੰ ਨਵੀਨ ਪਾਲਿਸੀ ਦੇ ਮੁਤਾਬਕ ਬਨਾਉਣ ਲਈ ਕਾਂਗਰਸ ਹਦਾਇਤ ਕਰਦੀ ਹੈ ਕਿ ਕੇਂਦਰੀ ਤੇ ਸੂਬਕ ਲੈਜਿਸਲੇਚਰਾਂ, ਲੋਕਲ ਬਾਡੀਆਂ, ਅਤੇ ਕਮੇਟੀਆਂ ਦੇ ਵਰਤਮਾਨ ਕਾਂਗਰਸੀ ਮੈਂਬਰ ਅਸਤੀਫੇ ਦਾਖਲ ਕਰ ਦੇਣ। ਆਲ ਇੰਡੀਆ ਕਾਂਗ-ਰਸ ਕਮੇਟੀ ਨੂੰ ਇਸ ਗਲ ਦਾ ਅਖਤਿਆਰ ਦਿਤਾ ਜਾਂਦਾ ਹੈ ਕਿ ਉਹ ਯੋਗ ਸਮਝੇ ਤਦ ਸਿਵਲ ਨਾ ਫਰਮਾਨੀ ਦੇ ਪ੍ਰੋਗਰਾਮ ਨੂੰ ਜਿਸ ਵਿਚ ਟੈਕਸਾਂ ਦੀ ਅਦਮ ਅਦਾਇਗੀ ਵੀ ਸ਼ਾਮਲ ਹੈ ਅਮਲੀ ਰੂਪ ਦੇਣ ਲਈ ਜ਼ਰੂਰੀ ਕਾਰਰਵਾਈ ਕਰੇ।"

ਇਸ ਮਤੇ ਦੇ ਪਾਸ ਹੋਣ ਤੋਂ ਮਗਰੋਂ ਕਾਂਗਰਸ ਯਾਨ ਹਿੰਦੁਸ-ਤਾਨ ਦਾ ਇਤਿਹਾਸ ਇਕ ਨਵੇਂ ਦੌਰ ਵਿਚ ਦਾਖਲ ਹੋ ਗਿਆ। ਸਚ ਮੁਚ ਹੀ ਕਾਂਗਰਸ ਦਾ ਮੁਕੰਮਲ ਆਜ਼ਾਦੀ ਦਾ ਫੈਸਲਾ ਇਕ ਇਨਕਲਾਬੀ ਕਦਮ ਸੀ ਜੋ ਕਾਂਗਰਸ ਨੇ ਉਠੌਣ ਦਾ ਪ੍ਰਣ ਕੀਤਾ। ਭਾਵੇਂ ਸ੍ਰੀ ਯੁਤ ਸੁਭਾਸ਼ ਬਾਬੂ ਇਸ ਮਤੇ ਦੀ ਸਪਿਰਟ ਨਾਲ ਤਾਂ ਸਹਿਮਤ ਸਨ ਪਰ ਉਹ ਇਕ ਕਦਮ ਹੋਰ ਅਗਾਂਹ ਜਾਣਾ ਚਾਹੁੰਦੇ ਸਨ ਜਿਹਾ ਕਿ ਉਸ ਤ੍ਰਮੀਮਤ ਤੋਂ ਸਪਸ਼ਟ ਹੈ ਜੋ ਆਪ ਨੇ ਉਪ੍ਰੋਕਤ ਮਤੇ ਵਿਚ ਇਸ ਭਾਵ ਦੀ ਪੇਸ਼ ਕੀਤੀ :-

"ਇਹ ਕਾਂਗਰਸ ਕਲਕਤਾ ਕਾਂਗਰਸ ਦੇ ਮਤੇ ਦੀ ਵਿਰੋਧਤਾ ਕਰਦੀ ਹੋਏ ਐਲਾਨ ਕਰਦੀ ਹੈ ਕਿ ਸੁਵਰਾਜ ਦਾ ਭਾਵ ਮੁਕੰਮਲ ਆਜ਼ਾਦੀ ਹੋਵੇਗਾ ਅਰਥਾਤ ਬਰਤਾਨੀਆਂ ਨਾਲੋਂ ਪੂਰਨ ਅਲਹਿਦਗੀ। ਇਸ ਤੋਂ ਛੁਟ ਹਿੰਦੁਸਤਾਨ ਵਿਚੋਂ ਬਰਤਾਨਵੀ ਇੰਪੀਰਲਿਜ਼ਮ ਨੂੰ ਖਤਮ ਕਰਨ

ਅਤੇ ਮੁਕੰਮਲ ਆਜ਼ਾਦੀ ਦੀ ਪ੍ਰਾਪਤੀ ਲਈ ਕਾਂਗਰਸ ਫੈਸਲਾ ਕਰਦੀ ਹੈ ਕਿ ਮੁਤਵਾਜ਼ੀ ਹਕੂਮਤ ਕਾਇਮ ਕਰਨ ਅਤੇ ਸਿਵਲ ਨਾ ਫੁਰਮਾਨੀ ਜਾਰੀ ਕਰਨ ਲਈ ਜਿਸ ਵਿਚ ਟੈਕਸ ਨ ਦੇਣ ਦੀ ਮਦ ਅਤੇ ਆਮ ਹੜਤਾਲਾਂ ਵੀ ਸ਼ਾਮਲ ਹੋਣਗੀਆਂ ਪ੍ਰਾਪੇਗੰਡਾ ਸ਼ੁਰੂ ਕੀਤਾ ਜਾਏ । ਸੁ ਇਸ ਨਵੇਂ ਕਰੀੜ (ਆਦਰਸ਼) ਅਨੁਸਾਰ ਐਲਾਨ ਕੀਤਾ ਜਾਂਦਾ ਹੈ ਕਿ ਨ ਕੇਵਲ ਕੌਂਸਲਾਂ ਤੇ ਲੋਕਲ ਬਾਡੀਆਂ ਦਾ ਹੀ ਸਗੋਂ ਅਦਾਲਤਾਂ ਦਾ ਵੀ ਬਾਈਕਾਟ ਕੀਤਾ ਜਾਏ ।''

ਭਾਵੇਂ ਆਪ ਦੀ ਇਹ ਤ੍ਰਮੀਮ ਪਾਸ ਨ ਹੋ ਸਕੀ ਪਰ ਇਸ ਤੋਂ ਘਟੋ ਘਟ ਇਹ ਤੇ ਪਤਾ ਲਗ ਗਿਆ ਕਿ ਹਿੰਦੁਸਤਾਨ ਦੇ ਨੌਜਵਾਨ (ਜਿਨ੍ਹਾਂ ਦੀ ਸੁਭਾਸ਼ ਬਾਬੂ ਪ੍ਰਤੀਨਿਧਤਾ ਕਰਦੇ ਸਨ) ਆਜ਼ਾਦੀ ਦੀ ਪ੍ਰਾਪਤੀ ਲਈ ਕਿੰਨੇ ਉਤਾਵਲੇ ਹੋ ਰਹੇ ਸਨ ਤੇ ਉਹ ਇਸ ਦੀ ਪ੍ਰਾਪਤੀ ਲਈ ਕਿਸ ਹਦ ਤੀਕ ਅਗਾਂਹ ਵਧਣ ਲਈ ਤਿਆਰ ਸਨ । ਸੁਭਾਸ਼ ਬਾਬੂ ਆਉਣ ਵਾਲੀ ਜਦੋ ਜਿਹਦ ਨੂੰ ਫੈਸਲਾ ਕਰੂ ਲੜਾਈ ਵਿਚ ਬਦਲ ਦੇਣਾ ਚਾਹੁੰਦੇ ਸਨ। ਆਪਣੀ ਤ੍ਰਮੀਮ ਉਤੇ ਤਕਰੀਰ ਕਰਦਿਆਂ ਹੋਇਆਂ ਆਪ ਨੇ ਆਖਿਆ:-

'ਮੈਂ ਮਹਾਤਮਾਂ ਜੀ ਨੂੰ ਵਧਾਈ ਪੇਸ਼ ਕਰਦਾ ਹਾਂ ਕਿ ਆਪ ਨੇ ਇਸ ਕਿਸਮ ਦਾ ਰੈਜ਼ੂਲੇਸ਼ਨ ਪੇਸ਼ ਕੀਤਾ ਹੈ। ਮੈਂ ਕੇਵਲ ਇਸ ਖਿਆਲ ਨਾਲ ਇਹ ਤ੍ਰਮੀਮ ਪੇਸ਼ ਕਰ ਰਿਹਾ ਹਾਂ ਕਿ ਮਹਾਤਮਾਂ ਜੀ ਨੇ ਜੋ ਪ੍ਰੋਗਰਾਮ ਤੈ ਕੀਤਾ ਹੈ ਉਹ ਸਾਨੂੰ ਮੁਕੰਮਲ ਆਜ਼ਾਦੀ ਵਲ ਨਹੀਂ ਲੈ ਜਾਂਦਾ । ਮੈਂ ਜੋ ਪ੍ਰੋਗਰਾਮ ਪੇਸ਼ ਕੀਤਾ ਹੈ ਇਸ ਵਿਚ ਨੌਜਵਾਨਾਂ ਲਈ ਖਿਚ ਹੈ, ਇਸ ਵਿਚ ਉਸਾਰੂ ਤੇ ਢਾਹੂ ਦੋਵੇਂ ਭਾਗ ਮੌਜੂਦ ਹਨ । ਮੈਂ ਨਹੀਂ ਸਮਝ ਸਕਿਆ ਕਿ ਮੁਤਵਾਜ਼ੀ ਹਕੂਮਤ ਕਾਇਮ ਕੀਤੇ ਬਿਨਾ ਮੁਕੰਮਲ ਆਜ਼ਾਦੀ ਕਿਵੇਂ ਮਿਲ ਸਕਦੀ ਹੈ? ਮੈਂ ਆਪ ਦੇ ਸਾਹਮਣੇ ਆਇਰਲੈਂਡ ਦੀ ਮਿਸਾਲ ਪੇਸ਼ ਕਰਦਾ ਹਾਂ। ਉਸ ਨੇ ਵੀ -ਸਾਡੇ ਵਰਗੀਆਂ ਮੁਸ਼ਕਲਾਂ ਉਤੇ ਕਾਬੂ ਪਾਉਣ ਲਈ ਇਹੋ ਢੰਗ ਵਰਤਿਆ ਸੀ, ਜਿਸ ਦਾ ਜ਼ਿਕਰ

ਮੇਰੀ ਤਰਮੀਮ ਵਿਚ ਮੌਜੂਦ ਹੈ। ਜੇ ਅਸੀਂ ਚਾਹੁੰਦੇ ਹਾਂ ਕਿ ਕਾਂਗਰਸ ਇਕ ਕੌਮੀ, ਤਾਕਤਵਰ ਤੇ ਜੰਗ ਜੂ ਜਮਾਤ ਬਣ ਜਾਏ ਤਦ ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਕਿਸਾਨਾਂ ਨੂੰ, ਨੌਜਵਾਨਾਂ ਨੂੰ ਅਤੇ ਮਜ਼ਦੂਰਾਂ ਨੂੰ ਜਥੇਬੰਦ ਕਰੀਏ ਕਿਉਂਕਿ ਇਹਨਾਂ ਲੋਕਾਂ ਨੇ ਸਾਡੀ ਜੰਗ ਵਿਚ ਅਜੇ ਤੀਕ ਪੂਰਾ ਭਾਗ ਨਹੀਂ ਲਿਆ। ਜੇ ਇਸ ਬੇਪਨਾਹ ਤਾਕਤ ਨੂੰ ਜੰਗ ਆਜ਼ਾਦੀ ਲਈ ਵਰਤੋਂ ਵਿਚ ਲਿਆਂਦਾ ਜਾਏ ਤਦ ਨਿਸਚੇ ਕਰ ਕੇ ਲਾਭ ਹੋਵੇਗਾ ਹਾਨੀ ਨਹੀਂ।"

ਅਗੇ ਚਲ ਕੇ ਆਪ ਨੇ ਬਾਈਕਾਟ ਦੇ ਪ੍ਰੋਗਰਾਮ ਦੀ ਲੋੜ ਨੂੰ ਐਉਂ ਦਸਿਆ :-

"ਜੇ ਇਸ ਪ੍ਰੋਗਰਾਮ ਨੂੰ ਸਚ ਮੁਚ ਹੀ ਅਸਰਦਾਰ ਬਣਾਉਣਾ ਹੈ ਤਾਂ ਬਾਈਕਾਟ ਨੂੰ ਸੰਪੂਰਨ ਤੌਰ ਉਤੇ ਵਿਸ਼ਾਲ ਪ੍ਰੋਗਰਾਮ ਬਣਾਉਣਾ ਪਏਗਾ। ਇਸ ਨੂੰ ਅਧੂਰਾ ਨਹੀਂ ਛਡਣਾ ਚਾਹੀਦਾ। ਮੁਕੰਮਲ ਆਜ਼ਾਦੀ ਦੇ ਐਲਾਨ ਮਗਰੋਂ ਇਹ ਸਾਡੇ ਕਰੀਡ (ਮੰਤਵ) ਦੇ ਅਨੁਸਾਰ ਨਹੀਂ ਹੋਵੇਗਾ ਕਿ ਅਸੀਂ ਅਦਾਲਤਾਂ ਵਿਚ ਜਾ ਕੇ ਵਕਾਲਤਾਂ ਕਰਦੇ ਰਹੀਏ। ਲੋਕਲ ਬਾਡੀਆਂ ਵਿਚ ਜਾਈਏ ਜਿਥੇ ਜਾ ਕੇ ਬਾਦਸ਼ਾਹ ਦੀ ਵਫਾਦਾਰੀ ਦਾ ਪ੍ਰਣ ਲੈਣਾ ਪੈਂਦਾ ਹੈ। ਜੇ ਬਾਈਕਾਟ ਕਰਨਾ ਹੈ ਤਦ ਮੁਕੰਮਲ ਤੌਰ ਉਤੇ ਕਰੋ ਵਰਨਾ ਇਸ ਨੂੰ ਏਥੇ ਹੀ ਛਡ ਦਿਉ। ਮਹਾਤਮਾਂ ਗਾਂਧੀ ਪਾਸ ਅਪੀਲ ਕਰਦਾ ਹਾਂ ਕਿ ਉਹਨਾਂ ਦਾ ਪ੍ਰੋਗਰਾਮ ਅਸਰਦਾਰ ਨਹੀਂ ਉਸ ਨੂੰ ਅਸਰਦਾਰ ਬਨਾਉਣ ਲਈ ਮੇਰੀ ਤ੍ਰਮੀਮ ਪਰਵਾਨ ਕੀਤੀ ਜਾਏ।"

ਸੁਭਾਸ਼ ਬਾਬੂ ਦੀ ਇਹ ਤਰਮੀਮ ਪਾਸ ਨ ਹੋ ਸਕੀ। ਉਸ ਵੇਲੇ ਮਹਾਤਮਾਂ ਗਾਂਧੀ ਦੇ ਉਦਾਲੇ ਮਾਡਰੇਟ ਲੀਡਰਾਂ ਦਾ ਅਸਰਦਾਰ ਹਲਕਾ ਸੀ ਜਿਨ੍ਹਾਂ ਦੀ ਮੌਜੂਦਗੀ ਵਿਚ ਇਹੋ ਜਿਹੀ ਤ੍ਰਮੀਮ ਪਾਸ ਵੀ ਨਹੀਂ ਸੀ ਹੋ ਸਕਦੀ। ਜੋ ਕੁਛ ਵੀ ਹੋਵੇ ਇੰਡੀਅਨ ਨੈਸ਼ਨਲ ਕਾਂਗਰਸ ਨੇ ਰਾਤ ਦੇ ਬਾਰਾਂ ਵਜੇ ਜਦ ਕਿ ੧੯੨੯ ਖਤਮ ਅਤੇ ੧੯੩੦

ਉਜਾਗਰ ਹੋ ਰਿਹਾ ਸੀ। ਲਾਜਪਤ ਰਾਏ ਨਗਰ ਲਾਹੌਰ ਵਿਚ ਮੁਕੰਮਲ ਆਜ਼ਾਦੀ ਦਾ ਐਲਾਨ ਕਰ ਦਿਤਾ ਗਿਆ। ਇਸ ਤੇ ਨੌਜਵਾਨ ਤਬਕੇ ਨੇ ਬੜੀਆਂ ਖੁਸ਼ੀਆਂ ਮਨਾਈਆਂ ਅਤੇ ਪੰਡਾਲ ਵਿਚ ਆਜ਼ਾਦੀ ਦੇ ਗੀਤ ਗਾਏ ਗਏ ਤੇ ਡਾਂਸ ਕੀਤੇ ਗਏ।

ਸਮਾਗਮ ਦੇ ਅੰਤਲੇ ਦਿਨ ਜਦ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰਾਂ ਦੀ ਚੋਣ ਹੋਈ ਤਦ ਗਾਂਧੀ ਜੀ ਨੇ ਵਰਕਿੰਗ ਕਮੇਟੀ ਦੇ ਮੈਂਬਰਾਂ ਦੀ ਜੋ ਫਹਿਰਿਸਤ ਪੇਸ਼ ਕੀਤੀ ਉਸ ਵਿਚ ਸੁਭਾਸ਼ ਬਾਬੂ ਦਾ ਨਾਮ ਕੋਈ ਨਹੀਂ ਸੀ। ਜਿਸ ਤੇ ਆਪ ਆਪਣੇ ੬੦ ਸਾਥੀਆਂ ਸਮੇਤ ਵਾਕ ਆਊਟ ਕਰ ਆਏ।

੩ ਜਨਵਰੀ ੧੯੩੦ ਨੂੰ ਲਾਹੌਰ ਦੇ ਇਕ ਪਬਲਿਕ ਜਲਸੇ ਵਿਚ ਤਕਰੀਰ ਕਰਦੇ ਹੋਏ ਆਪ ਨੇ ਆਖਿਆ :-

"ਅਸੀਂ ਬੰਗਾਲ ਵਿਚ ਸਿਵਲ ਨਾ ਫਰਮਾਨੀ ਦੀ ਲਹਿਰ ਜਾਰੀ ਕਰਨ ਵਾਲੇ ਹਾਂ ਕਿਉਂਕਿ ਅਸੀਂ ਵਡਿਆਂ ਦੀ ਇਜ਼ਤ ਕਰਦੇ ਹਾਂ ਇਸ ਲਈ ਇਹ ਜ਼ਰੂਰੀ ਨਹੀਂ ਕਿ ਅਸੀਂ ਉਹਨਾਂ ਦੀ ਅੰਨ੍ਹੇ ਵਾਹ ਪੈਰਵੀ ਕਰੀਏ। ਸਾਡੇ ਲੀਡਰ ਨੌਜਵਾਨਾਂ ਤੋਂ ਘਬਰਾਉਂਦੇ ਹਨ ਪਰ ਆਜ਼ਾਦੀ ਸਦਾ ਨੌਜਵਾਨਾਂ ਦੀ ਲਹਿਰ ਨਾਲ ਹੀ ਮਿਲਿਆ ਕਰਦੀ ਹੈ। ਹਿੰਦੁਸ-ਤਾਨ ਦੀ ਮੁਕਤੀ ਸਾਡੇ ਨੌਜਵਾਨਾਂ ਦੇ ਹਥ ਵਸ ਹੈ। ਟਰਕੀ ਦੇ ਨੌਜਵਾਨਾਂ ਨੇ ਕਮਾਲ ਪਾਸ਼ਾ ਪੈਦਾ ਕੀਤਾ, ਰੂਸ ਨੇ ਲੈਨਿਨ ਪੈਦਾ ਕੀਤਾ, ਆਪ ਵਿਚੋਂ ਵੀ ਕਈ ਲੈਨਿਨ ਤੇ ਕਮਾਲ ਪਾਸ਼ਾ ਬਣ ਸਕਦੇ ਹਨ, ਪਰ ਸ਼ਰਤ ਇਹ ਕਿ ਆਪ ਆਪਣੇ ਵਤਨ ਨੂੰ ਆਜ਼ਾਦ ਕਰਾਉਣ ਦਾ ਨਿਸ਼ਚਾ ਧਾਰ ਲਉ ਅਤੇ ਹਰ ਸੰਭਵ ਕੁਰਬਾਨੀ ਕਰਨ ਲਈ ਕਮਰਾਂ ਕਸ ਲਓ।"

ਨਿਰਸੰਦੇਹ ਜੋ ਤੁਰਕੀ ਦੇ ਨੌਜਵਾਨਾਂ ਨੇ ਕਮਾਲ ਪਾਸ਼ਾ ਅਤੇ ਰੂਸ ਦੇ ਨੌਜਵਾਨਾਂ ਨੇ ਲੈਨਿਨ ਪੈਦਾ ਕੀਤਾ ਹੈ ਤਦ ਹਿੰਦੁਸਤਾਨ ਨੇ ਸ੍ਰੀ ਸੁਭਾਸ਼ ਅਤੇ ਪੰਡਤ ਜਵਾਹਰ ਲਾਲ ਪੈਦਾ ਕੀਤੇ, ਜਿਨ੍ਹਾਂ ਨੇ ਹਿੰਦੁਸਤਾਨ ਦੀ ਜੰਗ

ਆਜ਼ਾਦੀ ਵਿਚ ਕਿਸੇ ਪ੍ਰਦੇਸੀ ਡਿਕਟੇਟਰ ਤੋਂ ਘਟ ਕੁਰਬਾਨੀਆਂ ਨਹੀਂ ਕੀਤੀਆਂ । ਇਸ ਵੇਲੇ ਜੇ ਹਿੰਦੁਸਤਾਨ ਆਜ਼ਾਦੀ ਦੀ ਮੰਜ਼ਲ ਤੀਕ ਪੁਜਾ ਹੈ ਤਦ ਕੇਵਲ ਸੁਭਾਸ਼ ਬਾਬੂ ਤੇ ਕਾਂਗਰਸ ਦੇ ਜਤਨਾਂ ਤੇ ਕੁਰ-ਬਾਨੀਆਂ ਨਾਲ। ਇਸ ਲਈ ਸੁਭਾਸ਼ ਤੇ ਜਵਾਹਰ ਲਾਲ ਨੂੰ ਅਸੀਂ ਆਪਣੇ ਦੇਸ਼ ਦਾ ਡੀ ਵਲੇਰਾ ਤੇ ਸਟਾਲਿਨ ਕਹਿ ਸਕਦੇ ਹਾਂ ਤੇ ਇਸ ਵਿਚ ਕੋਈ ਮੁਬਾਲਗਾ (ਅਤਿ ਕਥਨੀ) ਵੀ ਨਹੀਂ ।

## ਜਦੋ ਜਿਹਦ ਦੇ ਤੂਫਾਨੀ ਸਾਲ

ਸੰਨ ੧੯੩੦ ਤੋਂ ਲੈ ਕੇ ੧੯੩੩ ਤੀਕ ਦੇ ਚਾਰ ਸਾਲ ਦਾ ਸਮਾ ਹਿੰਦੁਸਤਾਨ ਦੀ ਜਦੋ ਜਿਹਦ ਆਜ਼ਾਦੀ ਵਿਚ ਬੜਾ ਹੀ ਤੂਫਾਨੀ ਸਮਾ ਸਮਝਿਆ ਜਾਂਦਾ ਹੈ ਕਿਉਂਕਿ ਇਸ ਸਮੇਂ ਵਿਚਕਾਰ ਸਿਵਲ ਨਾਫੁਰਮਾਨੀ ਨੇ ਆਪਣਾ ਪੂਰਾ ਜ਼ੋਰ ਦਖਾਇਆ ਅਤੇ ਉਸ ਨੂੰ ਦਬਾਉਣ ਲਈ ਗੌਰਮਿੰਟ ਨੇ ਕੋਈ ਕਸਰ ਵੀ ਬਾਕੀ ਨਹੀਂ ਸੀ ਰਖੀ। ਲਾਹੌਰ ਕਾਂਗਰਸ ਦੇ ਸਮਾਗਮ ਮਗਰੋਂ ਦੇਸ ਭਰ ਵਿਚ ਸਰਗਰਮੀਆਂ ਸ਼ੁਰੂ ਹੋ ਗਈਆਂ ਸਨ। ਬੰਗਾਲ ਵਿਚ ਤੇ ਸਿਵਲ ਨਾਫੁਰਮਾਨੀ ਬਹੁਤ ਜ਼ੋਰ ਫੜ ਗਈ । ਲਾਹੌਰ ਕਾਂਗਰਸ ਦੇ ਮਗਰੋਂ ਸੁਭਾਸ਼ ਬਾਬੂ ਨੇ ਲਾਹੌਰ ਵਿਚ ਹੀ ਐਲਾਨ ਕਰ ਦਿਤਾ ਸੀ ਕਿ ਭਾਵੇਂ ਕਾਂਗਰਸ ਵਿਚ ਫੈਸਲਾ ਹੋਏ ਪ੍ਰੋਗਰਾਮ ਨਾਲ ਉਹਨਾਂ ਦਾ ਮਤ ਭੇਦ ਹੈ ਪਰ ਉਹ ਉਸ ਦੀ ਪੂਰਤੀ ਲਈ ਪੂਰਾ ਜ਼ੋਰ ਲਾ ਦੇਣਗੇ । ਸੁ ਆਪ ਨੇ ਬੰਗਾਲ ਵਿਚ ਆਉਂਦੇ ਸਾਰ ਉਸ ਪ੍ਰੋਗਰਾਮ ਦੀ ਪੂਰਤੀ ਲਈ ਸਰਗਰਮੀਆਂ ਸ਼ੁਰੂ ਕਰ ਦਿਤੀਆਂ। ਗੌਰਮਿੰਟ ਆਪ ਦੀਆਂ ਸਰਗਰਮੀਆਂ ਨੂੰ ਸਹਾਰ ਨ ਸਕੀ ਤੇ ਉਸ ਨੇ ੨੩ ਜਨਵਰੀ ੧੯੩੦ ਨੂੰ ਆਪ ਵਿਰੁਧ ਬਗਾਵਤ ਦਾ ਦੋਸ਼ ਲਾ ਕੇ ਮੁਕਦਮਾ ਚਾਲੂ ਕਰ ਦਿਤਾ । ਮੁਕਦਮੇ ਵਿਚ ਆਪ ਨੂੰ ਇਕ ਸਾਲ ਕੈਦ ਦੀ ਸਜ਼ਾ ਦਾ ਹੁਕਮ ਸੁਣਾਇਆ ਗਿਆ। ਜਿਸ ਦਿਨ ਆਪ ਦੇ ਮੁਕਦਮੇ ਦਾ ਫੈਸਲਾ ਸੁਣਾਇਆ ਜਾਣਾ ਸੀ ਉਸ ਦਿਨ ਅਦਾਲਤ ਦੇ

ਅਹਾਤੇ ਨੂੰ ਜਾਣ ਵਾਲੇ ਸਾਰੇ ਰਸਤੇ ਬੰਦ ਕਰ ਦਿਤੇ ਗਏ ਸਨ। ਅਦਾਲਤ ਵਿਚ ਹਰ ਥਾਂ ਹਥਿਆਰਬੰਦ ਪੁਲੀਸ ਦੇ ਪਹਿਰੇ ਲਾਏ ਗਏ ਸਨ। ਸਜ਼ਾਯਾਬੀ ਦੀ ਖਬਰ ਤੁਰਤ ਸ਼ਹਿਰ ਵਿਚ ਫੈਲ ਗਈ, ਹਜ਼ਾਰਾਂ ਆਦਮੀ ਅਦਾਲਤ ਦੇ ਹਾਤੇ ਵਿਚ ਪਹੁੰਚ ਗਏ ਤੇ "ਸੁਭਾਸ਼ ਬਾਬੂ ਜ਼ਿੰਦਾਬਾਦ! ਇਨਕਲਾਬ ਜ਼ਿੰਦਾਬਾਦ!!" ਦੇ ਨਾਹਰਿਆਂ ਵਿਚ ਆਪ ਨੂੰ ਕੈਦੀਆਂ ਦੀ ਗੱਡੀ ਵਿਚ ਸਵਾਰ ਕਰ ਕੇ ਜੇਲ ਵਿਚ ਭੇਜਿਆ ਗਿਆ। ਆਪ ਦੀ ਸਜ਼ਾਯਾਬੀ ਉਤੇ ਵਲੈਤ ਦੇ ਟੋਡੀਆਂ ਦੇ ਘਰ ਘਿਓ ਦੇ ਦੀਵੇ ਬਾਲੇ ਗਏ ਪਰ ਹਿੰਦੁਸਤਾਨ ਵਿਚ ਗੁੱਸੇ ਤੇ ਨਾਰਾਜ਼ਗੀ ਦਾ ਹੜ੍ਹ ਆ ਗਿਆ। ਪੰਡਤ ਜਵਾਹਰ ਲਾਲ ਨੇ ਇਸ ਮੌਕੇ ਉਤੇ ਜੋ ਬਿਆਨ ਦਿਤਾ ਉਸ ਵਿਚ ਆਪ ਨੇ ਆਖਿਆ ਕਿ ਮੁਕੰਮਲ ਆਜ਼ਾਦੀ ਦੇ ਮਤੇ ਦਾ ਪਹਿਲਾ ਫਲ ਇਹ ਹੋਇਆ ਹੈ ਕਿ ਸ੍ਰੀ ਸੁਭਾਸ਼ ਬੋਸ ਅਤੇ ਆਪ ਦੇ ਸਾਥੀਆਂ ਨੂੰ ਇਕ ਜਲੂਸ ਵਿਚ ਸ਼ਰੀਕ ਹੋਣ ਦੇ ਦੋਸ਼ ਵਿਚ ਇਕ ਸਾਲ ਕੈਦ ਦੀ ਸਜ਼ਾ ਦਿਤੀ ਗਈ ਹੈ। ਇਸ ਵਾਰ ਫੇਰ ਬੰਗਾਲ ਜੰਗ ਆਜ਼ਾਦੀ ਵਿਚ ਬਾਜ਼ੀ ਲੈ ਗਿਆ ਹੈ। ਇਸ ਨਵੀਂ ਚੋਟ ਦਾ ਜਵਾਬ ਸਾਡੀ ਵਲੋਂ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਸਭ ਜਥੇਬੰਦ ਹੋ ਕੇ ਮੁਕੰਮਲ ਆਜ਼ਾਦੀ ਦੇ ਆਦਰਸ਼ ਵਲ ਹਲਾ ਬੋਲ ਦੇਈਏ।

ਆਪ ਦੀ ਸਜ਼ਾਯਾਬੀ ਵਿਰੁਧ ਹਾਈ ਕੋਰਟ ਵਿਚ ਅਪੀਲ ਕੀਤੀ ਗਈ ਜਿਸ ਤੇ ਸਜ਼ਾ ਘਟਾ ਕੇ ੯ ਮਾਹ ਕਰ ਦਿਤੀ ਗਈ, ਪਰ ਇਹ ੯ ਮਹੀਨੇ ਵੀ ਉਸ ਸਮੇਂ ਦੀ ਜਦੋ ਜਿਹਦ ਵਿਚ ਬਹੁਤ ਵਡੀ ਵਿਸ਼ੇਸ਼ਤਾ ਰਖਦੇ ਸਨ।

ਸਜ਼ਾ ਦੇਣ ਮਗਰੋਂ ਸੁਭਾਸ਼ ਬਾਬੂ ਨੂੰ ਅਲੀਪੁਰ ਜੇਲ ਵਿਚ ਰਖਿਆ ਗਿਆ। ਆਪ ਦੇ ਨਾਲ ਹੀ ਸ੍ਰੀ ਯਤ ਸੇਨ ਗੁਪਤਾ, ਮੈਂਬਰ ਕਲਕਤਾ ਕਾਰਪੋਰੇਸ਼ਨ, ਮਿ: ਐਸ. ਆਰ. ਬਖਸ਼ੀ ਐਡੀਟਰ "ਲਿਬਰਟਰੀ" ਅਤੇ ਮਿਸਟਰ ਕਿਰਨ ਸ਼ੰਕਰ ਰਾਏ ਸੈਕ੍ਰੇਟਰੀ ਬੰਗਾਲ ਪ੍ਰਾਵਿਨਸ਼ਲ ਕਾਂਗਰਸ ਕਮੇਟੀ ਵੀ ਜੇਲ ਭੇਜੇ ਗਏ। ਇਹ ਸਜਨ ਓਥੇ ਹੀ ਸਨ

ਕਿ ਜੇਲ ਵਿਚ ਇਕ ਦੁਰਘਟਨਾ ਹੋ ਗਈ । ੨੧ ਅਪ੍ਰੈਲ ੧੯੩੦ ਨੂੰ ਮਛੂਆ ਬਾਜ਼ਾਰ ਬੰਬ ਕੇਸ ਦੇ ਕੈਦੀਆਂ ਨੂੰ ਅਦਾਲਤ ਵਿਚ ਲਿਜਾਇਆ ਜਾ ਰਿਹਾ ਸੀ ਕਿ ਕੁਛ ਆਦਮੀਆਂ ਨੂੰ ਸਰਕਾਰੀ ਕਰਮਚਾਰੀਆਂ ਦੇ ਸਲੂਕ ਵਿਰੁਧ ਸ਼ਕਾਇਤ ਸੀ। ਉਹਨਾਂ ਨੇ ਜੇਲ ਗਡੀ ਵਿਚ ਸਵਾਰ ਹੋਣ ਤੋਂ ਇਨਕਾਰ ਕਰ ਦਿਤਾ, ਜਿਸ ਤੇ ਜੇਲ ਕਰਮਚਾਰੀਆਂ ਨੇ ਖਤਰੇ ਦੀ ਘੰਟੀ ਵਜਾ ਦਿਤੀ ਅਤੇ ਪਠਾਨ ਵਾਰਡਰ ਆਨ ਇਕਠੇ ਹੋਏ । ਸ੍ਰੀ ਯੁਤ ਸੁਭਾਸ਼ ਬੋਸ, ਸ੍ਰੀ ਯੁਤ ਸੇਨ ਗੁਪਤਾ ਅਤੇ ਦੂਜੇ ਲੀਡਰ ਵੀ ਉਥੇ ਪਹੁੰਚ ਗਏ। ਜੇਲ ਦੇ ਸੁਪਰਨਟੈਂਡੈਂਟ ਨੇ ਪਠਾਨ ਵਾਰਡਰਾਂ ਨੂੰ ਹੁਕਮ ਦਿਤਾ ਕਿ ਉਹਨਾਂ ਕੈਦੀਆਂ ਨੂੰ ਜਬਰਨ ਪੁਲੀਸ ਵਾਨ ਵਿਚ ਸਵਾਰ ਕੀਤਾ ਜਾਏ। ਉਸ ਨੇ ਸੁਭਾਸ਼ ਬੋਸ ਤੇ ਦੂਜੇ ਲੀਡਰਾਂ ਨੂੰ ਉਥੋਂ ਚਲੇ ਜਾਣ ਦਾ ਹੁਕਮ ਚਾੜ੍ਹਿਆ ਪਰ ਉਨ੍ਹਾਂ ਨੇ ਪਠਾਨ ਵਾਰਡਰਾਂ ਦੀ ਸਖਤੀ ਵਿਰੁਧ ਪ੍ਰੋਟੈਸਟ ਕੀਤਾ ਅਤੇ ਓਥੋਂ ਜਾਣ ਤੋਂ ਵੀ ਇਨਕਾਰ ਕਰ ਦਿਤਾ ਇਸ ਤੇ ਸੁਪਰਨਟੈਂਡੈਂਟ ਨੇ ਉਹਨਾਂ ਨੂੰ ਜਬਰਨ ਓਥੋਂ ਹਟਾਉਣ ਲਈ ਹੁਕਮ ਦਿਤਾ। ਪਠਾਨ ਵਾਰਡਰ ਸ੍ਰੀ ਯੁਤ ਸੁਭਾਸ਼ ਬਾਬੂ ਤੇ ਆਪ ਦੇ ਸਾਥੀਆਂ ਉਤੇ ਟੁਟ ਪਏ। ਸੁਭਾਸ਼ ਬਾਬੂ ਉਤੇ ਲਾਠੀਆਂ ਦੇ ਵਾਰ ਹੋਏ ਜਿਸ ਨਾਲ ਆਪ ਬੇਹੋਸ਼ ਹੋ ਕੇ ਧਰਤੀ ਉਤੇ ਡਿਗ ਪਏ । ਆਪ ਇਕ ਘੰਟੇ ਤੋਂ ਵਧੀਕ ਬੇਸੁਧ ਪਏ ਰਹੇ। ਆਪ ਦੇ ਸਾਥੀਆਂ ਨੂੰ ਵੀ ਕਾਫੀ ਚੋਟਾਂ ਲਗੀਆਂ ਤੇ ਉਹਨਾਂ ਨੂੰ ਜਬਰਨ ਚੁਕ ਕੇ ਉਹਨਾਂ ਦੀਆਂ ਕੋਠੜੀਆਂ ਵਿਚ ਬੰਦ ਕੀਤਾ ਗਿਆ। ਜਿਸ ਵੇਲੇ ਇਸ ਘਟਨਾ ਦੀ ਖਬਰ ਅਖਬਾਰਾਂ ਵਿਚ ਛਪੀ ਉਸ ਵੇਲੇ ਨ ਕੇਵਲ ਬੰਗਾਲ ਵਿਚ ਹੀ ਸਗੋਂ ਸਾਰੇ ਦੇਸ ਵਿਚ ਇਸ ਨਿਰਦਈਪੁਣੇ ਵਿਰੁਧ ਲੋਕਾਂ ਵਿਚ ਕ੍ਰੋਧ ਭੜਕ ਉਠਿਆ। ਜਨਤਾ ਦੇ ਪੁਰ ਜ਼ੋਰ ਪ੍ਰੋਟੈਸਟ ਨੂੰ ਮੁਖ ਰਖ ਕੇ ਸਰਕਾਰ ਨੇ ਇਕ ਐਲਾਨ ਜਾਰੀ ਕੀਤਾ ਅਤੇ ਮਾਮਲੇ ਉਤੇ ਪੋਚਾ ਪਾਚੀ ਪਾਉਣ ਦਾ ਜਤਨ ਕੀਤਾ ਪਰ ਕਿਸੇ ਨੂੰ ਇਸ ਐਲਾਨ ਦੀ ਸਚਾਈ ਉਤੇ ਯਕੀਨ ਨ ਆਇਆ । ਬੰਗਾਲ ਦੇ ਸਭ ਵੱਡੇ ਵੱਡੇ ਲੀਡਰਾਂ ਨੇ ਇਸ ਦੁਰਘਟਨਾ ਦੀ ਐਨੀ ਜ਼ੋਰਦਾਰ ਨਿਖੇਧੀ ਕੀਤੀ ਕਿ

ਸੁਪਰਨਟੈਂਡੈਂਟ ਨੂੰ ਆਪਣੀ ਪੁਜ਼ੀਸ਼ਨ ਬਚਾਉਣੀ ਮੁਸ਼ਕਲ ਹੋ ਗਈ ਅਤੇ ਉਹਨੂੰ ਉਥੋਂ ਤਬਦੀਲ ਕਰਨਾ ਪਿਆ ਤਦ ਜਾ ਕੇ ਲੋਕਾਂ ਦਾ ਜੋਸ਼ ਮੱਠਾ ਹੋਇਆ।

ਡਾਕਟਰ ਬੀ. ਸੀ. ਰਾਇ ਅਤੇ ਲੈਫਟੀਨੈਂਟ ਕਰਨਲ ਵਾਈਟ ਨੇ ਗਵਰਨਰ ਬੰਗਾਲ ਦੀ ਆਗਿਆ ਨਾਲ ਸੁਭਾਸ਼ ਬਾਬੂ ਅਤੇ ਆਪ ਦੇ ਸਾਥੀਆਂ ਨਾਲ ਮੁਲਾਕਾਤ ਕੀਤੀ। ਡਾਕਟਰ ਰਾਏ ਨੇ ਮੁਲਾਕਾਤ ਮਗਰੋਂ ਦਸਿਆ ਕਿ ਸੁਭਾਸ਼ ਬਾਬੂ ਜੇਲ ਵਿਚ ਬੀਮਾਰ ਹਨ ਤੇ ਉਹਨਾਂ ਦੇ ਵਜ਼ਨ ਵਿਚ ੨੩ ਪੌਂਡ ਦੀ ਕਮੀ ਹੋ ਗਈ ਹੈ। ਦੋਵਾਂ ਦੇ ਸਾਂਝੇ ਬਿਆਨ ਵਿਚ ਦਸਿਆ ਗਿਆ ਸੀ ਕਿ ਆਪ ਦੇ ਦਿਮਾਗ਼ ਨੂੰ ਸਟ ਲਗੀ ਹੈ ਅਤੇ ਦਿਮਾਗ਼ ਦਾ ਪਿਛਲਾ ਹਿਸਾ ਅਜੇ ਤੀਕ ਕਮਜ਼ੋਰ ਹੈ। ਦੂਜੇ ਕੈਦੀਆਂ ਨੇ ਸ਼ਿਕਾਇਤ ਕੀਤੀ ਕਿ ਉਹਨਾਂ ਨੂੰ ਕਈ ਘੰਟੇ ਤੀਕ ਡਾਕਟਰੀ ਸਹਾਇਤਾ ਹੀ ਨਹੀਂ ਪੁਚਾਈ ਗਈ। ਇਸ ਦੇ ਮਗਰੋਂ ਆਪ ਨੂੰ ਜੇਲ ਕਰਮਚਾਰੀਆਂ ਵਿਰੁਧ ਕੁਛ ਸ਼ਕੈਤਾਂ ਪੈਦਾ ਹੋਈਆਂ ਜਿਸ ਤੇ ਆਪ ਨੇ ਭੁਖ ਹੜਤਾਲ ਕਰ ਦਿਤੀ। ੨੬ ਜੁਲਾਈ ਨੂੰ ੨੪ ਪਰਗਨੇ ਦਾ ਡਿਸਟ੍ਰਿਕਟ ਮੈਜਿਸਟਰੇਟ ਜੇਲ ਵਿਚ ਗਿਆ ਤੇ ਆਪ ਨੂੰ ਸ਼ਕੈਤਾਂ ਦੂਰ ਕਰਨ ਦਾ ਨਿਸ਼ਚਾ ਦਿਵਾਇਆ ਜਿਸ ਤੇ ਆਪ ਨੇ ਭੁਖ ਹੜਤਾਲ ਛਡ ਦਿਤੀ।

ਸੁਭਾਸ਼ ਬਾਬੂ ਅਜੇ ਜੇਲ ਵਿਚ ਹੀ ਸਨ ਕਿ ੨੨ ਅਗਸਤ ਨੂੰ ਕਲਕਤਾ ਕਾਰਪੋਰੇਸ਼ਨ ਦੇ ਮੈਂਬਰਾਂ ਨੇ ਆਪ ਨੂੰ ਕਾਰਪੋਰੇਸ਼ਨ ਦਾ ਮੇਯਰ ਚੁਣ ਲਿਆ। ਉਹਨੀਂ ਦਿਨੀਂ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਸਤਿਆਗ੍ਰਹਿ ਤੇ ਸਿਵਲ ਨਾਫ਼ਰਮਾਨੀ ਦੀ ਲਹਿਰ ਬਹੁਤ ਜ਼ੋਰ ਫੜ ਚੁਕੀ ਸੀ। ਲੋਕ ਕੌਂਸਲਾਂ ਤੇ ਅਸੈਂਬਲੀਆਂ ਦਾ ਬਾਈਕਾਟ ਕਰ ਕੇ ਧੜਾ ਧੜ ਜੇਲਾਂ ਭਰਦੇ ਜਾ ਰਹੇ ਸਨ। ਮੇਅਰ ਚੁਣੇ ਜਾਣ ਦੇ ਇਕ ਮਹੀਨਾ ਮਗਰੋਂ ਸਰਕਾਰ ਨੇ ਆਪ ਨੂੰ ਰਿਹਾ ਕਰ ਦਿਤਾ ਤੇ ਆਪ ਨੇ ਰਿਹਾ ਹੋਣ ਮਗਰੋਂ ਆਪਣੇ ਔਹਦੇ ਦਾ ਚਾਰਜ ਲੈ ਲਿਆ।

ਸੁਭਾਸ਼ ਬਾਬੂ ਅਜੇ ਜੇਲ ਵਿਚ ਹੀ ਸਨ ਕਿ ਮਹਾਤਮਾ ਗਾਂਧੀ ਨੇ ਸਤਿਆਗ੍ਰਹਿ ਦਾ ਬਿਗਲ ਵਜਾ ਦਿਤਾ । ੧੨ ਮਾਰਚ ਨੂੰ ਗਾਂਧੀ ਜੀ ਦੀ ਅਗਵਾਈ ਹੇਠ ਸਤਿਆਗ੍ਰਹੀਆਂ ਦਾ ਪਹਿਲਾ ਜਥਾ ਸਾਬਰਮਤੀ ਆਸ਼ਰਮ ਤੋਂ ਰਵਾਨਾ ਹੋਇਆ। ਇਹਨਾਂ ਹੀ ਦਿਨਾਂ ਵਿਚ ਲਾਹੌਰ ਵਿਚ ਸਰਦਾਰ ਭਗਤ ਸਿੰਘ ਤੇ ਆਪ ਦੇ ਸਾਥੀਆਂ ਵਿਰੁਧ ਲਾਹੌਰ ਵਿਚ ਸਾਜ਼ਸ਼ ਦਾ ਮੁਕਦਮਾ ਚਲ ਰਿਹਾ ਸੀ । ਸ੍ਰੀ ਜਤੇਂਦਰ ਨਾਥ ਦਾਸ ਲੰਮੀ ਭੁਖ ਹੜਤਾਲ ਕਰ ਕੇ ਸ਼ਹੀਦੀ ਪਾ ਚੁਕੇ ਸਨ । ਇਹਨਾਂ ਗੱਲਾਂ ਨੇ ਦੇਸ ਦੇ ਨੌਜਵਾਨਾਂ ਦੇ ਦਿਲ ਵਿਚ ਬਰਤਾਨਵੀ ਇੰਪੀਰਲਿਜ਼ਮ ਵਿਰੁਧ ਘ੍ਰਿਣਾ ਤੇ ਜੋਸ਼ ਦਾ ਹੜ ਲੈ ਆਂਦਾ ਸੀ ਤੇ ਖਤਰਾ ਸੀ ਕਿ ਦੇਸ ਤਸ਼ਦਦ ਦੀ ਰੌ ਵਿਚ ਨ ਰੁੜ੍ਹ ਜਾਏ । ਮਹਾਤਮਾ ਗਾਂਧੀ ਤੇ ਪੰਡਤ ਮੋਤੀ ਲਾਲ ਨਹਿਰੂ ਨੂੰ ਨੌਜਵਾਨਾਂ ਦੇ ਉਛਾਲੇ ਖਾਂਦੇ ਜੋਸ਼ ਨੂੰ ਕਿਸੇ ਕਾਰੇ ਲਾਉਣ ਲਈ ਸਤਿਆਗ੍ਰਹਿ ਸ਼ੁਰੂ ਕੀਤਾ ਸੀ । ਇਸ ਦਾ ਇਕਰਾਰ ਮਹਾਤਮਾ ਗਾਂਧੀ ਨੇ ਆਪਣੇ ਉਸ ਬਿਆਨ ਵਿਚ ਵੀ ਕੀਤਾ ਹੈ ਜੋ ਆਪ ਨੇ ਸਤਿਆਗ੍ਰਹਿ ਲਈ ਰਵਾਨਾ ਹੋਣ ਤੋਂ ਪਹਿਲੇ ਆਸ਼ਰਮ ਵਿਚ ਅਖਬਾਰ ਨਵੀਸਾਂ ਨੂੰ ਦਿਤਾ ਸੀ। ਜਿਸ ਵਿਚ ਆਪ ਨੇ ਫਰਮਾਇਆ ਸੀ–"ਮੈਂ ਆਪਣੀ ਇਹ ਲਹਿਰ ਇਸ ਲਈ ਸ਼ੁਰੂ ਕਰ ਰਿਹਾ ਹਾਂ ਤਾਂ ਜੁ ਦੇਸ ਭਰ ਦੀਆਂ ਹਿੰਸਕ (ਤਸ਼ਦਦ ਵਾਲੀਆਂ) ਤਾਕਤਾਂ ਨੂੰ ਆਪਣੇ ਕਬੂ ਰਖ ਸਕਾਂ !" ਆਪ ਨੇ ਸਤਿਆਗ੍ਰਹਿ ਲਈ ਰਵਾਨਾ ਹੋਣ ਤੋਂ ਪਹਿਲੇ ਇਹ ਇਹ ਐਲਾਨ ਵੀ ਕੀਤਾ ਸੀ ਕਿ ਯਾ ਤੇ ਮੈਂ ਸਵਰਾਜ ਲੈ ਕੇ ਵਾਪਸ ਆਵਾਂਗਾਂ ਯਾ ਮੇਰੀ ਲਾਸ਼ ਡਾਂਡੀ ਦੇ ਕਿਨਾਰੇ ਸਮੁੰਦਰ ਵਿਚ ਤਰਦੀ ਹੋਈ ਨਜ਼ਰ ਆਏਗੀ । ਇਹਨਾਂ ਲਫਜ਼ਾਂ ਨਾਲ ਆਪ ਨੇ ਡਾਂਡੀ ਦਾ ਪ੍ਰਸਿਧ ਕੂਚ ਕੀਤਾ ਸੀ । ਮਹਾਤਮਾ ਜੀ ਸਤਿਆਗ੍ਰਹਿ ਕਰ ਕੇ ਡਾਂਡੀ ਪਹੁੰਚ ਗਏ ਪਰ ਸਰਕਾਰ ਨੇ ਆਪ ਨੂੰ ਗ੍ਰਿਫਤਾਰ ਨ ਕੀਤਾ। ਹੋਰ ਸਾਰੇ ਮੁਲਕ ਵਿਚ ਦੂਜੇ ਸਤਿਆਗ੍ਰਹਿ ਕਰਨ ਵਾਲੇ ਲੋਕਾਂ ਦੀਆਂ ਗ੍ਰਿਫਤਾਰੀਆਂ ਧੜਾ ਧੜ ਸ਼ੁਰੂ ਹੋ ਗਈਆਂ । ੪ ਅਪ੍ਰੈਲ ਨੂੰ

ਪੰਡਤ ਜਵਾਹਰ ਲਾਲ ਨਹਿਰੂ ਵੀ ਗ੍ਰਿਫਤਾਰ ਹੋ ਗਏ । ਉਸੇ ਦਿਨ ਕਰਾਚੀ ਵਿਚ ਫਸਾਦ ਹੋ ਗਿਆ । ਕਾਂਗਰਸੀ ਲੀਡਰਾਂ ਦੀ ਗ੍ਰਿਫਤਾਰੀ ਤੋਂ ਜੋਸ਼ ਵਿਚ ਆ ਕੇ ਲੋਕਾਂ ਨੇ ਮੈਜਿਸਟਰੇਟ ਦੀ ਅਦਾਲਤ ਉਤੇ ਹਮਲਾ ਕਰ ਦਿਤਾ। ਉਸ ਦੇ ਕਮਰੇ ਦੀਆਂ ਖਿੜਕੀਆਂ ਤੋੜ ਦਿਤੀਆਂ ਅਤੇ ਫਾਇਲਾਂ ਏਧਰ ਅਉਧਰ ਸੁਟ ਪਾਈਆਂ ਇਸ ਤੇ ਪੁਲੀਸ ਨੇ ਹਜੂਮ ਉਤੇ ਗੋਲੀ ਚਲਾ ਦਿਤੀ । ਗ੍ਰਿਫਤਾਰ ਹੋਏ ਲੀਡਰਾਂ ਨੂੰ ਫੌਜੀ ਪਹਿਰੇ ਵਿਚ ਜੇਲ ਭੇਜ ਦਿਤਾ ਗਿਆ ।

੨੮ ਅਪ੍ਰੈਲ ਦੀ ਰਾਤ ਨੂੰ ਬੰਗਾਲ ਵਿਚ ਇਕ ਘਟਨਾ ਹੋ ਗਈ। ਇਨਕਲਾਬੀ ਨੌਜਵਾਨਾਂ ਦੇ ਇਕ ਹਥਿਆਰਬੰਦ ਜਥੇ ਨੇ ਸਰਕਾਰੀ ਅਸਲਾ ਖਾਨੇ ਉਤੇ ਛਾਪਾ ਮਾਰਿਆ ਅਤੇ ਬਹੁਤ ਸਾਰੇ ਹਥਿਆਰ ਲੈ ਕੇ ਫਰਾਰ ਹੋ ਗਏ । ਇਸ ਦੇ ਦੋ ਦਿਨ ਮਗਰੋਂ ਦੋ ਅੰਗ੍ਰੇਜ਼ ਤੇ ਤਿੰਨ ਹਿੰਦੁਸਤਾਨੀ ਸਰਕਾਰੀ ਅਫਸਰਾਂ ਨੂੰ ਕਤਲ ਕਰ ਦਿਤਾ ਗਿਆ । ਪੁਲੀਸ ਤੇ ਰੇਲਵੇ ਹੈਡਕਵਾਟਰਾਂ ਨੂੰ ਅਗ ਲਾ ਦਿਤੀ । ਜਦ ਇਤਲਾਹ ਮਿਲਨ ਉਤੇ ਡਿਸਟ੍ਰਿਕਟ ਮੈਜਿਸਟਰੇਟ ਚਿਟਾਗਾਂਗ ਮੌਕੇ ਵਲ ਰਵਾਨਾ ਹੋਇਆ ਤਦ ਰਸਤੇ ਵਿਚ ਉਸ ਦੀ ਮੋਟਰ ਉਤੇ ਫਾਇਰ ਕੀਤੇ ਗਏ। ਇਸ ਘਟਨਾ ਉਤੇ ਸਰਕਾਰੀ ਹਲਕਿਆਂ ਵਿਚ ਬੜੀ ਸੁਨਸਨੀ ਫੈਲੀ। ੨੦ ਅਪ੍ਰੈਲ ਨੂੰ ਗਵਰਨਰ ਦੀ ਮਨਜ਼ੂਰੀ ਨਾਲ ਸਾਰੇ ਬੰਗਾਲ ਵਿਚ ਇਕ ਆਰਡੀਨੈਂਸ ਜਾਰੀ ਕੀਤਾ ਗਿਆ ਜਿਸ ਦੀ ਰੂ ਨਾਲ ਲੋਕਲ ਗੌਰਮਿੰਟ ਨੂੰ ਬਿਲਾਵਾਰੰਟ ਗ੍ਰਿਫਤਾਰੀਆਂ ਕਰਨ ਤੇ ਖਾਸ ਅਦਾਲਤਾਂ ਰਾਹੀਂ ਮੁਕਦਮਿਆਂ ਦੇ ਫੈਸਲੇ ਕਰੌਨ ਦਾ ਪੂਰਾ ਪੂਰਾ ਅਧਿਕਾਰ ਦਿਤਾ ਗਿਆ ਸੀ।

ਥੋੜੇ ਦਿਨਾਂ ਮਗਰੋਂ ਪਸ਼ੌਰ ਵਿਚ ਵੀ ਲੀਡਰਾਂ ਦੀਆਂ ਗ੍ਰਿਫ-ਤਾਰੀਆਂ ਉਤੇ ਫਸਾਦ ਹੋ ਗਿਆ । ਪੁਲੀਸ ਦੀਆਂ ਮਸ਼ੀਨ ਗਨਾਂ ਨਾਲ ੨੦ ਆਦਮੀ ਮੋਏ। ਇਸ ਘਟਨਾ ਦੀ ਇਕ ਖਾਸ ਗਲ ਇਹ ਸੀ ਕਿ ਉਥੇ ਹਜੂਮ ਕਾਬੂ ਤੋਂ ਬਾਹਰ ਹੋ ਗਿਆ ਸੀ ਤੇ ਪੁਲੀਸ ਨੂੰ ਆਪਣੀ ਸਹੈਤਾ ਲਈ ਫੌਜ ਮੰਗਾਣੀ ਪੈ ਗਈ ਸੀ। ਫੌਜੀਆਂ ਨੂੰ ਨਿਹਥੇ

ਹਜੂਮ ਉਤੇ ਗੋਲੀ ਚਲੋਣ ਦਾ ਹੁਕਮ ਦਿਤਾ ਗਿਆ, ਪਰ ਕੁਛ ਗੜ੍ਹ ਵਾਲੀ ਸਿਪਾਹੀਆਂ ਨੇ ਨਿਹਥੇ ਹਜੂਮ ਉਤੇ ਗੋਲੀ ਚਲੋਣ ਤੋਂ ਇਨਕਾਰ ਕਰ ਦਿਤਾ ਜਿਸ ਤੇ ਉਹਨਾਂ ਗੜ੍ਹਵਾਲੀ ਸਿਪਾਹੀਆਂ ਨੂੰ ਗ੍ਰਿਫਤਾਰ ਕਰ ਕੇ ਉਹਨਾਂ ਦਾ ਕੋਰਟ ਮਾਰਸ਼ਲ ਕੀਤਾ ਗਿਆ ਤੇ ਚੰਦਾ ਸਿੰਘ ਆਦਿਕ ਕਈ ਸਿਪਾਹੀਆਂ ਨੂੰ ਕੈਦ ਕਰ ਦਿਤਾ ਗਿਆ ।

ਇਹਨਾਂ ਹੀ ਦਿਨਾਂ ਵਿਚ ਪ੍ਰੈਜ਼ੀਡੈਂਟ ਪਟੇਲ ਨੇ ਅਸੈਂਬਲੀ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿਤਾ ਤੇ ਵਾਇਸਰਾਏ ਨੂੰ ਖਤ ਵਿਚ ਲਿਖਿਆ-"ਮੈਂ ਦੇਸ ਦੀ ਜੰਗ ਆਜ਼ਾਦੀ ਤੋਂ ਅਡ ਨਹੀਂ ਰਹਿ ਸਕਦਾ। ਮੇਰੇ ਲਈ ਅਸਲ ਥਾਂ ਪ੍ਰਧਾਨਗੀ ਦੀ ਕੁਰਸੀ ਨਹੀਂ ਸਗੋਂ ਜੇਲਖਾਨਾ ਹੈ।

ਅਖਬਾਰਾਂ ਦਾ ਗਲਾ ਘੁਟਨ ਲਈ ਤੇ ਉਹਨਾਂ ਦੀ ਆਵਾਜ਼ ਨੂੰ ਬੰਦ ਕਰਨ ਲਈ ਬੰਗਾਲ ਵਿਚ ਪ੍ਰੈਸ ਆਰਡੀਨੈਂਸ ਜਾਰੀ ਕੀਤਾ ਗਿਆ।

੫ ਮਈ ਨੂੰ ਮਹਾਤਮਾ ਗਾਂਧੀ ਜੀ ਵੀ ਗ੍ਰਿਫਤਾਰ ਹੋ ਗਏ ਅਤੇ ਉਹਨਾਂ ਨੂੰ ਸਰਵਦਾ ਜੇਲ ਵਿਚ ਨਜ਼ਰ ਬੰਦ ਕਰ ਦਿਤਾ ਗਿਆ । ਆਪ ਦੀ ਗ੍ਰਿਫਤਾਰੀ ਉਤੇ ਦੇਸ ਦੇ ਹਰ ਹਿਸੇ ਵਿਚ ਮੁਜ਼ਾਹਰੇ ਹੋਏ ਜਿਨ੍ਹਾਂ ਦੇ ਦੌਰਾਨ ਵਿਚ ਸ਼ੋਲਾਪੁਰ ਤੇ ਦਿਲੀ ਵਿਚ ਗੋਲੀ ਵੀ ਚਲਾਈ ਗਈ । ਕਾਂਗਰਸ ਦੀ ਵਰਕਿੰਗ ਕਮੇਟੀ ਵੀ ਕਾਨੂੰਨ ਵਿਰੁਧ ਜਮਾਤ ਕਰਾਰ ਦਿਤੀ ਗਈ ਤੇ ਉਸ ਦੇ ਸਾਰੇ ਮੈਂਬਰ ਗ੍ਰਿਫਤਾਰ ਕੀਤੇ ਗਏ । ਮਹਾਤਮਾ ਜੀ ਦੀ ਨਜ਼ਰ ਬੰਦੀ ਤੋਂ ਥੋੜੇ ਹੀ ਦਿਨ ਮਗਰੋਂ ਗੌਰਮਿੰਟ ਦੀ ਮਰਜ਼ੀ ਨਾਲ ਸਰ ਤੇਜ ਬਹਾਦਰ ਸਪਰੂ ਤੇ ਮਿਸਟਰ ਜੈਕਰ ਨੇ ਮਹਾਤਮਾ ਜੀ ਨਾਲ ਸੁਲਹ ਦੀ ਗਲ ਬਾਤ ਛੇੜੀ। ਵਾਇਸਰਾਏ ਦੀ ਆਗਿਆ ਨਾਲ ਦੋਵਾਂ ਸਜਨਾਂ ਨੇ ਗਾਂਧੀ ਜੀ ਨਾਲ ਕਈ ਮੁਲਾਕਾਤਾਂ ਕੀਤੀਆਂ ।

ਠੀਕ ਇਹਨਾਂ ਹੀ ਦਿਨਾਂ ਵਿਚ ਬੰਗਾਲ ਦੇ ਜੁਗ ਗਰਦਾਂ ਨੇ ਸਿਰਕਢ ਪੁਲਿਸ ਅਫਸਰਾਂ ਉਤੇ ਗੋਲੀਆਂ ਚਲਾਈਆਂ ਤੇ ਪੁਲਿਸ ਕਮਿਸ਼ਨਰ ਸਰ ਚਾਰਲਸ ਟੈਗਾਰਟ ਉਤੇ ਬੰਬ ਸੁਟਿਆ। ਸਰਹਦ ਵਿਚ

ਵੀ ਸੋਰਸ਼ ਸ਼ੁਰੂ ਹੋ ਗਈ ਤੇ ਅਫਰੀਦੀ ਕਬੀਲੇ ਨੇ ਪਸ਼ੌਰ ਉਤੇ ਚੜ੍ਹਾਈ ਕਰਨ ਦੀ ਤਿਆਰੀ ਕਰ ਦਿਤੀ ਜਿਸ ਤੇ ਬਰਤਾਨਵੀ ਹਵਾਈ ਜਹਾਜ਼ਾਂ ਨੇ ਬੰਬਾਰੀ ਕਰ ਕੇ ਉਹਨਾਂ ਦੇ ਇਸ ਮਨਸੂਬੇ ਨੂੰ ਨਾਕਾਮ ਬਣਾ ਦਿਤਾ ।

ਪੰਜਾਬ ਵਿਚ ਸਰਦਾਰ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਵਿਰੁਧ ਜਿਹੜਾ ਸਾਜ਼ਸ਼ ਦਾ ਮੁਕਦਮਾ ਚਲ ਰਿਹਾ ਸੀ ਉਸ ਦਾ ਫੈਸਲਾ ਸੁਣਾ ਦਿਤਾ ਗਿਆ । ਸਰਦਾਰ ਭਗਤ ਸਿੰਘ ਰਾਜ ਗੁਰੂ ਅਤੇ ਸੁਖਦੇਉ ਨੂੰ ਫਾਂਸੀ ਦੀ ਸਜ਼ਾ ਦਿਤੀ ਗਈ । ਇਹਨਾਂ ਗਲਾਂ ਨਾਲ ਨੌਜਵਾਨਾਂ ਵਿਚ ਸਖਤ ਨਾਰਾਜ਼ਗੀ ਤੇ ਜੋਸ਼ ਫੈਲ ਰਿਹਾ ਸੀ। ਦੇਸ ਵਿਚ ਕਿਤੇ ਨਾ ਕਿਤੇ ਬੰਬ ਫਟਨ ਦੀ ਵ ਰਦਾਤ ਹੋ ਜਾਂਦੀ । ਸਰਕਾਰੀ ਤਸ਼ਦਦ ਵੀ ਪੂਰੇ ਜ਼ੋਰਾਂ ਉਤੇ ਸੀ । ਕਈ ਸ਼ਹਿਰਾਂ ਵਿਚ ਹਜੂਮ ਨੂੰ ਖਿੰਡਾਉਨ ਲਈ ਲਾਠੀ ਚਾਰਜ ਤੇ ਫਾਇਰੰਗ ਹੋਏ। ਇਸ ਤਰ੍ਹਾਂ ਇਕ ਪਾਸੇ ਤੇ ਦੋਵਾਂ ਧਿਰਾਂ ਵਲੋਂ ਹਿੰਸਕ ਕਾਰਰਵਾਈਆਂ ਹੋ ਰਹੀਆਂ ਸਨ ਪਰ ਦੂਜੇ ਪਾਸੇ ਗਾਂਧੀ ਤੇ ਗੌਰਮਿੰਟ ਵਿਚਾਲੇ ਸੁਲਹ ਦੀ ਗਲ ਬਾਤ ਛਿੜੀ ਹੋਈ ਸੀ । ਆਇਰਲੈਂਡ ਦੇ ਸ਼ਹੀਦ ਮੈਕਸਵਿਨੀ ਦੀ ਸਪੁਤ੍ਰੀ ਨੇ ਆਇਰਲੈਂਡ ਵਿਚ ਤਕਰੀਰ ਕਰਦੇ ਹੋਏ ਕਾਂਗਰਸ ਲੀਡਰਾਂ ਨੂੰ ਤਾੜਨਾ ਕੀਤੀ ਕਿ ਇਸ ਸਮੇਂ ਸੁਲਹ ਸਫਾਈ ਦੀ ਪਾਲਿਸੀ ਖਤਰਨਾਕ ਹੈ । ਅਧੀ ਆਜ਼ਾਦੀ ਕੋਈ ਚੀਜ਼ ਨਹੀਂ, ਪਰ ਮਹਾਤਮਾ ਗਾਂਧੀ ਨੂੰ ਤਸ਼ਦਦ ਉਤੇ ਕੋਈ ਭਰੋਸਾ ਨਹੀਂ ਸੀ ਉਹ ਅਹਿੰਸਾ ਤੇ ਸ਼ਾਂਤਮਈ ਤ੍ਰੀਕੇ ਨਾਲ ਹੀ ਸਭ ਕਾਰਰਵਾਈ ਦੇ ਹਕ ਵਿਚ ਸਨ ਇਸ ਲਈ ਆਪ ਨੇ ਉਪ੍ਰੋਕਤ ਤਾੜਨਾ ਦਾ ਕੋਈ ਨੋਟਸ ਨਾ ਲਿਆ । ਇਸ ਦੇ ਨਾਲ ਹੀ ਸਰਕਾਰ ਬਰਤਾਨੀਆਂ ਨੇ ਇੰਗਲੈਂਡ ਵਿਚ ਗੋਲਮੇਜ਼ ਕਾਨਫ੍ਰੰਸ ਦਾ ਢੌਂਗ ਰਚਾ ਦਿਤਾ, ਕਿਉਂਕਿ ਕਾਂਗਰਸ ਨਾਲ ਸਮਝੌਤੇ ਦੀ ਗਲ ਬਾਤ ਸਿਰੇ ਨਹੀਂ ਸੀ ਚੜ੍ਹੀ ਇਸ ਲਈ ਕਾਂਗਰਸ ਦੇ ਪ੍ਰਤੀਨਿਧ ਉਸ ਵਿਚ ਸ਼ਰੀਕ ਨਾ ਹੋਏ ।

ਦਸੰਬਰ ਦੇ ਮਹੀਨੇ ਬੰਗਾਲ ਵਿਚ ਇਕ ਹੋਰ ਘਟਨਾ ਵਾਪਰੀ ਤਿੰਨ ਬੰਗਾਲੀ ਨੌਜਵਾਨਾਂ ਨੇ ਇਨਸਪੈਕਟਰ ਜਨਰਲ ਜੇਲ ਖਾਨਾਜਾਤ ਨੂੰ ਉਸ ਦੇ ਦਫਤ੍ਰ ਵਿਚ ਹੀ ਗੋਲੀ ਨਾਲ ਉੜਾ ਦਿਤਾ। ਦੋ ਹਮਲਾ ਆਵਰਾਂ ਨੇ ਉਥੇ ਹੀ ਆਤਮ ਘਾਤ ਕਰ ਲਿਆ, ਪਰ ਤੀਜਾ ਹਮਲਾ ਆਵਰ ਦਨੇਸ਼ ਗੁਪਤਾ ਗ੍ਰਿਫਤਾਰ ਹੋ ਗਿਆ। ਏਧਰ ਪੰਜਾਬ ਵਿਚ ਵੀ ਇਕ ਘਟਨਾ ਹੋਈ ੨੩ ਦਸੰਬਰ ਨੂੰ ਪੰਜਾਬ ਯੂਨੀਵਰਸਿਟੀ ਕਾਨਵੋਕੇਸ਼ਨ ਦੇ ਸਿਲਸਿਲੇ ਵਿਚ ਗਵਰਨਰ ਪੰਜਾਬ ਵਿਦਿਆਰਥੀਆਂ ਨੂੰ ਡਿਗਰੀਆਂ ਦੇਣ ਲਈ ਗਏ ਤਾਂ ਇਕ ਨੌਜਵਾਨ ਹਰੀ ਕਿਸ਼ਨ ਨੇ ਉਹਨਾਂ ਉਤੇ ਰੀਵਾਲਰ ਨਾਲ ਫਾਇਰ ਕਰ ਦਿਤਾ। ਗਵਰਨਰ ਪੰਜਾਬ ਤੇ ਵਾਲ ਵਾਲ ਬਚ ਗਿਆ ਪਰ ਇਕ ਸਬ ਇਨਸਪੈਕਟਰ ਪੁਲੀਸ ਮਾਰਿਆ ਗਿਆ। ਇਸ ਘਟਨਾ ਨਾਲ ਸਾਰੇ ਹਿੰਦੁਸਤਾਨ ਵਿਚ ਸੁਨਸੁਨੀ ਫੈਲ ਗਈ। ਇਸ ਘਟਨਾ ਦੇ ਫਲ-ਸਰੂਪ ਕੁਛ ਨੌਜਵਾਨਾਂ ਉਤੇ ਮੁਕਦਮਾ ਚਲਿਆ ਜਿਨ੍ਹਾਂ ਵਿਚ ਮਹਾਸ਼ਾ ਖੁਸ਼ਹਾਲ ਚੰਦ ਦੇ ਵਡੇ ਸਪੁਤ੍ਰ ਸ੍ਰੀ ਯੁਤ ਰਣਬੀਰ ਸਿੰਘ ਵੀ ਦੋਸ਼ੀ ਬਣਾਏ ਗਏ ਸਨ।

ਇਹਨੀ ਦਿਨੀਂ ਸੁਭਾਸ਼ ਬਾਬੂ ਬੰਗਾਲ ਦਾ ਦੌਰਾ ਕਰ ਰਹੇ ਸਨ। ਜਦ ਆਪ ਦੌਰਾ ਕਰਦੇ ਕਰਦੇ ਸਿਆਲਦਾ ਪਹੁੰਚੇ ਤਦ ਆਪ ਨੂੰ ਡਿਸਟਰਿਕਟ ਮੈਜਿਸਟਰੇਟ ਵਲੋਂ ਨੋਟਸ ਮਿਲਿਆ ਕਿ ਆਪ ਜ਼ਿਲੇ ਵਿਚ ਦਾਖਲ ਨਹੀਂ ਹੋ ਸਕਦੇ। ਆਪ ਨੇ ਇਸ ਹੁਕਮ ਨੂੰ ਪਰਵਾਨ ਕਰਨ ਤੋਂ ਨਾਂਹ ਕਰ ਦਿਤੀ ਜਿਸ ਤੇ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ। ਅਦਾਲਤ ਨੇ ਆਪ ਨੂੰ ਸਤ ਦਿਨ ਕੈਦ ਮਹਿਜ਼ ਦੀ ਸਜ਼ਾ ਦਿਤੀ। ਇਕ ਹਫਤਾ ਕੈਦ ਕਟਨ ਮਗਰੋਂ ਆਪ ਰਿਹਾ ਹੋ ਗਏ।

ਦੇਸ਼ ਵਿਚ ਵਰਤ ਰਹੇ ਵਰਤਾਰੇ ਨਾਲ ਸਰਕਾਰ ਹਿੰਦ ਤੇ ਹਕੂਮਤ ਬਰਤਾਨੀਆਂ ਦੋਵੇਂ ਹੀ ਪ੍ਰੇਸ਼ਾਨ ਹੋ ਗਈਆਂ। ਗੌਰਮਿੰਟ ਕਾਂਗ੍ਰਸੀਆਂ ਅਤੇ ਦਹਿਸ਼ਤ ਪਸੰਦਾਂ ਹਥੋਂ ਸਖਤ ਅਜ਼ਾਬ ਵਿਚ ਫਾਥੀ ਪਈ ਸੀ।

ਦੇਵੇਂ ਇ। ਅੜਿਕੇ ਵਿਚੋਂ ਬਾਹਰ ਨਿਕਲਨ ਦੀਆਂ ਇਛਾਵੰਦ ਸਨ, ਏਸੇ ਲਈ ਬਰਤਾਨੀਆਂ ਦੀ ਹਦਾਇਤ ਅਨੁਸਾਰ ਲਾਰਡ ਇਰਵਨ ਵਾਇਸ-ਰਾਏ ਹਿੰਦ ਨੇ ੧੭ ਜੁਲਾਈ ਨੂੰ ਇਕ ਨਰਮ ਜਿਹੀ ਤਕਰੀਰ ਕੀਤੀ, ਜਿਸ ਵਲ ਸੁਲਹ ਲਈ ਇਸ਼ਾਰੇ ਮੌਜੂਦ ਸਨ। ਇਸ ਤਕਰੀਰ ਦੇ ਥੋੜੇ ਦਿਨ ਮਗਰੋਂ ਹੀ ੧੯ ਜਨਵਰੀ ੧੯੩੧ ਨੂੰ ਬਰਤਾਨਵੀ ਪਾਰਲ-ਮੈਂਟ ਵਿਚ ਵਜ਼ੀਰ ਆਜ਼ਮ ਨੇ ਸਰਕਾਰ ਬਰਤਾਨੀਆਂ ਦੀ ਪਾਲਿਸੀ ਦਾ ਐਲਾਨ ਕਰ ਦਿਤਾ। ਇਸ ਦੇ ਇਕ ਹਫਤਾ ਮਗਰੋਂ ਮਹਾਤਮਾਂ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ ਅਤੇ ਕਾਂਗਰਸ ਹਾਈ ਕਮਾਂਡ ਦੇ ਦੂਜੇ ਮੈਂਬਰ ਰਿਹਾ ਕਰ ਦਿਤੇ ਗਏ ਅਤੇ ਇਸ ਤਰ੍ਹਾਂ ਗਾਂਧੀ-ਇਰਵਨ ਪੈਕਟ ਦੀ ਨੀਂਹ ਰਖੀ ਗਈ ਅਤੇ ਕਾਂਗਰਸੀ ਕੈਦੀ ਰਿਹਾ ਕਰ ਦਿਤੇ ਗਏ, ਪਰ ਦਹਿਸ਼ਤ ਪਸੰਦ ਨੌਜਵਾਨਾਂ ਦੀ ਰਿਹਾਈ ਕੋਈ ਨ ਹੋਈ।

੨੬ ਜਨਵਰੀ ਨੂੰ ਹਿੰਦੁਸਤਾਨ ਵਿਚ ਆਜ਼ਾਦੀ ਦਿਨ ਮਨਾਇਆ ਜਾਂਦਾ ਹੈ। ਸਰਕਾਰ ਬੰਗਾਲ ਨੇ ਸੁਭਾਸ਼ ਬਾਬੂ ਨੂੰ ਹੁਕਮ ਦਿਤਾ ਕਿ ਉਹ ਆਜ਼ਾਦੀ ਦਿਨ ਵਿਚ ਸ਼ਾਮਲ ਨ ਹੋਵੇ, ਆਪ ਨੇ ਇਸ ਹੁਕਮ ਨੂੰ ਪਰਵਾਨ ਕਰਨ ਤੋਂ ਇਨਕਾਰ ਕਰ ਦਿਤਾ ਅਤੇ ੨੬ ਜਨਵਰੀ ਨੂੰ ਤਿੰਨ ਰੰਗਾ ਝੰਡਾ ਲੈ ਕੇ ਜਲੂਸ ਦੀ ਅਗਵਾਈ ਕੀਤੀ। ਜਦ ਜਲੂਸ ਸ਼ਹਿਰ ਦੇ ਵਿਚਕਾਰ ਪੁਜਾ ਤਦ ਪੁਲੀਸ ਨੇ ਜਲੂਸ ਨੂੰ ਘੇਰ ਲਿਆ ਤੇ ਆਪ ਦੇ ਹਥੋਂ ਝੰਡਾ ਛੀਨਣ ਦਾ ਜਤਨ ਕੀਤਾ। ਆਪਨੇ ਝੰਡਾ ਹਥੋਂ ਨ ਛਡਿਆ ਤੇ ਏਸੇ ਕਸ਼ਮਕਸ਼ ਵਿਚ ਆਪ ਦਾ ਹਥ ਜ਼ਖਮੀ ਹੋ ਗਿਆ। ਆਪ ਵਿਰੁਧ ਮੁਕਦਮਾ ਚਲਿਆ ਤੇ ਆਪ ਨੂੰ ੬ ਮਹੀਨੇ ਲਈ ਜੇਲ ਦੀਆਂ ਸੀਖਾਂ ਪਿਛੇ ਬੰਦ ਕੀਤਾ ਗਿਆ।

ਫਰਵਰੀ ਵਿਚ ਕੁਛ ਵਾਕਿਆਤ ਹੋਰ ਹੋਏ। ਪਸ਼ੌਰ ਵਿਚ ਇਕ ਨੌਜਵਾਨ ਪਠਾਨ ਨੇ ਅਸਿਸਟੈਂਟ ਕਮਿਸ਼ਨਰ ਉਤੇ ਗੋਲੀਆਂ ਦੇ ਫਾਇਰ ਕੀਤੇ ਪਰ ਅਸਿਸਟੈਂਟ ਵਾਲ ਵਾਲ ਬਚ ਗਿਆ। ਕੁਝ ਦਿਨ ਪਿਛੋਂ ਦੋਸ਼ੀ ਨੌਜਵਾਨ ਮਿ: ਹਬੀਬ ਨੂਰ ਨੂੰ ਫਾਂਸੀ ਲਟਕਾ ਦਿਤਾ ਗਿਆ। ਇਸ ਦੇ ਚੰਦ ਰੋਜ

ਮਗਰੋਂ ਉਤ੍ਰੀ ਹਿੰਦ ਦੀ ਖੁਫੀਆ ਦਹਿਸ਼ਤ ਪਸੰਦ ਪਾਰਟੀ ਦੇ ਪ੍ਰਸਿਧ ਲੀਡਰ ਸ੍ਰੀ ਚੰਦਰ ਸ਼ੇਖਰ ਅਲਾਹਬਾਦ ਵਿਚ ਪੁਲੀਸ ਦਾ ਟਾਕਰਾ ਕਰਦੇ ਹੋਏ ਪੁਲੀਸ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ। ਇਹ ਨੌਜਵਾਨ ਯੂ. ਪੀ. ਤੇ ਪੰਜਾਬ ਦੀਆਂ ਖੁਫੀਆ ਸਾਜ਼ਸ਼ਾਂ ਦਾ ਦਿਮਾਗ ਸਮਝਿਆ ਜਾਂਦਾ ਸੀ।

## ਗਾਂਧੀ ਇਰਵਨ ਪੈਕਟ

੧੭ ਫਰਵਰੀ ਨੂੰ ਮਹਾਤਮਾਂ ਗਾਂਧੀ ਅਤੇ ਵਾਇਸਰਾਏ ਹਿੰਦ ਲਾਰਡ ਇਰਵਨ ਵਿਚਾਲੇ ਵਾਇਸਰਾਏ ਹਾਲ ਲਾਜ ਦਿਲੀ ਵਿਚ ਸਮਝੌਤੇ ਦੀ ਗਲ ਬਾਤ ਸ਼ੁਰੂ ਹੋਈ ਜੋ ਕਈ ਦਿਨ ਤੀਕ ਜਾਰੀ ਰਹੀ। ਇਹਨਾਂ ਮੁਲਾਕਤਾਂ ਦਾ ਨਤੀਜਾ ਇਹ ਨਿਕਲਿਆ ਕਿ ਕਾਂਗਰਸ ਨੇ ਗੋਲਮੇਜ਼ ਕਾਨਫ੍ਰੰਸ ਵਿਚ ਸ਼ਾਮਲ ਹੋਣਾ ਪਰਵਾਨ ਕਰ ਲਿਆ ਅਤੇ ਨਾ ਫਰਮਾਨੀ ਦੇ ਸਾਰੇ ਕੈਦੀ ਰਿਹਾ ਕਰ ਦਿਤੇ ਤੇ ਇਹਨਾਂ ਵਿਚ ਹੀ ਸੁਭਾਸ਼ ਬਾਬੂ ਵੀ ਰਿਹਾ ਕਰ ਦਿਤੇ ਗਏ। ਸੁ ਆਪ ੧੮ ਮਾਰਚ ੧੯੩੧ ਨੂੰ ਰਿਹਾ ਹੋ ਕੇ ਆ ਗਏ ਪਰ ਆਪ ਨੂੰ ਗਾਂਧੀ ਇਰਵਿਨ ਪੈਕਟ ਨਾਲ ਤਸਲੀ ਨ ਹੋਈ। ਨ ਕੇਵਲ ਆਪ ਹੀ ਸਗੋਂ ਪੰਡਤ ਜਵਾਹਰ ਲਾਲ ਨਹਿਰੂ ਦੀ ਵੀ ਤਸਲੀ ਨ ਹੋਈ। ਇਕ ਇੰਟਰਵੀਊ ਵਿਚ ਆਪ ਨੇ ਫਰਮਾਇਆ ਜਦ ਮੈਂ ਵੇਖਦਾ ਹਾਂ ਕਿ ਮੇਰੇ ਕਈ ਭਾਈ ਅਜੇ ਜੇਲਾਂ ਵਿਚ ਹਨ ਅਤੇ ਮੈਂ ਬਾਹਰ ਆ ਗਿਆ ਹਾਂ ਤਦ ਮੈਨੂੰ ਬੜੀ ਸ਼ਰਮ ਆਉਂਦੀ ਹੈ ਕਿ ਅਸੀਂ ਉਹਨਾਂ ਨੂੰ ਰਿਹਾ ਨਹੀਂ ਕਰਾ ਸਕੇ, ਇਹ ਸਾਡੀ ਕਮਜ਼ੋਰੀ ਹੈ। ਅਸਲ ਹਾਲ ਇਹ ਸੀ ਹਕੂਮਤ ਨੇ ਕਾਂਗਰਸੀ ਤੇ ਸਿਵਲ ਨਾ ਫਰਮਾਨੀ ਦੇ ਕੈਦੀ ਤੇ ਰਿਹਾ ਕਰ ਦਿਤੇ ਸਨ ਪਰ ਦਹਿਸ਼ਤ ਪਸੰਦ ਮਫਰੂਰ, ਤੇ ਤਸ਼ਦਦ ਵਾਲੇ ਨੌਜਵਾਨਾਂ ਨੂੰ ਰਿਹਾ ਨਹੀਂ ਸੀ ਕੀਤਾ ਤੇ ਇਹੋ ਗਲ ਸੁਭਾਸ਼ ਬਾਬੂ ਤੇ ਜਵਾਹਰ ਲਾਲ ਨੂੰ ਅਖਰ ਰਹੀ ਸੀ। ਸੁਭਾਸ਼ ਬਾਬੂ ਨੇ ਆਪਣੇ ਜਜ਼ਬਾਤ ਐਉਂ ਪ੍ਰਗਟ ਕੀਤੇ—

ਮੈਂ ਇਸ ਖਬਰ ਨੂੰ ਅਤਿਅੰਤ ਦੁਖ ਨਾਲ ਸੁਣਿਆ ਕਿ ਸ ਭਗਤ ਸਿੰਘ ਅਤੇ ਉਹਨਾਂ ਸਾਥੀਆਂ (ਜਗਤ ਗੁਰੂ ਤੇ ਸੁਖਦੇਵ) ਨੂੰ ਫਾਂਸੀ ਦਿਤੀ ਜਾਣ ਵਾਲੀ ਹੈ। ਮੈਨੂੰ ਇਸ ਵੇਲੇ ਹਰੀ ਕਿਸ਼ਨ ਦੀ ਬਦਕਿਸਮਤੀ ਉਤੇ ਰੋਣ ਆਉਂਦਾ ਹੈ। ਦਨੇਸ਼ ਗੁਪਤਾ ਅਤੇ ਰਾਮ ਕਿਸ਼ਨ ਬਿਸਵਾਸ ਵੀ ਮੈਨੂੰ ਯਾਦ ਆ ਗਏ ਹਨ। ਜਿਨ੍ਹਾਂ ਨੂੰ ਫਾਂਸੀ ਦਾ ਹੁਕਮ ਹੋ ਚੁਕਾ ਹੈ। ਸ਼ੋਲਾਪੁਰ ਦੇ ਅਸੀਰਾਂ ਨੂੰ ਫਾਂਸੀ ਦਿਤੇ ਜਾਣ ਉਤੇ ਜੋ ਇੰਤਹਾਦੀ ਦੁਖ ਹੋਇਆ ਤੇ ਅਜੇ ਉਸ ਦੀ ਯਾਦ ਤਾਜ਼ਾ ਹੈ। ਜੇ ਸਰਦਾਰ ਭਗਤ ਸਿੰਘ ਤੇ ਆਪ ਦੇ ਸਾਥੀਆਂ ਨੂੰ ਵੀ ਫਾਂਸੀ ਦਿਤੀ ਗਈ ਤਦ ਲੋਕ ਪੁਛਣਗੇ ਕਿ ਹੁਣ ਸੁਲਾਹ ਕਿਥੇ ਹੈ? ਅਮਨ ਕਿਥੇ ਹੈ? ਜੇ ਅਸੀਂ ਸ: ਭਗਤ ਸਿੰਘ ਵਰਗੇ ਨੌ ਨਿਹਾਲਾਂ ਨੂੰ ਵੀ ਨਹੀਂ ਬਚਾ ਸਕਦੇ ਤਦ ਇਸ ਸੁਲਹ ਦੀ ਲੋੜ ਈ ਕੀ ਹੈ?

ਸੁਭਾਸ਼ ਬਾਬੂ ਦੀ ਇਹ ਗਲ ਸਚ ਸੀ। ੨੩ ਮਾਰਚ ੧੯੩੧ ਨੂੰ ਲਾਹੌਰ ਸੈਂਟਰਲ ਜੇਲ ਵਿਚ ਸ: ਭਗਤ ਸਿੰਘ, ਸੁਖਦੇਵ ਤੇ ਰਾਜ ਗੁਰੂ ਨੂੰ ਫਾਂਸੀ ਦੇ ਤਖਤੇ ਉਤੇ ਲਟਕਾ ਦਿਤਾ ਗਿਆ। ਲੀਡਰਾਂ ਦੇ ਸਾਰੇ ਜਤਨ ਉਹਨਾਂ ਨੂੰ ਬਚਾ ਨ ਸਕੇ।

੨੯ ਅਗਸਤ ਨੂੰ ਮਹਾਤਮਾ ਗਾਂਧੀ ਦੂਜੀ ਗੋਲਮੇਜ਼ ਕਾਨਫ੍ਰੰਸ ਵਿਚ ਸ਼ਾਮਲ ਹੋਣ ਲਈ ਲੰਡਨ ਰਵਾਨਾ ਹੋ ਗਏ, ਇਸ ਮੌਕੇ ਉਤੇ ਦੇਸ਼ ਦੇ ਸਭ ਵਡੇ ਵਡੇ ਲੀਡਰ ਬੰਬਈ ਆਪ ਨੂੰ ਤੋਰਨ ਆਏ ਪਰ ਸੁਭਾਸ਼ ਬਬੂ ਬੰਬਈ ਨ ਗਏ ਤੇ ਇਕ ਤਾਰ ਇਸ ਭਾਵ ਦੀ ਭੇਜੀ–

"ਹਿੰਦੁਸਤਾਨੀ ਆਪਣੇ ਪੈਦਾਇਸ਼ੀ ਹਕ ਤੋਂ ਘਟ ਕੋਈ ਚੀਜ਼ ਕਬੂਲ ਨਹੀਂ ਕਰਨਗੇ ਇਸ ਲਈ ਆਪ ਗੋਲਮੇਜ਼ ਕਾਨਫ੍ਰੰਸ ਵਿਚ ਮੁਕੰਮਲ ਆਜ਼ਾਦੀ ਦੀ ਮੰਗ ਪੇਸ਼ ਕਰਨਾ।"

ਅਜੇ ਮਹਾਤਮਾ ਜੀ ਵਲੈਤ ਰਵਾਨਾ ਨਹੀਂ ਸਨ ਹੋਏ ਕਿ ਦੇਸ ਵਿਚ ਫਿਰ ਯਰਕਾਊ ਨੇ ਸਰਗਰਮੀਆਂ ਸ਼ੁਰੂ ਕਰ ਦਿਤੀਆਂ। ਪੰਜਾਬ ਵਿਚ ਸ: ਅਮਰੀਕ ਸਿੰਘ ਤੇ ਸਰਦਾਰ ਗੁਲਾਬ ਸਿੰਘ ਤੇ ਉਹਨਾਂ ਦੇ ਸਾਥੀਆਂ

ਉਤੇ ਵਖ ਵਖ ਸ਼ਹਿਰਾਂ ਵਿਚ ਬੰਬ ਸੁਟਨ ਤੇ ਦਹਿਸ਼ਤ ਫੈਲਾਉਨ ਦੇ ਦੋਸ਼ ਵਿਚ ਮੁਕਦਮੇ ਚਲ ਰਹੇ ਸਨ। ਬੰਗਾਲ ਵਿਚ ਕਿਸੇ ਨੌਜਵਾਨ ਨੇ ਪ੍ਰਸਿਧ ਇਨਕਲਾਬੀ ਮਿਸਟਰ ਦਨੇਸ਼ ਗੁਪਤਾ ਨੂੰ ਮੌਤ ਦੀ ਸਜ਼ਾ ਦੇਣ ਵਾਲੇ ਅੰਗਰੇਜ਼ ਸਿਸ਼ਨ ਜਜ ਨੂੰ ਗੋਲੀ ਨਾਲ ਉਡਾ ਦਿਤਾ। ਇਸ ਤੋਂ ਕੁਛ ਦਿਨ ਪਹਿਲੇ ਚਿਟਾਗਾਂਗ ਦੇ ਡਿਸਟ੍ਰਿਕਟ ਮੈਜਿਸਟ੍ਰੇਟ ਉਤੇ ਵੀ ਕਾਤਲਾਨਾ ਹਮਲਾ ਹੋ ਚੁਕਾ ਸੀ। ਕੁਛ ਦਿਨ ਮਗਰੋਂ ਹੀ ਇਕ ਨੌਜਵਾਨ ਨੇ ਬੰਬਈ ਦੇ ਗਵਰਨਰ ਉਤੇ ਗੋਲੀ ਚਲਾ ਦਿਤੀ ਸੀ। ਇਹੋ ਜਿਹੇ ਹਾਲਾਤ ਵਿਚਾਲੇ ਲੰਡਨ ਵਿਚ ਗੋਲ ਮੇਜ਼ ਕਾਨਫ੍ਰੰਸ ਬੁਲਾਈ ਗਈ ਜਿਸ ਵਿਚ ਕਾਂਗਰਸ ਵਲੋਂ ਮਹਾਤਮਾ ਗਾਂਧੀ ਸ਼ਾਮਲ ਹੋਣ ਲਈ ਵਲੈਤ ਰਵਾਨਾ ਹੋ ਗਏ।

## ਗ੍ਰਿਫਤਾਰੀ

ਜਿਥੇ ਕਾਂਗਰਸ ਤੇ ਸਰਕਾਰ ਨੇੜੇ ਆਉਂਦੀ ਗਈ ਉਥੇ ਪਰਜਾਉ ਤੇ ਸਰਕਾਰ ਵਿਚਾਲੇ ਵਧੀਕ ਤੋਂ ਵਧੀਕ ਪਾੜਾ ਪੈਂਦਾ ਚਲਾ ਗਿਆ ਤੇ ਦਹਿਸ਼ਤ ਦੀਆਂ ਵਾਰਦਾਤਾਂ ਵਿਚ ਵੀ ਵਾਧਾ ਹੁੰਦਾ ਗਿਆ। ੨੮ ਅਕਤੂਬਰ ੧੯੩੧ ਨੂੰ ਕੁਛ ਇਨਕਲਾਬ ਪਸੰਦਾਂ ਨੇ ਢਾਕੇ ਦੇ ਮੈਜਿਸਟਰੇਟ ਨੂੰ ਗੋਲੀ ਮਾਰ ਕੇ ਮਾਰ ਦਿਤਾ ਅਤੇ ਉਸ ਦੇ ਅਗਲੇ ਦਿਨ ਕਲਕਤੇ ਵਿਚ ਯੂਰਪੀਨ ਐਸੋਸੀਏਸ਼ਨ ਦੇ ਇਕ ਸਿਰਕਢ ਲੀਡਰ ਉਤੇ ਗੋਲੀ ਚਲਾ ਦਿਤੀ। ਇਹਨਾਂ ਘਟਨਾਵਾਂ ਦੇ ਕਾਰਨ ਪੁਲਿਸ ਨੇ ਉਸ ਇਲਾਕੇ ਦੇ ਨੌਜਵਾਨਾਂ ਉਤੇ ਬੜੀ ਸਖਤੀ ਕੀਤੀ, ਜਿਸ ਦੀ ਪੜਤਾਲ ਲਈ ਸ੍ਰੀ ਸੁਭਾਸ਼ ਬਾਬੂ ਉਥੇ ਜਾਣਾ ਚਾਹੁੰਦੇ ਸਨ ਪਰ ਡਿਸਟਰਿਕਟ ਮੈਜਿਸਟਰੇਟ ਨੇ ਆਪ ਨੂੰ ਢਾਕੇ ਵਿਚ ਦਾਖਲ ਹੋਣ ਦੀ ਮਨਾਹੀ ਕਰ ਦਿਤੀ। ਜਿਹਾ ਕਿ ਆਪ ਦੀ ਆਦਤ ਸੀ ਆਪ ਨੇ ਉਸ ਹੁਕਮ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਜਿਸ ਤੇ ਆਪ ਨੂੰ ਗ੍ਰਿਫਤਾਰ ਕਰ ਕੇ ਢਾਕੇ ਦੀ ਹਦ ਤੋਂ ਬਾਹਰ ਕਰ ਦਿਤਾ ਗਿਆ।

ਦੋ ਦਿਨ ਮਗਰੋਂ ਆਪ ਫੇਰ ਢਾਕੇ ਪਹੁੰਚੇ ਤਦ ਆਪ ਨੂੰ ਫੇਰ ਗ੍ਰਿਫ-ਤਾਰ ਕੀਤਾ ਗਿਆ। ਆਪ ਨੇ ਜ਼ਮਾਨਤ ਉਤੇ ਰਿਹਾ ਹੋਣ ਤੋਂ ਇਨਕਾਰ ਕਰ ਦਿਤਾ ਜਿਸ ਕਰ ਕੇ ਆਪ ਨੂੰ ਸੀਖਾਂ ਦੇ ਪਿਛੇ ਡਕ ਦਿਤਾ। ਆਪ ਨੇ ਲੋਕਾਂ ਨੂੰ ਆਖਿਆ ਕਿ ਚਿਟਾਗਾਂਗ ਤੇ ਹਿਜਲੀ ਦੇ ਜ਼ੁਲਮਾਂ ਦੀ ਤਲਾਫੀ ਲਈ ਐਜੀਟੇਸ਼ਨ ਜਾਰੀ ਰਖੋ। ਆਪ ਦੀ ਗ੍ਰਿਫਤਾਰੀ ਉਤੇ ਐਜੀਟੇਸ਼ਨ ਮਠੀ ਹੋਣ ਦੀ ਬਜਾਏ ਹੋਰ ਜ਼ੋਰ ਫੜ ਗਈ ਜਿਸ ਕਰ ਕੇ ਚਾਰ ਦਿਨ ਮਗਰੋਂ ਆਪ ਨੂੰ ਰਿਹਾ ਕਰ ਦਿਤਾ ਤੇ ਢਾਕੇ ਵਿਚ ਦਾਖਲੇ ਦੀ ਪਾਬੰਦੀ ਵੀ ਉਠਾ ਲਈ।

ਇਹਨਾਂ ਹੀ ਦਿਨਾਂ ਵਿਚ ਇਕ ਆਰਡੀਨੈਂਸ ਜਾਰੀ ਕਰ ਕੇ ਚਿਟਗਾਂਵ ਦੇ ਧਜਨਕਾਊਆਂ ਨੂੰ ਕੁਚਲਨ ਲਈ ਫੌਜ ਤੇ ਸਪੈਸ਼ਲ ਪੁਲੀਸ ਲਾਈ ਗਈ ਅਤੇ ਇਸ ਕੰਮ ਲਈ ਸਰ ਚਾਰਲਸ ਟੈਗਾਰਟ ਮੁੜ ਲੰਡਨੋਂ ਬੁਲਾਏ ਗਏ। ਇਸ ਦੇ ਨਾਲ ਬੰਗਾਲ ਵਿਚ ਇਕ ਐਸੇ ਸਖਸ਼ ਨੂੰ ਗਵਰਨਰ ਬਣਾ ਕੇ ਭੇਜਿਆ ਗਿਆ ਜੋ ਆਇਰਲੈਂਡ ਵਿਚ ਦਹਿਸ਼ਤ ਪਸੰਦਾਂ ਨੂੰ ਕੁਚਲਨ ਲਈ ਬਦਨਾਮ ਹੋ ਚੁਕਾ ਸੀ। ਹਕੂਮਤ ਬੰਗਾਲ ਨੇ ਜੁਸ਼ੀਲੇ ਬੰਗਾਲੀਆਂ ਨੂੰ ਪੂਰੀ ਤਰ੍ਹਾਂ ਕੁਚਲਨ ਦਾ ਇਰਾਦਾ ਧਾਰ ਲਿਆ ਸੀ। ਉਧਰ ਲੰਡਨ ਵਿਚ ਜਿਹੜੀ ਗੋਲਮੇਜ਼ ਕਾਨਫ੍ਰੰਸ ਬੁਲਾਈ ਗਏ ਉਹ ਵੀ ਫੇਲ ਹੋ ਗਈ। ਮਹਾਤਮਾ ਗਾਂਧੀ ਨੇ ਵੀ ਨਵੇਂ ਆਰਡੀ-ਨੈਂਸ ਦੀ ਵਿਰੋਧਤਾ ਕੀਤੀ। ਇਸ ਲਈ ਬੰਗਾਲ ਵਿਚ ਇਕ ਨਵੀਂ ਕਿਸਮ ਦੀ ਸੂਰਤਿ ਹਾਲਾਤ ਪੈਦਾ ਹੋ ਗਈ ਜਿਸ ਨੂੰ ਵੇਖਣ ਲਈ ਵਾਇਸਰਾਏ ਹਿੰਦ ਖੁਦ ਕਲਕਤੇ ਪਹੁੰਚੇ ਅਤੇ ਆਪ ਨੇ ਉਥੇ ਹੀ ਐਗਜ਼ੇਕਟਿਵ ਦੀ ਮੀਟਿੰਗ ਵੀ ਬੁਲਾਈ। ਐਗਜ਼ੇਕਟਿਵ ਵਿਚ ਸ੍ਰੀ ਸੁਭਾਸ਼ ਬਾਬੂ ਨੂੰ ਧਜਨਕਾਊਆਂ ਦੀ ਪੁਸ਼ਤ ਪਨਾਹ ਹੋਣ ਕਰ ਕੇ ਗ੍ਰਿਫਤਾਰ ਕਰਨ ਦਾ ਫੈਸਲਾ ਹੋਇਆ ਜੋ ਕਿ ਗਾਂਧੀ ਇਰਵਨ ਸਮਝੌਤੇ ਦੇ ਉਲਟ ਸੀ। ਆਰਡੀਨੈਂਸ ਜਾਰੀ ਕਰ ਕੇ ਵੀ ਇਸ ਪੈਕਟ ਦੀ ਮਿਟੀ ਪਲੀਤ ਕੀਤੀ ਜਾ ਚੁਕੀ ਸੀ।

ਠੀਕ ਇਹਨਾਂ ਹੀ ਦਿਨਾਂ ਵਿਚ ਜ਼ਿਲਾ ਟਿਪਰਾ ਵਿਚ ਦੋ ਇਨਕਲਾਬ ਪਸੰਦ ਬੰਗਾਲੀ ਦੇਵੀਆਂ ਨੇ ਡਿਸਟਰਿਕਟ ਮੈਜਿਸਟਰੇਟ ਮਿਸਟਰ ਸਟੀਵਨਜ਼ ਨੂੰ ਗੋਲੀ ਮਾਰ ਕੇ ਮਾਰ ਦਿਤਾ। ਇਸ ਵੇਲੇ ਗੋਲਮੇਜ਼ ਤੋਂ ਮਹਾਤਮਾ ਗਾਂਧੀ ਖਾਲੀ ਹਥ ਵਾਪਸ ਆ ਚੁਕੇ ਸਨ। ਗੌਰਮਿੰਟ ਨੇ ਪੰਡਤ ਜਵਾਹਰ ਲਾਲ ਨਹਿਰੂ ਤੇ ਖਾਨ ਅਬਦੁਲ ਗਫਾਰ ਖਾਂ ਨੂੰ ਵੀ ਗ੍ਰਿਫਤਾਰ ਕਰ ਲਿਆ। ੩੦ ਦਸੰਬਰ ਨੂੰ ਬੰਬਈ ਵਿਚ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਸ਼ੁਰੂ ਹੋਈ ਜਿਸ ਦੇ ਮਗਰੋਂ ਗਾਂਧੀ ਜੀ ਨੇ ਲਾਰਡ ਵਲਿੰਗਡਨ ਵਾਇਸਰਾਇ ਨੂੰ ਤਾਰ ਭੇਜੀ ਕਿ ਮੁਲਾਕਾਤ ਲਈ ਆਗਿਆ ਦਿਤੀ ਜਾਏ। ਜਿਸ ਦਾ ਜਵਾਬ ਵਾਇਸ-ਰਾਇ ਨੇ ਇਹ ਦਿਤਾ ਕਿ ਆਪ ਮੈਨੂੰ ਮਿਲ ਸਕਦੇ ਹੋ ਪਰ ਆਰਡੀ-ਨੈਂਸਾਂ ਬਾਰੇ ਕੋਈ ਗਲ ਬਾਤ ਨਹੀਂ ਹੋ ਸਕਦੀ।

੨ ਜਨਵਰੀ ੧੯੩੨ ਨੂੰ ਜਦ ਸੁਭਾਸ਼ ਬਾਬੂ ਬੰਬਈ ਤੋਂ ਕਲਕਤੇ ਆ ਰਹੇ ਸਨ ਤਦ ਆਪ ਨੂੰ ਰਸਤੇ ਵਿਚ ਹੀ ਰੈਗੂਲੇਸ਼ਨ ਨੰਬਰ ੩ ਸੰਨ ੧੮੧੮ ਦੇ ਮਾਤਹਿਤ ਗ੍ਰਿਫਤਾਰ ਕਰ ਕੇ ਜੇਲ ਵਿਚ ਅਨਿਸਚਿਤ ਸਮੇਂ ਲਈ ਬੰਦ ਕਰ ਦਿਤਾ। ਇਸ ਦੇ ਦੋ ਦਿਨ ਮਗਰੋਂ ਗਾਂਧੀ ਜੀ ਨੂੰ ਵੀ ਬੰਬਈ ਵਿਚ ਗ੍ਰਿਫਤਾਰ ਕਰ ਲਿਆ।

ਅਪ੍ਰੈਲ ੧੯੩੨ ਵਿਚ ਇਕ ਹੋਰ ਘਟਨਾ ਹੋ ਗਈ। ਇਕ ਬੰਗਾਲੀ ਨੌਜਵਾਨ ਨੇ ਡਿਸਟ੍ਰਿਕਟ ਮੈਜਿਸਟ੍ਰੇਟ ਮਿਦਨਾਪੁਰ ਨੂੰ ਗੋਲੀ ਮਾਰ ਕੇ ਮਾਰ ਦਿਤਾ। ਇਸ ਤੋਂ ਕੁਛ ਮਹੀਨੇ ਪਹਿਲੇ ਮਿਦਨਾਪੁਰ ਦੇ ਸਾਬਕ ਡਿਸਟ੍ਰਿਕਟ ਮੈਜਿਸਟਰੇਟ ਮਿਸਟਰ ਪੰਡੀ ਵੀ ਏਸੇ ਤਰ੍ਹਾਂ ਮਾਰੇ ਜਾ ਚੁਕੇ ਸਨ। ਮਿਦਨਾਪੁਰ ਦੇ ਡਿਸਟ੍ਰਿਕਟ ਮੈਜਿਸਟਰੇਟ ਮਿ: ਡਗਲਸ ਦੇ ਕਾਤਲ ਦੀ ਜੇਬ ਵਿਚੋਂ ਇਕ ਟੁਕਾ ਨਿਕਲਿਆ ਜਿਸ ਉਤੇ ਇਹ ਲਫ਼ਜ਼ ਦਰਜ ਸਨ—"ਵਾਕਿਆਤ ਹਿਜਲੀ ਦਾ ਮੇਰਾ ਨਾਚੀਜ਼ ਬਦਲਾ।" ਅਸਲ ਗਲ ਇਹ ਹੈ ਕਿ ਹਿਜਲੀ ਕੈਂਪ ਵਿਚ ਸੰਤਰੀਆਂ ਨੇ ਕੁਛ ਇਨਕਲਾਬ ਪਸੰਦਾਂ ਨੂੰ ਗੋਲੀ ਨਾਲ ਉਡਾ ਦਿਤਾ ਸੀ ਜਿਸ ਤੇ ਸਾਰੇ

ਬੰਗਾਲ ਵਿਚ ਗ਼ਮ ਤੇ ਗ਼ੁਸੇ ਦੀ ਲਹਿਰ ਦੌੜ ਗਈ ਤੇ ਜ਼ਬਰਦਸਤ ਐਜੀਟੇਸ਼ਨ ਸ਼ੁਰੂ ਹੋ ਗਿਆ। ਬੰਗਾਲ ਕਾਂਗਰਸ ਨੇ ਇਸ ਦੁਰਘਟਨਾ ਦੀ ਪੜਤਾਲ ਲਈ ਜੋ ਕਮੇਟੀ ਨੀਯਤ ਕੀਤੀ ਸੁਭਾਸ਼ ਬਾਬੂ ਉਸ ਦੇ ਪ੍ਰਧਾਨ ਸਨ।

ਇਹ ਉਹੋ ਸਮਾਂ ਸੀ ਜਦ ਬੰਗਾਲ ਵਿਚ ਸਰਕਾਰੀ ਅਫਸਰਾਂ ਨੂੰ ਹਰ ਵੇਲੇ ਮੌਤ ਦਾ ਧੁੜਕੂ ਲਗਾ ਰਹਿੰਦਾ ਸੀ ਜਿਸ ਦਾ ਸਬੂਤ ਮਿਸਟਰ ਡਗਲਸ ਮਕਤੂਲ ਦੇ ਇਕ ਖ਼ਤ ਤੋਂ ਮਿਲਦਾ ਹੈ ਜੋ ਉਸ ਨੇ ਆਪਣੀ ਮੌਤ ਤੋਂ ਥੋੜੇ ਹੀ ਦਿਨ ਪਹਿਲੇ ਆਪਣੇ ਭਾਈ ਨੂੰ ਵਲੈਤ ਲਿਖਿਆ ਸੀ, ਜਿਸ ਵਿਚ ਓਹ ਲਿਖਦਾ ਹੈ:-

"ਅਸਲ ਵਿਚ ਮੇਰੀ ਜਾਨ ਹੁਣ ਖਤਰੇ ਵਿਚ ਹੈ। ਮੇਰੇ ਬੰਗਲੇ ਉਤੇ ਦੋ ਹਥਿਆਰਬੰਦ ਸਿਪਾਹੀ ਹਰ ਵੇਲੇ ਪਹਿਰਾ ਦੇਂਦੇ ਹਨ। ਮੈਂ ਆਪਣੀ ਦਲੀਜ਼ ਦੇ ਬਾਹਰ ਇਕ ਸਾਦਾ ਲਿਬਾਸ ਤੇ ਰਿਲਾਵਰ ਵਾਲੇ ਸਿਪਾਹੀ ਦੀ ਮਦਦ ਦੇ ਬਗ਼ੈਰ ਨਹੀਂ ਜਾ ਸਕਦਾ। ਮੈਨੂੰ ਖੁਫੀਆ ਪੁਲੀਸ ਵਲੋਂ ਤਿੰਨ ਸੁਨੇਹੇ ਪੁਜ ਚੁਕੇ ਹਨ ਕਿ ਚਾਰ ਦਿਨਾਂ ਦੇ ਅੰਦਰ ਖ਼ੂਬ ਹੁਸ਼ਿਆਰ ਰਹਵਾਂ। ਇਸ ਤੋਂ ਛੁਟ ਮੈਨੂੰ ਧਮਕੀ ਭਰਪੂਰ ਖੁਫੀਆ ਖਤ ਵੀ ਅਪੜ ਰਹੇ ਹਨ, ਇਹ ਖਤ ਉਹਨਾਂ ਦੇ ਕਾਤਲਾਂ ਵਲੋਂ ਹਨ ਜਿਨ੍ਹਾਂ ਮਿਸਟਰ ਪੀਡੀ ਨੂੰ ਕਤਲ ਕੀਤਾ ਸੀ। ਮੈਂ ਇਹਨਾਂ ਖਤਾਂ ਨੂੰ ਕੇਵਲ ਮਖੌਲ ਸਮਝਦਾ ਹਾਂ ਪਰ ਸੀ. ਆਈ. ਡੀ. ਇਹਨਾਂ ਨੂੰ ਬੜੀ ਵਿਸ਼ੇਸ਼ਤਾ ਦਿੰਦੀ ਹੈ। ਉਹਨਾਂ ਦਾ ਬਿਆਨ ਹੈ ਕਿ ਇਹਨਾਂ ਖਤਾਂ ਦੇ ਦਸਖਤ ਉਹਨਾਂ ਕਈ ਧਮਕੀ ਭਰਪੂਰ ਖਤਾਂ ਨਾਲ ਮਿਲਦੇ ਹਨ ਜੋ ਮਿਸਟਰ ਪੈਡੀ ਨੂੰ ਆਇਆ ਕਰਦੇ ਸਨ। ਅਜ ਸਾਰੇ ਸ਼ਹਿਰ ਵਿਚ ਇਨਕਲਾਬ ਪਸੰਦ ਪਾਰਟੀ ਵਲੋਂ ਖੁਫੀਆ ਪੋਸਟਰ ਲਾਏ ਗਏ ਹਨ ਜਿਨ੍ਹਾਂ ਵਿਚ ਨੌਜਵਾਨਾਂ ਨੂੰ ਮਿ: ਦਨੇਸ਼ ਗੁਪਤਾ ਦੀ ਮੌਤ ਦਾ ਬਦਲਾ ਲੈਣ ਲਈ ਵੰਗਾਰਿਆ ਗਿਆ ਹੈ। ਦਨੇਸ਼ ਗੁਪਤਾ ਨੇ ਮਿਸਟਰ ਗਾਰੰਗ ਨੂੰ ਕਤਲ ਕੀਤਾ ਸੀ। ਇਹਨਾਂ ਪੋਸਟਰਾਂ ਵਿਚੋਂ ਇਕ ਅੰਗ੍ਰੇਜ਼ੀ ਵਿਚ ਹੈ ਜਿਸ ਦਾ ਸਿਰਲੇਖ ਹੈ-

"ਖੂਨ ਦਾ ਬਦਲਾ ਖੂਨ !"

ਵਲਾਇਤੀ ਮਾਲ ਦਾ ਬਾਈਕਾਟ ਐਨਾ ਸਖਤ ਹੈ ਕਿ ਮੈਨੂੰ ਸ਼ਹਿਰ ਵਿਚ ਸਿਗਰਟਾਂ ਦਾ ਇਕ ਡਬਾ ਤੀਕ ਨਹੀਂ ਮਿਲ ਸਕਦਾ। ਇਨਕਲਾਬ ਪਸੰਦ ਲੋਕ ਹੋਰ ਵਾਰਦਾਤਾਂ ਕਰਨ ਵਾਲੇ ਹਨ। ਹੁਣ ਇਹਨਾਂ ਦੀਆਂ ਧਮਕੀਆਂ ਬਾਰੇ ਵਧੀਕ ਲਾ ਪ੍ਰਵਾਹੀ ਨਹੀਂ ਕੀਤੀ ਜਾ ਸਕਦੀ। ਜੋ ਕੁਛ ਵੀ ਹੋਵੇ ਕਿਸੇ ਯੂਰਪੀਨ ਨੂੰ ਕਿਸੇ ਹਾਲਤ ਵਿਚ ਵੀ ਖਤਰੇ ਤੋਂ ਘਬਰਾਉਣਾ ਨਹੀਂ ਚਾਹੀਦਾ, ਇਹ ਖਤ ਸ਼ਾਇਦ ਮੇਰਾ ਆਖਰੀ ਖਤ ਹੋਵੇ। ਆਸ ਹੈ ਆਪ ਛੇਤੀ ਜਵਾਬ ਦਿਓਗੇ।"

[ਪੁਸਤਕ "ਨੇਤਾ ਜੀ" ਵਿਚੋਂ

## ਜਲਾਵਤਨੀ

ਇਹੋ ਜਿਹੀ ਹਾਲਤ ਸੀ ਉਸ ਵੇਲੇ ਬੰਗਾਲ ਦੀ ਜਦੋਂ ਸੁਭਾਸ਼ ਬਾਬੂ ਸਿਉਨੀ ਜੇਲ (ਸੀ. ਪੀ.) ਵਿਚ ਕੈਦ ਕਟ ਰਹੇ ਸਨ। ਸਿਉਨੀ ਵਿਚ ਹੀ ਆਪ ਦੀ ਸਿਹਤ ਵਿਗੜ ਗਈ ਤੇ ਆਪ ਦਾ ਵਜ਼ਨ ੩੮ ਪੌਂਡ ਘਟ ਹੋ ਗਿਆ। ਸਿਉਨੀ ਤੋਂ ਆਪ ਨੂੰ ਮਦਰਾਸ ਜੇਲ ਵਿਚ ਤਬਦੀਲ ਕੀਤਾ ਗਿਆ ਪਰ ਆਪ ਦੀ ਸਿਹਤ ਉਥੇ ਵੀ ਠੀਕ ਨ ਹੋਈ।

੧੫ ਅਗਸਤ ਨੂੰ ਲੈਫਟੀਨੈਂਟ ਕਰਨਲ ਸਰਿਜਨ ਅਤੇ ਡਾਕਟਰ ਗੁਰੂ ਸਵਾਮੀ ਮਚਲਿਆਰ ਨੇ ਸੁਭਾਸ਼ ਬਾਬੂ ਦਾ ਤਿਬੀ ਮੁਆਇਨਾ ਕਰ ਕੇ ਦਸਿਆ ਕਿ ਆਪ ਨੂੰ ਤਪਦਿਕ ਦੀ ਸ਼ਕਾਇਤ ਹੋ ਗਈ ਹੈ ਜਿਸ ਤੇ ਮਦਰਾਸ ਸਰਕਾਰ ਨੇ ਸਰਕਾਰ ਹਿੰਦ ਪਾਸ ਆਪ ਦੀ ਰਿਹਾਈ ਦੀ ਸਿਫਾਰਸ਼ ਕਰ ਦਿਤੀ। ਫੇਰ ਸਰ ਬੀ. ਸੀ. ਰਾਏ ਤੇ ਸਰ ਨੀਲ ਰਤਨ ਸਰਕਾਰ ਨੇ ਵੀ ਹਕੂਮਤ ਨੂੰ ਇਹੋ ਸਲਾਹ ਦਿਤੀ ਕਿ ਆਪ ਨੂੰ ਯੂਰਪ ਦੇ ਕਿਸੇ ਸੈਨੀਟੋਰੀਅਮ ਵਿਚ ਭੇਜਿਆ ਜਾਏ। ਸਰਕਾਰ ਨੇ ਆਪ ਨੂੰ ਭਵਾਲੀ ਸੈਨੀਟੋਰੀਅਮ ਵਿਚ ਭੇਜ ਦਿਤਾ। ਇਥੋਂ ਲਖਨਊ ਤਬਦੀਲ ਕੀਤਾ ਗਿਆ। ਜਦ ਇਥੇ ਵੀ ਕੋਈ ਫਾਇਦਾ

ਨ ਹੋਇਆ ਤਦ ਆਪ ਨੂੰ ਯੂਰਪ ਭੇਜਨ ਦਾ ਸਰਕਾਰ ਹਿੰਦ ਨੇ ਫੈਸਲਾਂ ਕਰ ਲਿਆ। ਆਪ ਨੂੰ ਜਬਲਪੁਰ ਦੇ ਰਸਤੇ ਬੰਬਈ ਭੇਜ ਦਿਤਾ ਗਿਆ ਜਿਥੋਂ ਆਪ ਜਹਾਜ਼ ਵਿਚ ਸਵਾਰ ਹੋ ਕੇ ਯੂਰਪ ਰਵਾਨਾ ਹ ਗਏ। ਜਹਾਜ਼ ਵਿਚ ਆਪ ਨੂੰ ਖਬਰ ਦਿਤੀ ਗਈ ਕਿ ਆਪ ਉਪਰੋਂ ਸਭ ਪਾਬੰ-ਦੀਆਂ ਹਟਾ ਲਈਆਂ ਗਈਆਂ ਹਨ ਤੇ ਆਪ ਆਜ਼ਾਦ ਹੋ।

ਇਸ ਤਰ੍ਹਾਂ ਇਸ ਭਾਰਤ ਸਪੂਤ ਨੂੰ ਜਬਰੀ ਜਲਾਵਨੀ ਕਬੂਲ ਕਰਨੀ ਪਈ। ਭਾਵੇਂ ਆਪ ਉਤੋਂ ਰੈਗੂਲੇਸ਼ਨ ੩ ਦੀ ਪਾਬੰਦੀ ਵਾਪਸ ਲੈ ਲਈ ਗਈ ਸੀ ਪਰ ਪੂਰੀ ਸੁਤੰਤਰਤਾ ਆਪ ਨੂੰ ਫੇਰ ਨ ਦਿਤੀ ਗਈ। ਜਰਮਨੀ ਅਤੇ ਅਮਰੀਕਾ ਵਿਚ ਆਪ ਨੂੰ ਜਾਣਦੀ ਬੰਦਸ਼ ਬ੍ਰਾਬਰ ਕਾਇਮ ਰਖੀ ਗਈ ਜਿਹਾ ਕਿ ਸਰ ਸੈਮੂਅਲ ਹੋਅਰ ਦੇ ਉਸ ਬਿਆਨ ਤੋਂ ਸਪਸ਼ਟ ਹੈ ਜੋ ਆਪ ਨੇ ਲੋਕ ਸਭਾ ਵਿਚ ਦਿਤਾ ਸੀ। ਆਪ ਨੇ ਦਸਿਆ ਸੀ ਕਿ ਸ੍ਰੀ ਯੁਤ ਸੁਭਾਸ਼ ਬੋਸ ਕੇਵਲ ਅਸਟਰੀਆ, ਇਟਲੀ, ਫਰਾਂਸ ਤੇ ਸਵਿਟਜ਼ਰ ਲੈਂਡ ਦੀ ਹੀ ਜਾ ਸਕਦੇ ਹਨ ਹੋਰ ਦੂਜੇ ਦੇਸ਼ਾਂ ਵਿਚ ਨਹੀਂ, ਇਸ ਤਰ੍ਹਾਂ ਕਰਕੇ ਆਪ ਨੇ ਇਸ ਭਗਤ ਉਪਰ ਇੰਗਲੈਂਡ ਵਿਚ ਜਾਣ ਦੀ ਵੀ ਪਾਬੰਦੀ ਲਾ ਦਿਤੀ। ਆਪ ਨੇ ਰਵਾਨਗੀ ਤੋਂ ਪਹਿਲੇ ਇਕ ਮਿਤ੍ਰ ਨੂੰ ਇਸ ਬੰਦਸ਼ ਬਾਰੇ ਲਿਖ ਕੇ ਪ੍ਰੋਟੈਸਟ ਵੀ ਕੀਤਾ ਸੀ।

ਸ੍ਰੀ ਯੁਤ ਸੁਭਾਸ਼ ਹਿੰਦੁਸਤਾਨ ਤੋਂ ਸਿਧੇ ਆਸਟਰੀਆ ਦੀ ਰਾਜਧਾਨੀ ਵੀਆਨਾ ਪਹੁੰਚੇ ਅਤੇ ਉਥੇ ਹੀ ਉਹਨਾਂ ਨੇ ਆਪਣਾ ਇਲਾਜ ਸ਼ੁਰੂ ਕੀਤਾ। ਆਸਟਰੀਆ ਵਿਚ ਉਨ੍ਹੀਂ ਦਿਨੀਂ ਰੀਪਬਲਿਕ ਕਿਸਮ ਦਾ ਰਾਜ ਸੀ ਜੋ ਡਾਕਟਰ ਡਾਲਫਸ ਦੀ ਚਾਂਸਲਰੀ ਹੇਠ ਬੜੀ ਕਾਮਯਾਬੀ ਨਾਲ ਚਲ ਰਿਹਾ ਸੀ। ਉਹਨਾਂ ਨੇ ਆਪਣੀ ੧੨ ਸਾਲਾ ਹਕੂਮਤ ਦੇ ਦੌਰਾਨ ਵਿਚ ਇਸ ਸ਼ਹਿਰ ਨੂੰ ਦੁਨੀਆ ਦਾ ਸਭ ਤੋਂ ਸੁੰਦਰ ਸ਼ਹਿਰ ਬਣਾ ਦਿਤਾ ਸੀ। ਸੁਭਾਸ਼ ਬਾਬੂ ਵੀ ਕਲਕਤੇ ਨੂੰ ਹਿੰਦੁਸਤਾਨ ਦਾ ਵੀਆਨਾ ਬਨਾਉਣਾ ਚਾਹੁੰਦੇ ਸਨ ਇਸ ਲਈ ਆਪ ਨੇ ਵੀਆਨਾ ਦੇ ਮੇਅਰ ਨਾਲ ਮੁਲਾਕਾਤ ਕੀਤੀ ਤੇ ਸਭ ਤ੍ਰੀਕਾ

ਮਲੂਮ ਕੀਤਾ । ਉਹਨਾਂ ਦਿਨਾਂ ਵਿਚ ਹੀ ਵੀਆਨੇ ਵਿਚ ਵਿਜੇ ਪ੍ਰੇਡ ਹੋਈ ਜੋ ਤੁਰਕਾਂ ਉਤੇ ਫਤਹ ਪਾਉਣ ਦੀ ਯਾਦ ਵਿਚ ਮਨਾਈ ਜਾਂਦੀ ਹੈ ਉਸ ਨੂੰ ਵੇਖ ਕੇ ਆਪ ਬੜੇ ਪ੍ਰਸੰਨ ਹੋਏ।

ਇਤਿਫਾਕ ਦੀ ਗਲ ਜਦ ਆਪ ਵੀਆਨਾ ਗਏ ਤਦ ਹਿੰਦੁਸਤਾਨ ਦੇ ਪ੍ਰਸਿਧ ਦੇਸ਼ ਭਗਤ ਸ੍ਰੀ ਯੁਤ ਵੀ. ਜੇ. ਪਟੇਲ (ਪ੍ਰੈਜ਼ੀਡੈਂਟ ਸੈਂਟਰਲ ਅਸੈਂਬਲੀ) ਵੀ ਇਲਾਜ ਲਈ ਓਥੇ ਗਏ ਹੋਏ ਸਨ । ਸੁਭਾਸ਼ ਬਾਬੂ ਨੇ ਉਹਨਾਂ ਨਾਲ ਮੁਲਾਕਾਤ ਕੀਤੀ ਅਤੇ ਦੋਵਾਂ ਹਿੰਦੀ ਲੀਡਰਾਂ ਨੇ ਇਕੋ ਥਾਂ ਰਿਹਾਇਸ਼ ਧਾਰਨ ਕਰ ਲਈ। ਇਸ ਵੇਲੇ ਤੀਕ ਸੁਭਾਸ਼ ਬਾਬੂ ਦੀ ਸਿਹਤ ਵੀ ਬਹੁਤ ਕੁਛ ਦਰੁਸਤ ਹੋ ਚੁਕੀ ਸੀ । ਦੋਵਾਂ ਦਾ ਸੁਭਾਵ ਤੇ ਮੰਤਵ ਇਕ ਦੂਜੇ ਨਾਲ ਮਿਲਦਾ ਜੁਲਦਾ ਸੀ। ਦੋਵੇਂ ਹਿੰਦੁਸਤਾਨ ਦੇ ਕੇਸ ਨੂੰ ਗ਼ੈਰ ਮੁਲਕਾਂ ਵਿਚ ਪ੍ਰਚਾਰਨਾ ਚਾਹੁੰਦੇ ਸਨ ਤੇ ਕਾਂਗਰਸ ਵਿਚਲੇ ਪਿਛਾਂਹ ਖਿਚੂ ਭਾਗ ਦੇ ਵਿਰੋਧੀ ਸਨ। ਸ੍ਰੀ ਯੁਤ ਪਟੇਲ ਤੇ ਸੁਭਾਸ਼ ਬਾਬੂ ਇਕ ਦੂਜੇ ਉਤੇ ਕਿਥੋਂ ਤੀਕ ਭਰੋਸਾ ਕਰਦੇ ਸਨ ਇਸ ਦਾ ਸਬੂਤ ਇਸ ਗਲ ਤੋਂ ਲਗ ਜਾਂਦਾ ਹੈ ਕਿ ਸ੍ਰੀ ਪਟੇਲ ਨੇ ਮਰਨ ਤੋਂ ਪਹਿਲੇ ਸੁਭਾਸ਼ ਬਾਬੂ ਨੂੰ ਇਕ ਲਖ ਰੁਪਇਆ ਇਸ ਲਈ ਸਪੁਰਦ ਕੀਤਾ ਕਿ ਉਹ ਇਸ ਨਾਲ ਗੈਰ ਮੁਲਕਾਂ ਵਿਚ ਪ੍ਰਾਪੇਗੰਡਾ ਕਰਾਉਣ ।

ਸੰਨ ੧੯੩੩ ਮਹੀਨਾ ਮਈ ਵਿਚ ਮਹਤਮਾ ਗਾਂਧੀ ਨੇ ਅਛੂਤ ਉਧਾਰ ਦੇ ਨਾਮ ਉਤੇ ਬ੍ਰਤ ਸ਼ੁਰੂ ਕਰਨ ਤੋਂ ਚੰਦ ਘੰਟੇ ਪਹਿਲੇ ਉਹ ਸਿਵਲ ਨ ਫਰਮਾਨੀ ਸ਼ੁਰੂ ਕਰ ਦਿਤੀ ਜੋ ਉਸ ਵੇਲੇ ਦੇਸ ਵਿਚ ਜਾਰੀ ਸੀ । ਅਸਲ ਗਲ ਇਹ ਸੀ ਕਿ ਸਰਕਾਰ ਨੇ ਹਿੰਦੁਸਤਾਨ ਬਾਰੇ ਇਕ ਵਾਈਟ ਪੇਪਰ ਪ੍ਰਕਾਸ਼ਤ ਕਰ ਦਿਤਾ ਸੀ ਜਿਸ ਵਿਚ ਹਿੰਦੁਸਤਾਨ ਦੀ ਆਈਨੀ ਤ੍ਰੱਕੀ ਦਾ ਜ਼ਿਕਰ ਕੀਤਾ ਗਿਆ ਸੀ। ਇਸ ਦੇ ਨਾਲ ਮਹਾਤਮਾ ਗਾਂਧੀ ਨੂੰ ਸੁਲਹ ਦੀ ਗਲ ਬਾਤ ਲਈ ਤਿਆਰ ਕਰ ਲਿਆ ਗਿਆ ਜਿਸ ਕਰ ਕੇ ਉਹਨਾਂ ਸਿਵਲ ਨਾਫਰ-

ਮਾਨੀ ਬੰਦ ਕਰ ਦਿਤੀ ਤਾਂ ਜੁ ਸਰਕਾਰ ਨਾਲ ਸੁਲਹ ਦੀ ਗਲ ਬਾਤ ਸ਼ੁਰੂ ਕੀਤੀ ਜਾ ਸਕੇ। ਇਸ ਵਾਈਟ ਪੇਪਰ ਬਾਰੇ ਸੁਭਾਸ਼ ਬਾਬੂ ਦੇ ਵਿਚਾਰ ਮਲੂਮ ਕਰਨ ਲਈ ਰਾਈਟਰ ਦੇ ਪਤ੍ਰ ਪ੍ਰੇਰਕ ਨੇ ਆਪ ਨਾਲ ਵੀਆਨਾ ਵਿਚ ਮੁਲਾਕਾਤ ਕੀਤੀ ਤਦ ਆਪ ਨੇ ਇਸ ਵਾਈਟ ਪੇਪਰ ਦੀ ਸਖਤ ਵਿਰੋਧਤਾ ਕੀਤੀ ਤੇ ਕਿਹਾ ਅਸੀਂ ਹਿੰਦੁਸ-ਤਾਨੀ ਮਾਮਲਿਆਂ ਵਿਚ ਗੈਰ-ਮੁਲਕੀ ਦਖਲ ਬਰਦਾਸ਼ਤ ਨਹੀਂ ਕਰ ਸਕਦੇ। ਜਦ ਤੀਕ ਸਾਨੂੰ ਮੁਕੰਮਲ ਜ਼ਿੰਮੇਵਾਰੀ ਪ੍ਰਾਪਤ ਨਹੀਂ ਹੁੰਦੀ ਹਿੰਦੁਸਤਾਨ ਵਿਚ ਅਮਨ ਕਾਇਮ ਨਹੀਂ ਹੋ ਸਕਦਾ। ਜਿਸ ਵੇਲੇ ਵੀਆਨਾ ਵਿਚ ਇਲਾਜ ਕਰਾਉਨ ਗਏ ਦੋਵਾਂ ਹਿੰਦੀ ਲੀਡਰਾਂ ਨੇ ਇਹ ਖਬਰ ਪੜ੍ਹੀ ਕਿ ਮਹਾਤਮਾ ਗਾਂਧੀ ਨੇ ਸਿਵਲ ਨਾ-ਫਰਮਾਨੀ ਬੰਦ ਕਰ ਦਿਤੀ ਹੈ ਤਦ ਇਹਨਾਂ ਦੋਵਾਂ ਨੂੰ ਬੜਾ ਦੁਖ ਹੋਇਆ ਜਿਸ ਦਾ ਪਤਾ ਉਸ ਸਾਂਝੇ ਬਿਆਨ ਤੋਂ ਮਿਲਦਾ ਹੈ ਜੋ ਉਹਨਾਂ ਨੇ ਉਥੋਂ ਜਾਰੀ ਕੀਤੀ, ਤੇ ਜਿਸ ਵਿਚ ਦਰਜ ਸੀ:-

"ਸਿਵਲ ਨਾ ਫਰਮਾਨੀ ਬੰਦ ਕਰਨ ਵਾਲੀ ਮਹਾਤਮਾ ਗਾਂਧੀ ਨੇ ਜੋ ਕਾਰਰਵਾਈ ਕੀਤੀ ਹੈ ਉਹ ਇਕ ਤਰ੍ਹਾਂ ਨਾਲ ਆਪਣੀ ਹਾਰ ਦਾ ਇਕਰਾਰ ਹੈ। ਸਾਡੀ ਰਾਏ ਵਿਚ ਬਤੌਰ ਪੁਲੀਟੀਕਲ ਲੀਡਰ ਦੇ ਮਹਾਤਮਾ ਜੀ ਨਾਕਾਮ ਸਾਬਤ ਹੋਏ ਹਨ ਇਸ ਲਈ ਲੋੜ ਹੈ ਕਿ ਨਵੇਂ ਅਸੂਲਾਂ ਤੇ ਨਵੇਂ ਤ੍ਰੀਕਿਆਂ ਉਤੇ ਕਾਂਗਰਸ ਦੀ ਨਵੇਂ ਸਿਰੇ ਜਥੇਬੰਦੀ ਕੀਤੀ ਜਾਏ। ਇਸ ਕੰਮ ਲਈ ਇਕ ਨਵੇਂ ਲੀਡਰ ਦੀ ਡਾਢੀ ਲੋੜ ਹੈ। ਇਸ ਵੇਲੇ ਕਾਂਗਰਸ ਵਿਚ ਇਕ ਐਸੀ ਪਾਰਟੀ ਦੀ ਲੋੜ ਹੈ ਜੋ ਇਨਕਲਾਬੀ ਸ਼ਕਤੀਆਂ ਨੂੰ ਇਕ ਮੁਠ ਕਰ ਸਕੇ।"

ਇਸ ਦੇ ਥੋੜਾ ਚਿਰ ਮਗਰੋਂ ਸੁਭਾਸ਼ ਬਾਬੂ ਦੀ ਸਿਹਤ ਬਹੁਤ ਵਿਗੜ ਗਈ ਜਿਸ ਕਰ ਕੇ ਉਥੋਂ ਦੇ ਡਾਕਟਰਾਂ ਨੇ ਆਪ ਨੂੰ ਜਰਮਨੀ ਜਾ ਕੇ ਇਲਾਜ ਕਰਾਉਨ ਦੀ ਸਲਾਹ ਦਿਤੀ ਜਿਸ ਕਰ ਕੇ ਆਪ ਨੂੰ ਜਰਮਨੀ ਜਾਣ ਦੀ ਖੁਲ੍ਹ ਹੋ ਗਈ ਤੇ ਆਪ ਉਤੇ ਲਾਈ ਪਾਬੰਦੀ

ਹਟਾ ਲਈ ਗਈ। ਜਦ ਆਪ ਵੀਆਨਾ ਤੋਂ ਰਵਾਨਾ ਹੋਣ ਲਗੇ ਤਦ ਉਥੋਂ ਦੀ ਕਾਰਪੋਰੇਸ਼ਨ ਨੇ ਆਪ ਨੂੰ ਐਡਰੈਸ ਪੇਸ਼ ਕੀਤਾ।

ਉਹਨਾਂ ਹੀ ਦਿਨਾਂ ਵਿਚ ਲੰਡਨ ਵਿਚ ਠਹਿਰੇ ਹੋਏ ਹਿੰਦੀਆਂ ਨੇ ਉਥੇ ਇਕ ਪੁਲੀਟੀਕਲ ਕਾਨਫ੍ਰੰਸ ਕਰਨ ਦਾ ਫੈਸਲਾ ਕੀਤਾ। ਕਾਨਫ੍ਰੰਸ ਦੀ ਪ੍ਰਧਾਨਗੀ ਲਈ ਉਹਨਾਂ ਨੇ ਸ੍ਰੀ ਸੁਭਾਸ਼ ਬਾਬੂ ਦਾ ਨਾਮ ਤਜਵੀਜ਼ ਕੀਤਾ ਪਰ ਸਰਕਾਰ ਬਰਤਾਨੀਆਂ ਨੇ ਆਪ ਨੂੰ ਇੰਗਲੈਂਡ ਜਾਣ ਦੀ ਆਗਿਆ ਨ ਦਿਤੀ। ਮਜਬੂਰਨ ਆਪ ਨੂੰ ਆਪਣਾ ਐਡਰਸ ਡਾਕ ਰਾਹੀਂ ਭੇਜਣਾ ਪਿਆ। ਉਸ ਐਡਰੈਸ ਵਿਚ ਆਪ ਨੇ ਮਹਾਤਮਾਂ ਗਾਂਧੀ ਜੀ ਦੇ ਸਿਵਲ ਨਾ ਫਰਮਾਨੀ ਬੰਦ ਕਰਨ ਦੀ ਨਖੇਧੀ ਕਰਨ ਤੋਂ ਛੁਟ ਹਿੰਦੀ ਰਿਆਸਤਾਂ ਨਾਲ ਫੈਡਰੇਸ਼ਨ ਦੀ ਤਜਵੀਜ਼ ਦੀ ਵੀ ਵਿਰੋਧਤਾ ਕੀਤੀ ਸੀ।

ਵੀਆਨਾ ਤੋਂ ਚਲ ਕੇ ਸੁਭਾਸ਼ ਬਾਬੂ ਜਰਮਨੀ ਦੀ ਰਾਜਧਾਨ ਬਰਲਿਨ ਵਿਚ ਪੁਜੇ ਤੇ ਓਥੇ ਆਪ ਦਾ ਇਲਾਜ ਸ਼ੁਰੂ ਹੋਇਆ। ਜਦ ਕੁਛ ਆਰਾਮ ਆਇਆ ਤਦ ਫੇਰ ਆਪ ਨੇ ਸਰਗਰਮੀਆਂ ਤੇਜ਼ ਕਰ ਦਿਤੀਆਂ। ਮਲੂਮ ਐਉਂ ਹੁੰਦਾ ਹੈ ਕਿ ਸੁਭਾਸ਼ ਬਾਬੂ ਦੇ ਦਿਮਾਗ਼ ਉਤੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਨ ਦਾ ਸੌਦਾ ਹਰ ਵੇਲੇ ਸਵਾਰ ਰਹਿੰਦਾ ਸੀ ਤੇ ਇਸ ਸੌਦਾ ਨੇ ਆਪ ਨੂੰ ਸਿਹਤ ਬਹਾਲ ਕਰਨ ਦਾ ਵੀ ਮੌਕਾ ਨਹੀਂ ਦਿਤਾ। ਆਪ ਦੀ ਸਿਹਤ ਦੀ ਖਰਾਬੀ ਦਾ ਕਾਰਨ ਆਪ ਦੀਆਂ ਹਦੋਂ ਟਪੀਆਂ ਸਰਗਰਮੀਆਂ ਵੀ ਸਨ। ਆਪ ਦੇ ਏਸੇ ਜਨੂੰਨ ਨੇ ਆਪ ਨੂੰ ਕਿਸੇ ਥਾਂ ਟਿਕ ਕੇ ਇਲਾਜ ਕਰੌਣ ਤੇ ਅਰਾਮ ਕਰਨ ਤੋਂ ਮਜਬੂਰ ਕਰ ਰਖਿਆ ਸੀ। ਬਰਲਿਨ ਵਿਚ ਥੋੜੀ ਸਿਹਤ ਬਹਾਲ ਹੋਈ ਤਦ ਜਨੇਵਾ ਜਾ ਪਹੁੰਚੇ ਪਰ ਉਥੇ ਵੀ ਰਾਜਸੀ ਸਰਗਰਮੀਆਂ ਸ਼ੁਰੂ ਕਰ ਦਿਤੀਆਂ। ਇਸ ਜਲਾਵਤਨੀ ਦੇ ਦੌਰਾਨ ਵਿਚ ਆਪ ਜਨੇਵਾ ਤੋਂ ਛੁਟ ਰੋਮ, ਮਾਰਸਿਲਜ਼, ਬਲਕਾਨ ਦੀਆਂ ਰਿਆਸਤਾਂ ਆਦਕ ਦੇ ਸਭ ਵਡੇ ਵਡੇ ਯੂਰਪ ਦੇ ਸ਼ਹਿਰ ਗਾਹ ਮਾਰੇ ਸਨ।

ਆਪ ਦੀ ਯੂਰਪ ਯਾਤਰਾ ਸਮੇਂ ਹਿੰਦੁਸਤਾਨ ਵਿਚ ਰਾਜਸੀ ਹਾਲਾਤ ਬੜੀ ਤੇਜ਼ੀ ਨਾਲ ਤਬਦੀਲ ਹੋ ਰਹੇ ਸਨ। ੧੫ ਜੁਲਾਈ ੧੯੩੩ ਨੂੰ ਮਹਾਤਮਾਂ ਗਾਂਧੀ ਨੇ ਵਾਇਸਰਾਏ ਹਿੰਦ ਲਾਰਡ ਵਲਿੰਗ-ਡਨ ਦੇ ਪ੍ਰਾਈਵੇਟ ਸਕੱਤ੍ਰ ਨੂੰ ਲਿਖਿਆ ਕਿ ਸੁਲਹ ਦੀ ਗਲਬਾਤ ਲਈ ਮੈਨੂੰ, ਵਾਇਸਰਾਏ ਨਾਲ ਮੁਲਾਕਾਤ ਦੀ ਆਗਿਆ ਦਿਤੀ ਜਾਏ। ਇਸ ਦੇ ਉਤ੍ਰ ਵਿਚ ਲਾਰਡ ਵਲਿੰਗਡਨ ਨੇ ਆਪ ਨਾਲ ਮੁਲਾਕਾਤ ਕਰਨ ਤੋਂ ਸਾਫ ਇਨਕਾਰ ਕਰ ਦਿਤਾ। ਦੂਜੀ ਤਾਰ ਵਿਚ ਆਪ ਨੇ ਫੇਰ ਮੁਲਾਕਾਤ ਦੀ ਆਗਿਆ ਮੰਗੀ ਪਰ ਵਾਇਸਰਾਏ ਨੇ ਇਹ ਕੋਰਾ ਉਤ੍ਰ ਦਿਤਾ ਕਿ ਜਦ ਤੀਕ ਸਿਵਲ ਨਾ ਫਰਮਾਨੀ ਉਕਾ ਹੀ ਬੰਦ ਨਹੀਂ ਕੀਤੀ ਜਾਂਦੀ ਮੈਂ ਕੋਈ ਗਲ ਸੁਨਣ ਲਈ ਤਿਆਰ ਨਹੀਂ। ਇਸਦੇ ਮਗਰੋਂ ਮਹਾਤਮਾਂ ਜੀ ਨੇ ਸਮੂਹਕ ਸਿਵਲ ਨਾ ਫਰਮਾਨੀ ਵੀ ਬੰਦ ਕਰ ਦਿਤੀ ਪਰ ਸਰਕਾਰ ਦਾ ਦਿਲ ਫੇਰ ਵੀ ਠੰਡਾ ਨਾ ਹੋਇਆ ਤੇ ਉਸ ਨੇ ਆਪ ਨੂੰ ੧ ਅਗਸਤ ਨੂੰ ਗ੍ਰਿਫਤਾਰ ਕਰ ਲਿਆ ਫੇਰ ਆਪ ਨੂੰ ਪੂਨਾ ਮਿਉਨੀਸੀਪਲਟੀ ਦੀ ਹਦ ਵਿਚ ਨਜ਼ਰ ਬੰਦ ਕੀਤਾ ਗਿਆ ਪਰ ਆਪ ਨੇ ਨਜ਼ਰਬੰਦੀ ਕਬੂਲ ਨ ਕੀਤੀ ਜਿਸ ਤੇ ਆਪ ਨੂੰ ਇਕ ਸਾਲ ਲਈ ਜੇਲ ਵਿਚ ਸੁਟ ਦਿਤਾ ਗਿਆ। ਫੇਰ ਜਦ ਆਪ ਨੇ ਜੇਲ ਵਿਚ ਮਰਨ ਬ੍ਰਤ ਰਖਣ ਦੀ ਧਮਕੀ ਦਿਤੀ ਤਦ ਗੌਰਮਿੰਟ ਨੇ ਆਪ ਨੂੰ ਰਿਹਾ ਕਰ ਦਿਤਾ।

ਇਸ ਜਲਾਵਨੀ ਦੇ ਜ਼ਮਾਨੇ ਵਿਚ ਆਪ ਨੇ "ਇੰਡੀਅਨ ਸਟਰਗਲ" ਅਰਥਾਤ ਹਿੰਦੁਸਤਾਨ ਦੀ ਜਦੋ ਜਿਹਦ ਆਜ਼ਾਦੀ ਨਾਮੀ ਪੁਸਤਕ ਲਿਖੀ ਜਿਸ ਨੂੰ ਲੰਡਨ ਦੀ ਇਕ ਅੰਗਰੇਜ਼ ਫਰਮ ਨੇ ਪ੍ਰਕਾਸ਼ਤ ਕੀਤਾ ਸੀ ਪਰ ਹਿੰਦੁਸਤਾਨ ਵਿਚ ਇਸ ਕਿਤਾਬ ਦਾ ਦਾਖਲਾ ਬੰਦ ਰਖਿਆ ਗਿਆ।

ਸੁਭਾਸ਼ ਬੋਸ ਅਜੇ ਯੂਰਪ ਵਿਚ ਜਲਾਵਤਨੀ ਦੀ ਜ਼ਿੰਦਗੀ ਬਿਤਾ ਰਹੇ ਸਨ ਕਿ ਪਿਛੇ ਆਪ ਦੇ ਪੂਜ ਪਿਤਾ ਸਖਤ ਬੀਮਾਰ ਹੋ ਗਏ। ਉਹਨਾਂ ਨੇ ਮੌਤ ਬਿਸਤ੍ਰ ਤੇ ਇਹ ਇਛਾ ਪ੍ਰਗਟ ਕੀਤੀ ਕਿ ਮਰਨ ਤੋਂ

ਪਹਿਲੇ ਉਹ ਆਪਣੇ ਸਪੁਤ੍ਰ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਆਪ ਦੀ ਇਸ ਇਛਾ ਨੂੰ ਮੁਖ ਰਖ ਕੇ ਆਪ ਦੀ ਮਾਤਾ ਨੇ ੨੭ ਨਵੰਬਰ ੧੯੩੪ ਨੂੰ ਵੀਆਨਾ ਦੇ ਪਤੇ ਉਤੇ ਇਕ ਸਮੁੰਦਰੀ ਤਾਰ ਭੇਜਿਆ ਜਿਸ ਵਿਚ ਦਰਜ ਸੀ:-

"ਤੇਰੇ ਪਿਤਾ ਦੀ ਹਾਲਤ ਭੈ ਦਾਇਕ ਹੈ ਇਸ ਲਈ ਸਭ ਤੋਂ ਪਹਿਲੇ ਹਵਾਈ ਜਹਾਜ਼ ਰਾਹੀਂ ਏਥੇ ਪੁਜ।"

ਤਾਰ ਪੁਜਦੇ ਸਾਰ ਆਪ ਆਸਟਰੀਅਨ ਸਰਕਾਰ ਤੋਂ ਪ੍ਰਵਾਨਾ ਰਾਹਦਾਰੀ ਲੈ ਕੇ ਜਹਾਜ਼ ਰਾਹੀਂ ਕਰਾਚੀ ਪੁਜੇ ਪਰ ਆਪ ਦੇ ਪੁਜਨ ਤੋਂ ਪਹਿਲੇ ਹੀ ਆਪ ਦੇ ਪਿਤਾ ਦਾ ਦੇਹਾਂਤ ਹੋ ਚੁਕਾ ਸੀ। ਜਦ ਪਿਤਾ ਦੇ ਦੇਹਾਂਤ ਦੀ ਖਬਰ ਆਪ ਨੂੰ ਸੁਣਾਈ ਗਈ ਤਦ ਆਪ ਦੀਆਂ ਅੱਖਾਂ ਵਿਚ ਹੰਜੂ ਛਲਕ ਆਏ। ਕਰਾਚੀ ਤੋਂ ਆਪ ਕਲਕਤੇ ਪੁਜੇ ਤਦ ਉਥੇ ਗੌਰਮਿੰਟ ਵਲੋਂ ਆਪ ਉਪਰ ਇਕ ਨੋਟਸ ਦੀ ਤਾਮੀਲ ਕਰਾਈ ਗਈ ਜਿਸ ਵਿਚ ਹੇਠ ਲਿਖੀਆਂ ਪਾਬੰਦੀਆਂ ਲਾਈਆਂ ਗਈਆਂ ਸਨ:-

(੧) ਸਿਧੇ ੩੮।੨ ਐਲਗਨ ਰੋਡ ਪਹੁੰਚੋ ਅਤੇ ਦੂਜੇ ਹੁਕਮ ਤੀਕ ਉਥੇ ਹੀ ਰਹੋ।

(੨) ਮਕਾਨ ਤੋਂ ਗੈਰ ਹਾਜ਼ਰ ਨਾ ਰਹੋ ਯਾ ਆਏ ਗਏ ਲੋਕਾਂ ਨਾਲ ਮੁਲਾਕਾਤ ਨ ਕਰੋ।

(੪) ਜਿਹੜੇ ਰਿਸ਼ਤੇਦਾਰ ਮਕਾਨ ਨੰ: ੨੮।੨ ਐਲਗਨ ਰੋਡ ਵਿਚ ਰਹਿੰਦੇ ਹਨ ਉਹਨਾਂ ਤੋਂ ਛੁਟ ਕਿਸੇ ਨਾਲ ਖਤ ਪਤ੍ਰ ਨ ਕਰੇ ਨ ਹੀ ਕਿਸੇ ਹੋਰ ਰਿਸ਼ਤੇਦਾਰ ਨਾਲ ਗਲ ਬਾਤ ਕਰੇ।

(੪) ਸਭ ਕਿਤਾਬਾਂ ਤੇ ਖਤ ਪਤ੍ਰ ਬਿਨਾਂ ਖੋਲੇ ਡਿਪਟੀ ਕਮਿਸ਼ਨਰ ਪੁਲਿਸ ਸਪੈਸ਼ਲ ਬ੍ਰਾਂਚ ਕਲਕੱਤਾ ਦੇ ਹਵਾਲੇ ਕਰੋ। ਇਹ ਖਤ ਪਤ੍ਰ ਭਾਵੇਂ ਸਿਧੀ ਆਪ ਨੂੰ ਮਿਲੇ ਯਾ ਆਪ ਦੇ ਕਿਸੇ ਨੌਕਰ, ਕਿਸੇ ਏਜੰਟ ਯਾ ਕਿਸੇ ਹੋਰਸ ਦੇ ਪਤੇ ਉਤੇ ਹੋਵੇ। ਉਹ ਸਭ ਸੰਬੰਧਤ ਪੁਲਿਸ ਅਫਸਰ ਦੇ ਹਵਾਲੇ ਕੀਤੀ ਜਾਏ।

(੫) ਜਿਸ ਵੇਲੇ ਡਿਪਟੀ ਕਮਿਸ਼ਨਰ ਸਪੈਸ਼ਲ ਬ੍ਰਾਂਚ ਯਾ ਮੈਜਿਸਟ੍ਰੇਟ ਜ਼ਰੂਰੀ ਖਿਆਲ ਕਰਨ ਉਹਨਾਂ ਨੂੰ ਮਕਾਨ ਦੇ ਅੰਦਰ ਜਾਨ ਦੀ ਸਹੂਲਤ ਦੇਓ।

(੬) ਜੇ ਆਪ ਨੇ ਜਾਣ ਬੁਝ ਕੇ ਉਪ੍ਰੋਕਤ ਹਦਾਇਤਾਂ ਵਿਚੋਂ ਕਿਸੇ ਵੀ ਹਦਾਇਤ ਦੀ ਉਲੰਘਣਾ ਕੀਤੀ ਤਦ ਆਪ ਨੂੰ ਸਤ ਸਾਲ ਤੀਕ ਕੈਦ ਅਤੇ ਜੁਰਮਾਨੇ ਦੀ ਸਜ਼ਾ ਦਿਤੀ ਜਾਏਗੀ।

ਅਜੇ ਆਪ ਨੂੰ ਹਿੰਦੁਸਤਾਨ ਵਿਚ ਆਇਆ ਮੁਸ਼ਕਲ ਨਾਲ ਇਕ ਹਫਤਾ ਹੀ ਹੋਇਆ ਸੀ ਕਿ ਸਰਕਾਰ ਨੇ ਆਪ ਨੂੰ ਇਕ ਹੋਰ ਨੋਟਿਸ ਇਸ ਭਾਵ ਦਾ ਭੇਜਿਆ ਕਿ ਆਪ ਨੂੰ ਇਕ ਹਫਤੇ ਤੋਂ ਵਧੀਕ ਹਿੰਦੁਸਤਾਨ ਵਿਚ ਠਹਿਰਨ ਦੀ ਆਗਿਆ ਨਹੀਂ। ਇਸ ਲਈ ਨਿਯਤ ਸਮੇਂ ਦੇ ਅੰਦਰ ਅੰਦਰ ਯੂਰਪ ਰਵਾਨਾ ਹੋ ਜਾਓ। ਸੁਭਾਸ਼ ਬਾਬੂ ਨੇ ਗੌਰਮਿੰਟ ਨੂੰ ਉਤਰ ਦਿਤਾ ਕਿ ਉਹ ਇਕ ਮਹੀਨੇ ਲਈ ਹਿੰਦੁਸਤਾਨ ਵਿਚ ਠਹਿਰਨਗੇ ਅਤੇ ਜਦ ਤੀਕ ਪਿਤਾ ਦਾ ਸਰਾਧ ਨਹੀਂ ਹੋ ਜਾਂਦਾ ਉਹ ਇਹ ਇਥੋਂ ਨਹੀਂ ਜਾਣਗੇ। ਇਸਤੇ ਗੌਰਮਿੰਟ ਨੇ ਆਪ ਨੂੰ ਸ਼ਰਾਧ ਤੀਕ ਠਹਿਰਨ ਦੀ ਆਗਿਆ ਦੇ ਦਿਤੀ।

੧ ਜਨਵਰੀ ਨੂੰ ਆਪ ਦੇ ਪਿਤਾ ਦਾ ਸ਼ਰਾਧ ਸੀ ਇਸ ਲਈ ਕਾਂਗਰਸੀ ਲੀਡਰ ਤੇ ਹੋਰ ਸਜਨ ਭਾਰੀ ਗਿਣਤੀ ਵਿਚ ਆਪ ਦੇ ਮਕਾਨ ਉਤੇ ਪਹੁੰਚੇ ਤੇ ਯੂਰਪ ਤੋਂ ਵਾਪਸੀ ਮਗਰੋਂ ਪਹਿਲੀ ਵਾਰ ਆਪ ਦੇ ਦਰਸ਼ਨ ਕੀਤੇ।

## ਡੀ. ਵਲੇਰਾ ਨਾਲ ਮੁਲਾਕਾਤ

ਸਰਾਧ ਹੋ ਚੁਕਣ ਮਗਰੋਂ ਆਪ ਫੇਰ ਸਿਹਤ ਦੀ ਬਹਾਲੀ ਲਈ ਯੂਰਪ ਰਵਾਨਾ ਹੋ ਗਏ। ਆਪ ਪਹਿਲੇ ਨੇਪਲਜ਼ ਵਿਚ ਉਤਰੇ ਫੇਰ ਉਥੋਂ ਰੋਮ ਗਏ ਤੇ ਇਕ ਹਫਤਾ ਉਥੇ। ਟਿਕੇ ਰੋਮ ਤੋਂ ਚਲ ਕੇ ਆਪ ਵਾਇਨਾ ਪਹੁੰਚੇ ਜਿਥੇ ਆਪ ਦਾ ਫੇਰ ਬਾਕਾਇਦਾ ਇਲਾਜ ਸ਼ੁਰੂ ਹੋ ਗਿਅ।

ਜਿੰਨੀ ਦਿਨੀਂ ਆਪ ਰੋਮ ਗਏ ਉਨ੍ਹਾਂ ਦਿਨਾਂ ਵਿਚ ਅਫਗਾਨਿਸਤਾਨ ਦਾ ਜਲਾਵਤਨ ਬਾਦਸ਼ਾਹ ਅਮਾਨ ਉਲਾ ਖਾਂ ਵੀ ਰੋਮ ਵਿਚ ਹੀ ਸੀ। ਇਸ ਲਈ ਦੋਵਾਂ ਦੀ ਮੁਲਾਕਾਤ ਹੋਈ ਤਦ ਅਫਗਾਨ ਬਾਦਸ਼ਾਹ ਨੇ ਹਿੰਦੁਸਤਾਨ ਦੀ ਪੁਲੀਟੀਕਲ ਹਾਲਤ ਬਾਰੇ ਆਪ ਤੋਂ ਬਹੁਤ ਕੁਛ ਪੁਛ ਕੀਤੀ। ਨਾਲ ਹੀ ਇਨਡੀਅਨ ਨੈਸ਼ਨਲ ਕਾਂਗਰਸ ਬਾਰੇ ਵੀ ਵਾਕਫੀ ਹਾਸਲ ਕੀਤੀ। ਯੂਰਪ ਵਿਚ ਦੂਜੇ ਸਫਰ ਦੇ ਦੌਰਾਨ ਵਿਚ ਆਪ ਡਬਲਿਨ (ਆਇਰਲੈਂਡ) ਵਿਚ ਫਰਵਰੀ ੧੯੩੬ ਨੂੰ ਪਹੁੰਚੇ ਅਤੇ ਉਥੇ ਡੀ ਵਲੇਰਾ ਤੇ ਹੋਰ ਸਰਕਾਰੀ ਕਰਮ ਚਾਰੀਆਂ ਨਾਲ ਮੁਲਾਕਾਤ ਕੀਤੀ। ਡੀ ਵਲੇਰਾ ਨੇ ਆਪ ਨੂੰ ਸਾਰੀ ਆਇਰਸ਼ ਪਾਲਿਸੀ ਖੋਲ੍ਹ ਕੇ ਬਿਆਨ ਕੀਤੀ ਤੇ ਇਹ ਵੀ ਦਸਿਆ ਕਿ ਬਰਤਾਨੀਆਂ ਸੰਬੰਧੀ ਉਹਨਾਂ ਦਾ ਕੀ ਰਵਈਆ ਹੈ। ਸੁਭਾਸ਼ ਬੋਸ ਨੇ ਆਇ੦ਸ਼ ਲੀਡਰ ਨੂੰ ਦਸਿਆ ਕਿ ਹਿੰਦੁਸਤਾਨ ਤੇ ਆਇਰਲੈਂਡ ਦੀ ਹਾਲਤ ਮਿਲਦੀ ਜੁਲਦੀ ਹੈ, ਏਸੇ ਲਈ ਹਿੰਦੀਆਂ ਨੂੰ ਆਇਰਲੈਂਡ ਨਾਲ ਪੂਰੀ ਪੂਰੀ ਹਮਦਰਦੀ ਹੈ। ਸੁਭਾਸ਼ ਬੋਸ ਨੇ ਮੰਗ ਕੀਤੀ ਕਿ ਹਿੰਦੁਸਤਾਨ ਦੇ ਕੁਛ ਵਿਦਿਆਰਥੀਆਂ ਨੂੰ ਆਇਰ ਲੈਂਡ ਆਉਣ ਤੇ ਸਿਖਿਆ ਪ੍ਰਾਪਤ ਕਰਨ ਦੀਆਂ ਸਹੂਲਤਾਂ ਦਿਤੀਆਂ ਜਾਣ। ਡੀ. ਵਲੇਰਾ ਨੇ ਇਸ ਤਜਵੀਜ਼ ਨੂੰ ਪਰਵਾਨ ਕਰ ਲਿਆ।

ਆਇਰ ਲੈਂਡ ਜਾਣ ਤੋਂ ਪਹਿਲੇ ਜਦ ਆਪ ਆਸਟਰੀਆ ਦੇ ਇਕ ਸੈਨੇਟੋਰੀਅਮ ਵਿਚ ਆਰਾਮ ਕਰ ਰਹੇ ਸਨ ਤਦ ਪੰਡਤ ਜਵਾਹਰ ਲਾਲ ਨਹਿਰੂ ਦੀ ਧਰਮ ਪਤਨੀ ਸ੍ਰੀ ਮਤੀ ਕਮਲਾ ਨਹਿਰੂ ਵੀ ਯੂਰਪ ਵਿਚ ਇਲਾਜ ਲਈ ਪਹੁੰਚ ਗਈ। ਜਦ ਆਪ ਦੀ ਹਾਲਤ ਤਸ਼ਵੀਸ਼ ਨਾਕ ਹੋ ਗਈ ਤਦ ਸਰਕਾਰਹਿੰਦ ਨੇ ਪੰਡਤ ਜਵਾਹਰ ਲਾਲ ਨਹਿਰੂ ਨੂੰ ਜੋ ਕੈਦ ਸਨ ਰਿਹਾ ਕਰ ਦਿਤਾ ਤਾਂ ਜੁ ਆਪ ਯੂਰਪ ਜਾ ਕੇ ਆਪਣੀ ਧਰਮ ਪਤਨੀ ਦਾ ਇਲਾਜ ਕਰਾ ਸਕਣ। ਜਦ ਪੰਡਤ ਜਵਾਹਰ ਲਾਲ ਕਮਲਾ ਦਾ ਇਲਾਜ ਕਰਾ ਰਹੇ ਸਨ ਤਦ ਸੁਭਾਸ਼ ਬੋਸ ਖਬਰ ਸੁਰਤ ਲੈਣ ਲਈ ਉਹਨਾਂ ਪਾਸ ਪੁਜੇ

ਇਸ ਤਰ੍ਹਾਂ ਦੋਵਾਂ ਮਹਾਨ ਵਡੇ ਹਿੰਦੀ ਲੀਡਰਾਂ ਦੀ ਮੁਲਾਕਾਤ ਹੋਈ ।

## ਫੇਰ ਵਾਪਸੀ

ਸੰਨ ੧੯੩੬ ਵਿਚ ਇੰਡੀਅਨ ਨੇਸ਼ਨਲ ਕਾਂਗਰਸ ਦਾ ਸਾਲਾਨਾ ਸਮਾਗਮ ਲਖਨਊ ਵਿਚ ਹੋਣ ਵਾਲਾ ਸੀ । ਪੰਡਤ ਜਵਾਹਰ ਲਾਲ ਨਹਿਰੂ ਯੂਰਪ ਤੋਂ ਹਿੰਦੁਸਤਾਨ ਪਹੁੰਚ ਚੁਕੇ ਸਨ । ਆਪ ਇਸ ਕਾਨਫ੍ਰੰਸ ਦੇ ਪ੍ਰਧਾਨ ਚੁਣੇ ਗਏ । ਲੋਕਾਂ ਨੇ ਆਪ ਉਤੇ ਜ਼ੋਰ ਦਿਤਾ ਕਿ ਕਿਸੇ ਤਰ੍ਹਾਂ ਸੁਭਾਸ਼ ਬੋਸ ਨੂੰ ਹਿੰਦੁਸਤਾਨ ਲਿਆਂਦਾ ਜਾਏ ਤਾਂ ਜੁ ਉਹ ਵੀ ਕਾਂਗਰਸ ਵਿਚ ਸ਼ਾਮਲ ਹੋਣ ਅਤੇ ਲੋਕ ਉਹਨਾਂ ਦਾ ਦਰਸ਼ਨ ਕਰ ਸਕਣ । ਪੰਡਤ ਨਹਿਰੂ ਨੇ ਲੋਕਾਂ ਦੀ ਇਸ ਤੀਬਰ ਇਛਾ ਨੂੰ ਸੁਭਾਸ਼ ਬੋਸ ਤੀਕ ਪੁਚਾ ਦਿਤਾ ਅਤੇ ਉਹਨਾਂ ਨੇ ਵੀ ਹਿੰਦੁਸਤਾਨ ਆਉਣ ਲਈ ਰਜ਼ਾਵੰਦੀ ਜ਼ਾਹਰ ਕਰ ਦਿਤੀ । ਪੰਡਤ ਨਹਿਰੂ ਦੀ ਕਾਰਵਾਈ ਦਾ ਇਕ ਕਾਰਨ ਇਹ ਵੀ ਸੀ ਕਿ ਸਰਕਾਰ ਹਿੰਦ ਨੇ ਸੰਟ੍ਰਲ ਅਸੈਂਬਲੀ ਵਿਚ ਇਕ ਪੁਛ ਦੇ ਉਤ੍ਰ ਵਿਚ ਕਹਿ ਦਿਤਾ ਸੀ ਕਿ ਸਰਕਾਰ ਨੂੰ ਸੁਭਾਸ਼ ਬੋਸ ਦੀ ਵਾਪਸੀ ਉਤੇ ਕੋਈ ਇਤਰਾਜ਼ ਨਹੀਂ ਤੇ ਉਹ ਉਹਨਾਂ ਵਿਰੁਧ ਕੋਈ ਕਾਰਵਾਈ ਨਹੀਂ ਕਰੇਗੀ, ਪਰ ਜਦੋਂ ਆਪ ਨੇ ਆਇਰਲੈਂਡ ਵਿਚ ਜਾ ਕੇ ਡੀ. ਵਲੇਰਾ ਨਾਲ ਮੁਲਾਕਾਤ ਕੀਤੀ ਤਦ ਸਰਕਾਰ ਨੇ ਆਪਣਾ ਇਰਾਦਾ ਬਦਲ ਲਿਆ ਅਤੇ ਵਿਯਾਨਾ ਦੇ ਬਰਤਾਨਵੀ ਸਫੀਰ ਮਿਸਟਰ ਜੇ. ਡਬਲਯੂ. ਟਾਇਲਰ ਦੀ ਮਾਰਫਤ ਸੁਭਾਸ਼ ਬਾਬੂ ਨੂੰ ਇਹ ਸੁਨੇਹਾ ਪੁਚਾ ਦਿਤਾ ਕਿ ਜੇ ਸੁਭਾਸ਼ ਬਾਬੂ ਹਿੰਦੁਸਤਾਨ ਵਿਚ ਆਏ ਤਦ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਜਾਇਗਾ । ਸਰਕਾਰ ਹਿੰਦ ਆਪ ਨੂੰ ਹਿੰਦੁਸਤਾਨ ਵਿਚ ਆਉਣ ਦੀ ਕਿਉਂ ਆਗਿਆ ਨਹੀਂ ਸੀ ਦੇਂਦੀ ਇਸ ਗਲ ਨੂੰ ਮਿਸਟਰ ਹੈਲਟ ਹੋਮ ਮੈਂਬਰ ਸਰਕਾਰ ਹਿੰਦ ਨੇ ੨੩ ਮਾਰਚ ੧੯੩੬ ਨੂੰ ਕੇਂਦਰੀ ਅਸੈਂਬਲੀ ਵਿਚ ਬਿਆਨ ਦੇਂਦੇ ਹੋਇ ਐਉਂ ਸਪਸ਼ਟ ਕੀਤਾ ਸੀ ।

"ਜੇ ਸੁਭਾਸ਼ ਬਾਬੂ ਨੂੰ ਹਿੰਦੁਸਤਾਨ ਆਉਣ ਅਤੇ ਏਥੇ ਆ ਕੇ ਆਜ਼ਾਦ ਰਹਿਣ ਦੀ ਆਗਿਆ ਦਿਤੀ ਗਈ ਤਦ ਉਹ ਨ ਕੇਵਲ ਬੰਗਾਲ ਸਗੋਂ ਸਾਰੇ ਹਿੰਦੁਸਤਾਨ ਲਈ ਖਤਰਾ ਸਾਬਤ ਹੋਣਗੇ। ਮਿਸਟਰ ਬੋਸ ਇੰਡੀਅਨ ਸਿਵਲ ਸਰਵਿਸ ਤੋਂ ਅਸਤੀਫਾ ਦੇ ਕੇ ਨਾਮਿਲਵਰਤਨੀਏ ਬਣਾ ਗਏ ਸਨ। ਇਸ ਵੇਲੇ ਉਹ ਨ ਸਿਰਫ ਕਾਂਗਰਸ ਦੇ ਗਰਮ ਧੜੇ ਸਗੋਂ ਇਨਕਲਾਬ ਪਸੰਦਾਂ ਦੇ ਗਰਮ ਧੜੇ ਦੇ ਲੀਡਰ ਹਨ। ਉਹ ਨ ਮਿਲਵਰਤਨ ਲਹਿਰ ਨੂੰ ਇਸ ਲਈ ਪਸੰਦ ਕਰਦੇ ਸਨ ਕਿ ਇਸ ਨਾਲ ਕਾਂਗਰਸ ਆਈਨੀ ਤ੍ਰੀਕਿਆਂ ਨੂੰ ਛਡ ਕੇ ਇਨਕਲਾਬੀ ਢੰਗ ਧਾਰਨ ਕਰ ਲਏਗੀ ਪਰ ਚੌਰਾ ਚੋਰੀ ਦੇ ਹਾਦਸੇ ਮਗਰੋਂ ਜਦ ਇਹ ਲਹਿਰ ਬੰਦ ਕੀਤੀ ਗਈ ਤਦ ਆਪ ਇਸ ਤੋਂ ਨਿਰਾਸ ਹੋ ਗਏ। ਸੁਭਾਸ਼ ਬੋਸ ਨੂੰ ਸੰਨ ੧੯੩੪ ਵਿਚ ਬੰਗਾਲ ਰੈਗੂਲੇਸ਼ਨ ਦੇ ਮਾਤਹਿਤ ਗ੍ਰਿਫ-ਤਾਰ ਕੀਤਾ ਗਿਆ ਤਦ ਜੱਜਾਂ ਨੇ ਫੈਸਲਾ ਦਿਤਾ ਸੀ ਕਿ ਆਪ ਇਨਕਲਾਬੀ ਕਿਸਮ ਦੀ ਸਾਜ਼ਸ਼ ਦੇ ਮੈਂਬਰ ਹਨ ਤੇ ਜੇ ਉਹਨਾਂ ਨੂੰ ਆਜ਼ਾਦ ਛਡ ਦਿਤਾ ਗਿਆ ਤਾਂ ਸਰਕਾਰ ਲਈ ਖਤਰਨਾਕ ਸਾਬਤ ਹੋਣਗੇ। ਖਾਸ ਕਰ ਇਸ ਲਈ ਕਿ ਓਹ ਪਬਲਿਕ ਵਿਚ ਬੜੀ ਵਡੀ ਪੁਜ਼ੀ-ਸ਼ਨ ਦੇ ਮਾਲਕ ਹਨ ਅਤੇ ਨਾਲ ਹੀ ਉਹਨਾਂ ਵਿਚ ਜਨਤਾ ਨੂੰ ਜਥੇਬੰਦ ਕਰਨ ਦੀ ਭਾਰੀ ਯੋਗਤਾ ਹੈ। ਮੈਂ ਮੰਨਦਾ ਹਾਂ ਕਿ ਸੁਭਾਸ਼ ਬੋਸ ਨੌਜਵਾਨ ਸ੍ਰੇਣੀ ਵਿਚ ਬੜੇ ਹਰਮਨ ਪਿਆਰੇ ਹਨ ਪਰ ਇਹੋ ਗਲ ਤੇ ਖਤਰੇ ਵਾਲੀ ਹੈ। ਮਿਸਟਰ ਸੁਭਾਸ਼ ਬੋਸ ਨੇ ਆਤਮ ਸ਼ਕਤੀ ਵਿਚ ਇਕ ਲੇਖ ਪ੍ਰਕਾਸ਼ਤ ਕਰਾ ਕੇ ਨੌਜਵਾਨਾਂ ਤੋਂ ਮੰਗ ਕੀਤੀ ਸੀ ਕਿ ਉਹ ਆਪਣੀਆਂ ਜਾਨਾਂ ਕੁਰਬਾਨ ਕਰ ਦੇਣ। ਪਬਲਿਕ ਸਰਗਰਮੀਆਂ ਤੋਂ ਛੁਟ ਆਪ ਅਸਲ ਵਿਚ ਯਰਕਾਊਆਂ ਨਾਲ ਸਾਜ਼ ਬਾਜ਼ ਰਖਦੇ ਹਨ ਅਤੇ ਉਹਨਾਂ ਨੂੰ ਸਰਕਾਰੀ ਅਫਸਰਾਂ ਦੇ ਕਤਲ ਕਰਨ ਦੀਆਂ ਸਾਜ਼ਸ਼ਾਂ ਦਾ ਪਤਾ ਹੁੰਦਾ ਹੈ।

ਏਸੇ ਤਰ੍ਹਾਂ ਆਪ ਨੇ ਸੁਭਾਸ਼ ਬੋਸ ਦੇ ਜੀਵਨ ਦੀਆਂ ਹੋਰ ਵੀ

ਕਈ ਇਕ ਸਰਗਰਮੀਆਂ ਦਾ ਜ਼ਿਕਰ ਆਪਣੀ ਤਕਰੀਰ ਵਿਚ ਕਰ ਕੇ ਇਹ ਸਾਬਤ ਕੀਤਾ ਕਿ ਆਪ ਖਤਰਨਾਕ ਕਿਸਮ ਦੇ ਲੀਡਰ ਹਨ। ਹਿੰਦੁਸਤਾਨ ਤੋਂ ਛੁਟ ਵਲੈਤ ਵਿਚ ਵੀ ਨਈਂ ਲਾਈ ਗਈ ਪਾਬੰਦੀ ਉਤੇ ਪ੍ਰੋਟੈਸਟ ਕੀਤਾ ਗਿਆ ਤੇ ਪਾਰਲੀਮੈਂਟ ਵਿਚ ਸਵਾਲ ਪੁਛੇ ਗਏ ਪਰ ਗੌਰਮਿੰਟ ਦੀ ਪਾਲਿਸੀ ਵਿਚ ਕੋਈ ਫਰਕ ਨ ਪਿਆ।

ਏਧਰ ਇਹ ਬਹਿਸ ਛਿੜੀ ਹੋਈ ਸੀ ਉਧਰ ਆਪ ਅਪ੍ਰੈਲ ੧੯੩੬ ਵਿਚ ਜਹਾਜ਼ ਵਿਚ ਸਵਾਰ ਹੋ ਕੇ ਹਿੰਦੁਸਤਾਨ ਵਲ ਰਵਾਨਾ ਹੋ ਗਏ। ਆਪ ਦਾ ਜਹਾਜ਼ ੧੫ ਅਪ੍ਰੈਲ ਨੂੰ ਬੰਬਈ ਦੇ ਸਾਹਿਲ ਉਤੇ ਲਗਾ ਤਦ ਆਪ ਨੂੰ ਜਹਾਜ਼ ਤੋਂ ਉਤਰਦੇ ਸਾਰ ਗ੍ਰਿਫਤਾਰ ਕਰ ਕੇ ਰੈਗੂਲੇਸ਼ਨ ੩ (ਦਫਾ ੩) ੧੮੧੮ ਦੇ ਮਾਤਹਿਤ ਨਜ਼ਰਬੰਦ ਕਰ ਕੇ ਯਰਵਦਾ ਜੇਲ ਵਿਚ ਪੁਚਾ ਦਿਤਾ ਗਿਆ। ਰਵਾਨਾ ਹੋਣ ਤੋਂ ਪਹਿਲੇ ਆਪ ਨੇ ਦੇਸ਼ ਵਾਸੀਆਂ ਨੂੰ ਇਹ ਸੁਨੇਹਾ ਦਿਤਾ–"ਆਜ਼ਾਦੀ ਦੇ ਝੰਡੇ ਝੁਲਾਉਂਦੇ ਰਹੋ।"

ਆਪ ਦੀ ਗ੍ਰਿਫਤਾਰੀ ਉਤੇ ਹਿੰਦੁਸਤਾਨ ਅਤੇ ਇੰਗਲੈਂਡ ਦੋਵਾਂ ਮੁਲਕਾਂ ਵਿਚ ਸਖਤ ਐਜੀਟੇਸ਼ਨ ਸ਼ੁਰੂ ਹੋ ਗਈ। ਹਿੰਦੁਸਤਾਨ ਵਿਚ ਕੇਂਦਰੀ ਅਸੈਂਬਲੀ ਵਿਚ ਤਹਿਰੀਕ ਇਲਤਵਾ ਪੇਸ਼ ਕਰਨ ਦੇ ਨੋਟਸ ਮਿਲ ਗਏ। ਕਾਂਗਰਸ ਵਰਕਿੰਗ ਕਮੇਟੀ ਨੇ ਮਤਾ ਪਾਸ ਕਰ ਕੇ ਇਸ ਕਾਰਵਾਈ ਵਿਰੁਧ ਜ਼ਬਰਦਸਤ ਪ੍ਰੋਟੈਸਟ ਕੀਤਾ। ਵਲੈਤ ਵਿਚ ਮਿਸਟਰ ਮੈਕਸਟਨ ਅਤੇ ਮਿਸਟਰ ਕੈਂਬਲ ਸਟੀਫਨ ਡੈਪੂਟੇਸ਼ਨ ਲੈ ਕੇ ਮਿਸਟਰ ਬਟਲਰ ਨੂੰ ਮਿਲੇ ਅਤੇ ਨਾਲ ਹੀ ਪਾਰਲੀਮੈਂਟ ਦੀ ਲੋਕ ਸਭਾ ਵਿਚ ਸੁਭਾਸ਼ ਬਾਬੂ ਦੀ ਆਜ਼ਾਦੀ ਦੀ ਮੰਗ ਕੀਤੀ ਮਤਲਬ ਕੀ ਦੋਵਾਂ ਥਾਵਾਂ ਉਤੇ ਸਰਕਾਰ ਉਤੇ ਬੜਾ ਦਬਾਉ ਪਾਇਆ ਗਿਆ ਜਿਸ ਕਰ ਕੇ ਸਰਕਾਰ ਮਜਬੂਰ ਹੋ ਗਈ ਤੇ ਉਸ ਨੇ ਮਾਰਚ ੧੯੩੭ ਵਿਚ ਸੁਭਾਸ਼ ਬਾਬੂ ਨੂੰ ਰਿਹਾ ਕਰ ਦਿਤਾ।

ਆਪ ਰਿਹਾ ਤੇ ਹੋ ਗਏ ਪਰ ਆਪ ਦੀ ਸਿਹਤ ਠੀਕ ਨ ਹੋਈ ਸਗੋਂ ਜੇਲ ਵਿਚ ਇਹ ਹੋਰ ਵੀ ਵਿਗੜ ਗਈ ਸੀ। ਬਾਹਰ ਆ ਕੇ

ਆਪ ਨੇ ਕੁਕ ਚਿਰ ਆਰਾਮ ਕੀਤਾ ਕਿਉਂਕਿ ਡਾਕਟਰਾਂ ਵਲੋਂ ਆਰਾਮ ਕਰਨ ਲਈ ਸਖਤ ਤਾਕੀਦ ਸੀ । ਜਦ ਆਰਾਮ ਨਾਲ ਵੀ ਆਪ ਦੀ ਸਿਹਤ ਨੂੰ ਲਾਭ ਨ ਪੁਜਾ ਤਦ ਆਪ ਦੇ ਤਿਬੀ ਮਸ਼ੀਰਾਂ ਨੇ ਆਪ ਨੂੰ ਡਲਹੌਜ਼ੀ ਜਾਣ ਦੀ ਸਲਾਹ ਦਿਤੀ। ਆਪ ਸਿਹਤ ਦੀ ਬਹਾਲੀ ਲਈ ਡਲਹੌਜ਼ੀ ਚਲੇ ਗਏ ਜਿਥੇ ਆਪ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਡਲਹੋਜ਼ੀ ਜਾਂਦੇ ਹੋਏ ਆਪ ੧ ਮਈ ੧੯੩੭ ਨੂੰ ਲਾਹੌਰ ਪੁਜੇ ਤਦ ਰੇਲਵੇ ਸਟੇਸ਼ਨ ਉਤੇ ਲੱਖਾਂ ਲੋਕਾਂ ਨੇ ਆਪ ਦੇ ਦਰਸ਼ਨ ਕੀਤੇ ਤੇ ਹਾਰਦਿਕ ਸੁਵਾਗਤ ਕੀਤਾ । ਏਥੇ ਆਪ ਕੁਛ ਚਿਰ ਲਈ ਡਾਕਟਰ ਧਰਮ ਵੀਰ ਦੀ ਕੋਠੀ ਉਤੇ ਠਹਿਰੇ। ਫੇਰ ਇਥੋਂ ਆਪ ਡਲਹੌਜ਼ੀ ਤਸ਼ਰੀਫ ਲੇ ਗਏ । ਡਲਹੌਜ਼ੀ ਵਿਚ ਵੀ ਸੀ. ਆਈ. ਡੀ. ਦੀਆਂ ਸਰਗਰਮੀਆਂ ਬਦਸਤੂਰ ਜਾਰੀ ਰਹੀਆਂ ਇਥੋਂ ਤੀਕ ਕਿ ਆਪ ਦੀ ਡਾਕ ਵੀ ਸੈਂਸਰ ਕਰ ਲਈ ਜਾਂਦੀ ਸੀ। ਜਿਸ ਦੇ ਵਿਰੁਧ ਆਪ ਨੇ ਪ੍ਰੋਟੈਸਟ ਕੀਤਾ । ਅੰਤ ਪ ਮਹੀਨੇ ਡਲਹੌਜ਼ੀ ਵਿਚ ਰਹਿਣ ਮਗਰੋਂ ਆਪ ਅਕਤੂਬਰ ੧੯੩੭ ਵਿਚ ਕਲਕਤੇ ਵਾਪਸ ਤਸ਼ਰੀਫ ਲੈ ਗਏ। ਆਪ ਦੀ ਸਿਹਤ ਕੁਛ ਐਸੀ ਵਿਗੜੀ ਕਿ ਠੀਕ ਹੋਣ ਵਿਚ ਨ ਆਈ। ਜਿਸ ਦਾ ਕਾਰਨ ਆਪ ਦੀਆਂ ਹਦ ਤੋਂ ਵਧੀਆਂ ਹੋਈਆਂ ਸਰਗਰਮੀਆਂ ਸਨ । ਨਵੰਬਰ ਵਿਚ ਆਪ ਦੀ ਸਿਹਤ ਫੇਰ ਵਿਗੜਨੀ ਸ਼ੁਰੂ ਹੋਈ ਜਿਸ ਕਰ ਕੇ ਆਪ ਨੂੰ ਸਿਹਤ ਦੀ ਬਹਾਲੀ ਲਈ ਫੇਰ ਯੂਰਪ ਜਾਣਾ ਪਿਆ । ਇਸ ਵਾਰ ਆਪ ਦੀ ਰਵਾਨਗੀ ਮਜਬੂਰੀ ਨਹੀਂ ਸੀ ਸਗੋਂ ਅਖ਼ਤਿਆਰੀ ਸੀ । ਜਦ ਆਪ ਜਨਵਰੀ ਵਿਚ ਲੰਡਨ ਤਸ਼ਰੀਫ ਲੈ ਗਏ ਤਦ ਓਥੇ ਆਪ ਦਾ ਬੜਾ ਹੀ ਸ਼ਾਨਦਾਰ ਸਵਾਗਤ ਕੀਤਾ ਗਿਆ।

# ੪.

## ਰਾਸ਼ਟਰ ਪਤੀ

ਅਜੇ ਆਪ ਲੰਡਨ ਵਿਚ ਹੀ ਸਨ ਕਿ ਆਲ ਇੰਡੀਆ ਕਾਂਗਰਸ ਦਾ ੫੧ਵਾਂ ਸਾਲਾਨਾ ਇਜਲਾਸ ਹਰੀ ਪੁਰ ਸਿਰ ਉਤੇ ਆ ਗਿਆ । ਸੰਨ ੧੯੩੮ ਵਿਚ ਹਰੀਪੁਰ ਅੰਦਰ ਹੋਣ ਵਾਲੀ ਕਾਂਗਰਸ ਦੀ ਪ੍ਰਧਾਨਗੀ ਲਈ ੪ ਨਾਮ ਪੇਸ਼ ਹੋਏ । ਸ੍ਰੀ ਸੁਭਾਸ਼ ਬੋਸ, ਪੰਡਤ ਜਵਾਹਰ ਲਾਲ ਨਹਿਰੂ, ਖਾਨ ਅਬਦੁਲ ਗੁੱਫਾਰ ਖਾਂ ਅਤੇ ਮੌਲਾਨਾ ਅਬੁਲ ਕਲਾਮ ਆਜ਼ਾਦ । ਇਹ ਚਾਰੇ ਹੀ ਸਜਨ ਹਿੰਦੀ ਕੌਮੀਅਤ ਦੇ ਚਮਕਦੇ ਸਿਤਾਰੇ ਸਨ । ਹਰ ਇਕ ਨੇ ਆਪਣਾ ਸਰਵਸਵ ਭਾਰਤ ਮਾਤਾ ਦੀ ਆਜ਼ਾਦੀ ਲਈ ਕੁਰਬਾਨ ਕਰ ਰਖਿਆ ਸੀ । ਇਸ ਗਲ ਦੇ ਬਾਵਜੂਦ ਸਾਰੇ ਉਮੈਦ ਵਾਰ ਮਹਿਸੂਸ ਕਰਦੇ ਸਨ ਕਿ ਇਸ ਵਾਰ ਪ੍ਰਧਾਨਗੀ ਦਾ ਤਾਜ ਸ੍ਰੀ ਯੁਤ ਸੁਭਾਸ਼ ਬੋਸ਼ ਨੂੰ ਮਿਲਣਾ ਚਾਹੀਦਾ ਹੈ ਕਿਉਂਕਿ ਆਪ ਨੂੰ ਦੇਸ਼ ਪਿਆਰ

ਹਿਤ ਲਗਾਤਾਰ ਜੋ ਕੁਰਬਾਨੀਆਂ ਕਰਨੀਆਂ ਪਈਆਂ ਹਨ ਉਹਨਾਂ ਦਾ ਬਦਲਾ ਇਹੋ ਹੋ ਸਕਦਾ ਹੈ ਕਿ ਹਿੰਦੁਸਤਾਨ ਦੀ ਕੌਮੀ ਪਾਰਲੀਮੈਂਟ ਦੀ ਪ੍ਰਧਾਨਗੀ ਉਨ੍ਹਾਂ ਦੇ ਸਪੁਰਦ ਕੀਤੀ ਜਾਏ । ਸਭ ਉਮੈਦਵਾਰ ਆਪ ਦੀਆਂ ਕੁਰਬਾਨੀਆਂ ਨੂੰ ਮੁਖ ਰਖ ਕੇ ਆਪ ਦੇ ਹਕ ਵਿਚ ਰਿਟਾਇਰ ਹੋ ਗਏ ਅਤੇ ਇਸ ਤਰ੍ਹਾਂ ਆਪ ਨੂੰ ਬਿਲਾ ਮੁਕਾਬਲਾ ਇੰਡੀਅਨ ਨੈਸ਼ਨਲ ਕਾਂਗਰਸ ਦੇ ਹਰੀਪੁਰ ਸਮਾਗਮ ੧੯੩੮ ਲਈ ਪ੍ਰਧਾਨ ਚੁਣਿਆ ਗਿਆ। ਇਕ ਗਲ ਹੋਰ ਵੀ ਹੈ ਉਹ ਇਹ ਕਿ ਇਸ ਵੇਲੇ ਸੁਭਾਸ਼ ਬਾਬੂ ਨੌਜਵਾਨਾਂ ਵਿਚ ਬੜੇ ਹਰਮਨ ਪਿਆਰੇ ਲੀਡਰ ਬਣ ਚੁਕੇ ਸਨ । ਆਪ ਦੀ ਹਰ ਦਿਲ ਅਜੀਜ਼ੀ ਅਤੇ ਗਰਮਾ ਗਰਮ ਸੁਭਾਓ ਤੋਂ ਕਾਂਗਰਸ ਹਾਈ ਕਮਾਨ ਨੂੰ ਇਹ ਡਰ ਵੀ ਪੈਦਾ ਹੋ ਚੁਕਾ ਸੀ ਕਿ ਆਪ ਕਾਂਗਰਸ ਦੇ ਵਿਰੁਧ ਕੋਈ ਹੋਰ ਅਗਾਂਹ ਵਧੂ ਪਾਰਟੀ ਖੜੀ ਨ ਕਰ ਦੇਣ । ਜੇ ਐਸਾ ਹੋਇਆ ਤਦ ਕਾਂਗਰਸ ਲਿਬਰਲਾਂ ਵਾਂਗ ਪਿਛਾਂਹ ਖਿਚੂ ਜਥੇਬੰਦੀ ਬਣ ਕੇ ਰਹਿ ਜਾਏਗੀ। ਏਸੇ ਖਿਆਲ ਨੇ ਕਾਂਗਰਸੀ ਹਲਕਿਆਂ ਨੂੰ ਆਪ ਦੇ ਪ੍ਰਧਾਨ ਬਣਾਏ ਜਾਣ ਦੀ ਪ੍ਰੇਰਨਾ ਦਿਤੀ ਸੀ । ਇਸ ਵੇਲੇ ਆਪ ਦੀ ਸੇਹਤ ਭਾਵੇਂ ਤਸਲੀ ਬਖਸ਼ ਨਹੀਂ ਸੀ ਤੇ ਆਪ ਸਿਹਤ ਦੀ ਬਹਾਲੀ ਲਈ ਹੀ ਯੂਰਪ ਗਏ ਹੋਏ ਸਨ ਇਸ ਗਲ ਦੇ ਬਾਵਜੂਦ ਆਪ ਨੇ ਦੇਸ਼ ਦੇ ਫੈਸਲੇ ਨੂੰ ਸਿਰ ਮਥੇ ਉਤੇ ਧਾਰਨ ਕੀਤਾ ਅਤੇ ਕਾਂਗਰਸ ਦੀ ਪ੍ਰਧਾਨਗੀ ਦੀ ਮਹਾਨ ਕਠਨ ਸੇਵਾ ਦਾ ਭਾਰ ਆਪਣੇ ਮੋਢਿਆਂ ਉਤੇ ਰਖ ਲਿਆ। ਆਪ ਦੀ ਹਰਦਿਲ ਅਜ਼ੀਜ਼ੀ ਅਤੇ ਅਸਰ ਰਸੂਖ ਦਾ ਅੰਦਾਜ਼ਾ ਏਸੇ ਗਲੋਂ ਲਗ ਸਕਦਾ ਹੈ ਕਿ ਆਪ ਵਲੈਤ ਵਿਚ ਬੈਠੇ ਸਿਹਤ ਬਹਾਲ ਕਰ ਰਹੇ ਸਨ ਪਰ ਦੇਸ਼ ਵਾਸੀਆਂ ਨੇ ਆਪ ਨੂੰ ਆਪ ਤੋਂ ਆਪ ਕਾਂਗਰਸ ਦਾ ਪ੍ਰਧਾਨ ਚੁਣ ਲਿਆ ।ਅਪ ੧੪ ਜਨਵਰੀ ੧੯੩੮ ਨੂੰ ਵਲੈਤੋਂ ਹਵਾਈ ਜਹਾਜ਼ ਰਾਹੀਂ ਕਰਾਚੀ ਪਹੁੰਚੇ ਤਦ ਆਪ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਏਸੇ ਹਵਾਈ ਜਹਾਜ਼ ਰਾਹੀਂ ਆਪ ਕਲਕਤੇ ਪੁਜੇ, ਉਥੇ ਵੀ ਸ਼ਾਨਦਾਰ ਸਵਾਗਤ ਹੋਇਆ ।

ਹਰੀਪੁਰ ਵਿਚ ਦਰਿਆ ਤਾਪਤੀ ਦੇ ਕਿਨਾਰੇ ਕਾਂਗਰਸ ਲਈ ਇਕ ਨਵਾਂ ਹੀ ਨਗਰ ਵਿਠਲ ਨਗਰ ਦੇ ਨਾਮ ਨਾਲ ਵਸ ਗਿਆ ਸੀ। ਇਹ ਨਗਰ ਸੈਂਟਰਲ ਅਸੈਂਬਲੀ ਦੇ ਸੁਵਰਗੀ ਪ੍ਰਧਾਨ ਸ੍ਰੀ ਯੁਤ ਵਿਠੁਲ ਭਾਈ ਪਟੇਲ ਦੀ ਯਾਦ ਵਿਚ ਵਸਾਇਆ ਗਿਆ ਸੀ। ਹਰੀ ਪੁਰ ਦੀ ਸਵਾਗਤ ਕਮੇਟੀ ਨੇ ਇਸ ਸਮਾਗਮ ਵਿਚ ਇਹ ਨਵੀਨਤਾ ਪੈਦਾ ਕੀਤੀ ਕਿ ਕਾਂਗਰਸ ਦੇ ੫੧ਵੇਂ ਸਮਾਗਮ ਦੇ ਨਾਤੇ ਪੰਡਾਲ ਲਈ ੫੧ ਦਰਵਾਜ਼ੇ ਤਿਆਰ ਕੀਤੇ, ੫੧ ਕੌਮੀ ਝੰਡੇ ਲਹਿਰਾਏ, ਪ੍ਰਧਾਨ ਜੀ ਦੀ ਸਵਾਰੀ ਲਈ ਜੋ ਰਥ ਤਿਆਰ ਕੀਤਾ ਗਿਆ ਉਸ ਨੂੰ ਖਿਚਣ ਲਈ ੫੧ ਬੈਲ ਲਾਏ ਗਏ ਅਤੇ ਸਮਾਗਮ ਵਿਚ ੫੧ ਹੀ ਕੌਮੀ ਗੀਤ ਗਾਏ ਗਏ ਸਨ। ਕਾਂਗਰਸ ਨਗਰ ਬੜੀ ਯੋਗਤਾ ਨਾਲ ਸਜਾਇਆ ਗਿਆ ਸੀ ਤੇ ਉਹ ਸਚ ਮੁਚ ਦਾ ਸ਼ਹਿਰ ਨਜ਼ਰ ਆ ਰਿਹਾ ਸੀ। ਦੇਸ਼ ਦੇ ਕੋਨੇ ਕੋਨੇ ਤੋਂ ਕਾਂਗਰਸੀ ਨੇਤਾ ਤੇ ਸੇਵਕ, ਡੈਲੀਗੇਟ ਤੇ ਵਿਜ਼ੇਟਰ ਹਜ਼ਾਰਾਂ ਦੀ ਸੰਖਿਆ ਵਿਚ ਪਹੁੰਚੇ ਹੋਏ ਸਨ। ਮਹਾਤਮਾ ਗਾਂਧੀ ਦੀ ਜਿਹੜੀ ਕੁਟੀਆ ਬਣਾਈ ਗਈ ਉਸ ਉਤੇ ਸਭ ਤੋਂ ਉਚਾ ਕੌਮੀ ਝੰਡਾ ਲਾਇਆ ਗਿਆ ਸੀ ਜੋ ਪਰ ਫੈਲਾ ਫੈਲਾ ਕੇ ਹਿੰਦੁਸਤਾਨ ਦੀ ਆਜ਼ਾਦੀ ਦੇ ਦੇਵਤੇ ਦੀ ਰਿਹਾਇਸ਼ ਦਾ ਐਲਾਨ ਕਰ ਰਿਹਾ ਸੀ। ਇਸ ਮੌਕੇ ਉਤੇ ਪ੍ਰਧਾਨ ਜੀ ਦਾ ੫੧ ਬੈਲਾਂ ਵਾਲੇ ਰਥ ਉਤੇ ਜਿਹੜਾ ਅਤਿ ਸ਼ਾਨਦਾਰ ਜਲੂਸ ਨਿਕਲਿਆ ਉਹੋ ਜਿਹਾ ਜਲੂਸ ਕਾਂਗਰਸ ਦੇ ਇਤਿਹਾਸ ਵਿਚ ਕਿਧਰੇ ਨਜ਼ਰ ਨਹੀਂ ਆਉਂਦਾ। ਸਮਾਗਮ ਸ਼ੁਰੂ ਹੋਇਆ ਤਦ ਸਭ ਤੋਂ ਪਹਿਲੇ ਪੰਡਤ ਜਵਾਹਰ ਲਾਲ ਨਹਿਰੂ ਸਾਬਕ ਪ੍ਰੈਜ਼ੀਡੈਂਟ ਨੇ ਪਿਛਲੇ ਸਾਲ ਦੇ ਵਾਕਿਆਤ ਉਤੇ ਸਰਸਰੀ ਨਜ਼ਰ ਮਾਰੀ ਅਤੇ ਆਪ ਦੇ ਮਗਰੋਂ ਸੁਭਾਸ਼ ਬਾਬੂ ਨੂੰ ਪ੍ਰਧਾਨਗੀ ਗੱਦੀ ਉਤੇ ਬਿਰਾਜਮਾਨ ਹੋਣ ਲਈ ਬੇਨਤੀ ਕੀਤੀ। ਬੰਦੇ ਮਾਤਰਮ ਦੇ ਆਕਾਸ਼ ਗੂੰਜਾਊ ਜੈਕਾਰਿਆਂ ਵਿਚਾਲੇ ਆਪ ਨੇ ਪ੍ਰਧਾਨਗੀ ਦੀ ਕੁਰਸੀ ਨੂੰ ਸ਼ਸ਼ੋਭਤ ਕੀਤਾ,

ਜਿਨ੍ਹਾਂ ਹਾਲਾਤ ਵਿਚਾਲੇ ਕਾਂਗਰਸ ਸਮਾਗਮ ਹੋਣ ਵਾਲਾ ਸੀ

ਓਹਨਾਂ ਦਾ ਸੰਖੇਪ ਜਿਹਾ ਵਰਣਨ ਜ਼ਰੂਰੀ ਜਾਪਦਾ ਹੈ। ਇਹ ਉਹ ਸਮਾ ਸੀ ਜਦੋਂ ਹਿੰਦੁਸਤਾਨ ਦੇ ਵਖ ਵਖ ਸੂਬਿਆਂ ਵਿਚ ਸੂਬਕ ਖੁਦਮੁਖਤਿਆਰੀ ਚਾਲੂ ਹੋ ਚੁਕੀ ਸੀ ਅਤੇ ਸਤ ਸੂਬਿਆਂ ਵਿਚ ਕਾਂਗਰਸੀ ਵਜ਼ਾਰਤਾਂ ਕਾਇਮ ਹੋ ਕੇ ਸੂਬਿਆਂ ਦਾ ਰਾਜ ਕਾਜ ਚਲਾ ਰਹੀਆਂ ਸਨ। ਭਾਵੇਂ ਸੂਬਿਆਂ ਵਿਚ ਕਾਂਗਰਸੀ ਹਕੂਮਤਾਂ ਕੰਮ ਕਰ ਰਹੀਆਂ ਸਨ ਫੇਰ ਵੀ ਕੁਛ ਸੂਬਿਆਂ ਵਿਚ ਹਿੰਦੀ ਰਾਜਸੀ ਕੈਦੀ ਰਿਹਾ ਨਹੀਂ ਸਨ ਕੀਤੇ ਗਏ ਅਤੇ ਗਵਰਨਰ ਨੇ ਉਨ੍ਹਾਂ ਦੇ ਕੰਮਾਂ ਵਿਚ ਵੀ ਦਖਲ ਦੇਣਾ ਸ਼ੁਰੂ ਕਰ ਦਿਤਾ ਸੀ। ਰਾਜਸੀ ਕੈਦੀਆਂ ਦੀ ਰਿਹਾਈ ਦੇ ਮਾਮਲੇ ਉਤੇ ਯੂ. ਪੀ. ਤੇ ਬਿਹਾਰ ਦੇ ਕਾਂਗਰਸੀ ਵਜ਼ੀਰ ਆਜ਼ਮਾਂ-ਪੰਡਤ ਗੋਵਿੰਦ ਵਲਭ ਪੰਤ ਅਤੇ ਸ੍ਰੀ ਕ੍ਰਿਸ਼ਨ ਸਿਨਹਾ ਨੇ ਬਤੌਰ ਪ੍ਰੋਟੈਸਟ ਅਸਤੀਫੇ ਗਵਰਨਰਾਂ ਦੇ ਹਵਾਲੇ ਕਰ ਦਿਤੇ। ਇਹਨਾਂ ਦੇ ਅਸਤੀਫਿਆਂ ਦਾ ਮਾਮਲਾ ਕਾਂਗਰਸ ਵਿਚ ਪੇਸ਼ ਹੋਣਾ ਸੀ ਅਤੇ ਬਾਇਆਂ ਬਾਜ਼ੂ (ਗਰਮ ਧੜਾ) ਕਾਂਗਰਸ ਹਾਈ ਕਮਾਂਡ ਅਤੇ ਪਾਰਲੀਮੈਂਟਰੀ ਸਬ ਕਮੇਟੀਆਂ ਤੋਂ ਮੰਗ ਕਰ ਰਿਹਾ ਸੀ ਕਿ ਅਸਤੀਫਿਆਂ ਦੇ ਮਾਮਲੇ ਉਤੇ ਡੈਡਲਾਕ ਪੈਦਾ ਕੀਤਾ ਜਾਏ ਅਤੇ ਬਾਕੀ ਦੇ ਕਾਂਗਰਸੀ ਸੂਬਿਆਂ ਵਿਚ ਵੀ ਕਾਂਗਰਸੀ ਵਜ਼ਾਰਤਾਂ ਅਸਤੀਫੇ ਦੇ ਦੇਣ।

ਇਸ ਤੋਂ ਛੁਟ ਯੂਰਪ ਦੇ ਆਕਾਸ਼ ਮੰਡਲ ਉਤੇ ਜੰਗ ਦੀਆਂ ਘਟਾਂ ਬੜੇ ਜ਼ੋਰ ਨਾਲ ਛਾ ਰਹੀਆਂ ਸਨ। ਹਾਲਾਤ ਵਿਚ ਤਲਖੀ ਤੇ ਗਰਮੀ ਪੈਦਾ ਹੋ ਰਹੀ ਸੀ ਤੇ ਲੋਕ ਮਹਿਸੂਸ ਕਰ ਰਹੇ ਸਨ ਕਿ ਛੇਤੀ ਹੀ ਲੜਾਈ ਛਿੜ ਜਾਏਗੀ। ਸਾਰੇ ਦੇਸ ਲੜਾਈ ਲਈ ਅਤੇ ਬਚਾਓ ਲਈ ਪੂਰੀ ਤੇਜ਼ੀ ਨਾਲ ਰੁਝੇ ਹੋਏ ਸਨ।

ਕਾਂਗਰਸੀ ਵਜ਼ੀਰਾਂ ਤੇ ਗਵਰਨਰ ਜਨਰਲ ਵਿਚਾਲੇ ਡੈਡਲਾਕ ਦਾ ਕਾਰਨ ਇਹ ਸੀ ਕਿ ਕਾਂਗਰਸੀ ਵਜ਼ੀਰ ਇਨਕਲਾਬ ਪਸੰਦ ਕੈਦੀਆਂ ਨੂੰ ਰਿਹਾ ਕਰ ਦੇਣਾ ਚਾਹੁੰਦੇ ਸਨ ਤੇ ਓਹਨਾਂ ਨੇ ਇਸ ਭਾਵ ਦੇ ਹੁਕਮ ਵੀ ਜਾਰੀ ਕਰ ਦਿਤੇ ਪਰ ਗਵਰਨਰ ਜਨਰਲ ਨੇ ਆਪਣੇ

ਖਾਸ ਅਖਤਿਆਰਾਂ ਦੀ ਵਰਤੋਂ ਕਰ ਕੇ ਓਹਨਾਂ ਦੀ ਰਿਹਾਈ ਨੂੰ ਰੋਕ ਦਿਤਾ ਸੀ। ਇਸ ਸਵਾਲ ਨੇ ਬੜੀ ਨਾਜ਼ਕ ਹਾਲਤ ਪੈਦਾ ਕਰ ਦਿਤੀ ਸੀ। ਮਹਾਤਮਾ ਗਾਂਧੀ ਨੇ ਉਦੋਂ ਇਸ ਸਵਾਲ ਬਾਰੇ ਲਿਖਿਆ ਸੀ:-

"ਗਵਰਨਰ ਜਨਰਲ ਦੀ ਕਾਰਰਵਾਈ ਨੇ ਮੈਨੂੰ ਹੈਰਾਨ ਕਰ ਦਿਤਾ ਹੈ। ਮੈਨੂੰ ਸ਼ਕ ਹੋ ਰਿਹਾ ਹੈ ਕਿ ਕਾਂਗਰਸੀ ਵਜ਼ਾਰਤਾਂ ਬਾਰੇ ਬਰਤਾਨਵੀ ਗੌਰਮਿੰਟ ਦੇ ਸਬਰ ਦਾ ਪਿਆਲਾ ਭਰ ਚੁਕਾ ਹੈ। ਮੇਰੀ ਅਤਿਅੰਤ ਇਛਾ ਹੈ ਕਿ ਗਵਰਨਰ ਜਨਰਲ ਆਪਣਾ ਫੈਸਲਾ ਵਾਪਸ ਲੈ ਲਵੇ ਵਰਨਾ ਕੋਈ ਨਹੀਂ ਕਹਿ ਸਕਦਾ ਕਿ ਇਸ ਨਾਜ਼ਕ ਸੂਰਤਿ ਹਾਲਾਤ ਦਾ ਕੀ ਫਲ ਨਿਕਲੇ।"

ਇਸ ਬਾਰੇ ਰਾਸ਼ਟਰ ਪਤੀ ਸੁਭਾਸ਼ ਨੇ ਆਪਣੇ ਵਿਚਾਰ ਐਉਂ ਪ੍ਰਗਟ ਕੀਤੇ ਸਨ:-

"ਗਵਰਨਰ ਜਨਰਲ ਵਲੋਂ ਖਾਸ ਅਖਤਿਆਰਾਂ ਦੀ ਵਰਤੋਂ ਇਹ ਜ਼ਾਹਰ ਕਰਦੀ ਹੈ ਕਿ ਸੂਬਕ ਖ਼ੁਦਮੁਖਤਿਆਰੀ ਨਿਰਾ ਢੌਂਗ ਹੈ ਅਤੇ ਹਕੂਮਤ ਇਹਨਾਂ ਵਜ਼ਾਰਤਾਂ ਦੇ ਉਹਲੇ ਵਿਚ ਆਪਣੀ ਪੁਰਾਣੀ ਪਾਲਿਸੀ ਉਤੇ ਵਰਤੋਂ ਕਰਨ ਦਾ ਇਰਾਦਾ ਧਾਰ ਚੁਕੀ ਹੈ। ਜੇ ਇਸ ਤਰ੍ਹਾਂ ਹੋਣ ਦਿਤਾ ਗਿਆ ਤਦ ਇਹ ਵਜ਼ਾਰਤਾਂ ਕਠਪੁਤਲੀ ਬਣ ਕੇ ਰਹਿ ਜਾਣਗੀਆਂ ਪਰ ਅਸੀਂ ਇਸ ਸਵਾਲ ਉਤੇ ਝੁਕਣ ਲਈ ਤਿਆਰ ਨਹੀਂ। ਬਿਹਾਰ ਅਤੇ ਯੂ. ਪੀ. ਵਿਚ ਜੋ ਡੈਡਲਾਕ ਪੈਦਾ ਹੋਇਆ ਹੈ ਉਹ ਕੇਵਲ ਉਹਨਾਂ ਸੂਬਿਆਂ ਨਾਲ ਹੀ ਸੰਬੰਧਤ ਨਹੀਂ ਸਗੋਂ ਇਕ ਬਹੁਤ ਵਡੀ ਹਿੰਦੁਸਤਾਨ ਗੀਰ ਜਦੋ ਜਿਹਦ ਦਾ ਪੇਸ਼ ਖੇਮਾ ਸਾਬਤ ਹੋਵੇਗਾ।"

ਇਹਨਾਂ ਦੋਵਾਂ ਮਹਾਨ ਵਡੇ ਹਿੰਦੀ ਲੀਡਰਾਂ ਦੀ ਤਾੜਨਾ ਦਾ ਖਾਤਰ ਖਾਹ ਫਲ ਨਿਕਲਿਆ ਅਤੇ ਸਰਕਾਰ ਹਿੰਦ ਝੁਕ ਗਈ। ਉਸ ਨੇ ਇਨਕਲਾਬੀ ਕੈਦੀਆਂ ਦੀ ਰਿਹਾਈ ਪਰਵਾਨ ਕਰਨ ਦੇ ਨਾਲ ਹੀ ਇਹ ਯਕੀਨ ਦਵਾਇਆ ਕਿ ਉਹ ਅਗੋਂ ਕਾਂਗਰਸੀ ਵਜ਼ਾਰਤਾਂ ਦੀ ਕਾਰਵਾਈ ਵਿਚ ਕੋਈ ਦਖਲ ਨਹਾਂ ਦੇਵੇਗੀ। ਇਸ ਦਾ ਸਿਟਾ ਇਹ ਨਿਕਲਿਆ ਕਿ

ਡੈਡਲਾਕ ਖਤਮ ਹੋ ਗਿਆ ਤੇ ਵਜ਼ਾਰਤਾਂ ਨੇ ਕੰਮ ਸੰਭਾਲ ਲਿਆ।

ਇਹੋ ਜਿਹੇ ਹਾਲਾਤ ਵਿਚਾਲੇ ਹਰੀਪੁਰ ਕਾਂਗਰਸ ਸ਼ੁਰੂ ਹੋਈ ਸੀ। ੧੯ ਫਰਵਰੀ ਨੂੰ ਸਵੇਰੇ ਵਿਠਲ ਨਗਰ ਦੇ ਝੰਡਾ ਚੌਕ ਵਿਚ ਲੱਖਾਂ ਲੋਕਾਂ ਦੀ ਮੌਜੂਦਗੀ ਵਿਚ ਸ੍ਰੀ ਸੁਭਾਸ਼ ਬੋਸ ਨੇ ਕੋਮੀ ਝੰਡਾ ਲਹਿਰਾਇਆ। ਇਸ ਦੇ ਮਗਰੋਂ ਕਾਂਗਰਸ ਦਾ ਖੁਲ੍ਹਾ ਸਮਾਗਮ ਸ਼ੁਰੂ ਹੋਇਆ। ਸਭ ਤੋਂ ਪਹਿਲੇ ਮਹਾਤਮਾ ਗਾਂਧੀ ਜੀ ਜਦ ਕਾਰ ਤੋਂ ਉਤਰੇ ਤਦ ਸੁਭਾਸ਼ ਬੋਸ ਨੇ ਅਗੇ ਵਧ ਕੇ ਮਹਾਤਮਾ ਜੀ ਨੂੰ ਆਪਣੀ ਬਾਂਹ ਦਾ ਸਹਾਰਾ ਦਿਤਾ ਅਤੇ ਉਹਨਾਂ ਨੂੰ ਪੌੜੀਆਂ ਉਤੇ ਚੜ੍ਹਾਇਆ। ਮਲੂਮ ਹੁੰਦਾ ਸੀ ਅਹਿੰਸਾ ਅਤੇ ਸ਼ਾਂਤਮਈ ਦੇ ਆਦਰਸ਼ ਨੂੰ ਜਵਾਨ ਇਨਕਲਾਬੀ ਬਾਂਹ ਦਾ ਸਹਾਰਾ ਦੇ ਕੇ ਆਜ਼ਾਦੀ ਦੀਆਂ ਪੌੜੀਆਂ ਉਪਰ ਚੜ੍ਹਾ ਰਿਹਾ ਹੈ।

ਖੁਲ੍ਹਾ ਸਮਾਗਮ ਸ਼ੁਰੂ ਹੋਣ ਉਤੇ ਬੰਦੇ ਮਾਤ੍ਰਮ ਦੇ ਗੀਤਾਂ ਮਗਰੋਂ ਦਰਬਾਰ ਗੋਪਾਲ ਦਾਸ ਚੇਅਰਮੈਨ ਸਵਾਗਤ ਕਮੇਟੀ ਨੇ ਕਾਂਗਰਸ ਸਮਾ-ਗਮ ਦੇ ਸਭਾ ਪਤੀ ਅਤੇ ਵਿਜ਼ਿਟਰਾਂ ਆਦ ਦਾ ਧੰਨਵਾਦ ਕੀਤਾ। ਆਪ ਨੇ ਸੰਖੇਪ ਜਿਹੀ ਅਸਰਦਾਰ ਤਕਰੀਰ ਕੀਤੀ। ਆਪ ਨੇ ਕਾਂਗਰਸ ਪ੍ਰਧਾਨ ਅਤੇ ੧੯੨੧ ਦੇ ਪ੍ਰੋਗਰਾਮ ਉਪਰ ਪੂਰਾ ਨਿਸਚਾ ਜ਼ਾਹਰ ਕੀਤਾ ਤੇ ਕਿਹਾ ਕਿ ਮੈਂ ਪੁਲੀਟੀਕਲ ਯਾ ਦੂਜੀ ਕਿਸਮ ਦੀ ਤਕਰੀਰ ਨਹੀਂ ਕਰਾਂਗਾ। ਪੁਲੀਟੀਕਲ ਪ੍ਰੋਗਰਾਮ ਦਾ ਐਲਾਨ ਰਾਸ਼ਟਰ ਪਤੀ ਕਰਨਗੇ, ਮੇਰੇ ਜ਼ਿੰਮੇ ਕੇਵਲ ਇਹੋ ਫਰਜ਼ ਹੈ ਕਿ ਮੈਂ ਗੁਜਰਾਤ ਵਲੋਂ ਆਪ ਸਭ ਦਾ ਸਵਾਗਤ ਕਰਾਂ। ਆਪ ਨੇ ਦਸਿਆ ਸਾਨੂੰ ਇਕ ਇਹੋ ਜਿਹਾ ਪ੍ਰਧਾਨ ਪ੍ਰਾਪਤ ਕਰਨ ਦੀ ਖੁਸ਼ਕਿਸਮਤੀ ਹਾਸਲ ਹੋਈ ਹੈ ਜਿਸ ਦਾ ਸਾਰੇ ਦਾ ਸਾਰਾ ਜੀਵਨ ਹੀ ਸੇਵਾ ਤੇ ਕੁਰਬਾਨੀਆਂ ਦਾ ਨਾ ਟੁਟਣ ਵਾਲਾ ਰਿਕਾਰਡ ਹੈ। ਇਹਨਾਂ ਦੀ ਸੂਝ ਭਰੀ ਅਗਵਾਈ ਪ੍ਰਮਾਤਮਾ ਕਰੇ ਸਾਨੂੰ ਆਜ਼ਾਦੀ ਦੇ ਮੰਦਰ ਦੇ ਹੋਰ ਨੇੜੇ ਲੈ ਜਾਏ।

ਆਪ ਦੇ ਸਵਾਗਤੀ ਐਡਰੈਸ ਮਗਰੋਂ ਰਾਸ਼ਟਰ ਪਤੀ ਸੁਭਾਸ਼ ਨੇ

ਆਪਣਾ ਪ੍ਰਧਾਨਗੀ ਐਡਰੈਸ ਪੜ੍ਹ ਕੇ ਸੁਣਾਇਆ, ਜਿਸ ਦੇ ਜ਼ਰੂਰੀ ਭਾਗ ਹੇਠ ਦਰਜ ਹਨ :–

"ਸਾਡੀ ਕੌਮੀ ਜਦੋ ਜਿਹਦ ਵਿਚ ਨੌਜਵਾਨਾਂ ਨੇ ਜੋ ਸ਼ਾਨਦਾਰ ਹਿੱਸਾ ਪਾਇਆ ਹੈ ਉਸ ਦੇ ਬਗੈਰ ਅਜ ਅਸੀ ਤ੍ਰੱਕੀ ਦੀ ਇਸ ਉੱਚੀ ਟੀਸੀ ਉਤੇ ਨਹੀਂ ਸਾਂ ਪਹੁੰਚ ਸਕਦੇ । ਮੈਂ ਹੋਰ ਕੋਈ ਗਲ ਕਹਿਣ ਤੋਂ ਪਹਿਲੇ ਉਹਨਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਦੇਸ ਦੀ ਸੇਵਾ ਵਿਚ ਆਪਣੀਆਂ ਵਡਮੁਲੀਆਂ ਜਾਨਾਂ ਨਿਓਛਾਵਰ ਕਰ ਦਿਤੀਆਂ ਹਨ ।

ਇਸ ਸੰਬੰਧ ਵਿਚ ਉਹਨਾਂ ਸ਼ਹੀਦਾਂ ਦਾ ਖਾਸ ਤੌਰ ਉਤੇ ਜ਼ਿਕਰ ਕਰਨਾ ਚਾਹੁੰਦਾ ਹਾਂ ਜਿਹੜੇ ਜੇਲਾਂ, ਕੈਂਪਾਂ ਯਾ ਨਜ਼ਰਬੰਦੀ ਦੇ ਦੌਰਾਨ ਵਿਚ ਸੁਵਰਗਵਾਸ ਹੋਏ । ਸੰਸਾਰ ਦਾ ਇਤਿਹਾਸ ਦਸਦਾ ਹੈ ਕਿ ਸੰਸਾਰ ਵਿਚ ਕਈ ਰਾਜ ਕਾਇਮ ਹੋਏ, ਤ੍ਰੱਕੀ ਦੀ ਟੀਸੀ ਉਤੇ ਅਪੜੇ ਅਤੇ ਫੇਰ ਗੁਮਨਾਮੀ ਦੀ ਖਡ ਵਿਚ ਜਾ ਪਏ । ਇਥੋਂ ਤੀਕ ਕਿ ਉਹਨਾਂ ਦਾ ਨਾਮ ਨਿਸ਼ਾਨ ਤੀਕ ਇਸ ਦੁਨੀਆ ਤੋਂ ਮਿਟ ਗਿਆ । ਪੁਰਾਤਨ ਸਮੇਂ ਦੇ ਰੋਮਨ ਰਾਜ ਦੀ ਮਿਸਾਲ ਸਾਡੇ ਸਾਮ੍ਹਣੇ ਹੈ । ਦੂਰ ਕੀ ਜਾਣਾ ਹੈ ਏਥੇ ਸਾਡੇ ਆਪਣੇ ਦੇਸ ਵਿਚ ਮੌਰੀਆ, ਗੁਪਤ ਅਤੇ ਮੁਗਲ ਰਾਜ ਵੀ ਉਪ੍ਰੋਤ ਪ੍ਰਕ੍ਰਿਤੀ ਦੇ ਨਿਯਮ ਤੋਂ ਨ ਬਚ ਸਕੇ । ਇਤਿਹਾਸ ਦੇ ਉਪ੍ਰੋਕਤ ਵਾਕਿਆਤ ਤੋਂ ਕੀ ਕੋਈ ਕਹਿ ਸਕਦਾ ਹੈ ਕਿ ਬਰਤਾਨਵੀ ਸਲਤਨਤ ਕਾਨੂੰਨ ਕੁਦਰਤ ਦੇ ਉਪ੍ਰੋਕਤ ਕਾਨੂੰਨ ਦੀ ਮਾਰ ਤੋਂ ਬਚ ਜਾਏਗੀ ? ਜ਼ਾਰ ਦਾ ਰਾਜ ੧੯੧੭ ਵਿਚ ਖ਼ਤਮ ਹੋ ਗਿਆ ਪਰ ਉਸ ਦੇ ਖੋਲਿਆਂ ਉਤੇ ਸੋਵੀਅਟ ਸੋਸ਼ਲਿਸਟ ਰੀਪਬਲਕ ਕਾਇਮ ਹੋ ਗਈ । ਬਰਤਾਨੀਆਂ ਨੂੰ ਚਾਹੀਦਾ ਹੈ ਕਿ ਉਹ ਇਤਿਹਾਸ ਤੋਂ ਸਿਖਿਆ ਲਵੇ ਵਰਨਾ ਉਸ ਦੀ ਸਲਤਨਤ ਦਾ ਵੀ ਉਹੋ ਅੰਤ ਹੋਵੇਗਾ ਜੋ ਦੂਜਿਆਂ ਦਾ ਹੋ ਚੁਕਾ ਹੈ ।

ਬਰਤਾਨਵੀ ਰਾਜ ਇਕ ਵਚਿਤ੍ਰ ਕਿਸਮ ਦਾ ਚੂੰ ਚੂੰ ਦਾ ਮੁਰੱਬਾ

ਹੈ। ਆਈਨੀ ਤ੍ਰੀਕੇ ਅਤੇ ਮਨੁਖਾ ਦਿਮਾਗ ਕੁਝ ਸਮੇਂ ਤੀਕ ਤੇ ਇਸ ਜੂੰ ਜੂੰ ਦੇ ਮੁਰਬੇ ਨੂੰ ਕਾਇਮ ਰਖ ਸਕਦੇ ਹਨ ਪਰ ਸਦਾ ਲਈ ਐਸਾ ਨਹੀਂ ਹੋ ਸਕਦਾ। ਜੇ ਅੰਦਰੂਨੀ ਮਤ ਭੇਦ ਦੂਰ ਨ ਕੀਤਾ ਗਿਆ ਤਦ ਇਹ ਸਲਤਨਤ ਯਕੀਨੀ ਤੌਰ ਉਤੇ ਆਪਣੇ ਖਿਲਰੇ ਹੋਏ ਸ਼ੀਰਾਜ਼ੇ ਨੂੰ ਕਾਇਮ ਨ ਰਖ ਸਕੇਗੀ। ਇਸ ਲਈ ਸਵਾਲ ਇਹ ਹੈ ਕਿ ਕੀ ਬਰਤਾਨਵੀ ਰਾਜ ਇਕ ਦਲੇਰਾਨਾ ਕਦਮ ਚੁਕ ਕੇ ਆਪਣੇ ਆਪ ਨੂੰ ਆਜ਼ਾਦ ਕੌਮਾਂ ਦੀ ਫੈਡਰੇਸ਼ਨ ਵਿਚ ਤਬਦੀਲ ਕਰਨ ਲਈ ਤਿਆਰ ਹੋ ਜਾਏਗਾ ? ਇਸ ਪ੍ਰਸ਼ਨ ਦਾ ਉਤ੍ਰ ਬਰਤਾਨਵੀ ਨੀਤੀ ਵਾਨਾਂ ਨੂੰ ਦੇਣਾ ਚਾਹੀਦਾ ਹੈ। ਪਰ ਇਕ ਗਲ ਯਕੀਨੀ ਹੈ ਕਿ ਇਹ ਤਬਦੀਲੀ ਕੇਵਲ ਓਸੇ ਦਸ਼ਾ ਵਿਚ ਹੋ ਸਕਦੀ ਹੈ ਜਦ ਬਰਤਾਨਵੀ ਲੋਕ ਆਪਣੇ ਘਰਾਂ ਵਿਚ ਆਜ਼ਾਦ ਹੋਣ ਅਰਥਾਤ ਬਰਤਾਨੀਆ ਇਕ ਸੋਸ਼ਲਿਸਟ ਸਟੇਟ ਬਣ ਜਾਏ। ਬਰਤਾਨੀਆ ਦੀ ਪੂੰਜੀ ਪਤੀ ਹੁਕਮਰਾਨ ਸ੍ਰੇਣੀ ਅਤੇ ਨੌਅਬਾ-ਦੀਆਂ (ਬਸਤੀਆਂ) ਵਿਚਕਾਰ ਇਕ ਐਸਾ ਸੰਬੰਧ ਹੈ ਜੋ ਟੁਟ ਨਹੀਂ ਸਕਦਾ। ਚਿਰ ਹੋਇਆ ਰੂਸ ਦੇ ਜਨਮ ਦਾਤਾ ਲੈਨਿਨ ਨੇ ਆਖਿਆ ਸੀ—"ਬਹੁਤ ਸਾਰੀਆਂ ਕੌਮਾਂ ਦੀਆਂ ਗੁਲਾਮੀ ਨੇ ਬਰਤਾਨੀਆ ਦੇ ਪਿਛਾਂਹ ਖਿਚੂ ਸੁਭਾਉ ਨੂੰ ਪੁਖਤਾ ਕਰ ਦਿਤਾ ਹੈ। ਬਰਤਾਨੀਆ ਦੇ ਵੱਡੇ ਵੱਡੇ ਅਮੀਰਾਂ ਦੀ ਹਸਤੀ ਕੇਵਲ ਇਸ ਕਰ ਕੇ ਕਾਇਮ ਹੈ ਕਿ ਉਹ ਬਸ-ਤੀਆਂ ਤੇ ਸਮੁੰਦਰ ਪਾਰ ਦੇ ਮਾਤਹਿਤ ਇਲਾਕਿਆਂ ਦਾ ਨਾਜ਼ਾਇਜ਼ ਲਾਭ ਉਠਾ ਰਹੇ ਹਨ। ਬਸਤੀਆਂ ਦੀ ਆਜ਼ਾਦੀ ਨਿਰਸੰਦੇਹ ਬਰਤਾ-ਨੀਆ ਦੀਆਂ ਪੂੰਜੀ ਪਤੀ ਹੁਕਮਰਾਨ ਸ੍ਰੇਣੀਆਂ ਲਈ ਮਾਰੂ ਸੱਟ ਸਾਬਤ ਹੋਵੇਗੀ। ਇਸ ਦਾ ਨਤੀਜਾ ਇਹ ਹੋਵੇਗਾ ਕਿ ਬਰਤਾਨੀਆ ਵਿਚ ਬਹੁਤ ਛੇਤੀ ਸੋਸ਼ਲਿਸਟ ਤਰਜ਼ ਦੀ ਹਕੂਮਤ ਕਾਇਮ ਹੋ ਜਾਏਗੀ। ਇਹ ਗਲ ਸਪਸ਼ਟ ਹੈ ਕਿ ਜਦ ਤੀਕ ਬਸਤੀਆਂ ਨੂੰ ਆਜ਼ਾਦੀ ਪ੍ਰਾਪਤ ਨਹੀਂ ਹੁੰਦੀ ਬਰਤਾਨੀਆ ਵਿਚ ਸੋਸ਼ਲਿਸਟ ਦਸਤੂਰ ਕਾਇਮ ਨਹੀਂ ਹੋ ਸਕਦਾ। ਏਸੇ ਲਈ ਆਪ ਲੋਕ ਹਿੰਦੁਸਤਾਨ ਦੀ ਆਜ਼ਾਦੀ ਲਈ ਜਿਹੜੀ ਜਦੋ

ਜਿਹਦ ਕਰ ਰਹੇ ਹੋ ਉਹ ਬਰਤਾਨਵੀ ਸਲਤਨਤ ਦੇ ਦੂਜੇ ਗੁਲਾਮ ਮੁਲਕਾਂ ਅਤੇ ਖੁਦ ਬਰਤਾਨਵੀ ਕੌਮ ਦੀ ਆਰਥਕ ਗੁਲਾਮੀ ਵਿਰੁਧ ਵੀ ਜਦੋ ਜਿਹਦ ਹੈ ।

ਇਹ ਇਕ ਕੌੜੀ ਸਚਾਈ ਹੈ ਕਿ ਹਰ ਸਲਤਨਤ ਦੀ ਨੀਂਹ ਫੂਟ ਪਾਓ ਤੇ ਰਾਜ ਕਰੋ" ਦੀ ਪਾਲਿਸੀ ਉਤੇ ਉਸਾਰੀ ਜਾਂਦੀ ਹੈ। ਪਰ ਜਿਸ ਹੁਸ਼ਿਆਰੀ, ਅਯਾਰੀ ਤੇ ਬਾਕਾਇਦਗੀ ਨਾਲ ਬਰਤਾਨੀਆ ਨੇ ਇਸ ਪਾਲਿਸੀ ਉਤੇ ਵਰਤੋਂ ਕੀਤੀ ਹੈ ਉਸ ਦੀ ਮਿਸਾਲ ਦੁਨਿਆ ਦੇ ਇਤਿਹਾਸ ਵਿਚ ਨਹੀਂ ਮਿਲਦੀ। ਏਸੇ ਪਾਲਿਸੀ ਨੂੰ ਮੁਖ ਰਖ ਕੇ ਆਇਰਸ਼ ਕੌਮ ਨੂੰ ਅਖਤਿਆਰ ਦੇਣ ਤੋਂ ਪਹਿਲੇ ਅਲਸਟਰ ਨੂੰ ਬਾਕੀ ਆਇਰਲੈਂਡ ਤੋਂ ਜੁਦਾ ਕਰ ਦਿਤਾ ਗਿਆ। ਏਸੇ ਤਰ੍ਹਾਂ ਫਲਸਤੀਨ ਨੂੰ ਆਜ਼ਾਦੀ ਦੇਣ ਤੋਂ ਪਹਿਲੇ ਯਹੂਦੀਆਂ ਨੂੰ ਅਰਬਾਂ ਨਾਲੋਂ ਨਖੇੜਿਆ ਜਾ ਰਿਹਾ ਹੈ। ਤਾਕਤ ਦੀ ਤਬਦੀਲੀ ਦੇ ਅਸਰ ਨੂੰ ਜ਼ਾਇਲ ਕਰਨ ਲਈ ਇੰਪੀਰਲਿਸਟਾਂ ਲਈ ਅੰਦਰੂਨੀ ਵੰਡ ਜ਼ਰੂਰੀ ਹੈ। ਵੰਡ ਦਾ ਇਹ ਅਸੂਲ ਹਿੰਦੁਸਤਾਨ ਦੇ ਆਈਨ ਵਿਚ ਇਕ ਹੋਰ ਰੂਪ ਵਿਚ ਪ੍ਰਗਟ ਹੈ। ਏਥੇ ਵਖ ਵਖ ਫ਼ਿਰਕਿਆਂ ਨੂੰ ਵਖ ਵਖ ਕਰਨ ਦਾ ਜਤਨ ਕੀਤਾ ਗਿਆ ਹੈ। ਫੈਡਰਲ ਸਕੀਮ ਵਿਚ ਇਸ ਅਖੌਤ "ਕਹੀਂ ਕੀ ਈਂਟ ਕਹੀਂ ਕਾ ਰੋੜਾ ਭਾਨ ਮਤੀ ਨੇ ਕੁੰਬਾ ਜੋੜਾ" ਅਨੁਸਾਰ ਰਿਆਸਤਾਂ ਦੇ ਵਾਲੀਆਂ ਨੂੰ ਅਤੇ ਬਰਤਾਨਵੀ ਹਿੰਦ ਦੇ ਚੋਣਵੇਂ ਪ੍ਰਤੀਨਿਧਾਂ ਨੂੰ ਇਕਠਾ ਰਖਣ ਦੀ ਜੋ ਕੋਸ਼ਸ਼ ਕੀਤੀ ਗਈ ਹੈ ਇਸ ਦਾ ਕੇਵਲ ਤੇ ਕੇਵਲ ਮਨਸ਼ਾ ਇਹੋ ਹੈ ਕਿ ਹਿੰਦੁਸਤਾਨੀਆਂ ਨੂੰ ਜੋ ਥੋੜੇ ਬਹੁਤ ਅਖਤਿਆਰ ਦਿਤੇ ਜਾਣ ਉਸ ਦੇ ਅਸਰ ਨੂੰ ਜ਼ਾਇਲ ਕਰ ਦਿਤਾ ਜਾਏ।

"ਫੁਟ ਪਾਓ ਤੇ ਰਾਜ ਕਰੋ" ਦੀ ਪਾਲਿਸੀ ਦੇ ਪ੍ਰਗਟ ਤੌਰ ਉਤੇ ਭਾਵੇਂ ਕਈ ਲਾਭ ਹੋਣ ਪਰ ਇਸ ਨੂੰ ਕਿਸੇ ਹਕੂਮਤ ਲਈ ਰਬੀ ਨਿਆ-ਮਤ ਕਰਾਰ ਨਹੀਂ ਦਿਤਾ ਜਾ ਸਕਦਾ। ਇਸ ਨਾਲ ਨਵੀਆਂ ਉਲਝਨਾਂ ਅਤੇ ਪ੍ਰੇਸ਼ਾਨੀਆ ਵੀ ਪੈਦਾ ਹੋ ਜਾਂਦੀਆਂ ਹਨ। ਇਹੋ ਕਾਰਨ ਹੈ ਕਿ

ਬਰਤਾਨੀਆ ਵੀ ਇਸ ਪਾਲਿਸੀ ਦੇ ਪੈਰੋਂ ਪੈਦਾ ਹੋਈਆਂ ਉਲਝਣਾਂ ਵਿਚ ਫ਼ਸ ਗਿਆ ਹੈ। ਉਸ ਦੇ ਸਾਮ੍ਹਣੇ ਇਹ ਸਵਾਲ ਹੈ ਕਿ ਕੀ ਉਹ ਹੁਣ ਹਿੰਦੂਆਂ ਨੂੰ ਖ਼ੁਸ਼ ਕਰੇ ਯਾ ਮੁਸਲਮਾਨਾਂ ਨੂੰ ? ਫਲਸਤੀਨ ਵਿਚ ਅਰਬਾਂ ਦੀ ਰਿਆਇਤ ਕਰੇ ਯਾ ਯਹੂਦੀਆਂ ਦੀ ਅਤੇ ਅਰਾਕ ਵਿਚ ਅਰਬਾਂ ਯਾ ਕੁਰਦਾਂ ਦੀ?......ਮਿਸਰ ਵਿਚ ਕੀ ਉਹ ਸ਼ਾਹ ਦੀ ਹਮਾਇਤ ਕਰੇ ਯਾ ਵਫਦ ਪਾਰਟੀ ਦੀ ? ਇਸ ਤਰ੍ਹਾਂ ਬਰਤਾਨੀਆਂ ਕਈ ਉਲਝਣਾਂ ਵਿਚ ਫਸ ਗਿਆ ਹੈ। ਸਪੇਨ ਦੀ ਖ਼ਾਨਾ ਜੰਗੀ ਵਿਚ ਕਈ ਬਰਤਾਨਵੀ ਨੇਤਾ ਫਰਾਂਕੋ ਦੀ ਹਮਾਇਤ ਉਤੇ ਹਨ ਅਤੇ ਕਈ ਉਸ ਦੇਸ ਦੀ ਕਾਨੂਨੀ ਹਕੂਮਤ ਦੀ ਸਹਾਇਤਾ ਕਰ ਰਹੇ ਹਨ। ਕਈ ਫਰਾਂਸ ਦੀ ਹਮਾਇਤ ਕਰ ਰਹੇ ਹਨ ਅਤੇ ਕਈ ਜਰਮਨੀ ਦੀ। ਕਿਉਂਕਿ ਬਰਤਾਨੀਆ ਦੀ ਗੈਰ ਮੁਲਕੀ ਪਾਲਿਸੀ ਵਿਚ ਮਤਭੇਦ ਹੈ ਇਸ ਲਈ ਉਸ ਦੀ ਸਲਤਨਤ ਦੇ ਵਖ ਵਖ ਹਿਸਿਆਂ ਵਿਚ ਵੀ ਭਿਨ ਭੇਦ ਹੈ। ਦਸੌਰੀ ਵਜ਼ੀਰ ਅਰਬਾਂ ਨੂੰ ਖੁਸ਼ ਕਰਨਾ ਚਾਹੁੰਦਾ ਹੈ ਕਿਉਂਕਿ ਇਸ ਪਾਲਿਸੀ ਦੇ ਰਾਹੀਂ ਧੁਰਪੂਰਬ ਵਿਚ ਸ਼ਹਿਨਸ਼ਾਹੀ ਲਾਭ ਸੁਰਖਿਅਤ ਰਹਿ ਸਕਦੇ ਹਨ। ਇਸ ਦੇ ਉਲਟ ਬਰਤਾਨਵੀ ਕੈਬਨਟ ਯਹੂਦੀਆਂ ਨੂੰ ਖੁਸ਼ ਕਰਨ ਦਾ ਜਤਨ ਕਰ ਰਿਹਾ ਹੈ ਕਿਉਂਕਿ ਉਹ ਵੱਡੇ ਸਰਮਾਏਦਾਰ ਹਨ। ਬਰਤਾਨੀਆ ਇਸ ਕਿਸਮ ਦੇ ਮਤਭੇਦਾਂ ਤੋਂ ਕੇਵਲ ਏਸੇ ਸੂਰਤ ਵਿਚ ਛੁਟਕਾਰਾ ਪਾ ਸਕਦਾ ਹੈ ਕਿ ਉਹ ਆਪਣੀ ਸਲਤਨਤ ਨੂੰ ਆਜ਼ਾਦ ਕੌਮਾਂ ਦੀ ਫੈਡਰੇਸ਼ਨ ਵਿਚ ਤਬਦੀਲ ਕਰ ਦੇਵੇ। ਜੇ ਉਹ ਐਸਾ ਕਰ ਦੇਵੇ ਤਦ ਇਹ ਇਤਿਹਾਸ ਵਿਚ ਬਹੁਤ ਵਡੀ ਕਰਾਮਾਤ ਹੋਵੇਗੀ। ਜੇ ਉਹ ਇਸ ਕੰਮ ਵਿਚ ਅਸਫਲ ਰਿਹਾ ਤਦ ਬਰਤਾਨੀਆਂ ਲਈ ਸਲਤਨਤ ਦੀ ਤੰਟ ਤਾਣੀ ਨੂੰ ਕਾਇਮ ਰਖਣਾ ਅਸੰਭਵ ਹੋ ਜਾਏਗਾ ਅਤੇ ਇਹ ਰੇਤ ਦਾ ਕਿਲਾ ਕਿਸੇ ਦਿਨ ਧੜਾਮ ਕਰਕੇ ਧਰਤੀ ਉਤੇ ਆਨ ਪਟਕੇਗਾ। ਇਕ ਜ਼ਮਾਨਾ ਸੀ ਕਿ ਸਮੁੰਦਰ ਉਤੇ ਬਰਤਾਨੀਆ ਦਾ ਰਾਜ ਸੀ। ਅਠਾਰ੍ਹਵੀ ਤੇ ਉਨ੍ਹੀਵੀਂ ਸਦੀ ਵਿਚ

ਇਸ ਦੇ ਗੈਰ ਮਾਮੂਲੀ ਪ੍ਰਭੁਤਵ ਦਾ ਕਾਰਨ ਸਮੁੰਦਰੀ ਤਾਕਤ ਸੀ। ਪਰ ਵੀਹਵੀਂ ਸਦੀ ਵਿਚ ਬਤੌਰ ਇਕ ਸਲਤਨਤ ਦੇ ਗੈਰ ਮੁਲਕਾਂ ਦੀ ਹਵਾਈ ਬਰਤਰੀ ਬਰਤਾਨੀਆ ਦੇ ਪਤਨ ਦਾ ਕਾਰਨ ਬਣ ਰਹੀ ਹੈ। ਇਹਨਾਂ ਹਾਲਤਾਂ ਵਿਚ ਬਰਤਾਨੀਆਂ ਦੀ ਪੋਜ਼ੀਸ਼ਨ ਹੁਣ ਪਹਿਲੇ ਵਾਂਗ ਸੁਰਖਿਅਤ ਨਹੀਂ ਰਹੀ । ਇਸ ਦੇ ਐਨ ਉਲਟ ਦੁਨੀਆ ਦੀਆਂ ਵਖ ਵਖ ਤਾਕਤਾਂ ਦੀ ਖਹਿ ਮਖਹਿ ਵਿਚਾਲੇ ਹਿੰਦੁਸਤਾਨ ਪਹਿਲੇ ਨਾਲੋਂ ਤਾਕਤਵਰ ਬਣ ਰਿਹਾ ਹੈ। ਸਾਡਾ ਦੇਸ਼ ਬੜਾ ਵਡਾ ਹੈ ਇਸ ਦੀ ਆਬਾਦੀ ੪੦ ਕਰੋੜ ਹੈ ਜੇ ਅਸੀਂ ਇੰਪੀਲਿਜ਼ਮ ਦੇ ਟਾਕਰੇ ਉਤੇ ਸਾਂਝਾ ਤੇ ਮਿਲਵਾਂ ਮੈਦਾਨ ਬਣਾ ਲਈਏ ਤਦ ਸਾਡੀ ਤਾਕਤ ਕਈ ਗੁਣਾਂ ਵਧ ਜਾਏ । ਹਿੰਦੁਸਤਾਨ ਦੇ ਮਿਲਾਪ ਨੂੰ ਮੁਖ ਰਖ ਕੇ ਸਭ ਤੋਂ ਪਹਿਲੀ ਯਾਦ ਰਖਣ ਵਾਲੀ ਇਹ ਗਲ ਹੈ ਕਿ ਬਰਤਾਨਵੀ ਹਿੰਦੁਸਤਾਨ ਅਤੇ ਰਿਆਸਤਾਂ ਦੀ ਵੰਡ ਕੇਵਲ ਬਨਾਉਟੀ ਹੈ । ਹਿੰਦੁਸਤਾਨ ਇਕ ਹੈ ਅਤੇ ਬਰਤਾਨਵੀ ਹਿੰਦ ਅਤੇ ਰਿਆਸਤਾਂ ਦੇ ਲੋਕਾਂ ਦੀਆਂ ਆਸਾਂ ਉਮੈਦਾਂ ਅਤੇ ਇਛਾਵਾਂ ਇਕੋ ਜਿਹੀਆਂ ਹਨ । ਸਾਡਾ ਆਦਰਸ਼ ਆਜ਼ਾਦ ਹਿੰਦੁਸਤਾਨ ਹੈ ਅਤੇ ਇਹ ਮੰਤਵ ਇਕ ਐਸੀ ਫੈਡਰਲ ਹਕੂਮਤ ਨਾਲ ਹੀ ਪ੍ਰਾਪਤ ਹੋ ਸਕਦਾ ਹੈ ਜਿਸ ਵਿਚ ਸੂਬੇ ਅਤੇ ਰਿਆਸਤਾਂ ਆਪਣੀ ਰਜ਼ਾ ਵੰਦੀ ਨਾਲ ਸ਼ਾਮਲ ਹੋਣ। ਰਿਆਸਤਾਂ ਵਿਚ ਜਮਹੂਰੀ ਕਿਸਮ ਦੀ ਹਕੂਮਤ ਦੀ ਕਾਇਮੀ ਲਈ ਰਿਆਸਤੀ ਪਰਜਾ ਦੀ ਲਹਿਰ ਨੂੰ ਕਾਂਗਰਸ ਦੀ ਸਦਾ ਤੋਂ ਹਮਦਰਦੀ ਹਾਸਲ ਰਹੀ ਹੈ । ਸੰਭਵ ਹੈ ਇਸ ਵੇਲੇ ਅਸੀਂ ਐਨੇ ਰੁਝੇ ਹੋਏ ਹੋਵੀਏ ਕਿ ਰਿਆਸਤਾਂ ਦੀ ਪਰਜਾ ਲਈ ਕੁਛ ਨਾ ਕਰ ਸਕੀਏ ਪਰ ਕਾਂਗਰਸ ਵਿਚ ਮੇਰੇ ਵਰਗੇ ਕਈ ਆਦਮੀ ਹਨ ਜੋ ਰਿਆਸਤੀ ਪਰਜਾ ਦੀ ਲਹਿਰ ਵਿਚ ਵਧੀਕ ਸਰਗਰਮੀ ਨਾਲ ਭਾਗ ਲੈਣ ਦੇ ਹਕ ਵਿਚ ਹਨ ।

ਹਿੰਦੁਸਤਾਨ ਦੇ ਇਤਹਾਦ ਲਈ ਘਟ ਗਿਣਤੀਆਂ ਦਾ ਸਵਾਲ

ਬੜਾ ਜ਼ਰੂਰੀ ਹੈ । ਕਾਂਗਰਸ ਨੇ ਕਈ ਵਾਰ ਇਸ ਸਵਾਲ ਉਤੇ ਆਪਣੀ ਪਾਲਿਸੀ ਦਾ ਐਲਾਨ ਕੀਤਾ ਹੈ, ਆਲ ਇੰਡੀਆਂ ਕਾਂਗਰਸ ਕਮੇਟੀ ਨੇ ਅਕਤੂਬਰ ੧੯੪੭ ਦੇ ਸਮਾਗਮ ਵਿਚ ਇਸ ਬਾਰੇ ਹੇਠ ਲਿਖਿਆ ਐਲਾਨ ਕੀਤਾ ਸੀ–"ਘਟ ਗਿਣਤੀਆਂ ਦੇ ਹੱਕਾਂ ਦੀ ਰਖਿਆ ਕਰਨਾ ਕਾਂਗਰਸ ਆਪਣਾ ਫਰਜ਼ ਸਮਝਦੀ ਹੈ। ਇਸ ਤੋਂ ਇਲਾਵਾ ਕਾਂਗਰਸ ਇਹਨਾਂ ਘਟ ਗਿਣਤੀਆਂ ਨੂੰ ਕੌਮ ਦੀ ਰਾਜਸੀ ਅਤੇ ਸਭਿਅਕ ਜ਼ਿੰਦਗੀ ਵਿਚ ਪੂਰੀ ਤਰ੍ਹਾਂ ਹਿਸਾ ਲੈਣ ਅਤੇ ਉਹਨਾਂ ਨੂੰ ਤਰੱਕੀ ਦੇ ਸਾਰੇ ਅਵਸਰ ਦੇਣ ਨੂੰ ਤਿਆਰ ਹੈ। ਕਾਂਗਰਸ ਦਾ ਆਦਰਸ਼ ਸੰਮਲਿਤ ਅਤੇ ਆਜ਼ਾਦ ਹਿੰਦੁਸਤਾਨ ਹੈ । ਜਿਸ ਵਿਚ ਕੋਈ ਜਮਾਤ ਯਾ ਗ੍ਰੋਹ ਯਾ ਬਹੁ-ਗਿਣਤੀ ਅਥਵਾ ਘਟ ਗਿਣਤੀ ਆਪਣੇ ਫਾਇਦੇ ਲਈ ਕਿਸੇ ਦੂਜੇ ਦੇ ਲਾਭ ਨੂੰ ਕੁਰਬਾਨ ਨਾ ਕਰ ਸਕੇ। ਜਿਥੇ ਕੌਮ ਦੇ ਸਾਰੇ ਭਾਗ ਲੋਕਾਂ ਦੀ ਸਾਂਝੀ ਭਲਾਈ ਤੇ ਤਰੱਕੀ ਲਈ ਮਿਲਵਰਤਨ ਕਰਨ ।

ਕਿਉਂ ਕਿ ਇਸ ਸਿਲਸਿਲੇ ਵਿਚ ਕਾਂਗਰਸ ਦੀ ਪਾਲਿਸੀ ਸੰਬੰਧੀ ਗਲਤ ਫਹਿਮੀ ਪੈਦਾ ਕਰਨ ਦਾ ਜਤਨ ਕੀਤਾ ਗਿਆ ਹੈ ਇਸ ਲਈ ਆਲ ਇੰਡੀਆ ਕਾਂਗਰਸ ਕਮੇਟੀ ਇਸ ਪਾਲਿਸੀ ਨੂੰ ਦੁਹਰਾਉਂਦੀ ਹੈ ਜੋ ਕਾਂਗਰਸ ਨੇ ਮੁਢਲੇ ਹੱਕਾਂ ਬਾਰੇ ਆਪਣੇ ਮਤਿਆਂ ਵਿਚ ਦਰਜ ਕੀਤੀ ਹੈ ।

(੧) ਰਾਏ ਦੀ ਆਜ਼ਾਦੀ ਅਤੇ ਆਜ਼ਾਦਾਨਾ ਮੇਲ ਜੋਲ ਦਾ ਹੱਕ, ਸ਼ਾਂਤਮਈ ਤਰੀਕੇ ਨਾਲ ਇਕੱਠਾ ਹੋਣ ਦਾ ਹਕ ਹਿੰਦੁਸਤਾਨ ਦੇ ਹਰ ਸ਼ਹਿਰੀ ਨੂੰ ਹਾਸਲ ਹੋਵੇ । ਪਰ ਸ਼ਰਤ ਇਹ ਕਿ ਕੋਈ ਇਕਠ ਕਿਸੇ ਐਸੇ ਮੰਤਵ ਲਈ ਨਾ ਕੀਤਾ ਜਾਏ ਜਿਹੜਾ ਕਾਨੂੰਨ ਯਾ ਸਦਾਚਾਰ ਦੇ ਵਿਰੁਧ ਹੋਵੇ ।

(੨) ਹਰ ਸ਼ਹਿਰੀ ਨੂੰ ਜ਼ਮੀਰ ਦੀ ਆਜ਼ਾਦੀ ਹੋਵੇਗੀ। ਉਸ ਨੂੰ ਆਪਣੇ ਧਰਮ ਉਤੇ ਆਜ਼ਾਦੀ ਨਾਲ ਅਮਲ ਕਰਨ ਅਤੇ ਉਸ

ਦਾ ਪ੍ਰਚਾਰ ਕਰਨ ਦਾ ਹਕ ਹਾਸਲ ਹੋਵੇਗਾ ਪਰ ਸ਼ਰਤ ਇਹ ਕਿ ਲੋਕ ਦਸਤੂਰ ਅਤੇ ਸਦਾਚਾਰ ਦੇ ਉਲਟ ਕੋਈ ਕਾਰਰਵਾਈ ਨਾ ਕੀਤੀ ਜਾਏ ।

(੩) ਘਟ ਗਿਣਤੀਆਂ ਦੇ ਸਭਿਆਚਾਰ ਜ਼ਬਾਨ ਅਤੇ ਉਹਨਾਂ ਦੀ ਲਿਖਣ ਸ਼ੈਲੀ ਦੀ ਰਖਿਆ ਕੀਤੀ ਜਾਏਗੀ।

(੪) ਕਾਨੂੰਨ ਦੀਆਂ ਨਜ਼ਰਾਂ ਵਿਚ ਸਾਰੇ ਸ਼ਹਿਰੀ ਭਾਵੇਂ ਕੋਈ ਮਜ਼ਹਬ, ਜ਼ਾਤ ਯਾ ਜਿਨਸ ਰਖਦੇ ਹੋਣ ਇਕੋ ਜਹੇ ਹੋਣਗੇ।

(੫) ਸਰਕਾਰੀ ਨੌਕਰੀਆਂ, ਅਹੁਦਿਆਂ ਆਦਿ ਸੰਬੰਧ ਕਿਸੇ ਸ਼ਹਿਰੀ ਉਤੇ ਉਸ ਦੇ ਮਜ਼ਹਬ, ਜ਼ਾਤ ਜਿਨਸ ਕਰ ਕੇ ਕੋਈ ਪਾਬੰਦੀ ਨਹੀਂ ਹੋਵੇਗੀ । ਨਾ ਹੀ ਕੋਈ ਤਜਾਰਤ ਯਾ ਕੋਈ ਪੇਸ਼ਾ ਅਖਤਿਆਰ ਕਰਨ ਉਤੇ ਹੀ ਕੋਈ ਬੰਦਸ਼ ਲਗ ਸਕੇਗੀ।

(੬) ਖੂਹਵਾਂ, ਤਲਾਵਾਂ, ਸੜਕਾਂ, ਸਕੂਲਾਂ ਦੂਜੀਆਂ ਸਰਕਾਰੀ ਥਾਵਾਂ ਬਾਰੇ ਜੋ ਸਰਕਾਰੀ ਖਰਚ ਯਾ ਸਥਾਨਕ ਫੰਡ ਕਾਇਮ ਹਨ ਯਾ ਪ੍ਰਾਈਵੇਟ ਸਜਨਾਂ ਨੇ ਲੋਕ-ਲਾਭ ਹਿਤ ਕਾਇਮ ਕਰ ਰਖੇ ਹਨ ਸਭ ਦੇ ਹਕੂਕ ਅਤੇ ਫਰਜ਼ ਇਕੋ ਜਿਹੇ ਹੋਣਗੇ।

(੭) ਸਟੇਟ ਸਾਰੇ ਮਜ਼ਹਬਾਂ ਬਾਰੇ ਨਿਰਪਖਤਾ ਦੀ ਪਾਲਿਸੀ ਉਤੇ ਵਰਤੋਂ ਕਰੇਗੀ।

(੮) ਸਾਰੇ ਬਾਲਗਾਂ ਨੂੰ ਵੋਟ ਦੇਣ ਦਾ ਹਕ ਹੋਵੇਗਾ।

(੯) ਹਰ ਸ਼ਹਿਰੀ ਨੂੰ ਹਿੰਦੁਸਤਾਨ ਦੇ ਕਿਸੇ ਹਿਸੇ ਵਿਚ ਜਾਣ ਦੀ, ਆਬਾਦ ਹੋਣ ਦੀ, ਜਾਇਦਾਦ ਹਾਸਲ ਕਰਨ ਦੀ ਯਾ ਕੋਈ ਤਜਾਰਤ ਤੇ ਕਾਰੋਬਾਰ ਕਰਨ ਦੀ ਪੂਰੀ ਪੂਰੀ ਆਜ਼ਾਦੀ ਹੋਵੇਗੀ।

ਇਸ ਤੋਂ ਸਪਸ਼ਟ ਹੈ ਕਿ ਕਾਂਗਰਸ ਜਿਥੋਂ ਤੀਕ ਜ਼ਮੀਰ ਮਜ਼ਹਬ ਯਾ ਸਭਿਆਚਾਰ ਦਾ ਸੰਬੰਧ ਹੈ ਕੋਈ ਦਖਲ ਦੇਣਾ ਨਹੀਂ ਚਾਹੁੰਦੀ। ਕਮਿਊਨਲ ਐਵਾਤਡ ਬਾਰੇ ਵੀ ਕਾਂਗਰਸ ਆਪਣਾ ਫੈਸਲਾ ਸਪਸ਼ਟ ਕਰ ਚੁਕੀ ਹੈ । ਅਸੀਂ ਇਸ ਦੇ ਉਲਟ ਹਾਂ, ਕਿਉਂ ਕਿ

ਇਹ ਕੌਮੀਅਤ ਵਿਰੋਧੀ ਅਤੇ ਜਮਹੂਰੀਅਤ ਦੇ ਖਿਲਾਫ ਹੈ। ਨਾਲੇ ਇਹ ਹਿੰਦੁਸਤਾਨ ਦੀ ਆਜ਼ਾਦੀ ਤੇ ਮਿਲਾਪ ਦੇ ਰਾਹ ਵਿਚ ਵੱਡੀ ਰੁਕਾਵਟ ਹੈ। ਪਰ ਕਾਂਗਰਸ ਇਹ ਵੀ ਐਲਾਨ ਕਰ ਚੁਕੀ ਹੈ ਕਿ ਇਸ ਫਿਰਕੂ ਫੈਸਲੇ ਦੀ ਤਬਦੀਲੀ ਯਾ ਇਸ ਦੀ ਮਨਸੂਖੀ ਸੰਬੰਧਤ ਪਾਰਟੀਆਂ ਦੇ ਆਪੋ ਵਿਚਲੇ ਫੈਸਲੇ ਨਾਲ ਹੀ ਕੀਤੀ ਜਾਏਗੀ। ਕਾਂਗਰਸ ਆਪੋ ਵਿਚਲੇ ਸਮਝੌਤੇ ਨਾਲ ਇਸ ਵਿਚ ਤਬਦੀਲੀ ਕਰਨ ਲਈ ਹਰ ਮੌਕੇ ਤੋਂ ਲਾਭ ਉਠੌਣ ਲਈ ਤਿਆਰ ਹੈ ਅਤੇ ਸਦਾ ਇਸਦਾ ਸਵਾਗਤ ਕਰਦੀ ਹੈ।

ਕਾਂਗਰਸ ਦੀ ਇਹ ਇਛਾ ਹੈ ਕਿ ਘਟ ਗਿਣਤੀਆਂ ਸੰਬੰਧੀ ਸਾਰੀਆਂ ਗਲਾਂ ਵਿਚ ਉਹਨਾਂ ਦਾ ਮਿਲਵਰਤਨ ਹਾਸਲ ਕੀਤਾ ਜਾਏ। ਅਤੇ ਸਾਂਝਾ ਆਦਰਸ਼ ਜੋ ਹਿੰਦੁਸਤਾਨ ਦੇ ਸਭ ਲੋਕਾਂ ਦੀ ਆਜ਼ਾਦੀ ਤੇ ਖੁਸ਼ਹਾਲੀ ਹੈ ਦੀ ਪ੍ਰਾਪਤੀ ਵਿਚ ਉਹਨਾਂ ਦਾ ਮਿਲਵਰਤਨ ਹਾਸਲ ਕੀਤਾ ਜਾਏ। ਕੇਵਲ ਸਾਂਝੇ ਰਾਜਸੀ ਤੇ ਆਰਥਕ ਲਾਭਾਂ ਨੂੰ ਮੁਖ ਰਖ ਕੇ ਹੀ ਅਸੀਂ ਫਿਰਕੂ ਵੰਡੀਆਂ ਤੇ ਮਤਭੇਦਾਂ ਨੂੰ ਦੂਰ ਕਰ ਸਕਦੇ ਹਾਂ। ਸਾਡਾ ਮੰਤਵ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਧਾਰਮਕ ਮਾਮਲਿਆਂ ਵਿਚ ਰਵਾਦਾਰੀ ਤੋਂ ਕੰਮ ਲਈਏ ਅਤੇ ਰਾਜਸੀ ਤੇ ਆਰਥਕ ਮਾਮਲਿਆਂ ਵਿਚ ਮਿਲ ਕੇ ਕੰਮ ਕਰੀਏ। ਭਾਵੇਂ ਜਦ ਅਸੀਂ ਘਟ ਗਿਣਤੀਆਂ ਦੇ ਸਵਾਲ ਉਤੇ ਵਿਚਾਰ ਕਰਦੇ ਹਾਂ ਤਦ ਮੁਸਲਿਮ ਸਵਾਲ ਵਧੀਕ ਵਸ਼ੇਸ਼ਤਾ ਵਾਲਾ ਦਖਾਈ ਦੇਂਦਾ ਹੈ ਪਰ ਕਾਂਗਰਸ ਦੀ ਇਹ ਜ਼ਬਰਦਸਤ ਇਛਾ ਹੈ ਕਿ ਦੂਜੀਆਂ ਘਟ ਗਿਣਤੀਆਂ ਦੇ ਨਾਲ ਵੀ ਓਸਾ ਹੀ ਸਲੂਕ ਕੀਤਾ ਜਾਏ ਅਤੇ ਵਸ਼ੇਸ਼ ਕਰਕੇ ਨਾਮ ਨਿਹਾਦ ਦਲਤ ਜ਼ਾਤੀਆਂ ਨਾਲ। ਕਾਂਗਰਸ ਸਾਰੇ ਹਿੰਦੁਸਤਾਨੀਆਂ ਦੇ ਰਾਜਸੀ ਹੱਕਾਂ ਦੀ ਆਰਥਕ ਰਾਖੀ ਵਾਲੀ ਹੈ। ਜੇ ਉਹ ਆਪਣੇ ਪ੍ਰੋਗ੍ਰਾਮ ਨੂੰ ਅਮਲੀ ਜਾਮਾ ਪਵਾਉਣ ਵਿਚ ਸਫਲ ਹੋ ਗਈ ਤਾਂ ਘਟ ਗਿਣਤੀਆਂ ਨੂੰ ਉਹੋ ਹੀ ਲਾਭ ਪਹੁੰਚੇਗਾ ਜਿਹੜਾ ਕਿ ਹਿੰਦੁਸਤਾਨੀਆਂ ਦੀ ਹੋਰ

ਕਿਸੇ ਸ੍ਰੇਨੀ ਨੂੰ। ਇਸ ਤੋਂ ਛੁਟ ਜੇ ਰਾਜਸੀ ਅਖਤਿਆਰ ਹਾਸਲ ਕਰਨ ਮਗਰੋਂ ਕੌਮ ਦੀ ਨਵੇਂ ਸਿਰੇ ਜਥੇਬੰਦੀ ਸੋਸ਼ਲਿਸਟ ਅਸੂਲਾਂ ਉਤੇ ਕੀਤੀ ਜਾਏ ਤਾਂ ਇਸ ਨਾਲ ਹਿੰਦੁਸਤਾਨੀ ਜਨਤਾ ਨੂੰ ਬਹੁਤ ਵੱਡਾ ਲਾਭ ਪਹੁੰਚੇਗਾ।"

ਕਾਂਗਰਸ ਨੂੰ ਆਪਣੀ ਜਦੋ ਜਿਹਦ ਲਈ ਕਿਹੜਾ ਢੰਗ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ ਇਸ ਉਪਰ ਵਿਚਾਰ ਪੇਸ਼ ਕਰਦੇ ਹੋਏ ਆਪ ਨੇ ਫਰਮਾਇਆ:-

"........ਪਹਿਲੇ ਨਾਲੋਂ ਹੁਣ ਮੇਰਾ ਇਹ ਵਿਸਵਾਸ਼ ਜ਼ਿਆਦਾ ਹੋ ਗਿਆ ਹੈ ਕਿ ਉਹ ਢੰਗ ਸਤਿਆ ਗ੍ਰਹਿ ਅਥਵਾ ਸ਼ਾਂਤ ਮਈ ਨ ਮਿਲਵਰਤਨ ਹੈ। ਇਸ ਵਿਚ ਸਿਵਲ ਨ ਫਰਮਾਨੀ ਵੀ ਸ਼ਾਮਲ ਹੈ। ਇਸ ਨੂੰ ਸ਼ਾਂਤਮਈ ਰੋਕ ਕਹਿਣਾ ਠੀਕ ਨਹੀਂ। ਸਤਿਆ ਗ੍ਰਹਿ ਜਿਹਾ ਕਿ ਮੈਂ ਸਮਝਦਾ ਹਾਂ ਕੇਵਲ ਸ਼ਾਂਤ ਮਈ ਟਾਕਰਾ ਹੀ ਨਹੀਂ ਸਗੋਂ ਸਰਗਰਮ ਟਾਕਰਾ ਹੈ। ਆਪਣੀ ਆਜ਼ਾਦੀ ਦੀ ਜਦੋ ਜਿਹਦ ਵਿਚ ਅਸੀਂ ਦੋ ਤ੍ਰੀਕੇ ਵਰਤਦੇ ਹਾਂ। ਇਕ ਤੇ ਇਹ ਕਿ ਜਦ ਤੀਕ ਆਜ਼ਾਦੀ ਹਾਸਲ ਨਹੀਂ ਹੋ ਜਾਂਦੀ ਅਸੀਂ ਆਜ਼ਾਦੀ ਦੀ ਜੰਗ ਜਾਰੀ ਰਖਾਂਗੇ ਅਤੇ ਇਸ ਦਰਮਿਆਨੀ ਸਮੇਂ ਵਿਚਕਾਰ ਜੋ ਤਾਕਤ ਹਾਸਲ ਹੋਵੇਗੀ ਉਸ ਨੂੰ ਵਰਤੋਂ ਵਿਚ ਲਿਆਂਦਾ ਜਾਇਗਾ। ਦੂਜੇ ਇਹ ਕਿ ਪੂਰਨ ਸਵਾਰਾਜ ਦੀ ਪ੍ਰਾਪਤੀ ਲਈ ਅਸੀਂ ਆਪਣੀਆਂ ਸਭ ਸ਼ਕਤੀਆਂ ਨੂੰ ਜਮਾ ਕਰਦੇ ਜਾਈਏ। ਜਿਥੋਂ ਤੀਕ ਅਸੂਲ ਦਾ ਸਵਾਲ ਹੈ ਇਹ ਦੋਵੇਂ ਤ੍ਰੀਕੇ ਆਪੋ ਆਪਣੀ ਥਾਂ ਚੰਗੇ ਹਨ ਇਸ ਲਈ ਦੋਵੇਂ ਹੀ ਪ੍ਰਵਾਨਗੀ ਯੋਗ ਵੀ ਹਨ। ਢੰਗ ਭਾਵੇਂ ਕੋਈ ਹੋਵੇ ਸਾਡੀ ਰਾਜਸੀ ਜਦੋ ਜਿਹਦ ਦਾ ਅੰਤਮ ਮਰਹਲਾ ਇਹ ਹੋਵੇਗਾ ਕਿ ਅਸੀਂ ਬਰਤਾਨੀਆ ਨਾਲੋਂ ਤਿਨਕਾ ਤੋੜ ਲਈਏ। ਜਦ ਉਹ ਸਟੇਜ ਆਏਗੀ ਤਦ ਹਿੰਦੁਸਤਾਨ ਵਿਚ ਬਰਤਾਨਵੀ ਗਲਬੇ ਦਾ ਨਾਮ ਨਿਸ਼ਾਨ ਨਹੀਂ ਰਹੇਗਾ। ਉਸ ਵੇਲੇ ਅਸੀਂ ਇਸ ਗਲ ਉਤੇ ਵਿਚਾਰ ਕਰਾਂਗੇ ਕਿ ਬਰਤਾਨੀਆ ਨਾਲ ਸਾਡੇ ਸੰਬੰਧ ਕਿਹੋ ਜਿਹੇ ਹੋਣ। ਇਸ ਬਾਰੇ ਹੁਣ ਕੁਛ ਕਹਿਣਾ ਅਗੇਤਰਾ

ਹੋਵੇਗਾ।”

ਕੌਮੀ ਗੌਰਮਿੰਟ ਬਾਰੇ ਆਪ ਨੇ ਪ੍ਰਧਾਨਗੀ ਐਡਰੇਸ ਵਿਚ ਆਪਣੇ ਵਿਚਾਰ ਪੇਸ਼ ਕਰਦੇ ਹੋਏ ਐਉਂ ਫਰਮਾਇਆ:–

“ਕੌਮੀ ਗੌਰਮਿੰਟ ਨੂੰ ਸਭ ਤੋਂ ਪਹਿਲਾ ਕੰਮ ਇਹ ਕਰਨਾ ਹੋਵੇਗਾ ਕਿ ਉਹ ਕੌਮੀ ਸਵਾਲਾਂ ਬਾਰੇ ਇਕ ਵੱਡੀ ਸਕੀਮ ਤਿਆਰ ਕਰਨ ਲਈ ਇਕ ਕਮਿਸ਼ਨ ਨਿਯਤ ਕਰੇ। ਉਸ ਸਕੀਮ ਦੇ ਦੋ ਹਿਸੇ ਹੋਣਗੇ ਇਕ ਫੌਰੀ ਪ੍ਰੋਗਰਾਮ ਅਤੇ ਦੂਜਾ ਲੰਮੀ ਮਿਆਦ ਦਾ ਪ੍ਰੋਗਰਾਮਾ। ਸਕੀਮ ਦਾ ਪਹਿਲਾ ਹਿਸਾ ਤਿਆਰ ਕਰਨ ਲਈ ਸਾਨੂੰ ਤਿੰਨਾਂ ਗਲਾਂ ਨੂੰ ਖਾਸ ਤੌਰ ਉਤੇ ਅੱਖਾਂ ਅਗੇ ਰਖਣਾ ਹੋਵੇਗਾ।

(੧) ਮੁਲਕ ਨੂੰ ਆਪਣੀ ਰਖਿਆ ਦੇ ਯੋਗ ਬਨਾਉਨ ਲਈ ਤਿਆਰੀ।

(੨) ਹਿੰਦੁਸਤਾਨ ਨੂੰ ਇਕ ਮੁਠ ਕਰਨਾ।

(੩) ਸਥਾਨਕ ਤੇ ਸਭਿਅਕ ਖੁਦ ਮੁਖਤਿਆਰੀ ਲਈ ਮੈਦਾਨ ਤਿਆਰ ਕਰਨਾ। ਕੌਮੀ ਜ਼ਬਾਨ ਬਾਰੇ ਆਪ ਨੇ ਆਪਣੇ ਐਡਰੇਸ ਵਿਚ ਇਹ ਵਿਚਾਰ ਪੇਸ਼ ਕੀਤੇ ਸਨ:–

“ਕੌਮੀ ਇਤਿਹਾਦ (ਮਿਲਾਪ) ਲਈ ਸਾਨੂੰ ਆਪਣੀ ਕੌਮੀ ਜ਼ਬਾਨ ਦੀ ਉਸਾਰੀ ਕਰਨੀ ਹੋਵੇਗੀ ਅਤੇ ਉਸ ਲਈ ਐਸੀ ਲਿਖੀ ਜਾਰੀ ਕਰਨੀ ਹੋਵੇਗੀ ਜੋ ਸਭ ਲਈ ਸਾਂਝੀ ਹੋਵੇ।

ਜਿਥੋਂ ਤੀਕ ਜ਼ਬਾਨ ਦਾ ਸੰਬੰਧ ਹੈ ਮੇਰੇ ਖਿਆਲ ਵਿਚ ਹਿੰਦੀ ਅਤੇ ਉਰਦੂ ਵਿਚ ਜੋ ਫਰਕ ਹੈ ਉਹ ਬਨਾਉਟੀ ਹੈ। ਸਾਡੀ ਕੌਮੀ ਜ਼ਬਾਨ ਇਹਨਾਂ ਦੋਵਾਂ ਜ਼ਬਾਨਾਂ ਦੀ ਮਿਲਾਵਟ ਨਾਲ ਪੈਦਾ ਹੋਵੇਗੀ। ਲੋੜ ਇਸ ਗਲ ਦੀ ਹੈ ਕਿ ਅਜੇ ਦੋਵਾਂ ਲਿਪੀਆਂ ਦੇ ਲਿਖਣ ਦੀ ਖੁਲ੍ਹ ਦਿਤੀ ਜਾਏ। ਮੇਰੀ ਰਾਏ ਵਿਚ ਸਾਨੂੰ ਇਕ ਐਸੀ ਲਿੱਪੀ ਬਨਾਉਣੀ ਪਏਗੀ ਜਿਸ ਨਾਲ ਅਸੀਂ ਬਾਕੀ ਦੁਨੀਆ ਦੇ ਨਾਲ ਇਕ ਪਧਰ ਉਤੇ ਖੜੇ ਸਕੀਏ। ਇਹੋ ਸਾਡੀ ਕੌਮੀ ਜ਼ਬਾਨ ਤੇ ਸਾਂਝੀ

ਲਿੱਪੀ ਦਾ ਹਲ ਹੋਵੇਗਾ।

ਜਿਥੋਂ ਤੀਕ ਕੌਮੀ ਉਸਾਰੀ ਦਾ ਸੰਬੰਧ ਹੈ ਇਸ ਬਾਰੇ ਆਪ ਨੇ ਹੇਠ ਲਿਖੇ ਵਿਚਾਰ ਪੇਸ਼ ਕੀਤੇ ਸਨ:-

"ਜਿਥੋਂ ਤੀਕ ਕੌਮੀ ਉਸਾਰੀ ਦਾ ਸੰਬੰਧ ਹੈ ਸਾਡੇ ਸਾਮ੍ਹਣੇ ਸਭ ਤੋਂ ਪਹਿਲਾ ਸਵਾਲ ਇਹ ਹੋਵੇਗਾ ਕਿ ਦੇਸ ਵਿਚੋਂ ਗ਼ਰੀਬੀ ਕਿਵੇਂ ਦੂਰ ਕੀਤੀ ਜਾਏ ? ਇਸ ਲਈ ਸਾਨੂੰ ਜ਼ਿਮੀਂਦਾਰਾ ਸਿਸਟਮ ਵਿਚ ਬੜੀ ਵੱਡੀ ਤਬਦੀਲੀ ਕਰਨੀ ਪਵੇਗੀ ਅਤੇ ਲੈਂਡ ਲਾਰਡਿਜ਼ਮ (ਜਾਗੀਰਦਾਰੀ) ਨੂੰ ਉਕਾ ਹੀ ਖ਼ਤਮ ਕਰਨਾ ਹੋਵੇਗਾ । ਕਿਸਾਨਾਂ ਤੇ ਕਾਸ਼ਤਕਾਰਾਂ ਦੇ ਕਰਜ਼ੇ ਮਨਸੂਖ ਕਰਨੇ ਪੈਣਗੇ ਅਤੇ ਪੇਂਡੂ ਲੋਕਾਂ ਲਈ ਸਸਤੇ ਸੂਦ ਉਤੇ ਕਰਜ਼ਿਆਂ ਦਾ ਵੀ ਪਰਬੰਧ ਕਰਨਾ ਪਏਗਾ। ਇਸ ਤੋਂ ਛੁਟ ਵਾਹੀ ਯੋਗ ਜ਼ਮੀਨ ਦੀ ਪੈਦਾਵਾਰ ਵਿਚ ਵਾਧਾ ਕਰਨ ਲਈ ਸਾਨੂੰ ਖੇਤੀ ਵਾੜੀ ਦੇ ਕੰਮਾਂ ਵਿਚ ਸਾਇੰਟਫ਼ਿਕ ਢੰਗਾਂ ਉਤੇ ਵਰਤੋਂ ਕਰਨੀ ਪਏਗੀ । ਇਸ ਦੇ ਨਾਲ ਹੀ ਵਡੇ ਪੈਮਾਨੇ ਉਤੇ ਕਾਰਖਾਨੇ ਵੀ ਖੋਲ੍ਹਣੇ ਪੈਣਗੇ ਅਤੇ ਉਹਨਾਂ ਕਾਰਖਾਨਿਆਂ ਉਤੇ ਸਟੇਟ ਦਾ ਕੰਟਰੋਲ ਰਖਣਾ ਪਏਗਾ । ਪਲੈਨਿੰਗ ਕਮਿਸ਼ਨ ਲਈ ਜ਼ਰੂਰੀ ਹੋਵੇਗਾ ਕਿ ਉਹ ਹਿੰਦੁਸਤਾਨ ਲਈ ਇਕ ਐਸੀ ਵਿਸ਼ਾਲ ਸਕੀਮ ਤਿਆਰ ਕਰੇ ਜਿਸਦੀ ਰੂ ਨਾਲ ਮੁਲਕ ਦਾ ਸਾਰਾ ਜ਼ਰਾਇਤੀ ਅਤੇ ਦਸਤਕਾਰਕ ਪ੍ਰਬੰਧ ਸੋਸ਼ਲਿਸਟ ਅਸੂਲਾਂ ਦੀ ਪਧਰ ਉਤੇ ਆ ਜਾਏ। ਪੁਰਾਣਾ ਸਿਸਟਮ ਗ਼ੈਰ ਮੁਲਕੀ ਹਕੂਮਤ ਹੋਣ ਕਰ ਕੇ ਹਿੰਦੁਸਤਾਨ ਵਿਚ ਬਿਲਕੁਲ ਨਾਕਾਰਾ ਹੋ ਚੁਕਾ ਹੈ।"

ਫੈਡਰਲ ਗੌਰਮਿੰਟ ਬਾਰੇ ਆਪ ਨੇ ਆਪਣੇ ਵਿਚਾਰ ਐਉਂ ਪ੍ਰਗਟ ਕੀਤੇ:-

"ਸੂਬਿਆਂ ਵਿਚ ਕਾਂਗਰਸ ਗੌਰਮਿੰਟਾਂ ਨੂੰ ਚਲਾਉਨ ਨਾਲੋਂ ਅਧਿਕ ਜ਼ਰੂਰੀ ਕੰਮ ਇਹ ਹੈ ਕਿ ਫੈਡਰੇਸ਼ਨ ਦੇ ਅਜਰਾ ਨੂੰ ਕਿਵੇਂ ਕਿਆ ਜਾਏ । ਇਸ ਵਿਚ ਤਜਾਰਤੀ ਤੇ ਮਾਲੀ ਤਹਫਜ਼ਾਤ ਰਖ

ਦਿਤੇ ਗਏ ਹਨ । ਇਸ ਸਕੀਮ ਦੇ ਮਾਤਹਿਤ ਲੋਕਾਂ ਦਾ ਫੌਜ ਅਤੇ ਦਸੌਰੀ ਪਾਲਿਸੀ ਉਤੇ ਕੋਈ ਕੰਟਰੋਲ ਨਹੀਂ ਹੋਵੇਗਾ । ਅਤੇ ਖਰਚਾਂ ਦਾ ਬਹੁਤ ਵਡਾ ਭਾਗ ਵੀ ਹਿੰਦੁਸਤਾਨੀਆਂ ਦੇ ਅਖਤਿਆਰ ਤੋਂ ਬਾਹਰ ਹੀ ਰਹੇਗੀ । ਦੂਜੇ ਲਫ਼ਜ਼ਾਂ ਵਿਚ ਫੈਡਰਲ ਖਰਚਾਂ ਦਾ ੮੦ ਫੀ ਸਦੀ ਹਿੱਸਾ ਗਵਰਨਰ ਜਨਰਲ ਦੇ ਕੰਟਰੋਲ ਵਿਚ ਹੋਵੇਗਾ ਇਸ ਤੋਂ ਛੁਟ ਰੀਜ਼ਰਵ ਬੈਂਕ ਅਤੇ ਸੈਂਟਰਲ ਰੇਲਵੇ ਅਥਾਰੇਟੀ ਬਣਾ ਦਿਤੀ ਗਈ ਹੈ ਅਤੇ ਇਹੋ ਜਿਹੀਆਂ ਹੋਰ ਬਾਡੀਆਂ ਵੀ ਬਣਾਈਆਂ ਜਾ ਰਹੀਆਂ ਹਨ। ਫੈਡਲਲ ਗੌਰਮਿੰਟ ਦੇ ਮਾਤਹਿਤ ਦਸੌਰੀ ਮਾਮਲੇ ਰੀਜ਼ਰਵ ਰਖੇ ਗਏ ਹਨ ਜਿਸ ਦਾ ਮਤਲਬ ਇਹ ਹੈ ਕਿ ਇੰਡੀਅਨ ਲੈਜਿਸਲੇਚਰ ਨੂੰ ਕਿਸੇ ਦੂਜੇ ਦੇਸ ਨਾਲ ਤਜਾਰਤੀ ਮੁਆਹਦੇ (ਅਹਿਦਨਾਮੇ) ਕਰਨ ਦਾ ਅਖਤਿਆਰ ਨਹੀਂ ਹੋਵੇਗਾ ਅਤੇ ਨਾ ਹੀ ਉਸ ਨੂੰ ਮਾਮੂਲੀ ਮਾਮਲਿਆਂ ਵਿਚ ਕਿਸੇ ਕਿਸਮ ਦੀ ਖੁਦ ਮੁਖਤਾਰੀ ਹੀ ਦਿਤੀ ਗਈ ਹੈ । ਫੈਡਰਲ ਗੌਰਮਿੰਟ ਕਿਸੇ ਕਿਸਮ ਦੇ ਤਜਾਰਤੀ ਅਹਿਦਨਾਮਿਆਂ ਨੂੰ ਇੰਡੀਅਨ ਲੈਜਿਸਲੇਚਰ ਮੁਹਰੇ ਤਸਦੀਕ ਲਈ ਵੀ ਪੇਸ਼ ਨਹੀਂ ਕਰੇਗੀ ਇਸ ਲਿਹਾਜ਼ ਨਾਲ ਮਾਲੀ ਖੁਦੀ ਮੁਖਤਾਰੀ ਵਿਅਰਥ ਚੀਜ਼ ਹੈ ।

ਗੌਰਮਿੰਟ ਆਫ ਇੰਡੀਆ ਐਕਟ ਵਿਚ ਜਿਹੜੇ ਨਾ ਬਰਾਬਰਤਾ ਅਤੇ ਨਾ ਇਨਸਾਫੀ ਵਾਲੇ ਤਹਫਜ਼ਾਤ ਰਖੇ ਗਏ ਹਨ ਉਹਨਾਂ ਨੂੰ ਮੁਖ ਰਖ ਕੇ ਹਿੰਦੁਸਤਾਨ ਵਿਚ ਕੌਮੀ ਹਕੂਕ ਦੀ ਰਖਿਆ ਕਰਨ ਅਤੇ ਉਹਨਾਂ ਨੂੰ ਤ੍ਰੱਕੀ ਦੇਣ ਦੀ ਕੋਈ ਅਸਰਦਾਰ ਕਾਰਵਾਈ ਨਹੀਂ ਕੀਤੀ ਜਾ ਸਕਦੀ ਕਿਉਂਕਿ ਸਾਧਾਰਨ ਤੋਰ ਉਤੇ ਜਿਨ੍ਹਾਂ ਤਜਾਰਤੀ ਤੇ ਦਸਤਕਾਰਕ ਮਾਮਲਿਆਂ ਵਿਚ ਹਿੰਦੁਸਤਾਨੀਆਂ ਨੂੰ ਫਾਇਦਾ ਪਹੁੰਚਦਾ ਹੈ ਓਹਨਾਂ ਵਿਚ ਹੀ ਬਰਤਾਨਵੀ ਲਾਭਾਂ ਨੂੰ ਸੱਟ ਵਜਦੀ ਹੈ । ਜਹਾਜ਼ਰਾਨੀ ਇਕ ਬੜੀ ਲਾਭਵੰਦੀ ਦਸਤਕਾਰੀ ਹੈ ਜੋ ਫੌਜੀ ਅਤੇ ਆਰਥਕ ਦੋਵਾਂ ਮੰਤਵਾਂ

ਲਈ ; ਵਿਸ਼ੇਸ਼ਤਾ ਰਖਦੀ ਹੈ ਪਰ ਨਵੇਂ ਦਸ਼ਤੂਰ ਵਿਚ ਇਸ ਵਿਸ਼ੇਸ਼ ਦਸਤਕਾਰੀ ਨੂੰ ਤ੍ਰੱਕੀ ਦੇਣ ਦੇ ਸਾਰੇ ਰਸਤੇ ਬੰਦ ਕਰ ਦਿਤੇ ਗਏ ਹਨ। ਸਾਨੂੰ ਹੱਕ ਹੋਣਾ ਚਾਹੀਦਾ ਹੈ ਕਿ ਅਸੀਂ ਕੌਮੀ ਅਤੇ ਗੈਰ ਕੌਮ ਵਿਚ ਤਮੀਜ਼ ਕਰ ਸਕੀਏ। ਇਸ ਹੱਕ ਨੂੰ ਅਸੀਂ ਕਿਸੇ ਵੀ ਕੀਮਤ ਉਤੇ ਕੁਰਬਾਨ ਨਹੀਂ ਕਰ ਸਕਦੇ। ਇਹਨਾਂ ਗੱਲਾਂ ਨੂੰ ਮੁਖ ਰਖ ਕੇ ਸਾਡਾ ਫਰਜ਼ ਹੈ ; ਕਿ ਅਸੀਂ ਸਾਰੇ ਜਾਇਜ਼ ਵਸੀਲਿਆਂ ਨਾਲ ਫੈਡਰੇਸ਼ਨ ਨੂੰ ਰੋਕ ਦੇਈਏ।"

ਗੈਰ ਮੁਲਕੀ ਪ੍ਰਾਪੇਗੰਡੇ ਬਾਬਤ ਆਪ ਨੇ ਆਪਣੇ ਐਡਰੇਸ ਵਿਚ ਇਹ ਵਿਚਾਰ ਪ੍ਰਗਟ ਕੀਤੇ ਸਨ:-

"ਆਜ਼ਾਦੀ ਦੀ ਪ੍ਰਾਪਤੀ ਲਈ ਸਾਨੂੰ ਗੈਰ ਮੁਲਕਾਂ ਵਿਚ ਪ੍ਰਾਪੇਗੰਡੇ ਦੀ ਵਿਸ਼ੇਸ਼ਤਾ ਨੂੰ ਨਜ਼ਰੋਂ ਉਹਲੇ ਨਹੀਂ ਕਰਨਾ ਚਾਹੀਦਾ। ਇਸ ਕਾਰਜ ਨੂੰ ਅਸਰਦਾਰ ਤ੍ਰੀਕੇ ਨਾਲ ਜਾਰੀ ਕਰਨ ਲਈ ਇੰਡੀਅਨ ਨੈਸ਼ਨਲ ਕਾਂਗਰਸ ਨੂੰ ਚਾਹੀਦਾ ਹੈ ਕਿ ਉਹ ਯੂਰਪ, ਏਸ਼ੀਆ, ਅਫਰੀਕਾ ਮਧ ਅਤੇ ਦਖਣੀ ਅਮ੍ਰੀਕਾ ਵਿਚ ਆਪਣੇ ਭਰੋਸੇ ਯੋਗ ਆਦਮੀ ਨਿਯਤ ਕਰੇ। ਇਸ ਤੋਂ ਛੁਟ ਹਿੰਦੁਸਤਾਨ ਨੂੰ ਹਰ ਕੌਮਾਂਤਰੀ ਕਾਨਫ੍ਰੰਸ ਵਿਚ ਆਪਣੇ ਪ੍ਰਤੀਨਿਧ ਭੇਜਣੇ ਚਾਹੀਦੇ ਹਨ। ਅਜ ਸਾਰੀ ਦੁਨੀਆ ਅੰਦਰ ਹਿੰਦੁਸਤਾਨ ਵਿਚ ਜਥੇਬੰਦ ਤ੍ਰੀਕੇ ਨਾਲ ਪ੍ਰਾਪੇਗੰਡਾ ਕੀਤਾ ਜਾ ਰਿਹਾ ਹੈ ਅਤੇ ਉਹਨਾਂ ਦੇਸਾਂ ਨੂੰ ਦਸਿਆ ਜਾ ਰਿਹਾ ਹੈ ਕਿ ਹਿੰਦੁਸਤਾਨ ਅਸਭਯ ਦੇਸ ਹੈ ਅਤੇ ਸਭਯ ਬਨੌਣ ਲਈ ਅੰਗ੍ਰੇਜ਼ਾਂ ਦੀ ਮੌਜੂਦਗੀ ਦੀ ਬੜੀ ਲੋੜ ਹੈ। ਇਸ ਦੇ ਉਤ੍ਰ ਵਿਚ ਸਾਨੂੰ ਦਸ ਦੇਣਾ ਚਾਹੀਦਾ ਹੈ ਕਿ ਅਸੀਂ ਕੀ ਹਾਂ ਤੇ ਸਾਡੀ ਸਭਿਅਤਾ ਕਿਹੋ ਜਿਹੀ ਹੈ ?"

ਇਸ ਦੇ ਮਗਰੋਂ ਆਪ ਨੇ ਰਾਜਸੀ ਕੈਦੀਆਂ ਅਤੇ ਰਿਹਾ ਹੋ ਚੁਕੇ ਦੇਸ਼ ਭਗਤਾਂ ਦੀ ਦਰਦਨਾਕ ਹਾਲਤ ਦਾ ਨਕਸ਼ਾ ਖਿਚਣ ਮਗਰੋਂ ਆਪਣੇ ਐਡਰੇਸ ਵਿਚ ਨਰਮ ਤੇ ਗਰਮ ਧੜੇ ਨੂੰ ਅਪੀਲ ਕਰਦਿਆਂ ਆਖਿਆ:-

"ਕਾਂਗਰਸ ਦੇ ਅੰਦਰ ਗਰਮ ਅਤੇ ਨਰਮ ਧੜੇ ਵਿਚਾਲੇ ਮਤ ਭੇਦ ਹੈ। ਬਰਤਾਨਵੀ ਇੰਪੀਰਲਿਜ਼ਮ ਸਾਨੂੰ ਚੈਲੰਜ ਦੇ ਰਿਹਾ ਹੈ। ਐਸੇ ਨਾਜ਼ਕ ਹਾਲਾਤ ਵਿਚਾਲੇ ਸਾਨੂੰ ਕੀ ਕਰਨਾ ਚਾਹੀਦਾ ਹੈ ? ਕਾਂਗਰਸ ਇਸ ਵੇਲੇ ਸਮੂਹਕ ਜਦੋ ਜਿਹਦ ਦਾ ਸਭ ਤੋਂ ਵੱਡਾ ਵਸੀਲਾ ਹੈ। ਇਸ ਵਿਚ ਨਰਮ ਅਤੇ ਗਰਮ ਧੜੇ ਹਨ ਪਰ ਇਹ ਉਹਨਾਂ ਸਾਰੀਆਂ ਜਥੇਬੰਦੀਆਂ ਦਾ ਸਾਂਝਾ ਪਲੇਟ ਫਾਰਮ ਹੈ। ਜੋ ਇੰਪੀਰਲਿਜ਼ਮ ਦੇ ਵਿਰੁਧ ਹਿੰਦੁਸਤਾਨ ਦੀ ਆਜ਼ਾਦੀ ਲਈ ਜਦੋਜਹਿਦ ਕਰ ਰਹੀਆਂ ਹਨ। ਇਸ ਲਈ ਸਾਡਾ ਫਰਜ਼ ਹੈ ਅਸੀਂ ਸਾਰੇ ਦੇਸ ਨੂੰ ਕਾਂਗਰਸ ਦੇ ਝੰਡੇ ਹੇਠ ਲੈ ਆਈਏ। ਮੈਂ ਗਰਮ ਧੜੇ ਪਾਸ ਅਪੀਲ ਕਰਦਾ ਹਾਂ ਕਿ ਉਹ ਕਾਂਗਰਸ ਦੀਆਂ ਐਂਟੀ ਇੰਪੀਰਲਿਸਟ ਨੀਹਾਂ ਉਤੇ ਨਵੇਂ ਸਿਰੇ ਜਥੇਬੰਦੀ ਕਰਨ ਲਈ ਆਪਣੀਆਂ ਸਭ ਸ਼ਕਤੀਆਂ ਅਤੇ ਵਸੀਲਿਆਂ ਨੂੰ ਇਕ ਮੁਠ ਕਰੇ।

ਅੰਤ ਵਿਚ ਪ੍ਰਾਰਥਨਾ ਕਰਦਾ ਹਾਂ ਕਿ ਮਹਾਤਮਾ ਗਾਂਧੀ ਢੇਰ ਚਿਰ ਤੀਕ ਕੌਮ ਦੀ ਸੇਵਾ ਕਰਦੇ ਰਹਿਣ। ਆਪਣੀ ਜਦੋ ਜਿਹਦ ਨੂੰ ਤਲਖੀ ਤੇ ਘ੍ਰਿਣਾ ਤੋਂ ਉਚੇਰਿਆਂ ਰਖਣ ਲਈ ਹਿੰਦੁਸਤਾਨ ਨੂੰ ਉਹਨਾਂ ਦੀ ਬੜੀ ਲੋੜ ਹੈ। ਮਨੁਖਾ ਰਾਜ ਲਈ ਉਹਨਾਂ ਦੀ ਬੜੀ ਜ਼ਰੂਰਤ ਹੈ, ਸਾਡੀ ਜਦੋਜਿਹਦ ਕੇਵਲ ਬਰਤਾਨਵੀ ਇੰਪੀਰਲਿਜ਼ਮ ਵਿਰੁਧ ਹੀ ਨਹੀਂ ਸਗੋਂ ਦੁਨੀਆ ਭਰ ਦੇ ਇੰਪੀਰਲਿਜ਼ਮ ਵਿਰੁਧ ਹੈ ਇਸ ਲਈ ਅਸੀਂ ਸਿਰਫ ਹਿੰਦੁਸਤਾਨ ਦੇ ਰਾਜ ਲਈ ਨਹੀਂ ਲੜ ਰਹੇ ਸਗੋਂ ਮਨੁਖ ਮਾਤ੍ਰ ਦੇ ਰਾਜ ਲਈ ਈ। ਹਿੰਦੁਸਤਾਨ ਦੀ ਆਜ਼ਾਦੀ ਮਨੁਖ ਮਾਤ੍ਰ ਦੀ ਸਲਾਮਤੀ ਹੈ।"

ਇਹ ਹੈ ਉਸ ਅਡਰੇਸ ਦਾ ਸੰਖੇਪ ਜਿਹਾ ਭਾਵ ਜੋ ਆਪ ਨੇ ਕਾਨਫ੍ਰੰਸ ਵਿਚ ਪੜ੍ਹ ਕੇ ਸੁਣਾਇਆ। ਇਸ ਤੋਂ ਸਪਸ਼ਟ ਹੈ ਕਿ ਆਪ ਨੇ ਬੜੇ ਹੀ ਅਸਰ ਭਰਪੂਰ ਢੰਗ ਨਾਲ ਹਿੰਦੀ ਜਨਤਾ ਦੀ ਪ੍ਰਤੀ-ਨਿਧਤਾ ਕੀਤੀ ਹੈ। ਜਿਥੇ ਇਹ ਐਡਰੇਸ ਵਿਦਵਤਾ ਅਤੇ ਨੀਤਾ ਦਾ

ਤੇਤਾਰ ਹੈ ਉਥੇ ਇਸ ਵਿਚੋਂ ਦੇਸ਼ ਭਗਤੀ ਅਤੇ ਬਰਤਾਨਵੀ ਇੰਪਰੀ-ਲਿਜ਼ਮ ਵਿਰੁਧ ਬਗਾਵਤ ਦਾ ਜਜ਼ਬਾ ਵੀ ਟਪਕਦਾ ਨਜ਼ਰ ਆ ਰਿਹਾ ਹੈ । ਹਿੰਦੁਸਤਾਨ ਦੇ ਸਾਰੇ ਜ਼ਰੂਰੀ ਮਸਲਿਆਂ ਬਾਰੇ ਆਪ ਨੇ ਆਪਣਾ ਦਿਲ ਖੋਲ੍ਹ ਕੇ ਦੁਨੀਆਂ ਦੇ ਰੂਬਰੂ ਰਖ ਦਿਤਾ ਹੈ। ਐਡਰੇਸ ਪੜ੍ਹਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਦੇਸ਼ ਭਗਤਾਂ ਨਾਲ ਹਮਦਰਦੀ ਇੰਪੀਰ-ਲਿਜ਼ਮ ਅਤੇ ਉਸ ਦੇ ਵਿਰੁਧ ਸਾਂਝੇ ਫਰੰਟ ਦੀ ਲੋੜ ਫੈਡਰੇਸ਼ਨ ਦੀ ਵਿਰੋਧਤਾ, ਉਸਾਰੂ ਪ੍ਰੋਗਰਾਮ, ਪ੍ਰਦੇਸਾਂ ਵਿਚ ਪ੍ਰਾਪੇਗੰਡੇ ਦੀ ਲੋੜ, ਦਸੌਰੀ ਪਾਲਿਸੀ, ਸੂਬਕ ਖੁਦ ਮੁਖਤਿਆਰੀ ਦੇ ਢੋਲ ਦਾ ਪੋਲ, ਜ਼ਬਾਨ ਦਾ ਝਗੜਾ, ਗੋਵਰਨਰ ਜਨਰਲ ਦੇ ਡਿਕਟੇਟਰੀ ਅਖਤਿਆਰਾਤ ਆਦਕ ਹਰ ਜ਼ਰੂਰੀ ਵਿਸ਼ੇ ਉਤੇ ਖੋਲ੍ਹ ਕੇ ਚਾਨਣਾ ਪਾਇਆ ਹੈ। ਆਪ ਨੇ ਕੌਮੀ ਹਕੂਮਤ ਦੇ ਛੁਟੇਰੇ ਤੇ ਲੰਮੇਰੇ ਪ੍ਰਬੰਧ ਦੀ ਜੋ ਪੇਸ਼ੀਨਗੋਈ ਕੀਤੀ ਸੀ ਉਹ ਹੁਣ ਪੂਰੀ ਹੋ ਚੁਕੀ ਹੈ ਤੇ ਹਿੰਦੁਸਤਾਨ ਅੰਦਰ ਪੰਡਤ ਜਵਾਹਰ ਲਾਲ ਨਹਿਰੂ ਦੀ ਵਜ਼ਾਰਤ ਰਾਹੀਂ ਆਰਜ਼ੀ ਕੌਮੀ ਗੌਰਮਿੰਟ ਕਾਇਮ ਵੀ ਹੋ ਚੁਕੀ ਹੈ ਅਤੇ ਲੰਮੇ ਪ੍ਰਬੰਧ ਲਈ ਦਸਤੂਰ ਸਾਜ਼ ਅਸੈਂਬਲ ਵੀ ਕਾਇਮ ਹੋ ਚੁਕੀ ਹੈ ਜਿਸ ਨੇ ਆਪਣਾ ਕੰਮ ਜਾਰੀ ਕਰ ਦਿਤਾ ਹੈ। ਇਸ ਤਰ੍ਹਾਂ ਆਪ ਦੀ ਸਕੀਮ ਦੇ ਇਕ ਭਾਗ ਦੀ ਪੇਸ਼ੀਨ ਗੋਈ ਸਹੀ ਸਾਬਤ ਹੋ ਚੁਕੀ ਹੈ। ਕਾਂਗਰਸ ਦੇ ਸਮਾਗਮ ਮਗਰੋਂ ਰਾਸ਼ਟਰ ਪਤੀ ਸੁਭਾਸ਼ ਜਦ ੨੪ ਫਰਵਰੀ ਨੂੰ ਬੰਬਈ ਤਸ਼ਰੀਫ ਲੈ ਗਏ ਤਦ ਉਥੇ ਆਪ ਦਾ ਜੋ ਸ਼ਾਨ-ਦਾਰ ਸੁਵਾਗਤ ਕੀਤਾ ਗਿਆ ਉਹ ਇਕ ਇਤਿਹਾਸਕ ਸੁਵਾਗਤ ਕਿਹਾ ਜਾ ਸਕਦਾ ਹੈ । ਲੱਖਾਂ ਹਿੰਦੀਆਂ ਨੇ ਉਸ ਸੁਵਾਗਤ ਵਿਚ ਹਿਸਾ ਲਿਆ । ਆਪ ਇਕ ਰਥ ਉਤੇ ਸਵਾਰ ਸਨ ਜਿਸ ਨੂੰ ਚਾਰ ਘੋੜੇ ਖਿਚ ਰਹੇ ਸਨ ।

ਸੁਭਾਸ਼ ਬਾਬੂ ਕਾਂਗਰਸ ਦੇ ਪ੍ਰਧਾਨ ਚੁਣੇ ਤੇ ਗਏ ਪਰ ਆਪ ਦੀ ਸਿਹਤ ਵਿਚ ਕੋਈ ਬਿਹਤ੍ਰੀ ਨ ਹੋਈ ਸਗੋਂ ਪ੍ਰਧਾਨਗੀ ਦੀਆਂ ਜ਼ਿੰਮੇ-ਵਾਰੀਆਂ ਨੇ ਆਪ ਨੂੰ ਹੋਰ ਵੀ ਦਬਾ ਲਿਆ। ਰਾਸ਼ਟਰ ਪਤੀ ਬਣਨ

ਮਗਰੋਂ ਤੇ ਆਪ ਨੇ ਕਾਂਗਰਸ ਦੇ ਪ੍ਰਚਾਰ 'ਤੇ ਵਕਾਰ ਲਈ ਇਕ ਕਿਸਮ ਦੀ ਮੁਹਿਮ ਸ਼ੁਰੂ ਕਰ ਦਿਤੀ ਸੀ। ਸਾਰਾ ਸਾਲ ਆਪ ਦੌਰੇ ਕਰਦੇ ਰਹੇ ਅਤੇ ਦੇਸ਼ ਦੇ ਕੋਨੇ ਕੋਨੇ ਵਿਚ ਕਾਂਗਰਸ ਤੇ ਆਜ਼ਾਦੀ ਦਾ ਪੈਗਾਮ ਪੁਚਾ ਦਿਤਾ। ਇਸ ਦੌਰਾਨ ਵਿਚ ਆਪ ਨੇ ਜੋ ਤਕਰੀਰਾਂ ਕੀਤੀਆਂ ਉਹਨਾਂ ਦੀ ਗਿਣਤੀ ਕਰਨਾ ਵੀ ਕਠਨ ਹੈ। ਮਤਲਬ ਇਹ ਕੀ ਪ੍ਰਧਾਨਗੀ ਦੇ ਸਾਰੇ ਸਮੇਂ ਦੇ ਦੌਰਾਨ ਵਿਚ ਆਪ ਨੇ ਇਕ ਦਿਨ ਲਈ ਵੀ ਆਰਾਮ ਨ ਕੀਤਾ।

ਆਪ ਵਿਚ ਇਕ ਖੂਬੀ ਇਹ ਵੀ ਸੀ ਕਿ ਆਪ ਬਦਲਦੀ ਹੋਈ ਦੁਨੀਆਂ ਅਤੇ ਦੁਨੀਆ ਦੇ ਪਾਲੇਟਿਕਸ ਉਤੇ ਨਜ਼ਰ ਰਖਦੇ ਸਨ। ਦੁਨੀਆ ਦੇ ਕਿਸੇ ਹਿੱਸੇ ਵਿਚ ਕੋਈ ਤਬਦੀਲੀ ਹੋਵੇ, ਕੋਈ ਜਦੋ ਜਿਹਦ ਹੋਵੇ, ਕੋਈ ਹਲਚਲ ਮਚੇ ਆਪ ਸਭ ਨੂੰ ਬੜੇ ਗਹੁ ਨਾਲ ਵੇਖਦੇ ਤੇ ਉਸ ਦੀ ਛਾਨ ਬੀਨ ਕਰਦੇ ਸਨ। ੧੯੩੮ ਵਿਚ ਦੁਨੀਆ ਦੇ ਪਾਲੇ-ਟਿਕਸ ਨੇ ਜੋ ਰੰਗ ਬਦਲੇ ਆਪ ਨੇ ਸਭ ਦਾ ਮੁਤਾਲਿਆ ਕੀਤਾ। ਇਹ ਉਹ ਸਮਾਂ ਸੀ ਜਦੋਂ ਯੂਰਪ ਵਿਚ ਜੰਗ ਦੇ ਬਦਲ ਛਾ ਰਹੇ ਸਨ ਅਤੇ ਵਖ ਵਖ ਇੰਪੀਰਲਿਸਟ ਤਾਕਤਾਂ ਦੁਨੀਆ ਉਤੇ ਛਾ ਜਾਣ ਲਈ ਮਨਸੂਬੇ ਬੰਨ੍ਹ ਰਹੀਆਂ ਸਨ। ਸਗੋਂ ਜੇ ਇਹ ਕਹਿ ਦਿਤਾ ਜਾਏ ਕਿ ਉਸ ਵੇਲੇ ਦੂਜੀ ਆਲਮਗੀਰ ਜੰਗ ਦਾ ਮੁਢ ਬਝਣਾ ਸ਼ੁਰੂ ਹੋ ਗਿਆ ਸੀ ਤਦ ਇਹ ਅਤਿ ਕਥਨੀ ਨਹੀਂ ਹੋਵੇਗੀ। ਫਰਾਂਸ ਅਤੇ ਬਰਤਾਨੀਆਂ ਜਰਮਨ ਕੌਮ ਨੂੰ ਜੋ ਉਦੋਂ ਹਿਟਲਰ ਦੀ ਅਗਵਾਈ ਵਿਚ ਜ਼ੋਰ ਫੜ ਰਹੀ ਸੀ ਕਮਜ਼ੋਰ ਕਰਨ ਲਈ ਵਰਸੇਲਜ਼ ਦੀ ਜ਼ਮਾਨਾ ਬਦਨਾਮ ਸੰਧੀ ਹੋਈ। ਜਿਸ ਦੀ ਰੂ ਨਾਲ ਆਸਟਰੀਆ ਤੇ ਜਰਮਨੀ ਦੇ ਮਿਲਾਪ ਦੀ ਮਨਾਹੀ ਕੀਤੀ ਗਈ। ਬਰਤਾਨਵੀ ਤੇ ਫਰੰਚ ਇੰਪੀਰਲਿਸਟ ਇਹ ਸਮਝਦੇ ਸਨ ਕਿ ਜਰਮਨ ਕੌਮ ਦੇ ਟੁਕੜੇ ਟੁਕੜੇ ਕਰਕੇ ਦੁਨੀਆ ਵਿਚ ਅਮਨ ਕਾਇਮ ਰਹਿ ਸਕੇਗਾ ਪਰ ਹੋਇਆ ਇਸਦੇ ਐਨ ਉਲਟ। ਹਿਟਲਰ ਨੇ ਦੋਵਾਂ ਨਾਲ ਲੋਹਾ ਲੈਣ ਦਾ ਐਲਾਨ ਕਰ

ਦਿਤਾ ਅਤੇ ਮਾਰਚ ੧੯੩੮ ਵਿਚ ਨਾਜ਼ੀ ਫੌਜਾਂ ਨੇ ਵਰਸੇਲਜ਼ ਸੰਧੀ ਨਾਮੇ ਦੀਆਂ ਧਜੀਆਂ ਉਡਾ ਦਿਤੀਆਂ ਤੇ ਉਸ ਨੂੰ ਪੈਰਾਂ ਤਲੇ ਕੁਚਲ ਕੇ ਆਸਟਰੀਆ ਨੂੰ ਜਰਮਨੀ ਨਾਲ ਮਿਲਾ ਲਿਆ। ਆਇਰਲੈਂਡ ਦੇ ਇਨਕਲਾਬ ਪਸੰਦਾਂ ਨੇ ਆਪਣੀ ਅਗਵਾਈ ਲਈ ਇਹ ਮਕੌਲਾ ਘੜ ਰਖਿਆ ਸੀ–

in Englans difficulty there is Irelands-opportunity ਅਰਥਾਤ ਇੰਗਲੈਂਡ ਦੀ ਹਰ ਮੁਸ਼ਕਲ ਵਿਚ ਆਇਰ-ਲੈਂਡ ਲਈ ਨਜਾਤ ਦਾ ਮੌਕਾ ਛਿਪਿਆ ਹੁੰਦਾ ਹੈ। ਆਪ ਨੇ ਆਇਰ-ਲੈਂਡ ਦੇ ਇਨਕਲਾਬ ਦਾ ਡੂੰਘਾ ਮੁਤਾਲਿਆ ਕੀਤਾ ਸੀ ਤੇ ਜਿਸ ਢੰਗ ਨਾਲ ਆਇਰਲੈਂਡ ਨੇ ਇੰਗਲੈਂਡ ਦੇ ਜੂਏ ਨੂੰ ਆਪਣੇ ਗਲੋਂ ਲਾਹਿਆ ਉਸ ਤੋਂ ਆਪ ਚੰਗੀ ਤਰ੍ਹਾਂ ਜਾਣੂ ਸਨ। ਅੰਗਰੇਜ਼ਾਂ ਦੀ ਜ਼ਿਹ-ਨੀਅਤ ਨੂੰ ਆਪ ਚੰਗੀ ਤਰ੍ਹਾਂ ਜਾਣਦੇ ਬੁਝਦੇ ਸਨ ਇਸ ਲਈ ਆਪ ਨੂੰ ਆਇਰਲੈਂਡ ਵਾਲਿਆਂ ਦੀ ਉਪ੍ਰੋਕਤ ਅਖੌਤ ਉਤੇ ਪੂਰਾ ਪੂਰਾ ਨਿਸ਼ਚਾ ਸੀ। ਇਹੋ ਕਾਰਨ ਹੈ ਕਿ ਆਪ ਨੇ ਹਿੰਦੀ ਜਨਤਾ ਨੂੰ ਆਪਣੀਆਂ ਤਕਰੀਰਾਂ ਵਿਚ ਮੌਕੇ ਤੋਂ ਫਾਇਦਾ ਉਠੌਣ ਦੀ ਖੁਲ੍ਹੀ ਡੁਲ੍ਹੀ ਸਲਾਹ ਦਿਤੀ ਸੀ।

ਯੂਰਪ ਦੇ ਜੰਗ ਸ਼ੁਰੂ ਹੋਣ ਤੋਂ ਕੁਛ ਸਮਾਂ ਪਹਿਲੇ ਅਰਥਾਤ ੨੮ ਸਤੰਬਰ ੧੯੩੮ ਨੂੰ ਜੰਗ ਦੀ ਸੂਰਤਿ ਹਾਲਤ ਉਤੇ ਵਿਚਾਰ ਕਰਨ ਲਈ ਦਿਲੀ ਵਿਚ ਕਾਂਗਰਸ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਬੁਲਾਈ ਗਈ। ਇਸ ਮੌਕੇ ਉਤੇ ਵਰਕਿੰਗ ਕਮੇਟੀ ਨੇ ਇਕ ਮਤੇ ਰਾਹੀਂ ਜ਼ੈਕੋ ਸਲਾਵੇਕੀਆ ਨੂੰ ਆਜ਼ਾਦੀ ਤੋਂ ਵਿਰਵਿਆਂ ਕਰਨ ਦੇ ਜਰਮਨ ਜਤਨਾਂ ਦੀ ਪੁਜ ਕੇ ਨਖੇਧੀ ਕੀਤੀ ਅਤੇ ਮਜ਼ਲੂਮਾਂ ਨਾਲ ਹਮਦਰਦੀ ਪ੍ਰਗਟ ਕੀਤੀ ਸੀ।

ਆਪ ਦੀ ਪ੍ਰਧਾਨਗੀ ਦਾ ਅਤੇ ਸਤਾਂ ਸੂਬਿਆਂ ਵਿਚ ਕਾਂਗਰਸੀ ਵਜ਼ਾਰਤਾਂ ਦਾ ਅਸਰ ਇਹ ਹੋਇਆ ਕਿ ਪੰਜਾਬ ਤੋਂ ਛੁਟ ਕਿਸੇ ਵੀ ਸੂਬੇ

ਨੇ ਬਰਤਾਨੀਆਂ ਨੂੰ ਜੰਗ ਵਿਚ ਸਹੈਤਾ ਦੇਣ ਦਾ ਭਰੋਸਾ ਨ ਦਵਾਇਆ ਅਤੇ ਇਸ ਗਲ ਉਤੇ ਆਪ ਨੇ ਪੰਜਾਬੀਆਂ ਨੂੰ ਸਖਤ ਝਾੜ ਪਾਈ। ਆਪ ਨੇ ਪੰਜਾਬ ਦੇ ਕਈ ਇਕ ਸ਼ਹਿਰਾਂ ਦਾ ਦੌਰਾ ਕਰਕੇ ਕਾਂਗਰਸ ਦਾ ਪ੍ਰਚਾਰ ਕੀਤਾ ਅਤੇ ਪੰਜਾਬੀਆਂ ਨੂੰ ਜੰਗਿ ਆਜ਼ਾਦੀ ਲਈ ਤਿਆਰ ਕੀਤਾ।

## ਗਾਂਧੀ ਵਾਦ ਨੂੰ ਹਾਰ

ਅਗਲੇ ਸਾਲ ਅਰਥਾਤ ਸੰਨ ੧੯੩੮ ਵਿਚ ਕਾਂਗਰਸ ਦਾ ਸਮਾਗਮ ਤਰਿਪੁਰੀ ਵਿਚ ਹੋਣਾ ਨਿਯਤ ਹੋਇਆ। ਸੁਭਾਸ਼ ਬਾਬੂ ਨੇ ਆਪਣੀ ਪ੍ਰਧਾਨਗੀ ਦੇ ਸਮੇਂ ਜੋ ਪ੍ਰਚਾਰ ਕੀਤਾ ਉਸ ਤੋਂ ਦੋ ਗਲਾਂ ਸਪਸ਼ਟ ਸਨ। ਇਕ ਇਹ ਕਿ ਆਪ ਫੈਡਰੇਸ਼ਨ ਦੇ ਉਕਾ ਹੀ ਖਿਲਾਫ ਸਨ ਅਤੇ ਉਸ ਨੂੰ ਪ੍ਰਵਾਨ ਕਰਨ ਦੇ ਕਟਰ ਵਿਰੋਧੀ। ਦੂਜੇ ਆਪ ਕਾਂਗਰਸ ਨੂੰ ਇਕ ਇਨਕਲਾਬੀ ਜਮਾਤ ਦੇ ਰੂਪ ਵਿਚ ਤਬਦੀਲ ਕਰ ਦੇਣਾ ਚਾਹੁੰਦੇ ਸਨ। ਇਹਨਾਂ ਦੋਨਾਂ ਗਲਾਂ ਨੇ ਗਾਂਧੀ ਵਾਦ ਦੇ ਪਖੀਆਂ ਨੂੰ ਆਪ ਦੇ ਵਿਰੁਧ ਕਰ ਦਿਤਾ। ਗਾਂਧੀ ਗਰੁਪ ਜੋ ਸ਼ਾਂਤਮਈ ਦਾ ਪੁਜਾਰੀ ਸੀ ਅਤੇ ਜਿਸ ਦਾ ਕਾਂਗਰਸ ਉਤੇ ਹੁਣ ਤੀਕ ਗਲਬਾ ਸੀ ਉਸ ਨੂੰ ਸੁਭਾਸ਼ ਬਾਬੂ ਦੀ ਮੌਜੂਦਗੀ ਵਿਚ ਆਪਣਾ ਸਿੰਘਾਸਨ ਡੋਲਦਾ ਹੋਇਆ ਨਜ਼ਰ ਆਇਆ। ਉਹ ਨਹੀਂ ਸੀ ਚਾਹੁੰਦੇ ਕਿ ਅਗਲੇ ਸਾਲ ਸੁਭਾਸ਼ ਬਾਬੂ ਫੇਰ ਪ੍ਰਧਾਨ ਚੁਣੇ ਜਾਣ ਇਸ ਲਈ ਉਹਨਾਂ ਨੇ ਆਪ ਨੂੰ ਹਾਰ ਦੇਣ ਲਈ ਜੋੜ ਤੋੜ ਸ਼ੁਰੂ ਕਰ ਦਿਤੇ ਅਤੇ ਹੈਰਾਨੀ ਤੇ ਦੁੱਖ ਦੀ ਗਲ ਇਹ ਹੈ ਕਿ ਸੁਭਾਸ਼ ਬਾਬੂ ਵਿਰੁਧ ਇਸ ਸਾਜ਼ਸ਼ ਵਿਚ ਮਹਾਤਮਾਂ ਗਾਂਧੀ ਵਰਗੀ ਮਹਾਨ ਵੱਡੀ ਹਸਤੀ ਵੀ ਸ਼ਰੀਕ ਸੀ।

ਤ੍ਰਿਪੁਰੀ ਕਾਂਗਰਸ ਦੀ ਪ੍ਰਧਾਨਗੀ ਲਈ ਤਿੰਨ ਨਾਮ ਪੇਸ਼ ਹੋਏ। (੧) ਸ੍ਰੀ ਸੁਭਾਸ਼ ਬੋਸ (੨) ਮੌਲਾਨਾ ਅਬੁਲਕਲਾਮ ਆਜ਼ਾਦ ਅਤੇ (੩) ਡਾਕਟਰ ਪਟਾਭੀ ਸੀਤਾ ਰਾਮੀਆ। ਇਹਨਾਂ ਤਿੰਨਾਂ ਵਿਚੋਂ ਮੌਲਾਨਾ ਅਬੁਲ ਕਲਾਮ ਨੇ ਸਿਹਤ ਦੀ ਖਰਾਬੀ ਦੇ ਕਾਰਨ ਆਪਣਾ ਨਾਮ

ਵਾਪਸ ਲੈ ਲਿਆ ਇਸ ਲਈ ਮੁਕਾਬਲਾ ਸੁਭਾਸ਼ ਤੇ ਸੀਤਾ ਰਾਮੀਆਂ ਵਿਚਾਲੇ. ਰਹਿ ਗਿਆ ।

ਮੌਲਾਨਾ ਆਜ਼ਾਦ ਨੇ ਇਸ ਸਮੇਂ ਇਕ ਬਿਆਨ ਦਿਤਾ ਜਿਸ ਵਿਚ ਆਪ ਨੇ ਆਖਿਆ–ਮੈਨੂੰ ਇਹ ਵੇਖ ਕੇ ਖੁਸ਼ੀ ਹੋਈ ਹੈ ਕਿ ਡਾਕਟਰ ਪਟਾਭੀ ਸੀਤਾਰਾਮੀਆਂ ਦਾ ਨਾਮ ਵੀ ਉਮੈਦ ਵਾਰਾਂ ਵਿਚ ਹੈ । ਉਹ ਆਪਣਾ ਨਾਮ ਵਾਪਸ ਲੈਣ ਵਾਲੇ ਸਨ ਇਹ ਸਮਝ ਕੇ ਕਿ ਸ਼ਾਇਦ ਮੈਂ ਆਪਣਾ ਨਾਮ ਵਾਪਸ ਨਾ ਲਵਾਂ । ਪਰ ਮੈਨੂੰ ਖੁਸ਼ੀ ਹੈ ਕਿ ਮੈਂ ਉਹਨਾਂ ਨੂੰ ਆਪਣਾ ਨਾਮ ਵਾਪਸ ਨਾ ਲੈਣ ਲਈ ਰਾਜ਼ੀ ਕਰ ਲਿਆ। ਆਪ ਵਰਕਿੰਗ ਕਮੇਟੀ ਦੇ ਪੁਰਾਣੇ ਮੈਂਬਰ ਹਨ ਅਤੇ ਅਨਥਕ ਕਾਰਕੁਨ ਵੀ । ਮੈਂ ਉਹਨਾਂ ਦੇ ਨਾਮ ਦੀ ਸਭਾਪਤੀ ਲਈ ਸਿਫਾਰਸ਼ ਕਰਦਾ ਹਾਂ। ਮੈਨੂੰ ਭਰੋਸਾ ਹੈ ਆਪ ਸਰਬ ਸੰਮਤੀ ਨਾਲ ਪ੍ਰਧਾਨ ਚੁਣੇ ਜਾਣਗੇ ।”

ਇਹ ਇਕ ਬੜੀ ਹੀ ਅਨੋਖੀ ਕਿਸਮ ਦੀ ਸਿਫਾਰਸ਼ ਸੀ । ਇਹੋ ਨਹੀਂ ਸਗੋਂ ਕਾਂਗਰਸ ਦੇ ਇਤਿਹਾਸ ਵਿਚ ਇਕ ਅਨੋਖਾ ਬਿਆਨ ਵੀ । ਮਜ਼ੇ ਦੀ ਗਲ ਇਹ ਹੈ ਪ੍ਰਧਾਨਗੀ ਦੇ ਉਮੈਦਵਾਰ ਡਾਕਟਰ ਪਟਾਭੀ ਨੇ ਵੀ ਇਕ ਬਿਆਨ ਪ੍ਰਕਾਸ਼ਤ ਕਰਵਾ ਮਾਰਿਆ ਜਿਸ ਵਿਚ ਦਰਜ ਸੀ:–

“ਜੇ ਮੈਨੂੰ ਪ੍ਰਧਾਨ ਚੁਣ ਲਿਆ ਗਿਆ ਤਦ ਮੈਂ ਸਮਝਾਂਗਾ ਕੇ ਦੇਸ ਨੇ ਮੇਰੀਆਂ ਉਹਨਾਂ ਖਿਦਮਤਾਂ ਦਾ ਮੁਲ ਪਾਇਆ ਹੈ ਜੋ ਮੈਂ ਰਿਆਸਤਾਂ ਵਿਚ ਕੀਤੀਆਂ ਹਨ । ਮੈਂ ਵਰਕਿੰਗ ਕਮੇਟੀ ਦਾ ਮੈਂਬਰ ਹਾਂ ਅਤੇ ਆਂਧਰਾ ਸੂਬਕ ਕਾਂਗਰਸ ਦਾ ਪ੍ਰਧਾਨ ਵੀ । ਕਾਂਗਰਸ ਵਿਚ ਬਹੁਤ ਸਾਰੀ ਬਦਨਜ਼ਮੀ ਫੈਲ ਰਹੀ ਹੈ ਜੇ ਮੈਨੂੰ ਪ੍ਰਧਾਨ ਚੁਣਿਆ ਗਿਆ ਤਦ ਮੈਂ ਕਾਂਗਰਸ ਨੂੰ ਦਰੁਸਤ ਕਰ ਦਿਆਂਗਾ ।”

ਇਸ ਬਿਆਨ ਮਗਰੋਂ ਸੁਭਾਸ਼ ਬਾਬੂ ਨੂੰ ਵੀ ਬਿਆਨ ਦੇਣਾ ਪਿਆ । ਆਪ ਨੇ ਆਪਣੇ ਬਿਆਨ ਵਿਚ ਫਰਮਾਇਆ:–

"ਆਜ਼ਾਦ ਦੇਸਾਂ ਵਿਚ ਚੋਣਾਂ ਵਿਅਕਤੀਆਂ ਉਤੇ ਨਹੀਂ ਸਗੋਂ ਆਦਰਸ਼ਾਂ ਉਤੇ ਲੜੀਆਂ ਜਾਂਦੀਆਂ ਹਨ। ਜੇ ਕੋਈ ਐਸਾ ਆਦਮੀ ਪ੍ਰਧਾਨਗੀ ਲਈ ਖੜਾ ਹੋਵੇ ਜਿਹੜਾ ਸਮਝੌਤੇ ਦਾ ਵਿਰੋਧੀ ਹੋਵੇ ਤਦ ਮੈਂ ਅਜ ਹੀ ਆਪਣਾ ਨਾਮ ਵਾਪਸ ਲੈਣ ਲਈ ਤਿਆਰ ਹਾਂ। ਜੇ ਇਹ ਗਲ ਵੀ ਨਾ ਹੋਈ ਅਤੇ ਜਨਤਾਂ ਨੇ ਡਾਕਟਰ ਪਟਾਭੀ ਸੀਤਾਰਾਮੀਆ ਨੂੰ ਪ੍ਰਧਾਨ ਚੁਣ ਲਿਆ ਤਦ ਵੀ ਮੈਂ ਇਕ ਸਚੇ ਸੈਨਕ (ਸਿਪਾਹੀ) ਦੀ ਨਿਆਈ ਉਹਨਾਂ ਦੀ ਅਗਵਾਈ ਹੇਠ ਕੰਮ ਕਰਨਾ ਪਰਵਾਨ ਕਰ ਲਵਾਂਗਾ।"

ਗਾਂਧੀ ਪਖੀਆਂ ਨੇ ਸੁਭਾਸ਼ ਬਾਬੂ ਦੇ ਇਸ ਚੈਲੰਜ ਦਾ ਤਾਂ ਕੋਈ ਉਤ੍ਰ ਨਾ ਦਿਤਾ ਉਲਟਾ ਡਾਕਟਰ ਪਟਾਭੀ ਦੇ ਹਕ ਵਿਚ ਇਕ ਹੋਰ ਬਿਆਨ ਪ੍ਰਕਾਸ਼ਤ ਕਰ ਦਿਤਾ ਜਿਸ ਵਿਚ ਸਰਦਾਰ ਪਟੇਲ, ਬਾਬੂ ਰਾਜਿੰਦਰ ਪ੍ਰਸ਼ਾਦ, ਮਿਸਟਰ ਜੈਰਾਮ ਦਾਸ, ਦੌਲਤ ਰਾਮ, ਅਚਾ-ਰਯ ਕਿਰਪਲਾਨੀ, ਮਿਸਟਰ ਸ਼ੰਕਰ ਰਾਉ ਦੇਵ, ਮਿਸਟਰ ਭੁਲਾ ਭਾਈ ਡੇਸਾਈ ਨੇ ਐਲਾਨ ਕੀਤਾ ਕਿ ਅਸੀਂ ਇਸ ਗਲ ਦੇ ਚਾਹਵਾਨ ਹਾਂ ਕਿ ਸੁਭਾਸ਼ ਬਾਬੂ ਜ਼ਿਦ ਨਾ ਕਰਨ ਅਤੇ ਡਾਕਟਰ ਪਟਾਭੀ ਸੀਤਾਰਾਮੀਆ ਨੂੰ ਪ੍ਰਧਾਨ ਚੁਨਣ ਦਿਤਾ ਜਾਏ ਕਿਉਂਕਿ ਸਾਡੇ ਖਿਆਲ ਵਿਚ ਇਹੋ ਪਾਲਿਸੀ ਚੰਗੀ ਹੈ ਕਿ ਕਿਸੇ ਆਦਮੀ ਨੂੰ ਦੋਬਾਰਾ ਪ੍ਰਧਾਨ ਨਾ ਚੁਣਿਆ ਜਾਏ।"

ਇਸ ਦੇ ਮਗਰੋਂ ਹੋਰ ਵੀ ਬਹੁਤ ਸਾਰੀ ਬਿਆਨ ਬਾਜ਼ੀ ਦੋਵਾਂ ਧਿਰਾਂ ਵਲੋਂ ਹੋਈ ਜੋ ਵਿਸਥਾਰ ਦੇ ਡਰ ਨਾਲ ਏਥੇ ਨਹੀਂ ਦਿਤੀ ਜਾਂਦੀ। ਮਤਲਬ ਕੀ ਦੋਵਾਂ ਧਿਰਾਂ ਦੇ ਪਖੀਆਂ ਨੇ ਆਪੋ ਆਪਣੇ ਉਮੈਦਵਾਰ ਨੂੰ ਸਫਲ ਕਰਾਉਨ ਲਈ ਪੂਰਾ ਪੂਰਾ ਤਰਾਨ ਲਾਇਆ ਆਖਰ ੨੯ ਜਨਵਰੀ ਨੂੰ ਵੋਟ ਪਾਏ ਗਏ ਤਦ ਸੁਭਾਸ਼ ਬਾਬੂ ਦੋ ਸੌ ਵੋਟਾਂ ਦੀ ਬਹੁ-ਗਿਣਤੀ ਨਾਲ ਫੇਰ ਪ੍ਰਧਾਨ ਚੁਣੇ ਗਏ।

ਆਪ ਦੀ ਪ੍ਰਧਾਨਗੀ ਚੋਣ ਵਿਚ ਸਫਲਤਾ ਨੇ ਬਲਦੀ ਉਤੇ

ਤੇਲ ਪਾਇਆ ਤੇ ਗਾਂਧੀ ਵਾਦ ਦੇ ਪਖੀ ਹੋਰ ਵੀ ਚਿੜ ਗਏ। ਇਸ ਦੇ ਮਗਰੋਂ ਹਿੰਦੀ ਰਾਜ ਨੀਤੀ ਦਾ ਦੁਖਦਾਈ ਪ੍ਰਕਰਨ ਸ਼ੁਰੂ ਹੋ ਗਿਆ ਅਤੇ ਮਹਾਤਮਾ ਗਾਂਧੀ ਨੇ ਜਿਹੜੇ ਅਜੇ ਤੀਕ ਇਸ ਕਿਸਮ ਦੇ ਪਖ-ਪਾਤ ਵਿਚ ਨਹੀਂ ਸਨ ਪਏ ਪਹਿਲੀ ਵਾਰ ਉਹਨਾਂ ਨੇ ਇਕ ਥਾਂ ਫਰਮਾਇਆ:-

"ਪਟਾਭੀ ਦੀ ਹਾਰ ਮੇਰੀ ਜ਼ਾਤੀ ਹਾਰ ਹੈ।" ਸੁਭਾਸ਼ ਬਾਬੂ, ਜੋ ਦਿਲੋਂ ਬਾਪੂ ਦੇ ਪ੍ਰਸੰਸਕ ਸਨ ਅਤੇ ਆਪ ਨੂੰ ਆਪਣਾ ਆਤ-ਮਕ ਗੁਰੂ ਮੰਨਦੇ ਆਏ ਸਨ ਆਪ ਦੇ ਇਹ ਲਫਜ਼ ਸੁਣ ਕੇ ਚਕ੍ਰਿਤ ਰਹਿ ਗਏ।

ਇਸ ਤੇ ਆਪ ਨੇ ਇਕ ਬਿਆਨ ਪ੍ਰਕਾਸ਼ਤ ਕਰਾਇਆ ਅਤੇ ਬਾਪੂ ਦੀ ਨਾਰਾਜ਼ਗੀ ਦੂਰ ਕਰਨ ਦਾ ਜਤਨ ਕੀਤਾ। ਉਸ ਬਿਆਨ ਵਿਚ ਆਪ ਨੇ ਫਰਮਾਇਆ:-

"ਇਹ ਮੇਰਾ ਸਦਾ ਉਦੇਸ਼ ਰਹੇਗਾ ਕਿ ਮੈਂ ਪੂਰਾ ਪੂਰਾ ਜਤਨ ਕਰ ਕੇ ਮਹਾਤਮਾ ਜੀ ਦਾ ਵਿਸ਼ਵਾਸ ਜਿਤ ਲਵਾਂ। ਇਸ ਲਈ ਕਿ ਇਹ ਬਹੁਤ ਹੀ ਦੁਖਦਾਈ ਗਲ ਹੋਵੇਗੀ ਕਿ ਮੈਂ ਸਾਰੀ ਦੁਨੀਆ ਦਾ ਵਿਸਵਾਸ਼ ਪਾਤ੍ਰ ਤੇ ਬਣ ਜਾਵਾਂ ਪਰ ਭਾਰਤ ਵਰਸ਼ ਦੇ ਮਹਾਤਮਾ ਦਾ ਵਿਸਵਾਸ਼ ਗਵਾਦਿਆਂ।"

ਬਜਾਏ ਇਸ ਦੇ ਕਿ ਇਸ ਬਿਆਨ ਉਤੇ ਮਹਾਤਮਾ ਜੀ ਨਰਮ ਹੁੰਦੇ ਯਾ ਸਮਝੌਤੇ ਲਈ ਕੋਈ ਜਤਨ ਕਰਦੇ ਆਪ ਨੇ ਗਿਣੇ ਮਿਥੇ ਪ੍ਰੋਗਰਾਮ ਦੀ ਪੂਰਤੀ ਲਈ ਇਕ ਹੋਰ ਬਿਆਨ ਪ੍ਰਕਾਸ਼ਤ ਕਰਵਾ ਦਿਤਾ ਜੋ ਇਸ ਤਰ੍ਹਾਂ ਸੀ:-

"ਕਿਉਂਕਿ ਮੈਂ ਹੀ ਪਟਾਭੀ ਨੂੰ ਖੜਾ ਕੀਤਾ ਸੀ ਇਸ ਲਈ ਹਾਰ ਮੇਰੀ ਵਧੀਕ ਹੈ ਅਤੇ ਉਹਨਾਂ ਦੀ ਘਟ-ਗਿਣਤੀ ਨੂੰ ਬਹੁ ਗਿਣਤੀ ਪਖ ਦੀ ਸਫਲਤਾ ਦੀ ਅਰਦਾਸ ਕਰਨੀ ਚਾਹੀਦੀ ਹੈ। ਪਰ ਜੇ ਉਹ ਉਹਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਨਹੀਂ

ਕਰ ਸਕਦੇ ਤਦ ਉਹਨਾਂ ਨੂੰ ਕਾਂਗਰਸ ਤੋਂ ਬਾਹਰ ਆ ਜਾਣਾ ਚਾਹੀਦਾ ਹੈ।"

ਸੁਭਾਸ਼ ਬਾਬੂ ਨੂੰ ਇਹੋ ਜਿਹੇ ਬਿਆਨ ਦੀ ਮਹਾਤਮਾਂ ਪਾਸੋਂ ਸੁਪਨੇ ਵਿਚ ਵੀ ਆਸ ਨਹੀਂ ਸੀ ਇਸ ਲਈ ਇਸ ਬਿਆਨ ਨਾਲ ਆਪ ਦੇ ਦਿਲ ਉਤੇ ਕਰੜੀ ਸੱਟ ਵੱਜੀ। ਭਾਵੇਂ ਉਸ ਵੇਲੇ ਆਪ ਬੀਮਾਰ ਸਨ ਫੇਰ ਵੀ ਆਪ ਵਾਰਧਾ ਵਿਚ ਬਾਪੂ ਨੂੰ ਮਿਲਨ ਅਤੇ ਉਹਨਾਂ ਦਾ ਗੁੱਸਾ ਦੂਰ ਕਰਨ ਲਈ ਤਸ਼ਰੀਫ ਲੈ ਗਏ ਪਰ ਮਹਾਤਮਾ ਜੀ ਨੇ ਨ ਮੰਨਣਾ ਸੀ ਨ ਮੰਨੇ। ਸੁਭਾਸ਼ ਬਾਬੂ ਨੂੰ ਵਾਰਧਾ ਦੇ ਰਿਸ਼ੀ ਦੇ ਦਵਾਰ ਤੋਂ ਨਿਰਾਸ ਮੁੜਨਾ ਪਿਆ।

ਮਹਾਤਮਾਂ ਜੀ ਦੇ ਕਥਨ ਅਨੁਸਾਰ ਇਹ ਹਾਰ ਡਾਕਟਰ ਪਟਾਭੀ ਦੀ ਨਹੀਂ ਸਗੋਂ ਖੁਦ ਉਹਨਾਂ ਦੀ ਆਪਣੀ ਸੀ। ਇਸ ਲਈ ਹੁਣ ਗਾਂਧੀ ਜੀ ਲਈ ਦੋ ਹੀ ਰਾਹ ਸਨ ਯਾ ਤੇ ਉਹ ਪਾਲੇਟਿਕਸ ਤੋਂ ਲਾਂਭੇ ਹੋ ਜਾਂਦੇ ਯਾ ਫੇਰ ਸੁਭਾਸ਼ ਬਾਬੂ ਨੂੰ ਨਾਕਾਮ ਬਣੌਣ ਲਈ ਕੋਈ ਹੋਰ ਖੜ ਯੰਤਰ ਰਚਦੇ। ਆਪ ਨੇ ਆਖਰੀ ਗਲ ਕੀਤੀ। ਇਸਦੇ ਥੋੜਾ ਚਿਰ ਮਗਰੋਂ ਹੀ ਹੇਠ ਲਿਖੇ ਮੈਂਬਰਾਂ ਨੇ ਕਾਂਗਰਸ ਦੀ ਵਰਕਿੰਗ ਕਮੇਟੀ ਤੋਂ ਅਸਤੀਫੇ ਦੇ ਦਿਤੇ ਅਤੇ ਅਸਤੀਫਿਆਂ ਦੀ ਖਬਰ ਸੁਭਾਸ਼ ਬਾਬੂ ਨੂੰ ਤਾਰ ਰਾਹੀਂ ਭੇਜ ਦਿਤੀ। ਜਿਸ ਵੇਲੇ ਇਹ ਤਾਰ ਆਪ ਨੂੰ ਪਹੁੰਚੀ ਆਪ ੧੦੩ ਡਿਗਰੀ ਦੇ ਬੁਖਾਰ ਨਾਲ ਬਿਸਤਰੇ ਉਤੇ ਪਏ ਸਨ। ਤਿਆਗ ਪਤ੍ਰ ਦੇਣ ਵਾਲਿਆਂ ਦੇ ਨਾਮ ਇਹ ਸਨ-ਸਰਦਾਰ ਪਟੇਲ, ਮੌਲਾਨਾ ਆਜ਼ਾਦ, ਮਿ: ਭੋਲਾ ਭਾਈ ਡੇਸਾਈ, ਬਾਬੂ ਰਾਜਿੰਦਰ ਪ੍ਰਸਾਦ, ਮਿਸਜ਼ ਸ੍ਰੋਜਨੀ ਨਾਇਡੋ, ਡਾਕਟਰ ਪਟਾਭੀ ਸੀਤਾ ਰਾਮੀਆਂ, ਮਿ: ਸ਼ੰਕਰ ਰਾਉ ਦੇਵ, ਮਿਸਟਰ ਹਰੀ ਕ੍ਰਿਸ਼ਨ ਮਹਿਤਾਬ, ਅਚਾਰਯਾ ਕਰਿਪਲਾਨੀ ਖਾਨ ਅਬਦੁਲ ਗਫਾਰ ਖਾਂ, ਮਿਸਟਰ ਜੈ ਰਾਮ ਦਾਸ, ਦੌਲਤ ਰਾਮ ਅਤੇ ਸੇਠ ਜਮਨਾ ਲਾਲ ਬਜ਼ਾਜ, ਇਹਨਾਂ ਦੇ ਮਗਰੇ ਮਗਰ ਪੰਡਤ ਜਵਾਹਰ ਲਾਲ ਦਾ ਅਸਤੀਫਾ ਵੀ ਆ ਗਿਆ।

ਸੁਭਾਸ਼ ਬਾਬੂ ਬੁਖਾਰ ਨਾਲ ਬਿਸਤ੍ਰ ਉਤੇ ਲੇਟੇ ਸਨ, ਸਗੋਂ ਅਧਿਕ ਬੁਖਾਰ ਨਾਲ ਬੇਹੋਸ਼ ਸਨ। ਡਾਕਟਰਾਂ ਨੂੰ ਚਿੰਤਾ ਲਗੀ ਹੋਈ ਸੀ ਅਤੇ ਆਪ ਦੀਆਂ ਢਿਲੀਆਂ ਉਂਗਲੀਆਂ ਵਿਚ ਫੜਿਆ ਸੀ ਵਰਕਿੰਗ ਕਮੇਟੀ ਦਾ ਅਸਤੀਫਾ।

ਅਜੇ ਆਪ ਦਾ ਬੁਖ਼ਾਰ ਪੂਰੀ ਤਰ੍ਹਾਂ ਨਹੀਂ ਸੀ ਉਤ੍ਰਿਆ ਕਿ ਤ੍ਰਿਪੁਰੀ ਦਾ ਸਮਾਗਮ ਸਿਰ ਤੇ ਆ ਗਿਆ। ਆਪ ਬੜੀ ਮੁਸ਼ਕਲ ਵਿਚ ਫਾਥੇ, ਫੇਰ ਵੀ ਆਪ ਨੇ ਦਿਲ ਨ ਛਡਿਆ। ਆਪ ਨੇ ਵਰਕਿੰਗ ਕਮੇਟੀ ਦਾ ਅਸਤੀਫਾ ਪਰਵਾਨ ਕਰ ਲਿਆ। ਇਸ ਗਲ ਨੇ ਗਾਂਧੀ ਗਰੁਪ ਨੂੰ ਹੈਰਾਨ ਕਰ ਦਿਤਾ। ਉਹ ਇਹ ਆਸ ਲਾਈ ਬੈਠੇ ਸਨ ਕਿ ਤਿਆਗ ਪਤ੍ਰ ਪੁਜਦੇ ਸਾਰ ਸੁਭਾਸ਼ ਬਾਬੂ ਗੋਡੇ ਟੇਕ ਦੇਣਗੇ ਅਤੇ ਆਪਣਾ ਅਸਤੀਫਾ ਮਹਾਤਮਾਂ ਜੀ ਦੇ ਚਰਨਾਂ ਵਿਚ ਧਰ ਦੇਣਗੇ ਪਰ ਏਥੇ ਉਹਨਾਂ ਦੀ ਆਸ ਦੇ ਐਨ ਉਲਟ ਕਾਰਰਵਾਈ ਹੋਈ।

ਬੁਖ਼ਾਰ ਦੀ ਹਾਲਤ ਵਿਚ ਹੀ ਆਪ ਤਰਿਪੁਰੀ ਪਹੁੰਚੇ ਅਤੇ ਕਾਂਗਰਸ ਦੀ ਪ੍ਰਧਾਨਗੀ ਕੀਤੀ। ਗਾਂਧੀ ਗਰੁਪ ਨੇ ਆਪ ਨੂੰ ਹੋਰ ਦੁਖੀ ਕਰਨ ਲਈ ਇਕ ਤਜਵੀਜ਼ ਸੋਚੀ। ਪੰਡਤ ਗੋਵਿੰਦ ਵਲਭ ਪੰਤ ਨੇ ਕਾਂਗਰਸ ਵਿਚ ਇਸ ਭਾਵ ਦਾ ਮਤਾ ਭੇਜਿਆ ਕਿ ਗਾਂਧੀ ਵਾਦੀ ਨੀਤੀ ਵਿਚ ਕੋਈ ਤਬਦੀਲੀ ਨਹੀਂ ਹੋਣੀ ਚਾਹੀਦੀ ਇਸ ਲਈ ਸਭਾਪਤੀ ਆਪਣੀ ਵਰਕਿੰਗ ਕਮੇਟੀ ਦੀ ਚੋਣ ਗਾਂਧੀ ਜੀ ਦੀ ਮਰਜ਼ੀ ਤੇ ਰਾਏ ਦੇ ਮੁਤਾਬਕ ਕਰਨ। ਇਹ ਦਵਾ ਸੁਭਾਸ਼ ਬਾਬੂ ਲਈ ਬੜੀ ਕਾਰਗਰ ਹੋਈ ਹੋਈ ਉਨ੍ਹਾਂ ਦਾ ਬੁਖ਼ਾਰ ੧੦੬ ਡਿਗਰੀ ਤੀਕ ਜਾ ਪਹੁੰਚਾ। ਜਬਲਪੁਰ ਦੇ ਸਿਵਲ ਸਰਜਨ ਨੇ ਐਲਾਨ ਕਰ ਦਿਤਾ ਕਿ ਸਜਾ ਫੇਫੜਾ ਵੀ ਜਕੜਿਆ ਗਿਆ ਹੈ। ਇਸ ਲਈ ਸਿਵਲ ਸਰਜਨ ਨੇ ਉਹਨਾਂ ਨੂੰ ਤੁਰਤ ਹਸਪਤਾਲ ਪੁਚਾਉਨ ਦੀ ਸਲਾਹ ਦਿਤੀ। ਸੁਭਾਸ਼ ਬਾਬੂ ਨੇ ਇਹ ਉਤ੍ਰ ਦਿਤਾ-"ਮੈਂ ਹਸਪਤਾਲ ਜਾਣ ਲਈ ਏਥੇ ਨਹੀਂ ਆਇਆ। ਇਥੋਂ ਹਟਾਏ ਜਾਣ ਨਾਲੋਂ ਮੈਂ ਮਰ ਜਾਣਾ ਵਧੀਕ ਪਸੰਦ ਕਰਾਂਗਾ।"

ਉਸ ਵੇਲੇ ਮਹਾਤਮਾਂ ਗਾਂਧੀ ਰਾਜ ਕੋਟ ਵਿਚ ਗਏ ਹੋਏ ਸਨ ਤੇ ਉਥੇ ਵਰਤ ਸ਼ੁਰੂ ਕਰ ਰਖਿਆ ਸੀ। ਪੰਡਤ ਨਹਿਰੂ ਨੇ ਸੁਭਾਸ਼ ਬਾਬੂ ਦੀ ਦਸ਼ਾ ਤੋਂ ਘਬਰਾ ਕੇ ਗਾਂਧੀ ਜੀ ਨੂੰ ਟੈਲੀਫੋਨ ਕੀਤਾ ਪਰ ਵਿਅਰਥ।

ਕਾਂਗਰਸ ਦੇ ਦਿਨਾਂ ਵਿਚ ਸੁਭਾਸ਼ ਬਾਬੂ ਦੀ ਕੀ ਦਸ਼ਾ ਸੀ ਇਸ ਦਾ ਅੰਦਾਜ਼ਾ ਏਸੇ ਗਲ ਤੋਂ ਲਾ ਲਓ ਕਿ ਸਬ ਜੈਕਟਸ ਕਮੇਟੀ ਦੀ ਮੀਟਿੰਗ ਵਿਚ ਆਪ ਨੂੰ ਸਟਰੈਚਰ ਉਤੇ ਪਾ ਕੇ ਲਿਆਂਦਾ ਗਿਆ। ਆਪ ਦੀ ਇਹ ਦਸ਼ਾ ਵੇਖ ਕੇ ਪਿੰਡਾਲ ਵਿਚ ਬੈਠੇ ਮੈਂਬਰਾਂ ਦਾ ਦਿਲ ਮੋਮ ਹੋ ਗਿਆ। ਰਾਸ਼ਟਰ ਪਤੀ ਦੇ ਡਾਕਟਰ ਵੀ ਉਨ੍ਹਾਂ ਦੇ ਨਾਲ ਪਿੰਡਾਲ ਵਿਚ ਅਏ। ਸੁਭਾਸ਼ ਬਾਬੂ ਨੂੰ ਇਕ ਖਾਸ ਕੁਰਸੀ ਉਤੇ ਬਠਾਇਆ, ਜੋ ਆਪ ਲਈ ਹੀ ਬਣਵਾਈ ਗਈ ਸੀ। ਆਪ ਦੇ ਬੈਠਦੇ ਸਾਰ ਪਿੰਡਾਲ ਦੇ ਸਾਰੇ ਪਾਸੇ ਤਾਲੀਆਂ ਨਾਲ ਗੂੰਜ ਉਠੇ। ਆਪ ਨੇ ਮੁਸਕ੍ਰਾਉਂਦੇ ਹੋਏ ਜਦ ਡਾਇਸ ਵਲ ਨਿਗਾਹ ਮਾਰੀ ਤਦ ਉਹ ਖਾਲੀ ਪਿਆ ਸੀ ਕਿਉਂਕਿ ਵਰਕਿੰਗ ਕਮੇਟੀ ਦੇ ਸਭ ਮੈਂਬਰ ਆਲ ਇੰਡੀਆ ਕਾਂਗਰਸ ਕਮੇਟੀ ਨਾਲ ਫਰਸ਼ ਉਤੇ ਬੈਠੇ ਸਨ। ਆਪ ਨੇ ਸਵਾਗਤ ਕਮੇਟੀ ਦੇ ਸੈਕ੍ਰੇਟਰੀ ਨੂੰ ਆਖਿਆ ਕਿ ਉਹ ਵਰਕਿੰਗ ਕਮੇਟੀ ਦੇ ਮੈਂਬਰਾਂ ਨੂੰ ਆਖਣ ਕਿ ਡਾਇਸ ਉਤੇ ਆ ਬੈਠਣ ਸੁ ਉਹ ਉਥੇ ਆਨ ਬੈਠੇ।

ਬੀਮਾਰੀ ਦੇ ਕਾਰਨ ਆਪ ੧੦ ਮਾਰਚ ਨੂੰ ਸਮਾਗਮ ਵਿਚ ਸ਼ਰੀਕ ਨ ਹੋ ਸਕੇ ਇਸ ਲਈ ਆਪ ਦਾ ਐਡਰੈਸ ਅਪ ਦੇ ਭਾਈ ਸਰਤ ਬਾਬੂ ਨੇ ਪੜ੍ਹ ਕੇ ਸੁਣਾਇਆ। ੧੧ ਤ੍ਰੀਕ ਨੂੰ ਹਾਲਤ ਹੋਰ ਖਰਾਬ ਹੋ ਗਈ ਬੁਖ਼ਾਰ ੧੦੫ ਦਰਜੇ ਤੀਕ ਪਹੁੰਚ ਗਿਆ। ਡਾਕਟਰਾਂ ਨੇ ਜਬਲ ਪੁਰ ਹਸਪਤਾਲ ਵਿਚ ਦਾਖਲ ਹੋਣ ਦੀ ਸਲਾਹ ਦਿਤੀ ਪਰ ਆਪ ਨਾ ਮੰਨੇ ਤੇ ਕਾਂਗਰਸ ਦੀ ਕਾਰਰਵਾਈ ਦੇ ਦਿਨਾਂ ਵਿਚ ਤ੍ਰੀਪੁਰੀ ਤੋਂ ਹਿਲਨ ਤੋਂ ਇਨਕਾਰ ਕਰ ਦਿਤਾ। ਤ੍ਰੀਪੁਰੀ ਦੇ ਸਮਾਗਮ ਮਗਰੋਂ ਹੀ ਆਪ ਕਲਕਤੇ ਰਵਾਨਾ ਹੋਏ।

ਇਸ ਮਗਰੋਂ ਮਹਾਤਮਾ ਗਾਂਧੀ ਅਤੇ ਸੁਭਾਸ਼ ਬਾਬੂ ਦੇ ਵਿਚ-

ਕਾਰ ਬੜੀ ਲੰਮੀ ਚੋੜੀ ਚਿਠੀ ਪਤ੍ਰੀ ਹੁੰਦੀ ਰਹੀ ਜਿਸ ਵਿਚਕਾਰ ਮਹਾਤਮਾ ਜੀ ਨੇ ਆਪਣੀ ਪਹਿਲੀ ਪੁਜ਼ੀਸ਼ਨ ਤੋਂ ਇਕ ਇੰਚ ਵੀ ਏਧਰ ਉਧਰ ਹੋਣ ਤੋਂ ਇਨਕਾਰ ਕਰ ਦਿਤਾ, ਇਸ ਖਤ ਪਤ੍ਰ ਦੇ ਦੌਰਾਨ ਵਿਚ ਸੁਭਾਸ਼ ਬਾਬੂ ਨੂੰ ਮਿਲ ਕੇ ਕੰਮ ਕਰਨ ਉਤੇ ਬੜਾ ਜ਼ੋਰ ਦਿਤਾ ਪਰ ਆਪ ਦੀ ਇਕ ਨ ਸੁਣੀ ਗਈ। ਮਹਾਤਮਾ ਜੀ ਚਾਹੁੰਦੇ ਸਨ ਕਿ ਸੁਭਾਸ਼ ਬਾਬੂ ਡਮੀ ਪ੍ਰਧਾਨ ਬਣਨਾ ਪਰਵਾਨ ਕਰਨ ਪਰ ਸੁਭਾਸ਼ ਬਾਬੂ ਦੀ ਕਿਸਮ ਦੇ ਆਦਮੀਆਂ ਪਾਸੋਂ ਇਹ ਆਸ ਰਖਣੀ ਵਿਅਰਥ ਸੀ। ਨਤੀਜਾ ਇਹ ਨਿਕਲਿਆ ਕਿ ਖਤ ਪਤ੍ਰ ਨਾਲ ਵੀ ਪੁਜ਼ੀਸ਼ਨ ਨ ਸੁਧਰਦੀ ਸੀ ਨ ਸੁਧਰੀ ।

੨੯ ਅਪ੍ਰੈਲ ਨੂੰ ਕਲਕਤੇ ਵਿਚ ਆਲ ਇੰਡੀਆ ਕਾਂਗਰਸ ਕਮੇਟੀ ਦੀ ਮੀਟਿੰਗ ਬੁਲਾਈ ਗਈ । ਇਸ ਮੀਟਿੰਗ ਤੋਂ ਪਹਿਲਿ ਇਕ ਵਾਰ ਫੇਰ ਸੁਭਾਸ਼-ਗਾਂਧੀ ਮੁਲਾਕਾਤ ਹੋਈ ਤਾਂ ਜੋ ਕੋਈ ਫੈਸਲਾ ਹੋ ਸਕੇ ਪਰ ਇਸ ਮੀਟਿੰਗ ਵਿਚ ਵੀ ਕੋਈ ਫੈਸਲਾ ਨ ਹੋ ਸਕਿਆ । ਇਸ ਉਤੇ ਸੁਭਾਸ਼ ਭਾਬੂ ਨੇ ਆਪਣਾ ਅਸਤੀਫਾ ਕਾਂਗਰਸ ਦੇ ਹਵਾਲੇ ਕਰ ਦਿਤਾ। ਪੰਡਤ ਜਵਾਹਰ ਲਾਲ ਨਹਿਰੂ ਨੇ ਅਸਤੀਫਾ ਵਾਪਸ ਲੈਣ ਲਈ ਆਖਿਆ ਪਰ ਸੁਭਾਸ਼ ਬਾਬੂ ਕਾਂਗਰਸ ਤੋਂ ਨਿਰਾਸ ਹੋ ਕੇ ਆਪਣੇ ਲਈ ਕੋਈ ਹੋਰ ਰਾਹ ਚੁਣ ਚੁਕੇ ਸਨ ਇਸ ਲਈ ਆਪਨੇ ਅਸਤੀਫਾ ਵਾਪਸ ਨ ਲਿਆ । ਆਖਰ ਆਪ ਦੀ ਥਾਂ ਬਾਬੂ ਰਾਜਿੰਦਰ ਪ੍ਰਸ਼ਾਦ ਨੂੰ ਪ੍ਰਧਾਨ ਬਣਾਇਆ ਗਿਆ ।

## ਫਾਰਵਰਡ ਬਲਾਕ

ਕਾਂਗਰਸ ਦੀ ਪਿਛਾਂਹ ਖਿਚੂ ਪਾਲਿਸੀ ਤੋਂ ਨਿਰਾਸ ਹੋ ਕੇ ਸੁਭਾਸ਼ ਬਾਬੂ ਨੇ ਇਕ ਨਵੀਂ ਸੰਸਥਾ ਦੀ ਨੀਂਹ ਰਖੀ ਤੇ ਉਸ ਦਾ ਨਾਮ ਰਖਿਆ ਫਾਰਵਰਡ ਬਲਾਕ। ਫਾਰਵਰਡ ਬਲਾਕ ਦਾ ਆਦਰਸ਼ ਸੀ ਸਾਰੇਗਰਮ ਧੜਿਆਂ ਅਤੇ ਇਨਕਲਾਬੀ ਜਮਾਤਾਂ ਨੂੰ ਇਕ ਥਾਂ

ਉਤੇ ਇਕਠਿਆਂ ਕਰਨਾ। ਸੁਭਾਸ਼ ਬਾਬੂ ਚਾਹੁੰਦੇ ਸਨ ਕਿ ਹਿੰਦੁਸਤਾਨ ਦੇ ਇਹ ਇਨਕਲਾਬੀ ਭਾਗ ਇਕ ਮੁਠ ਹੋ ਜਾਣ ਅਤੇ ਕਾਂਗਰਸ ਨੂੰ ਫਿਲੜ ਦਲ ਵਾਲਿਆਂ ਦੇ ਕਬਜ਼ੇ ਵਿਚੋਂ ਕਢ ਕੇ ਉਸ ਵਿਚ ਇਨਕਲਾਬੀ ਰੂਹ ਭਰਨ। ਇਸ ਦਲ ਦਾ ਮੁਖ ਮੰਤਵ ਸੀ ਹਿੰਦੁਸਤਾਨ ਲਈ ਹਰ ਸੰਭਵ ਤਰੀਕੇ ਨਾਲ ਆਜ਼ਾਦੀ ਅਤੇ ਪੂਰਨ ਸੁਵਰਾਜ ਹਾਸਲ ਕਰਨਾ। ਇਸ ਲਈ ਉਹ ਦੋ ਤਰੀਕੇ ਵਰਤਨੇ ਚਾਹੁੰਦੇ ਸਨ ਕਾਂਗਰਸ ਦੀ ਸ਼ਿਹ ਸੀਅਤ ਤੇ ਪਰੋਗਰਾਮ ਵਿਚ ਇਨਕਲਾਬੀ ਸਪਿਰਟ ਪਦਾ ਕਰਨਾਂ ਅਤੇ ਦੇਸ ਨੂੰ ਆਉਣ ਵਾਲੀ ਜਦੋ ਜਿਹਦ ਲਈ ਤਿਆਰ ਕਰਨਾ।

ਆਪਣੇ ਮੰਤਵ ਦੀ ਪ੍ਰਾਪਤੀ ਲਈ ਸੁਭਾਸ਼ ਬਾਬੂ ਨੇ ਪੰਜਾਬ ਅਤੇ ਦੂਜੇ ਸੂਬਿਆਂ ਦਾ ਦੌਰਾ ਕੀਤਾ ਅਤੇ ਲੋਕਾਂ ਨੂੰ ਸਰਗਰਮ ਪਰੋਗਰਾਮ ਅਪਨੌਣ ਲਈ ਉਪਦੇਸ਼ ਦਿਤਾ। ਇਸ ਦੌਰਾਨ ਵਿਚ ਕਾਂਗਰਸ ਨੇ ਇਹ ਨਵੀਂ ਪਾਬੰਦੀ ਲਾ ਦਿਤੀ ਕਿ ਸੂਬਕ ਕਾਂਗਰਸ ਕਮੇਟੀਆਂ ਦੀ ਮਨਜ਼ੂਰੀ ਤੋਂ ਬਿਨਾ ਕੋਈ ਮਨੁਖ ਯਾ ਜਮਾਤ ਸਤਿਆ-ਗ੍ਰਹਿ ਜਾਰੀ ਨਾ ਕਰੇ। ਇਸ ਦੇ ਨਾਲ ਹੀ ਕਾਂਗਰਸ ਦੀ ਸਾਰੀ ਮਸ਼ੀਨਰੀ ਸੁਭਾਸ਼ ਬਾਬੂ ਦੇ ਵਿਰੁਧ ਹਰਕਤ ਵਿਚ ਆ ਗਈ। ੧੧ ਅਗਸਤ ਨੂੰ ਵਾਰਧਾ ਵਿਚ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਬੁਲਾਈ ਗਈ। ਉਸ ਵਿਚ ਇਕ ਐਸਾ ਮਤਾ ਵੀ ਪਾਸ ਕੀਤਾ ਗਿਆ ਜਿਸ ਦੀ ਰੂ ਨਾਲ ਸੁਭਾਸ਼ ਬਾਬੂ ਨੂੰ ਅਗਸਤ ੧੯੩੯ ਤੋਂ ਲੈ ਕੇ ਤਿੰਨ ਸਾਲ ਲਈ ਕਾਂਗਰਸ ਦੇ ਔਹਦੇ ਤੇ ਮੈਂਬਰੀ ਤੋਂ ਰੋਕ ਦਿਤਾ ਗਿਆ ਤੇ ਇਹ ਕਾਰਰਵਾਈ ਡਿਸਪਲਿਨ ਦੇ ਨਾਮ ਉਤੇ ਕੀਤੀ ਗਈ। ਇਸ ਕਾਰਰਵਾਈ ਦਾ ਭਾਵ ਇਹ ਸੀ ਕਿ ਸੁਭਾਸ਼ ਬਾਬੂ ਨੂੰ ਅਮਲੀ ਤੌਰ ਉਤੇ ਕਾਂਗਰਸ ਵਿਚੋਂ ਬਾਹਰ ਕਢ ਦਿਤਾ ਜਾਏ। ਇਸ ਇੰਤਕਾਮ ਭਰਪੂਰ ਕਾਰਵਾਈ ਨਾਲ ਦੇਸ ਵਿਚ ਬੜੀ ਨਾਰਾਜ਼ਗੀ ਫੈਲ ਗਈ। ਆਲ ਇੰਡੀਆ ਸੋਸ਼ਲਿਸਟ ਕਾਂਗਰਸ ਪਾਰਟੀ ਨੇ

ਵੀ ਇਸ ਫੈਸਲੇ ਵਿਰੁਧ ਪ੍ਰੋਟੈਸਟ ਕੀਤਾ ਅਤੇ ਕਿਸਾਨ ਪਾਰਟੀ ਨੇ ਵੀ ਕਾਂਗਰਸ ਵਰਕਿੰਗ ਕਮੇਟੀ ਦੇ ਮਤੇ ਦੇ ਬਾਵਜੂਦ ਸੁਭਾਸ਼ ਬਾਬੂ ਦ ਹਰਦਿਲ ਅਜ਼ੀਜ਼ੀ ਵਿਚ ਕੋਈ ਫਰਕ ਨਾ ਪਿਆ ਜਿਸ ਦਾ ਸਬੂਤ ਇਸ ਗਲ ਤੋਂ ਮਿਲ ਜਾਂਦਾ ਹੈ ਕਿ ਬੰਗਾਲ ਪ੍ਰਾਵਿਨਸ਼ਲ ਕਾਂਗਰਸ ਕਮੇਟੀ ਨੇ ਆਪ ਨੂੰ ਆਪਣਾ ਪ੍ਰਧਾਨ ਚੁਣ ਲਿਆ। ਜਿਸ ਕਹ ਕੇ ਕਾਂਗਰਸ ਨੇ ਉਸ ਸੂਬਕ ਕਾਂਗਰਸ ਨੂੰ ਹੀ ਮੁਅਤਲ ਕਰ ਦਿਤਾ। ਇਹਨਾਂ ਗੱਲਾਂ ਦੇ ਬਾਵਜੂਦ ਸੁਭਾਸ਼ ਬਾਬੂ ਨੇ ਆਪਣਾ ਪ੍ਰਚਾਰ ਜਾਰੀ ਰਖਿਆ।

## ਹਾਲਵੈਲ ਬੁਤ ਦਾ ਝਗੜਾ

ਸ੍ਰੀ ਯੁਤ ਸੁਭਾਸ਼ ਚੰਦਰ ਬੋਸ ਨੇ ਡਿੱਠਾ ਕਿ ਕਾਂਗਰਸ ਸਿਵਲ ਨਾ ਫੁਰਮਾਨੀ ਯਾ ਸਤਿਆਗ੍ਰਹਿ ਲਈ ਤਿਆਰ ਨਹੀਂ ਹਾਲਾਂ ਕਿ ਲੋਕ ਆਜ਼ਾਦੀ ਦੀ ਕੀਮਤ ਦੇਣ ਲਈ ਤਿਆਰ ਹਨ। ਸਗੋਂ ਇਸ ਦੇ ਐਨ ਉਲਟ ਉਹ ਲੋਕ ਜਿਨ੍ਹਾਂ ਦੇ ਹਥ ਵਿਚ ਕਾਂਗਰਸ ਦੀ ਵਾਗ ਡੋਰ ਹੈ ਲੋਕਾਂ ਨੂੰ ਸਿਵਲ ਨਾ ਫੁਰਮਾਨੀ ਤੋਂ ਰੋਕਣ ਲਈ ਪੂਰਾ ਪੂਰਾ ਟਿਲ ਲਾ ਰਹੇ ਸਨ ਇਹ ਵੇਖ ਕੇ ਆਪ ਨੇ ਦਰਿੜ ਇਰਾਦਾ ਕਰ ਲਿਆ ਕਿ ਜੇ ਕਾਂਗਰਸੀ ਲੀਡਰ ਕੋਈ ਹਰਕਤ ਨਹੀਂ ਕਰਨਾ ਚਾਹੁੰਦੇ। ਤਦ ਬੇਸ਼ਕ ਨਾ ਕਰਨ। ਉਹ ਆਪ ਇਸ ਕੰਮ ਨੂੰ ਸਿਰੇ ਚਾੜ੍ਹਨਗੇ ਇਹ ਨਿਸਚਾ ਧਰ ਕੇ ਆਪ ਨੇ ਜੁਲਾਈ ੧੯੪੦ ਵਿਚ ਹਾਲਵੈਲ ਦੀ ਯਾਦਗਾਰ ਨੂੰ ਜ਼ਾਰੇ ਆਮ ਤੋਂ ਹਟੌਣ ਦਾ ਫੈਸਲਾ ਕਰ ਲਿਆ। ਲਾਹੌਰ ਵਿਚ ਜਿਵੇਂ ਲਾਰੰਸ ਦਾ ਬੁਤ ਠੰਡ ਸੜਕ ਉਤੇ ਹੈ ਉਵੇਂ ਹੀ ਕਲਕਤੇ ਹਾਲਵੈਲ* ਦਾ ਬੁਤ ਖੜਾ ਕੀਤ

---

*ਇਤਿਸਾਸ ਹਿੰਦ ਫੌਜ ਦੇ ਪੜ੍ਹਨ ਵਾਲਿਆਂ ਨੂੰ ਕਲਕੱਤੇ ਦੇ ਬਲੈਕ ਹੋਲ ਦੀ ਘਟਨਾ ਚੇਤੇ ਹੋਵੇਗੀ ਕਿਹਾ ਜਾਂਦਾ ਹੈ ਕ ਨਵਾਬ ਸਰਾਜ-ਉ-ਦੌਲਾ ਨੇ ੧੮ ਮੁਰੱਬਾ ਫੁਟ ਕੋਠੜੀ ਵਿਚ

ਗਿਆ ਸੀ। ਜਿਸ ਤਰ੍ਹਾਂ ਕਾਫ਼ੀ ਚਿਰ ਹੋਇਆ ਲਾਹੌਰ ਵਿਚ ਕਾਂਗਰਸ ਨੇ ਉਸ ਬੁਤ ਨੂੰ ਉਥੋਂ ਉਠਾ ਦੇਣ ਦੀ ਇਸ ਲਈ ਮੰਗ ਕੀਤੀ ਸੀ ਕਿ ਉਸ ਦੇ ਥਲੇ ਇਹ ਹਰਫ "ਤੁਸੀਂ ਕਲਮ ਨਾਲ ਹਕੂਮਤ ਕਰੋਣਾ ਪਸੰਦ ਕਰਦੇ ਹੋ ਯਾ ਤਲਵਾਰ ਨਾਲ, ਪੰਜਾਬ ਜਨਤਾ ਦੀ ਬਹਾਦਰੀ ਦਾ ਅਨਾਦਰ ਕਰਨ ਵਾਲੇ ਸਨ। ਅੰਤ ਸਤਿਆਗ੍ਰਹਿ ਕਰਨ ਉਤੇ ਸਰਕਾਰ ਪੰਜਾਬ ਨੂੰ ਉਹ ਲਫ਼ਜ਼ ਅਤੇ ਨਾਲ ਹੀ ਕਲਮ ਤੇ ਤਲਵਾਰ ਹਟਾਉਣੀ ਪਈ ਸੀ। ਕਲਕੱਤੇ ਦੇ ਲੋਕਾਂ ਦੇ ਜਜ਼ਬਾਤ ਹਾਲਵੇਲ ਯਾਦਗਾਰ ਵੇਖ ਕੇ ਭੜਕ ਉਠਦੇ ਸਨ। ਸੁਭਾਸ਼ ਬਾਬੂ ਨੇ ਉਸ ਨੂੰ ਉਥੋਂ ਉਠਾ ਦੇਣ ਦੀ ਮੰਗ ਕੀਤੀ ਅਤੇ ਜਦ ਸਰਕਾਰ ਨੇ ਮੰਗ ਪੂਰੀ ਨਾ ਕੀਤੀ ਤਦ ਆਪ ਨੇ ਸਤਿਆਗ੍ਰਹਿ ਸ਼ੁਰੂ ਕਰ ਦਿਤਾ। ਗੌਰਮਿੰਟ ਪਹਿਲੇ ਹੀ ਆਪ ਨੂੰ ਗ੍ਰਿਫ਼ਤਾਰ ਕਰਨ ਲਈ ਬਹਾਨਾ ਲਭ ਰਹੀ ਸੀ ਇਸ ਸਤਿਆਗ੍ਰਹਿ ਨੇ ਉਸ ਨੂੰ ਮੌਕਾ ਦੇ ਦਿਤਾ। ਸਰਕਾਰ ਨੇ ਆਪ ਨੂੰ ਗ੍ਰਿਫ਼ਤਾਰ ਕਰ ਕੇ ਪ੍ਰੈਜ਼ੀਡੈਂਸੀ ਜੇਲ ਵਿਚ ਡਕ ਦਿਤਾ। ਆਪ ਦੀ ਗ੍ਰਿਫ਼ਤਾਰੀ ਮਗਰੋਂ ਸਤਿਆਗ੍ਰਹਿ ਦੀ ਲਹਿਰ ਜ਼ੋਰ ਫੜ ਗਈ ਅਤੇ ਜਥੇ ਗ੍ਰਿਫ਼ਤਾਰ ਹੋਣੇ ਸ਼ੁਰੂ ਹੋ ਗਏ। ਜਦ ਮੁਸਲਮਾਨ ਨੌਜਵਾਨਾਂ ਨੇ ਡਿੱਠਾ ਕਿ ਹਿੰਦੂ ਸਤਿਆਗ੍ਰਹੀ ਇਕ ਮੁਸਲਮਾਨ ਨਵਾਬ ਦੀ ਇਜ਼ਤ ਲਈ ਸਤਿਗ੍ਰਾਹ ਕਰ ਰਹੇ ਹਨ ਤਦ ਉਹਨਾਂ ਨੂੰ ਬੜੀ ਗੈਰਤ ਆਈ ਤੇ ਇਸਲਾਮੀਆ ਕਾਲਜ ਦੇ ਲੜਕੇ ਵੀ ਸਤਿਆਗ੍ਰਾਹ ਦੀ ਲਹਿਰ ਵਿਚ ਸ਼ਾਮਲ ਹੋ ਗਏ। ਮੁਸਲਮਾਨਾਂ ਵਿਚ ਜੋਸ਼ ਤੇ ਸਤਿਆਗ੍ਰਹਿ ਨਾਲ ਹਮਦਰਦੀ ਵਧਦੀ ਤਕ ਕੇ ਬੰਗਾਲ ਗੌਰਮਿੰਟ ਨੇ ਐਲਾਨ ਕਰ ਦਿਤਾ ਕਿ ਉਸ ਯਾਦਗਾਰ ਨੂੰ ਉਥੋਂ ਹਟਾ ਦਿਤਾ ਜਾਏਗਾ।

---

੧੪੬ ਅੰਗਰੇਜ਼ ਸਿਪਾਹੀਆਂ ਨੂੰ ਕੈਦ ਕੀਤਾ ਸੀ ਜਿਸ ਵਿਚੋਂ ੨੩ ਜੀਉਂਦੇ ਨਿਕਲੇ ਬਾਕੀ ਦਮ ਘੁਟ ਕੇ ਮਰ ਗਏ। ਪਰ ਹੁਣ ਸਿਧ ਹੋ ਗਿਆ ਹੈ ਕਿ ਇਹ ਘਟਨਾ ਸਰਾਸਰ ਝੂਠੀ ਸੀ ਅਤੇ ਕਿਸੇ ਖ਼ਾਸ ਮਤਲਬ ਲਈ ਘੜੀ ਗਈ ਸੀ।

ਬੰਗਾਲ ਸਰਕਾਰ ਦਾ ਇਹ ਐਲਾਨ ਸੁਭਾਸ਼ ਬਬੂ ਦੀ ਬੜੀ ਭਾਰੀ ਫਤਹ ਸੀ। ਇਸ ਐਲਾਨ ਮਗਰੋਂ ਐਜੀਟੇਸ਼ਨ ਬੰਦ ਕੀਤੀ ਗਈ ਤੇ ਸਤਿਆਗ੍ਰਿਹੀਆਂ ਦੀਆਂ ਰਿਹਾਈਆਂ ਸ਼ੁਰੂ ਹੋ ਗਈਆਂ। ਸਰਕਾਰ ਸੁਭਾਸ਼ ਬਾਬੂ ਨੂੰ ਰਿਹਾ ਕਰਨਾ ਨਹੀਂ ਚਾਹੁੰਦੀ ਸੀ ਇਸ ਲਈ ਆਪ ਦੇ ਵਿਰੁਧ ਚਾਰ ਨਵੇਂ ਮੁਕਦਮੇ ਖੜੇ ਕਰ ਦਿਤੇ ਗਏ। ਸੁਭਾਸ਼ ਬਾਬੂ ਵੀ ਸਰਕਾਰ ਦੀ ਨਿਯਤ ਤਾੜ ਗਏ ਇਸ ਲਈ ਨਵੰਬਰ ੧੯੪੦ ਨੂੰ ਜੇਲ ਵਿਚ ਭੁਖ ਹੜਤਾਲ ਸ਼ੁਰੂ ਕਰ ਦਿਤੀ। ਭੁਖ ਹੜਤਾਲ ਦੀ ਖਬਰ ਫੈਲਦੇ ਹੀ ਬੰਗਾਲ ਵਿਚ ਹੀ ਨਹੀਂ ਸਾਰੇ ਹਿੰਦੁਸਤਾਨ ਵਿਚ ਹਲ ਚਲ ਮਚ ਗਈ। ਕਈ ਹੋਰ ਕੈਦੀਆਂ ਨੇ ਵੀ ਹਮਦਰਦੀ ਵੱਜੋਂ ਭੁਖ ਹੜਤਾਲ ਕਰ ਦਿਤੀ ਤੇ ਸਰਕਾਰ ਵਿਰੁਧ ਐਜੀਟੇਸ਼ਨ ਫੈਲਨੀ ਸ਼ੁਰੂ ਹੋ ਗਈ। ਗੌਰਮਿੰਟ ਨੇ ਵਧ ਰਹੀ ਬੇਚੈਨੀ ਨੂੰ ਜੰਗ ਦੇ ਦਿਨਾਂ ਵਿਚ ਹਾਨੀ ਕਾਰਕ ਸਮਝ ਕੇ ਆਪ ਨੂੰ ੫ ਦਸੰਬਰ ੧੯੪੦ ਨੂੰ ਰਿਹਾ ਕਰ ਦਿਤਾ ਤੇ ਆਪ ਨੂੰ ਡਾਕਟਰਾਂ ਦੀ ਨਿਗਰਾਨੀ ਵਿਚ ਆਪ ਦੇ ਮਕਾਨ ਐਲਗਨ ਰੋਡ ਉਤੇ ਪੁਚਾ ਦਿਤਾ। ਇਸ ਵੇਲੇ ਭੁਖ ਹੜਤਾਲ ਦੇ ਕਾਰਨ ਆਪ ਦੀ ਸਿਹਤ ਬੜੀ ਕਮਜ਼ੋਰ ਹੋ ਚੁਕੀ ਸੀ। ਮਕਾਨ ਉਤੇ ਪੁਜ ਕੇ ਆਪ ਨੇ ਭੁਖ ਹੜਤਾਲ ਛਡ ਦਿਤੀ। ਭੁਖ ਹੜਤਾਲ ਦੇ ਦੌਰਾਨ ਵਿਚ ਆਪ ਨੇ ਗਵਰਨਰ ਬੰਗਾਲ ਨੂੰ ਦੋ ਖਤ ਲਿਖੇ ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਆਪ ਨੇ ਭੁਖ ਹੜਤਾਲ ਨੂੰ ਇੰਤਹਾ ਤੀਕ ਪੁਚਾ ਦੇਣ ਅਤੇ ਆਪਣੀ ਜਾਨ ਤੀਕ ਦੀ ਬਾਜ਼ੀ ਲਾ ਦਿਤੀ ਸੀ। ਸ਼ਾਇਦ ਏਸੇ ਦਰਿੜਤਾ ਨੂੰ ਵੇਖ ਕੇ ਸਰਕਾਰ ਬੰਗਾਲ ਨੂੰ ਝੁਕਣਾ ਪਿਆ ਕਿਉਂਕਿ ਜੰਗ ਦੇ ਕਾਰਨ ਸਰਕਾਰ ਹਿੰਦੀਆਂ ਦੀ ਬੇਚੈਨੀ ਤੇ ਐਜੀਟੇਸ਼ਨ ਦੀ ਜ਼ਿਮੇਵਾਰੀ ਲੈਣ ਲਈ ਤਿਆਰ ਨਹੀਂ ਸੀ।

ਇਨ੍ਹਾਂ ਦਿਨਾਂ ਦੀ ਇਕ ਹੋਰ ਗਲ ਵੀ ਵਰਨਣ ਯੋਗ ਹੈ। ਜਿਨ੍ਹਾਂ ਦਿਨਾਂ ਵਿਚ ਹਾਲਵੈਲ ਐਜੀਟੇਸ਼ਨ ਸ਼ੁਰੂ ਸੀ ਓਨੀ ਦਿਨੀਂ ਸੁਭਾਸ਼ ਬਾਬੂ ਦੇ

ਲੈਫਟੀਨੈਂਟ ਅਤੇ ਆਲ ਇੰਡੀਆ ਫਾਰਵਰਡ ਬਲਾਕ ਦੇ ਜਨਰਲ ਸਕ੍ਰੇਟਰੀ ਲਾਲਾ ਸ਼ੰਕਰ ਲਾਲ ਕਿਸੇ ਨ ਕਿਸੇ ਤਰ੍ਹਾਂ ਸਰਕਾਰ ਹਿੰਦ ਦੀਆਂ ਨਜ਼ਰਾਂ ਬਚਾ ਕੇ ਜਾਪਾਨ ਪਹੁੰਚ ਗਏ ਅਤੇ ਸਰਕਾਰ ਹਿੰਦ ਨੂੰ ਪਤਾ ਓਦੋਂ ਲਗਾ ਜਦੋਂ ਆਪ ਇਕ ਜਾਪਾਨੀ ਜਹਾਜ਼ ਉਤੇ ਸਵਾਰ ਹੋ ਕੇ ਹਿੰਦੁਸਤਾਨ ਦੇ ਸਾਹਿਲ ਤੋਂ ਦੂਰ ਜਾ ਚੁਕੇ ਸਨ । ਆਪ ਦੀ ਫਰਾਰੀ ਨਾਲ ਸਰਕਾਰੀ ਹਲਕਿਆਂ ਵਿਚ ਬੜੀ ਸੁਨਸੁਨੀ ਫੈਲੀ ਪਰ ਕੀ ਹੋ ਸਕਦਾ ਸੀ। ਲਾਲਾ ਸ਼ੰਕਰ ਲਾਲ ਅਸਲ ਵਿਚ ਸੁਭਾਸ਼ ਬਾਬੂ ਦੀ ਸਲਾਹ ਤੇ ਗਿਣੇ ।ਮਥੇ ਪ੍ਰੋਗਰਾਮ ਅਨੁਸਾਰ ਇਸ ਲਈ ਨਸੇ ਸਨ ਤਾਕਿ ਸੁਭਸ਼ ਬਾਬੂ ਲਈ ਓਥੇ ਜਾ ਕੇ ਮੈਦਾਨ ਤਿਆਰ ਕਰਨ । ਜਿਹਾ ਕਿ ਸੁਭਾਸ਼ ਬਾਬੂ ਆਪ-ਣੀਆਂ ਤਕਰੀਰਾਂ ਵਿਚ ਜ਼ੋਰ ਦੇਂਦੇ ਰਹੇ ਸਨ, ਉਹ ਆਖਦੇ ਸਨ ਕਿ ਲੜਾਈ ਦੇ ਦਿਨਾਂ ਵਿਚ ਅੰਗਰੇਜ਼ਾਂ ਦੀ ਬਿਪਤਾ ਤੋਂ ਲਾਭ ਉਠਾਉਣਾ ਚਾਹੀਦਾ ਹੈ ਤੇ ਅੰਗਰੇਜ਼ੀ ਹਕੂਮਤ ਨੂੰ ਹਿੰਦੁਸਤਾਨ ਵਿਚੋਂ ਬਾਹਰ ਕਢਣ ਲਈ ਇਸ ਮੌਕੇ ਨੂੰ ਹਥੋਂ ਨਹੀਂ ਗਵਾਉਣਾ ਚਾਹੀਦਾ ਹੈ । ਸ਼ਾਇਦ ਏਸੇ ਗਲ ਨੂੰ ਮੁਖ ਰਖ ਕੇ ਹੀ ਲਾਲਾ ਸ਼ੰਕਰ ਲਾਲ ਨੂੰ ਆਪ ਨੇ ਪਹਿਲਾਂ ਰਵਾਨਾ ਕੀਤਾ ਸੀ।

## ਏਕਾਂਤ ਵਾਸ

ਜੇਲ ਤੋਂ ਰਿਹਾਈ ਮਗਰੋਂ ਸੁਭਾਸ ਬਾਬੂ ਨੇ ਇਕਾਂਤ ਵਾਸ ਲੈ ਲਿਆ। ਪਹਿਲੋਂ ਤੋਂ ਹੀ ਬੀਮਾਰ ਹੋਣ ਦੇ ਕਾਰਨ ਆਪ ਨੂੰ ਕੋਈ ਨਹੀਂ ਸੀ ਮਿਲ ਸਕਦਾ। ਸਭ ਨੂੰ ਕਹਿ ਦਿਤਾ ਜਾਂਦਾ ਕਿ ਡਾਕਟਰ ਨੇ ਮਨਾਂਹ ਕਰ ਰਖਿਆ ਹੈ ਇਸ ਲਈ ਕਿਸੇ ਨੂੰ ਮੁਲਾਕਾਤ ਦੀ ਆਗਿਆ ਨਹੀਂ। ਫੇਰ ਜਦੋਂ ਆਪ ਦੀ ਸਿਹਤ ਕੁਛ ਵਲ ਹੋਈ ਤਦ ਵੀ ਆਪ ਕਿਸੇ ਨੂੰ ਨਾ ਮਿਲਦੇ, ਜੇ ਕੋਈ ਬੜਾ ਜ਼ਰੂਰੀ ਕੰਮ ਸਮਝਦੇ ਤਦ ਟੈਲੀਫੋਨ ਉਤੇ ਗਲ ਬਾਤ ਕਰ ਲੈਂਦੇ। ਇਹ ਉਹ ਜ਼ਮਾਨਾ ਸੀ ਜਦ ਆਮ ਬਾਰੇ ਇਹ ਅਫਵਾਹਾਂ ਉਡ ਰਹੀਆਂ ਸਨ ਕਿ ਆਪ ਨੇ

ਸਨਿਆਸ ਧਾਰਨ ਕਰ ਲਿਆ ਹੈ ਅਤੇ ਹਮੇਸ਼ਾ ਈਸ਼ਵਰ ਅਰਾਧਨਾ ਵਿਚ ਲਗੇ ਰਹਿੰਦੇ ਹਨ। ਆਪ ਕਿਸੇ ਮਨੁਖ ਦੇ ਮਥੇ ਨਹੀਂ ਲਗਦੇ। ਏਕਾਂਤ ਵਾਸ ਇਥੋਂ ਤੱਕ ਵਧ ਚੁਕਾ ਸੀ ਕਿ ਆਪ ਨੇ ਘਰ ਦਿਆਂ ਜੀਆਂ ਨੂੰ ਮਿਲਨਾ ਜੁਲਨਾ ਵੀ ਬੰਦ ਕਰ ਦਿਤਾ। ਸਾਰਾ ਸਾਰਾ ਸਮਾ ਪੂਜਾ ਪਾਠ ਵਿਚ ਬਤਾਉਨ ਲਗ ਪਏ। ਉਹਨਾਂ ਦਿਨਾਂ ਵਿਚ ਕੇਵਲ ਆਪ ਦੇ ਭਤੀਜੇ ਸ੍ਰੀ ਅਰਬਿੰਦੂ ਬੋਸ ਹੀ ਆਪ ਦੇ ਕਮਰੇ ਵਿਚ ਦਾਖਲ ਹੋ ਸਕਦੇ ਸਨ ਤੇ ਉਹੋ ਹੀ ਆਪ ਦੀ ਸੇਵਾ ਕਰਦੇ ਤੇ ਆਪ ਦੀਆਂ ਲੋੜਾਂ ਪੂਰੀਆਂ ਕਰਦੇ ਸਨ। ਉਹਨਾਂ ਨੇ ਸ੍ਰੀ ਸੁਭਾਸ਼ ਦੀ ਜੀਵਨ ਕਿਰਿਆਂ ਨੂੰ ਐਉਂ ਬਿਆਨ ਕੀਤਾ ਹੈ:-

"ਜਦ ਤੋਂ ਸ੍ਰੀ ਸੁਭਾਸ਼ ਬੋਸ ਨੇ ਇਕਾਂਤ ਵਾਸ ਲੀਤਾ ਹੈ ਉਸ ਤੋਂ ਮਗਰੋਂ ਉਹਨਾਂ ਨੇ ਕਿਸੇ ਨਾਲ ਗਲ ਬਾਤ ਨਹੀਂ ਕੀਤੀ। ਜਿਸ ਕਮਰੇ ਵਿਚ ਆਪ ਬੈਠਦੇ ਸਨ ਉਹਦੇ ਬਾਹਰ ਵੀ ਇਕ ਪਰਦਾ ਲਗਾ ਰਹਿੰਦਾ ਸੀ। ਆਪ ਸ਼ੇਰ ਦੀ ਖਲ ਦੇ ਆਸਨ ਉਤੇ ਬੈਠਦੇ ਅਤੇ ਹਰ ਵੇਲੇ ਗੀਤਾ ਅਤੇ ਚੰਡੀ ਦੇ ਪਾਠ ਵਿਚ ਰੁਝੇ ਰਹਿੰਦੇ ਸਨ। ਆਪ ਦਾ ਸਾਰਾ ਸਮਾ ਧਾਰਮਕ ਪੁਸਤਕਾਂ ਪੜ੍ਹਨ ਅਤੇ ਪੂਜਾ ਪਾਠ ਤੇ ਪ੍ਰਾਰਥਨਾ ਵਿਚ ਹੀ ਬੀਤਦਾ। ਆਪ ਦੀ ਖੁਰਾਕ ਵਿਚ ਫਲ, ਦੁਧ ਤੇ ਪਾਣੀ ਹੁੰਦੇ ਸਨ। ਇਹ ਚੀਜ਼ਾਂ ਵੀ ਪਰਦੇ ਬਾਹਰ ਰਖ ਦਿਤੀਆਂ ਜਾਂਦੀਆਂ ਸਨ। ਆਪ ਹੀ ਇਹਨਾਂ ਨੂੰ ਉਥੋਂ ਚੁਕ ਲੈਂਦੇ ਸਨ। ਅਗਲੀ ਭਲਕ ਜਦ ਮੈਂ ਅੰਦਰ ਦਾਖਲ ਹੁੰਦਾ ਤਦ ਬਰਤਨ ਪਰਦੇ ਦੇ ਬਾਹਰ ਹੀ ਮਿਲਦੇ, ਮੈਂ ਉਹਨਾਂ ਨੂੰ ਚੁਕ ਲਿਆਉਂਦਾ। ਇਹ ਸਿਲਸਿਲਾ ਕਈ ਦਿਨਾਂ ਤੋਂ ਜਾਰੀ ਸੀ। ਜੇ ਉਹਨਾਂ ਨੂੰ ਕਿਸੇ ਸ਼ੈ ਦੀ ਲੋੜ ਹੁੰਦੀ ਤਦ ਉਹ ਚਿਟ ਲਿਖ ਕੇ ਪਰਦੇ ਤੋਂ ਬਾਹਰ ਰਖ ਦੇਂਦੇ ਅਤੇ ਘੰਟੀ ਵਜਾ ਦੇਂਦੇ ਮੈਂ ਓਥੇ ਜਾਂਦਾ ਅਤੇ ਚਿਟ ਪੜ੍ਹ ਕੇ ਉਹਨਾਂ ਦੀ ਲੋੜੀਂਦੀ ਚੀਜ਼ ਉਹਨਾਂ ਨੂੰ ਲਿਆ ਦੇਂਦਾ ਸਾਂ।

ਹਰਨ ਹੋਣ ਤੋਂ ਪਹਿਲੇ ਇਕ ਦਿਨ ਉਹਨਾਂ ਨੇ ਇਕ ਚਿਟ

ਲਖ ਕੇ ਆਪਣੇ ਪਰਿਵਾਰ ਦੇ ਲੋਕਾਂ ਪਾਸ ਬੇਨਤੀ ਕੀਤੀ ਕਿ ਉਹਨਾਂ ਵਿਚੋਂ ਕੋਈ ਵੀ ਉਸ ਦੇ ਕਮਰੇ ਵਿਚ ਦਾਖਲ ਨ ਹੋਵੇ, ਸੁ ਕੋਈ ਵੀ ਉਹਨਾਂ ਦੇ ਕਮਰੇ ਵਿਚ ਨ ਗਿਆ। ਨਸਨ ਵਾਲੇ ਦਿਨ ਵੀ ਆਪ ਨੇ ਕਿਸੇ ਨੂੰ ਖਬਰ ਤੀਕ ਨਹੀਂ ਕੀਤੀ ਅਤੇ ਨ ਹੀ ਪਰਿਵਾਰ ਦਾ ਕੋਈ ਜੀਅ ਆਪ ਨੂੰ ਮਿਲਨ ਹੀ ਗਿਆ।

੨੬ ਫਰਵਰੀ ਦੀ ਸਵੇਰ ਨੂੰ ਜਦ ਮੈਂ ਬਰਤਨ ਚੁਕਣ ਲਈ ਉਹਨਾਂ ਦੇ ਕਮਰੇ ਵਿਚ ਦਾਖਲ ਹੋਇਆ ਤਦ ਫਲ ਅਤੇ ਦੁਧ ਆਦਿਕ ਪਦਾਰਥ ਪਰਦੇ ਦੇ ਬਾਹਰ ਜਿਉਂ ਦੇ ਤਿਉਂ ਪਏ ਸਨ। ਇਹ ਵੇਖ ਕੇ ਮੈਨੂੰ ਬੜਾ ਫਿਕਰ ਲਗਾ। ਮੈਂ ਬਾਹਰ ਆ ਕੇ ਖਾਨਦਾਨ ਦੇ ਦੂਜੇ ਜੀਆਂ ਨਾਲ ਗਲ ਕੀਤੀ। ਇਹ ਫੈਸਲਾ ਹੋਇਆ ਕਿ ਚਿਟ ਲਿਖ ਕੇ ਪਰਦੇ ਦੇ ਅੰਦਰ ਸੁਟੀ ਜਾਏ। ਜਦ ਚਿਟ ਲਿਖ ਕੇ ਅੰਦਰ ਸੁਟੀ ਤਦ ਉਸ ਚਿਟ ਦਾ ਵੀ ਕੋਈ ਉਤਰ ਨ ਮਿਲਿਆ। ਇਸ ਤੇ ਬੜਾ ਤੌਖਲਾ ਲਗਾ ਤੇ ਘਰ ਦੇ ਸਭ ਲੋਕਾਂ ਨੇ ਫੈਸਲਾ ਕੀਤਾ ਕਿ ਅੰਦਰ ਜਾ ਕੇ ਵੇਖਿਆ ਜਾਏ। ਜਦ ਅਸੀਂ ਅੰਦਰ ਗਏ ਤਦ ਓਥੇ ਕੋਈ ਨਹੀਂ ਸੀ।"

੨੭ ਜਨਵਰੀ ਨੂੰ ਐਡੀਸ਼ਨਲ ਚੀਫ ਪ੍ਰੈਜ਼ੀਡੈਂਸੀ ਮੈਜਿਸਟਰੇਟ ਦੀ ਅਦਾਲਤ ਵਿਚ ਸੁਭਾਸ਼ ਬਾਬੂ ਵਿਰੁਧ ਇਕ ਤਕਰੀਰ ਦੇ ਦੋਸ਼ ਵਿਚ ਮੁਕਦਮੇ ਦੀ ਪੇਸ਼ੀ ਸੀ। ਜਦ ਅਦਾਲਤ ਨੂੰ ਦਸਿਆ ਗਿਆ ਕਿ ਸੁਭਾਸ਼ ਬਾਬੂ ਗੁੰਮ ਹਨ ਤਦ ਅਦਾਲਤ ਨੇ ਆਪ ਦੇ ਵਾਰੰਟ ਗ੍ਰਿਫਤਾਰੀ ਜਾਰੀ ਕਰ ਦਿਤੇ। ਉਸੇ ਦਿਨ ਪੁਲੀਸ ਦੀ ਇਕ ਭਾਰੀ ਹੇੜ ਨੇ ਆਪ ਦੇ ਮਕਾਨ ਉਤੇ ਛਾਪਾ ਮਾਰਿਆ ਪਰ ਸੁਭਾਸ਼ ਬਾਬੂ ਨ ਮਿਲਨੇ ਸਨ ਨ ਮਿਲੇ। ਪੁਲੀਸ ਅਫਸਰ ਬੜੇ ਸਟ ਪਟਾਏ ਪਰ ਹੁਣ ਕੀ ਹੋ ਸਕਦਾ ਸੀ। ਸ਼ਿਕਾਰ ਹਥੋਂ ਨਿਕਲ ਚੁਕਾ ਸੀ। ਸੁਭਾਸ਼ ਬੋਸ ਵਿਰੁਧ ਜੋ ਮੁਕਦਮਾ ਜਾਰੀ ਸੀ ਉਹ ਆਪ ਦੀ ਫਰਾਰੀ ਮਗਰੋਂ ਵੀ ਕਈ ਸਾਲ ਤੀਕ ਚਲਦਾ ਰਿਹਾ। ਇਥੋਂ ਤੀਕ ਕਿ ਆਪ ਦੇ ਜਾਪਾਨ ਵਿਚ ਹਾਦਸੇ ਦੇ ਚਲਾਣੇ ਦੀ ਖਬਰ ਤੋਂ ਮਗਰੋਂ ਵੀ ਪੇਸ਼ੀ ਹੁੰਦੀ ਰਹੀ ਅਤੇ ੧੯੪੬ ਤੀਕ ਇਹ

ਸਲਸਿਲਾ ਜਾਰੀ ਰਿਹਾ।

ਕੁਛ ਚਿਰ ਮਗਰੋਂ ਸੁਭਾਸ਼ ਬਾਬੂ ਦੀ ਫਰਾਰੀ ਦੇ ਸੰਬੰਧ ਵਿਚ ਆਪ ਦੇ ਦੋਵਾਂ ਭਤੀਜਿਆਂ ਨੂੰ ਅਤੇ ਫਾਰਵਰਡ ਬਲਾਕ ਦੇ ਪ੍ਰਧਾਨ ਸਰਦਾਰ ਸਰਦੂਲ ਸਿੰਘ ਕਵੀਸ਼ਰ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਇਹਨਾਂ ਸਭਨਾਂ ਨੂੰ ਢੇਰ ਚਿਰ ਤੀਕ ਨਜ਼ਰ ਬੰਦ ਰਖਿਆ ਗਿਆ ਅਤੇ ਲਾਹੌਰ ਦੇ ਕਿਲੇ ਵਿਚ ਇਹਨਾਂ ਨਾਲ ਸਖ਼ਤ ਭੈੜਾ ਸਲੂਕ ਹੁੰਦਾ ਰਿਹਾ ਜਿਸ ਦਾ ਸਬੂਤ ਉਨ੍ਹਾਂ ਦੇ ਓਹਨਾਂ ਬਿਆਨਾਂ ਤੋਂ ਮਿਲਦਾ ਹੈ ਜੋ ਇਹਨਾਂ ਨੇ ੧੯੪੫ ਵਿਚ ਰਿਹਾਈ ਮਗਰੋਂ ਦਿਤੇ ਸਨ।

ਲਾਹੌਰ ਕਿਲੇ ਵਿਚ ਸਰਦਾਰ ਸਰਦੂਲ ਸਿੰਘ ਕਵੀਸ਼ਰ, ਸ੍ਰੀ ਸੁਭਾਸ਼ ਬੋਸ ਦੇ ਦੋਵਾਂ ਭਤੀਜਿਆਂ ਅਤੇ ਕੁਝ ਹੋਰ ਅਗਾਂਹ ਵਧੂ ਖ਼ਿਆਲਾਂ ਦੇ ਇਨਕਲਾਬੀ ਕਾਰਕੁਨਾਂ ਨਾਲ ਲਾਹੌਰ ਦੇ ਕਿਲੇ ਵਿਚ ਜੋ ਸਲੂਕ ਹੋਇਆ ਉਹ ਇਕ ਬੜੀ ਲੰਮੀ ਤੇ ਦੁਖਦਾਈ ਦਾਸਤਾਨ ਹੈ।

# ੫.

## ਕਲਕੱਤੇ ਤੋਂ ਬੰਗਾਲ ਤੀਕ

ਸ੍ਰੀ ਸੁਭਾਸ਼ ਬਾਬੂ ਕਲਕਤੇ ਤੋਂ ਹਰਨ ਹੋ ਕੇ ਕਾਬਲ ਪਹੁੰਚੇ। ਉਥੇ ਇਕ ਹਿੰਦੀ ਤਾਜਰ ਲਾਲਾ ਉਤਮ ਚੰਦ ਨੇ ਉਹਨਾਂ ਨੂੰ ਆਪਣੇ ਪਾਸ ਪਨਾਹ ਦਿਤੀ। ਲਾਲਾ ਉਤਮ ਚੰਦ ਜੀ ਪਿਛੋਂ ਇਸੇ ਦੋਸ਼ ਵਿਚ ਗ੍ਰਿਫਤਾਰ ਕੀਤੇ ਗਏ ਅਤੇ ਜੇਲ ਵਿਚ ਡੱਕ ਦਿਤੇ ਗਏ ਸਨ। ਹੁਣ ਉਹ ਥੋੜਾ ਚਿਰ ਹੋਇਆ ਰਿਹਾ ਹੋ ਚੁਕੇ ਹਨ। ਸੁਭਾਸ਼ ਬਾਬੂ ਨੇ ਕਲਕਤੇ ਤੋਂ ਨਸ ਕੇ ਕਾਬਲ ਪਹੁੰਚਣ ਦੀ ਸਾਰੀ ਦਾਸਤਾਨ ਲਾਲਾ ਉਤਮ ਚੰਦ ਨੂੰ ਸੁਣਾਈ। ਉਹੋ ਵਾਰਤਾ ਲਾਲਾ ਉਤਮ ਚੰਦ ਜੀ ਦੇ ਲਫ਼ਜ਼ਾਂ ਵਿਚ ਹੇਠ ਦਰਜ ਕੀਤੀ ਜਾਂਦੀ ਹੈ:-

ਉਸ ਰਾਤ ਜਦ ਅਸੀਂ ਡਿਨਰ ਤੋਂ ਪਹਿਲੇ ਆਹਮੋ ਸਾਮ੍ਹਣੇ ਬੈਠੇ ਗੱਪਾਂ ਮਾਰ ਰਹੇ ਸਾਂ ਮੈਂ ਆਖਿਆ ਜੇ ਆਪ ਨੂੰ ਜ਼ਿਆਦਾ ਤਕਲੀਫ

ਨਾ ਹੋਵੇ ਤਦ ਆਪਣੀ ਜ਼ਬਾਨੀ ਹਿੰਦੁਸਤਾਨ ਵਿਚੋਂ ਭਜ ਆਉਣ ਦੀ ਵਿਥਿਆ ਸੁਨਾਉਣ ਦੀ ਖੇਚਲ ਕਰੋ । ਇਹ ਸੁਣ ਕੇ ਸੁਭਾਸ਼ ਬਾਬੂ ਨੇ ਆਪਣੀ ਵਿਥਿਆ ਐਉਂ ਸੁਣਾਈ–

ਮੇਰੀ ਚਿਰ ਤੋਂ ਇੱਛਾ ਸੀ ਕਿ ਮਾਸਕੋ ਜਾਵਾਂ ਪਰ ਬਹੁਤ ਦਿਨ ਤੀਕ ਕੋਈ ਚੰਗਾ ਪ੍ਰਬੰਧ ਨਾ ਹੋ ਸਕਿਆ । ਜਿਸ ਪਾਰਟੀ ਨੇ ਮੈਨੂੰ ਹਿੰਦੁਸਤਾਨ ਵਿਚੋਂ ਚੋਰੀ ਛਪੇ ਬਾਹਰ ਲੈ ਜਾਣ ਦਾ ਪ੍ਰਬੰਧ ਕੀਤਾ ਉਹ ਮੈਨੂੰ ਦੋ ਮਹੀਨੇ ਪਹਿਲੇ ਹੀ ਹਿੰਦੁਸਤਾਨ ਵਿਚੋਂ ਬਾਹਰ ਲੈ ਜਾਣਾ ਚਾਹੁੰਦੀ ਸੀ ਪਰ ਮੇਰੇ ਲਈ ਐਸਾ ਕਰਨਾ ਸੰਭਵ ਨਹੀਂ ਸੀ । ਇਸ ਦਾ ਕਾਰਨ ਕਲਕੱਤਾ ਕਾਰਪੋਰੇਸ਼ਨ ਦੇ ਜ਼ਰੂਰੀ ਮਾਮਲੇ ਸਨ । ਦੂਜੇ ਮੇਰੇ ਚਿਹਰੇ ਉਤੇ ਅਜੇ ਐਨੀ ਬਹੁਤੀ ਦਾੜ੍ਹੀ ਵੀ ਨਹੀਂ ਉੱਗੀ ਸੀ ਜਿਸ ਨਾਲ ਮੈਂ ਆਪਣੇ ਆਪ ਨੂੰ ਚੰਗੀ ਤਰ੍ਹਾਂ ਲੁਕਾ ਛਪਾ ਕੇ ਸਫਰ ਕਰ ਸਕਾਂ । ਇਹਨਾਂ ਗੱਲਾਂ ਨੂੰ ਮੁਖ ਰਖ ਕੇ ਮੈਂ ਉਦੋਂ ਜਾਣ ਤੋਂ ਇਨਕਾਰ ਕਰ ਦਿਤਾ । ਹੁਣ ਮੈਂ ਮਹਿਸੂਸ ਕਰਦਾ ਹਾਂ, ਕਿ ਉਸ ਮੌਕੇ ਉਤੇ ਮਾਸਕੋ ਪਹੁੰਚਣਾ ਕਿੰਨਾ ਆਸਾਨ ਸੀ । ਜਿਸ ਆਦਮੀ ਨੇ ਮੇਰੇ ਨਾਲ ਆਉਣਾ ਸੀ ਉਸ ਦੇ ਰੂਸੀ ਸਫਾਰਤ ਖਾਨੇ ਨਾਲ ਚੰਗੇ ਸੰਬੰਧ ਸਨ । ਜਦ ਮੈਂ ਉਸ ਨਾਲ ਜਾਣ ਤੋਂ ਇਨਕਾਰ ਕਰ ਦਿਤਾ ਤਦ ਉਹ ਇਕਲਾ ਹੀ ਚਲਾ ਗਿਆ ਅਤੇ ਉਹ ਇਸ ਵੇਲੇ ਮਾਸਕੋ ਵਿਚ ਹੈ ।

ਕਾਰਪੋਰੇਸ਼ਨ ਦਾ ਕੰਮ ਖਤਮ ਹੋਣ ਮਗਰੋਂ ਜ਼ਮੀਨ ਦਾ ਕੁਛ ਝਗੜਾ ਸੀ । ਮੈਂ ਏਸੇ ਹੀਲੇ ਬਹਾਨੇ ਘਰੋਂ ਬਾਹਰ ਨਿਕਲਨਾ ਬੰਦ ਕਰ ਦਿਤਾ ਕਿ ਮੇਰੀ ਸਿਹਤ ਖਰਾਬ ਹੋ ਚੁਕੀ ਹੈ ਅਤੇ ਡਾਕਟਰਾਂ ਨੇ ਮੈਨੂੰ ਮੁਕੰਮਲ ਆਰਾਮ ਦਾ ਮਸ਼ਵਰਾ ਦਿਤਾ ਹੈ । ਮੈਂ ਇਹ ਸਖਤ ਹਦਾਇਤ ਜਾਰੀ ਕਰ ਦਿਤੀ ਸੀ ਕਿ ਕੋਈ ਆਦਮੀ ਮੁਲਾਕਾਤ ਕਰਨ ਲਈ ਮੇਰੇ ਪਾਸ ਨਾ ਆਏ । ਜੇ ਕੋਈ ਮੇਰੇ ਨਾਲ ਗੱਲ ਬਾਤ ਕਰਨਾ ਚਾਹੇ ਤਦ ਉਹ ਟੈਲੀਫੋਨ ਉਤੇ ਗੱਲ ਬਾਤ ਕਰ ਲਵੇ ।

ਹਿੰਦੁਸਤਾਨ ਵਿਚੋਂ ਬਾਹਰ ਨਿਕਲਨ ਤੋਂ ਪਹਿਲੇ ਘਰ ਵਾਲਿਆਂ ਨੂੰ ਵੀ ਆਪਣੇ ਪਾਸ ਆਉਣ ਤੋਂ ਰੋਕ ਦਿਤਾ ਸੀ। ਨੌਕਰ ਨੂੰ ਵੀ ਇਹ ਹਦਾਇਤ ਕਰ ਦਿਤੀ ਸੀ ਕਿ ਉਹ ਬਾਹਰ ਮੇਜ਼ ਉਤੇ ਹੀ ਖਾਣਾ ਰਖ ਜਾਇਆ ਕਰੇ। ਇਸ ਦੌਰਾਨ ਵਿਚ ਮੈਂ ਉਹਨਾਂ ਲੋਕਾਂ ਨੂੰ ਸੁਨੇਹਾ ਭੇਜਿਆ ਜਿਨ੍ਹਾਂ ਨੇ ਮੈਨੂੰ ਬਾਹਰ ਲਿਜਾਨ ਦਾ ਪ੍ਰਬੰਧ ਕਰ ਰਖਿਆ ਸੀ। ਉਹਨਾਂ ਨਾਲ ਮੈਂ ਨੱਸ ਜਾਣ ਦੀ ਤਾਰੀਖ ਨੀਯਤ ਕੀਤੀ। ਜਦ ਮੈਨੂੰ ਦਾੜ੍ਹੀ ਰਖਿਆਂ ਚਾਲੀ ਕੁ ਦਿਨ ਹੋ ਗਏ ਤਦ ਉਸ ਦਿਨ ਅਰਥਾਤ ੧੫ ਜਨਵਰੀ ਨੂੰ ਚਲੇ ਜਾਣ ਦੇ ਵੀ ਸਾਰੇ ਪ੍ਰਬੰਧ ਮੁਕੰਮਲ ਹੋ ਚੁਕੇ ਸਨ।

ਮੌਲਵੀ ਦੇ ਭੇਸ ਵਿਚ—ਸ਼ਾਮ ਦੇ ੮ ਵਜੇ ਮੈਂ ਘਰੋਂ ਰਵਾਨਾ ਹੋਇਆ ਅਤੇ ਕਲਕੱਤੇ ਤੋਂ ੪੦ ਮੀਲ ਦੂਰ ਇਕ ਰੇਲਵੇ ਸਟੇਸ਼ਨ ਉਤੇ ਪੁਜਾ। ਉਥੋਂ ਮੈਂ ਪਸ਼ਾਵਰ ਲਈ ਸੈਕੰਡ ਕਲਾਸ ਦਾ ਟਿਕਟ ਖਰੀਦਿਆ ਅਤੇ ਮੇਲ ਟਰੇਨ ਉਤੇ ਸਵਾਰ ਹੋ ਗਿਆ। ਰਾਤ ਦਾ ਸਫਰ ਬੜੀ ਆਸਾਨੀ ਨਾਲ ਕਟ ਗਿਆ। ਦੂਜੇ ਦਿਨ ਇਕ ਮੁਸਾਫਰ ਮੇਰੇ ਕੰਪਾਰਟਮੈਂਟ ਵਿਚ ਆਇਆ। ਉਹ ਮੇਰੇ ਸਾਹਮਣੇ ਬੈਠ ਗਿਆ। ਉਸ ਮੁਸਾਫਰ ਨੇ ਮੇਰਾ ਨਾਮ ਤੇ ਕੰਮ ਪੁਛਿਆ। ਮੈਂ ਉਤਰ ਦਿਤਾ ਕਿ ਮੇਰਾ ਨਾਮ ਜ਼ਿਆਉਦੀਨ ਹੈ। ਮੈਂ ਬੀਮਾਂ ਏਜੰਟ ਹਾਂ, ਅਤੇ ਹੁਣ ਰਾਵਲਪਿੰਡੀ ਜਾ ਰਿਹਾ ਹਾਂ।

ਮੈਂ ਤੰਗ ਪਜਾਮਾ ਸ਼ੇਰਵਾਨੀ ਤੇ ਤੁਰਕੀ ਟੋਪੀ ਪਾਈ ਹੋਈ ਸੀ। ਇਸ ਲਿਬਾਸ ਵਿਚ ਮੈਨੂੰ ਸ਼ਨਾਖਤ ਕਰਨਾ ਅਸੰਭਵ ਸੀ ਖਾਸ ਕਰਕੇ ਦਾੜ੍ਹੀ ਨਾਲ ਤੇ ਮੈਂ ਸਿਰ ਤੋਂ ਪੈਰ ਤੀਕ ਮੌਲਵੀ ਮਲੂਮ ਹੁੰਦਾ ਸਾਂ। ਰਸਤੇ ਵਿਚ ਕੋਈ ਨਾ ਖ਼ੁਸ਼ਗਵਾਰ ਵਾਕਿਆ ਪੇਸ਼ ਨਹੀਂ ਆਇਆ। ੧੭ ਜਨਵਰੀ ਨੂੰ ੯ ਵਜੇ ਪਸ਼ਾਵਰ ਪੁਜਾ। ਸਟੇਸ਼ਨ ਦੇ ਬਾਹਰ ਇਕ ਕਾਰ ਖੜੀ ਸੀ, ਉਹ ਮੈਨੂੰ ਨਿਯਤ ਅਸਥਾਨ ਉਤੇ ਲੈ ਗਈ।

ਕਲਕੱਤੇ ਤੋਂ ਲੇ ਕੇ ਪਸੌਰ ਦੇ ਸਫਰ ਦੇ ਜਿਹੜੇ ਹਾਲਾਤ

ਉਪਰ ਦਰਜ ਹਨ ਇਹਨਾਂ ਵਿਚੋਂ ਇਕ ਗਲ ਛਡ ਦਿਤੀ ਗਈ ਹੈ। ਉਹ ਗਲ ਹੈ ਇਹ ਕਿ ਏਸੇ ਟਰੇਨ ਦੇ ਇਕ ਦੂਜੇ ਡਬੇ ਵਿਚ ਕਮਿਊਨਿਸਟ ਲੀਡਰ ਸੋਢੀ ਹਰਮਿੰਦਰ ਸਿੰਘ ਜੋ ਕਾਫ਼ੀ ਚਿਰ ਤੀਕ ਗ੍ਰਿਫਤਾਰੀ ਤੋਂ ਬਚਨ ਲਈ ਚਕ੍ਰਵਰਤੀ ਬਣ ਕੇ ਦਿਨ ਗੁਜ਼ਾਰ ਰਹੇ ਸਨ ਸਵਾਰ ਸਨ। ਜਦ ਸੁਭਾਸ਼ ਬਾਬੂ ਪਸ਼ੌਰ ਪੁਜੇ ਤਦ ਮਿ: ਭਗਤ ਰਾਮ ਸਟੇਸ਼ਨ ਦੇ ਬਾਹਰ ਕਾਰ ਲਈ ਉਡੀਕ ਰਹੇ ਸਨ। ਇਹ ਭਗਤ ਰਾਮ ਸੁਵਰਗੀ ਮਿਸਟਰ ਹਰੀ ਕਿਸ਼ਨ (ਜੋ ਗਵਰਨਰ ਸ਼ੂਟਿੰਗ ਕੇਸ ਵਿਚ ਫਾਂਸੀ ਲਾ ਦਿਤੇ ਗਏ ਸਨ) ਦੇ ਭਰਾ ਸਨ। ਮਿ: ਭਗਤ ਰਾਮ ਤੋਂ ਛੁਟ ਪ੍ਰਸਿਧ ਕਮਿਊਨਿਸਟ ਲੀਡਰ ਕਾਮਰੇਡ ਅਛਰ ਸਿੰਘ ਛੀਨਾ ਵੀ ਕਾਰ ਵਿਚ ਮੌਜੂਦ ਸਨ। ਕਾਮਰੇਡ ਛੀਨਾ ਇਕ ਰਾਜਸੀ ਕਤਲ ਦੇ ਸਿਲਸਿਲੇ ਵਿਚ ਫਰਾਰ ਹੋ ਕੇ ਦਿਨ ਬਿਤਾ ਰਿਹਾ ਸੀ। (ਪੁ: ਨੇਤਾ ਜੀ)

ਮੈਨੂੰ ਪਸ਼ਾਵਰ ਵਿਚ ਦੋ ਦਿਨ ਲਈ ਠਹਿਰਨਾ ਪਿਆ ਕਿਉਂਕਿ ਮੇਰੇ ਦੋਸਤਾਂ ਨੇ ਕਾਬਲ ਤੀਕ ਮੇਰੇ ਸਫਰ ਦਾ ਪ੍ਰਬੰਧ ਕਰਨਾ ਸੀ। ਪਸ਼ਾਵਰ ਵਿਚ ਜੋ ਪ੍ਰਬੰਧ ਮੇਰੇ ਮਿਤ੍ਰਾਂ ਨੇ ਕੀਤੇ ਸਨ ਮੈਂ ਉਹਨਾਂ ਦੀ ਅਕਲਵੰਦੀ ਦੀ ਪ੍ਰਸੰਸਾ ਕੀਤੇ ਬਿਨਾਂ ਨਹੀਂ ਰਹਿ ਸਕਦਾ ਕਿਉਂਕਿ ਇਹਨਾਂ ਪ੍ਰਬੰਧਾਂ ਦੇ ਕਾਰਨ ਹੀ ਮੈਂ ਹਾਕਮਾਂ ਦੀਆਂ ਅੱਖਾਂ ਵਿਚ ਧੂੜ ਪਾਉਣ ਦੇ ਯੋਗ ਹੋ ਸਕਿਆ ਤੇ ਕਿਸੇ ਆਦਮੀ ਨੂੰ ਵੀ ਪਸ਼ਾਵਰ ਵਿਚ ਮੇਰੇ ਦੋ ਰੋਜ਼ਾ ਕਿਆਮ ਦਾ ਪਤਾ ਨ ਲਗ ਸਕਿਆ।

੧੯ ਜਨਵਰੀ ਨੂੰ ਮੈਨੂੰ ਪਠਾਣੀ ਪੋਸ਼ਾਕ ਦਿਤੀ ਗਈ ਕਿਉਂਕਿ ਯੂ. ਪੀ. ਦੇ ਮੌਲਵੀ ਦੀ ਬਜਾਇ ਪਠਾਨ ਦੇ ਲਿਬਾਸ ਵਿਚ ਅਫਗਾ-ਨਿਸਤਾਨ ਵਿਚ ਸਫਰ ਕਰਨਾ ਵਧੀਕ ਸੁਰਖਿਅਤ ਸੀ। ਇਕ ਹੋਰ ਮਿਤਰ ਰਹਿਮਤ ਅਲੀ ਖਾਂ ਨਾਮ ਵਾਲਾ ਮੇਰੇ ਨਾਲ ਕਾਰ ਵਿਚ ਬੈਠਾ ਸੀ। ਮੋਟਰ ਪਸ਼ਾਵਰ ਤੋਂ ਜਮਰੋਦ ਵਾਲੀ ਸੜਕ ਉਤੇ ਪਾ ਦਿਤੀ ਗਈ। ਕਿਲਾ ਜਮਰੋਦ ਤੋਂ ਥੋੜੀ ਵਿਥ ਉਪਰ ਵਡੀ ਸੜਕ ਤੋਂ ਇਕ ਨਿਕੀ ਸੜਕ ਨਿਕਲਦੀ ਹੈ ਜੋ ਕਿਸੇ ਹੋਰ ਪਾਸੇ ਵਲ ਜਾਂਦੀ ਹੈ।

ਅਸੀਂ ਇਸੇ ਕੱਚੀ ਸੜਕ ਉਪਰ ਚਲ ਰਹੇ ਸਾਂ। ਅੰਤ ਅਸੀਂ ਇਕ ਨਿਕੇ ਜਿਹੇ ਪਿੰਡ ਗੜ੍ਹੀ ਵਿਚ ਪਹੁੰਚ ਗਏ ਕਿਉਂਕਿ ਮੋਟਰ-ਸੜਕ ਓਥੇ ਖਤਮ ਹੋ ਗਈ ਸੀ ਇਸ ਲਈ ਅਸਾਂ ਮੋਟਰ ਨੂੰ ਓਥੇ ਹੀ ਛਡ ਦਿਤਾ ਅਤੇ ਰਾਤ ਗੜ੍ਹੀ ਵਿਚ ਬਤੀਤ ਕੀਤੀ।

ਇਸ ਦੇ ਮਗਰੋਂ ਫੈਸਲਾ ਕੀਤਾ ਗਿਆ ਕਿ ਮੈਂ ਗੂੰਗਾ ਤੇ ਬੋਲਾ ਬਣ ਜਾਵਾਂ। ਦੂਜੀ ਸ਼ਾਮ ਨੂੰ ਅਸੀਂ ਹਿੰਦੁਸਤਾਨ ਦੀ ਸਰਹਦ ਤੋਂ ਪਾਰ ਲੰਘ ਗਏ। ਅਸੀਂ ਇਕ ਕਬਾਇਲੀ ਪਿੰਡ ਵਿਚ ਦਾਖਲ ਹੋਏ। ਉਥੇ ਆਧ ਸ਼ਰੀਫ ਦੇ ਪਵਿਤ੍ਰ ਸਥਾਨ ਉਤੇ ਇਕ ਮਸੀਤ ਹੈ ਤੇ ਇਕ ਪੀਰ ਓਥੇ ਰਹਿੰਦਾ ਹੈ। ਉਸ ਨੇ ਸਾਡੇ ਲਈ ਸਭ ਪ੍ਰਬੰਧ ਕਰ ਰਖਿਆ ਸੀ। ਦੋ ਹਥਿਆਰ ਬੰਦ ਪਠਾਨ ਜਿਹੜੇ ਸਾਡੀ ਰਖਿਆ ਲਈ ਆਏ ਸਨ ਉਥੇ ਹੀ ਰਹਿ ਗਏ। ਉਹਨਾਂ ਦੀ ਥਾਂ ਤਿੰਨ ਹੋਰ ਸ਼ਸਤ੍ਰ ਧਾਰੀ ਪਠਾਨ ਸਾਡੀ ਰਖਿਆ ਲਈ ਨਾਲ ਹੋ ਗਏ। ਇਹ ਬੜੀ ਕਠਨ ਮੰਜ਼ਲ ਸੀ। ਰਸਤੇ ਵਿਚ ਕਿਤੇ ਕਿਤੇ ਠਹਿਰ ਕੇ ਆਰਾਮ ਵੀ ਕਰਨਾ ਪੈਂਦਾ ਸੀ। ਸ਼ਾਮ ਦੇ ੯ ਵਜੇ ਅਸੀਂ ਲਾਲ ਪੁਰਾ ਪੁਜੇ। ਏਥੇ ਵੀ ਪਹਿਲੇ ਤੋਂ ਹੀ ਸਾਡੇ ਲਈ ਹਰ ਸ਼ੈ ਦਾ ਪ੍ਰਬੰਧ ਕੀਤਾ ਗਿਆ ਸੀ। ਏਥੇ ਰਾਤ ਅਸਾਂ ਬੜੀ ਤਸੱਲੀ ਨਾਲ ਬਿਤਾਈ। ਸਾਡਾ ਮੇਜ਼ਬਾਨ ਉਸ ਇਲਾਕੇ ਦਾ ਬੜਾ ਵੱਡਾ ਖਾਨ ਸੀ ਜਿਸ ਨੂੰ ਸਹੀ ਭਾਵ ਵਿਚ ਹੁਕਮਰਾਨ ਕਿਹਾ ਜਾ ਸਕਦਾ ਹੈ। ਅਫਗਾਨ ਗੌਰਮਿੰਟ ਦੇ ਹਲਕਿਆਂ ਵਿਚ ਉਸ ਦਾ ਬੜਾ ਮਾਨ ਤੇ ਆਦਰ ਕੀਤਾ ਜਾਂਦਾ ਹੈ। ਮੈਂ ਬਿਲਕੁਲ ਥੱਕ ਚੁਕਾ ਸਾਂ ਫੇਰ ਵੀ ਮੈਨੂੰ ਨਿਸ਼ਚਾ ਦਵਾ-ਇਆ ਗਿਆ ਕਿ ਦਰਿਆ ਕਾਬਲ ਤੀਕ ਪਹੁੰਚਣ ਲਈ ਕੇਵਲ ਚੰਦ ਮੀਲ ਹੋਰ ਸਫਰ ਕਰਨਾ ਪਏਗਾ। ਜਿਵੇਂ ਹੀ ਦਰਿਆ ਕਾਬਲ ਪਾਰ ਕਰ ਲਿਆ ਉਵੇਂ ਹੀ ਤੁਸੀਂ ਮੋਟਰ ਸੜਕ ਉਤੇ ਪਹੁੰਚ ਜਾਉਗੇ, ਜਿਥੋਂ ਤੁਸੀਂ ਕਾਬਲ ਲਈ ਬਸ ਵਿਚ ਸਵਾਰ ਹੋ ਸਕਦੇ ਹੋ।

ਲਾਲ ਪੁਰੇ ਤੋਂ ਰਵਾਨਾ ਹੋਣ ਤੋਂ ਪਹਿਲੇ ਸਾਡੇ ਮੇਜ਼ਬਾਨ

ਨੇ ਸਾਨੂੰ ਇਕ ਜਾਣ ਪਛਾਣ ਦੀ ਚਿੱਠੀ ਦਿਤੀ ਤਾਂ ਜੁ ਜੇ ਕੋਈ ਰਸਤੇ ਵਿਚ ਪੁੱਛ ਗਿੱਛ ਕਰੇ ਤਦ ਅਸੀਂ ਉਹ ਵਖਾ ਕੇ ਪ੍ਰੇਸ਼ਾਨੀ ਤੋਂ ਬਚ ਸਕਦੇ ਸਾਂ। ਮੀਜ਼ਬਾਨ ਨੇ ਇਹ ਵੀ ਆਖਿਆ ਜੇ ਅਸੀਂ ਇਸ ਦੀ ਵਰਤੋਂ ਕਰਾਂਗੇ ਤਦ ਅਫ਼ਗਾਨਿਸਤਾਨ ਵਿਚ ਵੀ ਸਾਨੂੰ ਕਿਸੇ ਕਿਸਮ ਦੀ ਦਿਕਤ ਪੇਸ਼ ਨਹੀਂ ਆਏਗੀ।

ਲਾਲਾ ਉਤਮ ਚੰਦ ਜੀ ਦਸਦੇ ਹਨ ਕਿ ਉਹਨਾਂ ਨੇ ਇਹ ਜਾਣ ਪਛਾਣ ਵਾਲੀ ਚਿੱਠੀ ਆਪ ਪੜ੍ਹੀ ਹੈ। ਇਹ ਫਾਰਸੀ ਜ਼ਬਾਨ ਵਿਚ ਸੀ ਅਤੇ ਇਸ ਵਿਚ ਦਰਜ ਸੀ–ਕਿ ਰਹਿਮਤ ਖਾਂ ਤੇ ਜ਼ਿਆਉ ਦੀਨ ਕਬਾਇਲੀ ਇਲਾਕੇ ਦੇ ਵਸਨੀਕ ਹਨ ਅਤੇ ਸਖ਼ੀ ਸਾਹਿਬ ਦੀ ਜ਼ਿਆਰਤ ਨੂੰ ਜਾ ਰਹੇ ਹਨ। ਮੈਂ ਇਹਨਾਂ ਦੇ ਰਵਈਏ ਸੰਬੰਧੀ ਜ਼ਾਤੀ ਤੌਰ ਉਤੇ ਜ਼ਿੰਮੇਵਾਰ ਹਾਂ। ਮੈਂ ਇਹਨਾਂ ਨੂੰ ਇਹ ਸਰਟੀਫ਼ੀਕੇਟ ਇਸ ਲਈ ਦਿਤਾ ਹੈ ਕਿ ਕੋਈ ਇਹਨਾਂ ਨੂੰ ਪ੍ਰੇਸ਼ਾਨ ਨ ਕਰੇ।

ਮੈਂ ਸੁਭਾਸ਼ ਬਾਬੂ ਤੋਂ ਪੁਛਿਆ ਉਹਨਾਂ ਨੇ ਉਨ੍ਹਾਂ ਸੀ. ਆਈ. ਡੀ. ਕਾਨਸਟੇਬਲਾਂ ਨੂੰ ਸਰਟੀਫ਼ੀਕੇਟ ਕਿਉਂ ਨ ਦਖਾਇਆ ਜੋ ਤੁਹਾਨੂੰ ਸਰਾਂ ਵਿਚ ਤੰਗ ਕਰਦੇ ਸਨ।

ਸੁਭਾਸ਼ ਬਾਬੂ ਨੇ ਉਤ੍ਰ ਦਿਤਾ ਕਿ ਅਸਾਂ ਉਸ ਕਾਨਸਟੇਬਲ ਨੂੰ ਜਿਹੜਾ ਸਾਨੂੰ ਬਹੁਤ ਤੰਗ ਕਰਦਾ ਸੀ ਇਹ ਸਰਟੀਫ਼ੀਕੇਟ ਦਖਾਇਆ ਸੀ ਅਤੇ ਇਹੋ ਕਾਰਨ ਸੀ ਕਿ ਸਾਨੂੰ ਉਸ ਦੇ ਪੰਜੇ ਵਿਚੋਂ ਨਜਾਤ ਮਿਲ ਗਈ। ਜਿਸ ਦਿਨ ਉਸ ਨੂੰ ਘੜੀ ਦੇਣੀ ਪਈ ਸੀ ਉਸੇ ਦਿਨ ਅਸਾਂ ਇਹ ਜਾਣ ਪਛਾਣ ਵਾਲਾ ਖਤ ਉਸ ਨੂੰ ਦਖਾਇਆ ਸੀ। ਇਹ ਖਤ ਦਖਾਉਣ ਤੋਂ ਪਹਿਲੇ ਉਹ ਸਾਨੂੰ ਬੜਾ ਤੰਗ ਕਰਦਾ ਸੀ ਪਰ ਪਿਛੋਂ ਉਹ ਠੰਡਾ ਹੋ ਗਿਆ। ਅਸਲ ਵਿਚ ਉਹ ਜਾਣ ਪਛਾਣ ਦੀ ਚਿਠੀ ਨਹੀਂ ਸਗੋਂ ਰੁਪਇਆ ਚਾਹੁੰਦਾ ਸੀ।

ਲਾਲ ਪੁਰਾ ਤੋਂ ਚਲ ਕੇ ਸ਼ਸਤ੍ਰਧਾਰੀ ਪਠਾਨਾਂ ਦੇ ਪਹਿਰੇ ਵਿਚ ਅਸੀਂ ਦਰਿਆ ਕਾਬਲ ਉਤੇ ਪਹੁੰਚੇ। ਲਾਲ ਪੁਰਾ ਤੋਂ ਦਰਿਆ ਕਾਬਲ

ਕੇਵਲ ਥੋੜੇ ਜਿਹੇ ਮੀਲ ਦੀ ਵਿਥ ਉਤੇ ਹੈ। ਦਰਿਆ ਨੂੰ ਪਾਰ ਕਰਨ ਲਈ ਕੋਈ ਬੇੜੀ ਮੌਜੂਦ ਨਹੀਂ ਸੀ ਜਿਸ ਵਿਚ ਬੈਠ ਕੇ ਅਸੀਂ ਦਰਿਆ ਨੂੰ ਪਾਰ ਕਰ ਸਕਦੇ। ਬਹੁਤ ਸਾਰੇ ਲੋਕ ਮਿਲ ਕੇ ਆਪਣੇ ਆਪ ਨੂੰ ਰੱਸੇ ਨਾਲ ਬੰਨ੍ਹ ਲੈਂਦੇ ਸਨ ਅਤੇ ਚਮੜਿਆਂ ਦੇ ਬੋਰਿਆਂ ਨਾਲ ਬੇੜੀ ਨੂੰ ਬੰਨ੍ਹ ਕੇ ਦਰਿਆ ਨੂੰ ਪਾਰ ਕਰ ਲੈਂਦੇ ਸਨ। ਪਹਿਲੇ ਤੇ ਮੈਂ ਡਰਿਆ ਪਰ ਦੂਜੇ ਲੋਕਾਂ ਨੂੰ ਬੇ ਖਟਕੇ ਦਰਿਆ ਪਾਰ ਕਰਦਿਆਂ ਤਕ ਕੇ ਮੇਰਾ ਹੌਸਲਾ ਵੀ ਵਧ ਗਿਆ। ਅਸੀਂ ਵੀ ਉਹਨਾਂ ਚਮੜੇ ਦੀਆਂ ਬੇੜੀਆਂ ਉਪਰ ਜਿਸ ਉਤੇ ਮਾਹੀਗੀਰ ਨੇ ਆਪਣਾ ਜਾਲ ਵਿਛਾ ਰਖਿਆ ਸੀ ਬੈਠ ਗਏ। ਇਸ ਤਰ੍ਹਾਂ ਅਸਾਂ ਦਰਿਆ ਕਾਬਲ ਨੂੰ ਪਾਰ ਕੀਤਾ। ਹੁਣ ਅਸੀਂ ਅਫਗਾਨ ਇਲਾਕੇ ਵਿਚ ਦਾਖਲ ਹੋ ਗਏ, ਜਿਥੇ ਹਥਿਆਰਾਂ ਸਮੇਤ ਜਾਣ ਦੀ ਮਨਾਹੀ ਸੀ। ਅਸਾਂ ਆਪਣੇ ਸਾਥੀ ਪਠਾਨਾਂ ਨੂੰ ਦਰਿਆ ਕਾਬਲ ਦੇ ਕਬਾਇਲੀ ਇਲਾਕੇ ਵਲ ਨੂੰ ਤੋਰ ਦਿਤਾ। ਅਸੀਂ ਡਰਗਾ ਤੋਂ ਵੀ ਜਿਥੇ ਪਾਸ ਪੋਰਟ ਦਖਾਉਣੇ ਪੈਂਦੇ ਸਨ ਕਿਸੇ ਨ ਕਿਸੇ ਤਰ੍ਹਾਂ ਬਚ ਕੇ ਨਿਕਲ ਆਏ।। ਡਰਗਾ ਪਸ਼ਾਵਰ ਤੋਂ ਕੇਵਲ ੫੦ ਮੀਲ ਦੇ ਫਾਸਲੇ ਉਪਰ ਹੈ ਜਿਥੇ ਪਾਸ ਪੋਰਟ ਤੋਂ ਛੁਟ ਕਾਬਲ ਨੂੰ ਜਾਣ ਵਾਲੇ ਮੁਸਾਫਰਾਂ ਦੇ ਸਾਮਾਨ ਤੇ ਅਸਬਾਬ ਦੀ ਵੀ ਤਲਾਸ਼ੀ ਲਈ ਜਾਂਦੀ ਹੈ। ਰਸਤੇ ਵਿਚ ਤਿੰਨ ਥਾਵਾਂ ਉਤੇ ਪਾਸ ਪੋਰਟ ਦੀ ਪੜਤਾਲ ਕੀਤੀ ਜਾਂਦੀ ਹੈ। ਇਸ ਲਈ ਇਹਨਾਂ ਥਾਵਾਂ ਉਤੇ ਪਾਸ ਪੋਰਟ ਦਖਾਉਣ ਦੀ ਜ਼ਹਿਮਤ ਤੋਂ ਬਚਣ ਲਈ ਅਸਾਂ ਤਿੰਨ ਦਿਨ ਦਾ ਲੰਮਾ ਤੇ ਕਠਨ ਰਾਹ ਧਾਰਨ ਕੀਤਾ।

ਇਸ ਸੜਕ ਉਤੇ ਇਕ ਥਾਂ ਠੰਡੀ ਹੈ। ਏਥੇ ਬੜੇ ਵਡੇ ਵਡੇ ਦਰਖਤ ਹਨ। ਇਸ ਥਾਂ ਲੇਟ ਕੇ ਮੈਂ ਬਸ ਦੀ ਉਡੀਕ ਕਰਨ ਲਗਾ। ਰਹਿਮਤ ਖਾਂ ਸੜਕ ਉਤੇ ਖੜਾ ਹੋ ਕੇ ਆਉਣ ਵਾਲੀ ਬਸ ਨੂੰ ਸਿਗਨਲ ਦੇਣ ਲਗਾ ਕਿ ਜੇ ਉਸ ਵਿਚ ਥਾਂ ਖਾਲੀ ਹੋਵੇ ਤਦ ਸਾਨੂੰ ਸਵਾਰ ਕਰ ਲੈਣ। ਕਈ ਬਸਾਂ ਨੇ ਉਸ ਦੇ ਸਿਗਨਲ ਦੀ

ਕੋਈ ਪ੍ਰਵਾਹ ਨਾ ਕੀਤੀ । ਥਕਾਨ ਦੇ ਕਾਰਨ ਮੇਰੇ ਉਪਰ ਕੁਛ ਬੇਹੋਸ਼ੀ ਜਿਹੀ ਤਾਰੀ ਹੋਣ ਲਗੀ । ਸ਼ਾਮ ਹੋ ਚੁਕੀ ਸੀ ਕਿ ਇਕ ਬਸ ਉਥੇ ਠਹਿਰੀ ਤਾਂ ਰਹਿਮਤ ਖਾਂ ਨੇ ਮੈਨੂੰ ਇਸ ਵਿਚ ਸਵਾਰ ਹੋਣ ਲਈ ਆਖਿਆ। ਮੇਰੀ ਹੋਸ਼ ਉਸ ਵੇਲੇ ਜਵਾਬ ਦੇ ਰਹੀ ਸੀ। ਲ ਰੀ ਸੰਦੂਕਾਂ ਨਾਲ ਭਰੀ ਹੋਈ ਸੀ ਅਤੇ ਉਸ ਵਿਚ ਬੈਠਣ ਲਈ ਕੋਈ ਥਾਂ ਨਹੀਂ ਸੀ। ਕਲੀਨਰ ਨੇ ਚਿੱਲਾ ਕੇ ਆਖਿਆ ਕਿ ਸਾਰੇ ਬਕਸਾਂ ਉਪਰ ਚੜ੍ਹ ਕੇ ਬੈਠ ਨਹੀਂ ਜਾਂਦੇ । ਓਦੋਂ ਸਰਦੀ ਦਾ ਮੌਸਮ ਸੀ ਸਾਡੇ ਚਾਰੇ ਪਾਸੇ ਖੁਲ੍ਹੇ ਮੈਦਾਨ ਸਨ। ਸਾਡੇ ਪਾਸ ਕੋਈ ਗਰਮ ਕਪੜਾ ਵੀ ਨਹੀਂ ਸੀ ਜੋ ਸਾਨੂੰ ਇਸ ਕੜਾਕੇ ਦੀ ਸਰਦੀ ਤੋਂ ਬਚਾ ਸਕੇ । ਅਖ ਖੋਲ੍ਹਣੀ ਵੀ ਮੁਸ਼ਕਲ ਹੋ ਰਹੀ ਸੀ ਕਿਉਂਕਿ ਅਸੀਂ ਬਹੁਤ ਉਚੇ ਬੈਠੇ ਹੋਏ ਸਾਂ ਇਸ ਲਈ ਦਰਖਤਾਂ ਦੀਆਂ ਟਹਿਣੀਆਂ ਨਾਲ ਟਕਰਾ ਜਾਣ ਦਾ ਹਰ ਵੇਲੇ ਧੁੜਕੂ ਲਗਾ ਰਹਿੰਦਾ ਸੀ । ਹਰ ਚਾਰ ਪੰਜ ਮਿੰਟ ਮਗਰੋਂ ਸਾਨੂੰ ਇਹਨਾਂ ਟਹਿਣੀਆਂ ਤੋਂ ਬਚਨ ਲਈ ਆਪਣੇ ਸਿਰ ਨੀਵੇਂ ਕਰਨੇ ਪੈਂਦੇ ਸਨ। ਮੈਂ ਰਹਿਮਤ ਖਾਂ ਨੂੰ ਪੁਛਿਆ ਕੀ ਸਾਨੂੰ ਇਸ ਤੋਂ ਚੰਗੀ ਮੋਟਰ ਲਾਰੀ ਨਹੀਂ ਮਿਲ ਸਕਦੀ ? ਉਸ ਨੇ ਉਤ੍ਰ ਦਿਤਾ ਮੈਂ ਲਗ ਪਗ ੧੫ ਲਾਰੀਆਂ ਨੂੰ ਸਿਗਨਲ ਕੀਤਾ ਪਰ ਉਹਨਾਂ ਵਿਚੋਂ ਕੋਈ ਲਾਰੀ ਨਹੀਂ ਠਹਿਰੀ । ਕੇਵਲ ਇਹੋ ਲਾਰੀ ਏਥੇ ਠਹਿਰੀ ਸੀ ਜੇ ਅਸੀਂ ਇਸ ਵਿਚ ਸਵਾਰ ਨਾ ਹੁੰਦੇ ਤਦ ਸਾਨੂੰ ਰਾਤ ਏਥੇ ਹੀ ਉਜਾੜ ਵਿਚ ਠਰਦਿਆਂ ਕਟਣੀ ਪੈਣੀ ਸੀ।

ਦੂਜੇ ਦਿਨ ਅਸੀਂ ਬੁਤ ਖਾਕ ਪਹੁੰਚੇ ਜਿਥੇ ਪਾਸਪੋਰਟ ਵੇਖੇ ਜਾਂਦੇ ਹਨ। ਸਾਥੋਂ ਪੁਛਿਆ ਗਿਆ ਕਿ ਅਸੀਂ ਕਿਸ ਮੰਤਵ ਲਈ ਏਥੇ ਆਏ ਹਾਂ । ਰਹਿਮਤ ਖਾਂ ਨੇ ਉਤ੍ਰ ਦਿਤਾ ਇਹ ਮੇਰਾ ਵੱਡਾ ਭਾਈ ਹੈ ਜੋ ਗੁੰਗਾ ਤੇ ਬੋਲਾ ਹੈ । ਮੈਂ ਇਸ ਨੂੰ ਸਖ਼ੀ ਸਾਹਿਬ ਦੀ ਮਸਜਿਦ ਵਿਚ ਲਿਜਾ ਰਿਹਾ ਹਾਂ । ਅਸੀਂ ਆਜ਼ਾਦ ਕਬਾਇਲੀ

ਇਲਾਕੇ ਦੇ ਵਸਨੀਕ ਹਾਂ । ਇਸ ਦੇ ਮਗਰੋਂ ਰਹਿਮਤ ਖਾਂ ਨੇ ਜਾਣ ਪਛਾਣ ਵਾਲੀ ਉਹੋ ਚਿੱਠੀ ਦਖਾਈ ਸੀ ਜਿਸ ਨੂੰ ਪੜ੍ਹ ਕੇ ਉਹ ਅਫਸਰ ਚੁਪ ਹੋ ਗਿਆ ।

ਅਸੀਂ ਫੇਰ ਲਾਰੀ ਵਿਚ ਸਵਾਰ ਹੋ ਗਏ ਅਤੇ ੪-੫ ਵਜੇ ਦੇ ਕਰੀਬ ਕਾਬਲ ਪਹੁੰਚ ਗਏ ।

ਮਿਸਟਰ ਉਤਮ ਚੰਦ ਦੇ ਬਾਕੀ ਬਿਆਨ ਦਾ ਸਾਰ ਇਹ ਹੈ:-

ਸੁਭਾਸ਼ ਬਾਬੂ ਤੇ ਰਹਿਮਤ ਖਾਂ ਨੇ ਕਾਬਲ ਪਹੁੰਚ ਕੇ ਇਕ ਸਰਾਂ ਵਿਚ ਡੇਰੇ ਲਾ ਦਿਤੇ । ਓਥੇ ਸੁਭਾਸ਼ ਬਾਬੂ ਨੂੰ ਪੇਚਸ ਦੀ ਸਖਤ ਸ਼ਕਾਇਤ ਹੋ ਗਈ ਇਸ ਲਈ ਉਹਨਾਂ ਨੂੰ ਮੇਰੇ ਘਰ ਪੁਚਾਇਆ ਗਿਆ ਜੋ ਨੇੜੇ ਹੀ ਸੀ ਕਿਉਂ ਕਿ ਉਹਨਾਂ ਦੀ ਸਿਹਤ ਬਹੁਤ ਗਿਰ ਗਈ ਸੀ । ਬਾਹਰ ਕਿਸੇ ਡਾਕਟਰ ਪਾਸ ਲਿਜਾਇਆ ਨਹੀਂ ਸੀ ਜਾ ਸਕਦਾ ਕਿਉਂਕਿ ਪਛਾਣੇ ਜਾਣ ਦਾ ਡਰ ਸੀ । ਮੇਰੇ ਘਰ ਵਿਚ ਹੀ ਦੇਸੀ ਦਵਾ ਦਾਰੂ ਕੀਤਾ ਗਿਆ ਜਿਸ ਨਾਲ ਕੁਛ ਦਿਨ ਮਗਰੋਂ ਆਪ ਨੂੰ ਅਫਾਕਾ ਹੋ ਗਿਆ । ਲਾਲਾ ਉਤਮ ਚੰਦ ਜਦ ਬਾਹਰ ਜਾਂਦੇ ਤਦ ਸੁਭਾਸ਼ ਬਾਬੂ ਵਾਲੇ ਕਮਰੇ ਦਾ ਤਾਲਾ ਲਾ ਜਾਂਦੇ ਤੇ ਚਾਬੀ ਆਪਣੀ ਪਤਨੀ ਦੇ ਹਵਾਲੇ ਕਰ ਜਾਂਦੇ ਸਨ ।

ਇਸ ਦੌਰਾਨ ਵਿਚ ਅਤਾਲਵੀ ਸਿਫਾਰਤ ਦੀ ਮਿਸ ਸਿਨੋਰਾ ਕਾਰੋਨੀ ਦੀ ਮਾਰਫਤ ਰੋਮ ਰਾਹੀਂ ਬਰਲਨ ਦਾ ਪਾਸਪੋਰਟ ਹਾਸਲ ਕਰਨ ਦਾ ਜਤਨ ਕੀਤਾ ਗਿਆ ।

ਅਤਾਲਵੀ ਸਫੀਰ ਅਤੇ ਸੁਭਾਸ਼ ਬੋਸ ਵਿਚਕਾਰ ਖਤ ਪੱਤਰ ਇਕ ਜਰਮਨ ਤਾਜਰ ਮਿਸਟਰ ਥਾਮਸ ਰਾਹੀਂ ਹੁੰਦਾ ਸੀ.....ਉਸ ਨੇ ਆਪਣੀਆਂ ਸਰਗਰਮੀਆਂ ਨੂੰ ਲੁਕਾਈ ਰਖਣ ਲਈ ਕਾਬਲ ਵਿਚ ਇਕ ਦੁਕਾਨ ਖੋਲ੍ਹ ਰਖੀ ਸੀ । ਉਹ ਕਈ ਕਿਸਮ ਦੇ ਕੰਮ ਕਰ ਲੈਂਦਾ ਸੀ । ਜਿਸ ਕਰ ਕੇ ਆਮ ਲੋਕਾਂ ਦਾ ਉਸ ਦੀ ਦੁਕਾਨ ਉਤੇ ਆਉਣ ਜਾਣ ਸੀ । ਖਤ ਪਤ੍ਰ ਦਾ ਇਹ ਪ੍ਰਬੰਧ ਕੀਤਾ ਗਿਆ ਸੀ

ਕਿ ਖ਼ੁਦ ਅਤਾਲਵੀ ਸਫੀਰ ਦੀ ਤੀਵੀਂ ਸੁਭਾਸ਼ ਬੋਸ ਦੇ ਨਾਮ ਆਪਣੇ ਪਤੀ ਦੇ ਖਤ ਮਿਸਟਰ ਥਾਮਸ ਦੀ ਦੁਕਾਨ ਉਤੇ ਛਡ ਜਾਂਦੀ ਸੀ ਅਤੇ ਏਸੇ ਦੁਕਾਨ ਤੋਂ ਪਤੀ ਦੇ ਨਾਮ ਸ੍ਰੀ ਸੁਭਾਸ਼ ਬਾਬੂ ਦੇ ਖਤ ਲੈ ਜਾਂਦੀ ਸੀ। ਮਿਸਟਰ ਥਾਮਸ ਦੀ ਦੁਕਾਨ ਤੋਂ ਸ੍ਰੀ ਸੁਭਾਸ਼ ਬੋਸ ਦੇ ਖਤ ਮਿਸਟਰ ਭਗਤ ਰਾਮ ਯਾ ਮਿਸਟਰ ਉਤਮ ਚੰਦ ਲੈ ਆਉਂਦੇ ਸਨ। ਅਤਾਲਵੀ ਸਫੀਰ ਨੇ ਆਪਣੇ ਪਹਿਲੇ ਖਤ ਵਿਚ ਐਉਂ ਲਿਖਿਆ ਸੀ।

"ਜਿਸ ਦਿਨ ਮੈਨੂੰ ਆਪ ਦਾ ਪਹਿਲਾ ਖਤ ਮਿਲਿਆ ਉਸੇ ਦਿਨ ਮੈਂ ਹਿਟਲਰ ਅਤੇ ਮਸੋਲਿਨੀ ਨੂੰ ਆਪ ਦੇ ਕਾਬਲ ਵਿਚ ਤਸ਼ਰੀਫ ਲੈ ਆਉਣ ਦੀ ਖਬਰ ਭੇਜ ਦਿਤੀ ਸੀ। ਇਟਲੀ ਅਤੇ ਜਰਮਨੀ ਦੇ ਜ਼ਿੰਮੇਵਾਰ ਹਲਕੇ ਇਹ ਖਬਰ ਸੁਣ ਕੇ ਬੜੇ ਖੁਸ਼ ਹੋਏ ਹਨ ਅਤੇ ਹਿੰਦੁਸਤਾਨ ਤੋਂ ਆਪ ਦੀ ਬਹਾਦਰਾਨਾ ਫਰਾਰੀ ਉਤੇ ਆਪ ਨੂੰ ਵਧਾਈ ਦੇਂਦੇ ਹਨ। ਮੈਨੂੰ ਹਦਾਇਤ ਕੀਤੀ ਗਈ ਹੈ ਕਿ ਮੈਂ ਹਰ ਤਰ੍ਹਾਂ ਨਾਲ ਅਪ ਦੀ ਸਹਾਇਤਾ ਕਰਾਂ। ਥੋੜੇ ਹੀ ਦਿਨਾਂ ਦੇ ਅੰਦਰ ਅੰਦਰ ਆਪ ਦੀ ਇਟਲੀ ਯਾ ਜਰਮਨੀ ਨੂੰ ਰਵਾਨਗੀ ਦੇ ਪ੍ਰਬੰਧ ਹੋ ਜਾਣਗੇ।"

ਇਸ ਦੇ ਉਤਰ ਵਿਚ ਸੁਭਾਸ਼ ਬੋਸ ਨੇ ਅਤਾਲਵੀ ਸਫੀਰ ਰਾਹੀਂ ਹਿਟਲਰ ਅਤੇ ਮਸੋਲਿਨੀ ਨੂੰ ਹੇਠ ਲਿਖਿਆ ਖਤ ਭੇਜਿਆ:-

ਮੈਂ ਆਪ ਦੇ ਜਤਨਾਂ ਲਈ ਧੰਨਵਾਦ ਕਰਦਾ ਹਾਂ। ਜਿੰਨੀ ਛੇਤੀ ਪਾਸ ਪੋਰਟ ਦਾ ਪ੍ਰਬੰਧ ਹੋ ਜਾਏ ਉਨਾ ਹੀ ਚੰਗਾ ਹੈ ਕਿਉਂਕਿ ਐਸੀ ਥਾਂ ਮੇਰੇ ਲਈ ਬਹੁਤ ਦੇਰ ਤੀਕ ਠਹਿਰਨਾ ਖਤਰੇ ਦਾ ਕਾਰਨ ਹੈ। ਕਿਰਪਾ ਕਰ ਕੇ ਬਰਲਿਨ ਤੇ ਰੋਮ ਦੇ ਉਹਨਾਂ ਜ਼ਿੰਮੇਵਾਰ ਕਰਮਚਾਰੀਆਂ ਨੂੰ ਮੇਰਾ ਧੰਨਵਾਦ ਪੁਚਾ ਦੇਣਾ ਜਿਨ੍ਹਾਂ ਨੇ ਮੈਨੂੰ ਆਪ ਰਾਹੀਂ ਸ਼ੁਭ ਇਛਾਵਾਂ ਦਾ ਸੁਨੇਹਾ ਭੇਜਿਆ ਹੈ।"

ਇਸ ਤਰ੍ਹਾਂ ਖਤ ਪੱਤ੍ਰ ਹੁੰਦੇ ਤੇ ਉਡੀਕ ਕਰਦੇ ਪੂਰਾ ਇਕ

ਮਹੀਨਾ ਲੰਘ ਗਿਆ ਤਦ ਇਕ ਦਿਨ ਅਤਾਲਵੀ ਸਫ਼ੀਰ ਦੀ ਤੀਵੀਂ ਉਤਮ ਚੰਦ ਦੀ ਦੁਕਾਨ ਉਤੇ ਆਈ ਅਤੇ ਸੁਭਾਸ਼ ਬਾਬੂ ਦੇ ਨਾਮ ਇਕ ਬੜਾ ਜ਼ਰੂਰੀ ਖਤ ਛਡ ਗਈ। ਉਸ ਖਤ ਵਿਚ ਦਰਜ ਸੀ ਕਿ ਅਜ ਰੋਮ ਤੋਂ ਤਸੱਲੀ ਬਖਸ਼ ਉਤਰ ਆ ਗਿਆ ਹੈ। ਸਾਰੇ ਪ੍ਰਬੰਧ ਹੋ ਚੁਕੇ ਹਨ ਕਿਉਂਕਿ ਆਪ ਦੇ ਪਾਸ ਪੋਰਟ ਲਈ ਸਾਨੂੰ ਆਪ ਦੀ ਫੋਟੋ ਦਰਕਾਰ ਹੈ ਇਸ ਲਈ ਕਲ ੧੧ ਵਜੇ ਫਲਾਣੀ ਸੜਕ ਉਤੇ ਪੁਜੋ। ਉਥੇ ਇਕ ਕਾਰ ਆਪ ਦੀ ਉਡੀਕ ਕਰੇਗੀ ਬਿਨਾ ਖਤਰੇ ਉਸ ਵਿਚ ਬੈਠ ਜਾਉ। ਕਾਰ ਦਾ ਡਰਾਈਵਰ ਆਪ ਨੂੰ ਸੁਰਖਿਆਤ ਥਾਂ ਉਤੇ ਪੁਚਾ ਦੇਵੇਗਾ ਤੇ ਆਪ ਦੀ ਫੋਟੋ ਉਤਰਵਾਉਨ ਮਗਰੋਂ ਫੇਰ ਵਾਪਸ ਛਡ ਜਾਏਗਾ। ਉਸੇ ਦਿਨ ਆਪ ਨੇ ਆਪਣੀ ਦਾੜੀ ਸਫਾ ਚਟ ਕਰਵਾ ਕੇ ਯੂਰਪੀਨ ਲਿਬਾਸ ਧਾਰਨ ਕਰ ਲਿਆ ਤੇ ਫੋਟੋ ਖਿਚਵਾਉਨ ਚਲੇ ਗਏ।

ਆਖਰ ੧੭ ਮਾਰਚ ਨੂੰ ਅਤਾਲਵੀ ਸਫ਼ੀਰ ਦਾ ਖਾਸ ਪ੍ਰਤੀਨਿਧ ਦੁਕਾਨ ਤੋਂ ਸਾਮਾਨ ਲੈ ਗਿਆ। ਆਪ ਖਾਸ ਇਤਬਾਰੀ ਆਦਮੀ ਮਿਸਟਰ ਰੋਸ਼ੀਨੀ ਦੇ ਮਕਾਨ ਉਤੇ ਪੁਚਾ ਦਿਤੇ ਗਏ ਅਤੇ ੫੯ ਮਾਰਚ ੧੯੪੧ ਨੂੰ ਸਵੇਰੇ ੯ ਵਜੇ ਆਪ ਕਾਬਲ ਤੋਂ ਬਰਲਿਨ ਰਵਾਨਾ ਹੋ ਗਏ। ਆਪ ਦੇ ਨਾਲ ਦੋ ਜਰਮਨ ਤੇ ਇਕ ਅਤਾਲਵੀ ਸਜਨ ਵੀ ਸਨ। ਇਸ ਤਰ੍ਹਾਂ ਆਪ ਨੇ ਕਾਬਲ ਤੋਂ ਬਰਲਿਨ ਤੀਕ ਦਾ ਸਫਰ ਇਕ ਅਤਾਲਵੀ ਸਜਨ ਦੇ ਜਾਅਲੀ ਪਾਸਪੋਰਟ ਰਾਹੀਂ ਕੀਤਾ।

ਜਦ ਆਪ ਬਰਲਨ ਪਹੁੰਚੇ ਤਦ ਰੂਸ-ਜਰਮਨ ਜੰਗ ਸ਼ੁਰੂ ਹੋ ਚੁਕੀ ਸੀ ਇਸ ਲਈ ਮਾਸਕੋ ਪਹੁੰਚਣ ਦੀ ਇੱਛਾ ਪੂਰੀ ਨਾ ਹੋ ਸਕੀ। ਸੁਭਾਸ਼ ਬਾਬੂ ੨੮ ਮਾਰਚ ੧੯੪੧ ਨੂੰ ਬਰਲਿਨ ਪਹੁੰਚੇ ਤੇ ੨੨ ਜੂਨ ੧੯੪੧ ਨੂੰ ਜਰਮਨ ਰੂਸ ਜੰਗ ਸ਼ੁਰੂ ਹੋ ਗਈ।

ਜਲਾਵਤਨੀ ਦੇ ਜੀਵਨ ਨੂੰ ਆਪ ਨੇ ਕਿਉਂ ਪਸੰਦ ਕੀਤਾ ਅਤੇ

ਆਪ ਦੇਸ ਵਿਚੋਂ ਕਿਉਂ ਨੱਸੇ ਇਸ ਬਾਰੇ ਆਪ ਨੇ ਇਕ ਵਾਰ ਸਿੰਘਾਪੁਰ ਤੋਂ ਆਰਜ਼ੀ ਆਜ਼ਾਦ ਹਿੰਦ ਗੌਰਮਿੰਟ ਦੇ ਰੇਡੀਓ ਉਤੇ ਤਕਰੀਰ ਕੀਤੀ ਜਿਸ ਦੇ ਦੌਰਾਨ ਵਿਚ ਆਪ ਨੇ ਫੁਰਮਾਇਆ ਸੀ–"ਅਜ ਮੈਂ ਆਪ ਨੂੰ ਸਪਸ਼ਟ ਲਫਜ਼ਾਂ ਵਿਚ ਦਸ ਦੇਣਾ ਚਾਹੁੰਦਾ ਹਾਂ ਕਿ ਮੈਂ ਆਪਣਾ ਘਰ ਅਤੇ ਆਪਣਾ ਵਤਨ ਛਡ ਕੇ ਐਸਾ ਰਾਹ ਕਿਉਂ ਫੜਿਆ ਜੋ ਹਰ ਕਿਸਮ ਦੇ ਖਤਰਿਆਂ ਨਾਲ ਭਰਪੂਰ ਸੀ। ਮੈਂ ਬਰਤਾਨਵੀ ਜੇਲ ਵਿਚ ਸੁਰਖਿਅਤ ਸਾਂ। ਉਥੇ ਹੀ ਮੈਂ ਇਸ ਗਲ ਦਾ ਫੈਸਲਾ ਕੀਤਾ ਕਿ ਅੰਗਰੇਜ਼ਾਂ ਦੇ ਪੰਜੇ ਵਿਚੋਂ ਨਿਕਲ ਕੇ ਨਸ ਜਾਵਾਂ, ਭਾਵੇਂ ਐਸਾ ਕਰਨ ਲਈ ਮੈਨੂੰ ਸਭ ਕੁਝ ਹੀ ਖਤਰੇ ਵਿਚ ਕਿਉਂ ਨਾ ਪਾਉਣਾ ਪਏ।

ਯਾਰਾਂ ਵਾਰ ਜੇਲ ਜਾਤਰਾ ਕਰ ਚੁਕਣ ਦੇ ਕਾਰਨ ਮੇਰੇ ਲਈ ਜੇਲ ਵਿਚ ਬੰਦ ਰਹਿਣਾ ਬੜਾ ਸੁਖੈਨ ਤੇ ਹਾਨੀ ਰਹਿਤ ਸੀ ਪਰ ਮੈਂ ਅਨੁਭਵ ਕੀਤਾ ਕਿ ਮੇਰੇ ਦੇਸ ਦੀ ਆਜ਼ਾਦੀ ਮੰਗ ਕਰਦੀ ਹੈ ਕਿ ਮੈਂ ਸਮੁੰਦਰ ਪਾਰ ਜਾਵਾਂ ਭਾਵੇਂ ਇਸ ਲਈ ਮੈਨੂੰ ਕਿੰਨਾ ਵੀ ਖਤਰਾ ਕਿਉਂ ਨਾ ਸਹੇੜਨਾ ਪਏ। ਇਸ ਗਲ ਦਾ ਫੈਸਲਾ ਕਰਨ ਲਈ ਕਿ ਮੇਰੇ ਅੰਦਰ ਇਸ ਕਠਨ ਫ਼ਰਜ਼ ਨੂੰ ਪੂਰਿਆਂ ਕਰਦੇ ਹੋਏ ਮੌਤ ਦਾ ਟਾਕਰਾ ਕਰਨ ਦਾ ਹੌਸਲਾ ਅਤੇ ਦਲੇਰੀ ਹੈ ਯਾ ਨਹੀਂ ਮੈਨੂੰ ਤਿੰਨ ਮਹੀਨੇ ਤੀਕ ਤਪਸਿਆ ਕਰਨੀ ਪਈ। ਹਿੰਦੁਸਤਾਨ ਤੋਂ ਨਸਨ ਤੋਂ ਪਹਿਲੇ ਮੇਰੇ ਲਈ ਜ਼ਰੂਰੀ ਸੀ ਕਿ ਜੇਲ ਵਿਚੋਂ ਰਿਹਾਈ ਹਾਸਲ ਕਰਾਂ। ਜੇਲ ਚੋਂ ਰਿਹਾਈ ਹਾਸਲ ਕਰਨ ਲਈ ਮੈਨੂੰ ਇਸ ਲਈ ਭੁਖ ਹੜਤਾਲ ਕਰਨੀ ਪਈ ਤਾਂ ਜੁ ਮੈਂ ਆਪਣੀ ਰਿਹਾਈ ਦੀ ਮੰਗ ਕਰ ਸਕਾਂ। ਮੈਂ ਜਾਣਦਾ ਸਾਂ ਕਿ ਹਿੰਦੁਸਤਾਨ ਵਿਚ ਅਤੇ ਆਇਰਲੈਂਡ ਵਿਚ ਕੋਈ ਵੀ ਲੀਡਰ ਸਰਕਾਰ ਬਰਤਾਨੀਆ ਨੂੰ ਇਸ ਗਲ ਲਈ ਮਜਬੂਰ ਕਰਨ ਵਿਚ ਸਫਲ ਨਹੀਂ ਹੋ ਸਕਿਆ ਕਿ ਹਕੂਮਤ ਉਸ ਨੂੰ ਜੇਲ ਵਿਚੋਂ ਰਿਹਾ ਕਰ ਦੇਵੇ। ਮੈਂ ਇਹ ਵੀ

ਜਾਣਦਾ ਸਾਂ ਕਿ ਟਟੇਨਸ ਮੈਕਸੇ (ਆਇਰਲੈਂਡ ਦੇਸ਼ਭਗਤ) ਅਤੇ ਜਤੇਨ ਦਾਸ ਹਕੂਮਤ ਨੂੰ ਮਜਬੂਰ ਕਰਨ ਦੇ ਜਤਨਾਂ ਵਿਚ ਹੀ ਸ਼ਹੀਦ ਹੋ ਗਏ ਸਨ । ਪਰ ਮੈਨੂੰ ਕੁਛ ਵਿਸ਼ਵਾਸ ਜਿਹਾ ਹੋ ਗਿਆ ਕਿ ਮੈਂ ਇਤਿਹਾਸਕ ਮੁਹਿਮ ਸਰ ਕਰਨੀ ਹੈ । ਏਸੇ ਲਈ ਮੈਂ ਇਸ ਅਜ਼ਮਾਇਸ਼ ਵਿਚ ਪੈਣ ਦਾ ਨਿਸ਼ਚਾ ਧਾਰ ਲਿਆ । ਮੇਰੀ ਸਤ ਦਿਨਾਂ ਦੀ ਭੁਖ ਹੜਤਾਲ ਮਗਰੋਂ ਸਰਕਾਰ ਆਸ ਵਿਰੁਧ ਬੇਚੈਨ ਹੋ ਗਈ ਅਤੇ ਉਸ ਨੇ ਮੈਨੂੰ ਰਿਹਾ ਕਰ ਦਿਤਾ। ਸਰਕਾਰ ਨੇ ਮੈਨੂੰ ਮੇਰੇ ਹੀ ਮਕਾਨ ਉਤੇ ਇਸ ਖਿਆਲ ਨਾਲ ਨਜ਼ਰ ਬੰਦ ਕਰ ਦਿਤਾ ਕਿ ਮੈਨੂੰ ਮਹੀਨਾ ਦੋ ਮਹੀਨੇ ਮਗਰੋਂ ਫੇਰ ਗ੍ਰਿਫਤਾਰ ਕਰ ਲਿਆ ਜਾਏਗਾ । ਪਰ ਇਸ ਤੋਂ ਪਹਿਲੇ ਕਿ ਓਹ ਮੈਨੂੰ ਦੋਬਾਰਾ ਗ੍ਰਿਫਤਾਰ ਕਰੇ ਮੈਂ ਉਡੰਤ ਹੋ ਚੁਕਾ ਸਾਂ ।"

## ਮਾਸਟਰ ਤਾਰਾ ਸਿੰਘ ਦਾ ਬਿਆਨ

ਸ੍ਰੀ ਸੁਭਾਸ਼ ਬਾਬੂ ਹਿੰਦੁਸਤਾਨ ਵਿਚੋਂ ਕਿਵੇਂ ਫਰਾਰ ਹੋਏ ਇਸ ਬਾਰੇ ਮਾਸਟਰ ਤਾਰਾ ਸਿੰਘ ਜੀ ਨੇ ਜਨਵਰੀ ੧੯੪੬ ਵਿਚ ਆਪਣੇ ਮਾਸਕ ਪਤ੍ਰ "ਸੰਤ ਸਿਪਾਹੀ" ਵਿਚ ਵਾਕਫੀ ਭਰਪੂਰ ਲੇਖ ਪ੍ਰਕਾਸ਼ਤ ਕੀਤਾ ਸੀ । ਉਸ ਲੇਖ ਵਿਚ ਇਸ ਗਲ ਉਤੇ ਵੀ ਚਾਨਣਾ ਪਾਇਆ ਗਿਆ ਹੈ ਕਿ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਨੇ ਉਸ ਡਰਾਮੇ ਵਿਚ ਕੀ ਪਾਰਟ ਅਦਾ ਕੀਤਾ ? ਇਸ ਲਿਹਾਜ਼ ਨਾਲ ਇਹ ਬਿਆਨ ਬੜੀ ਵਸ਼ਿਸ਼ਤਾ ਰਖਦਾ ਹੈ । ਸੁਭਾਸ਼ ਬਾਬੂ ਦੀ ਫਰਾਰੀ ਬਾਬਤ ਲੇਖ ਵਿਚ ਦਰਜ ਹੈ:-

ਸੁਭਾਸ਼ ਬਾਬੂ ਨੇ ਰੂਸ ਜਾਣ ਦੀ ਸਕੀਮ ਜੇਲ ਅੰਦਰ ਹੀ ਬਣਾ ਲਈ ਸੀ ਅਤੇ ਕਿਰਤੀਆਂ (ਹੁਣ ਕਮਿਊਨਿਸਟਾਂ) ਨੇ ਉਹਨਾਂ ਨੂੰ ਰੂਸ ਪਹੁੰਚਾਨ ਦਾ ਪ੍ਰਬੰਧ ਭੀ ਕਰ ਲਿਆ ਸੀ, ਸੋ ੧੯੪੦ ਦੇ ਅਖੀਰ ਵਿਚ ਜੇਲ ਤੋਂ ਰਿਹਾ ਹੋ ਕੇ ਸੁਭਾਸ਼ ਬਾਬੂ ਆਪਣੇ

ਕਮਰੇ ਵਿਚ ਰਹਿਣ ਲਗੇ ਅਤੇ ਡਾਕਟਰਾਂ ਰਾਹੀਂ ਇਹ ਐਲਾਨ ਕਰਾਇਆ ਗਿਆ ਕਿ ਸੁਭਾਸ਼ ਜੀ ਬਹੁਤ ਬੀਮਾਰ ਹਨ, ਉਹਨਾਂ ਨੂੰ ਮਿਲਨ ਲਈ ਕੋਈ ਤੰਗ ਨਾ ਕਰੇ, ਸਾਥ ਇਹ ਭੀ ਆਖਿਆ ਗਿਆ ਕਿ ਆਪ ਦਾ ਝੁਕਾਓ ਉਨ੍ਹੀ ਦਿਨੀਂ ਰੂਹਾਨੀਅਤ ਵਲ ਵਧੇਰੇ ਹੋਣ ਦੇ ਕਾਰਨ, ਆਪ ਬਿਲਕੁਲ ਏਕਾਂਤ ਵਿਚ ਰਹਿਣਾ ਪਸੰਦ ਕਰਦੇ ਹਨ। ਇਥੋਂ ਤੀਕ ਕਿ ਸੁਭਾਸ਼ ਜੀ ਦੇ ਕਮਰੇ ਵਿਚ, ਸਵਾਏ ਉਹਨਾਂ ਦੇ ਦੋ ਭਤੀਜਿਆਂ (ਸ੍ਰੀ ਦ੍ਵਿਜਨ ਬੋਸ, ਤੇ ਆਰਬਿੰਦੋ ਬੋਸ) ਦੇ ਹੋਰ ਕੋਈ ਭੀ ਨਹੀਂ ਜਾ ਸਕਦਾ ਸੀ। ਸੁਭਾਸ਼ ਜੀ ਨੂੰ ਇਹ ਹੀ ਦੋਵੇਂ ਗਭਰੂ ਖਾਣਾ ਦੇਂਦੇ ਸਨ। ਹੋਰ ਜ਼ਰੂਰੀ ਖਤ ਤੇ ਸੁਨੇਹੇ ਇਹਨਾਂ ਰਾਹੀਂ ਹੀ ਘਲੇ ਜਾਂਦੇ ਸਨ। ਇਸ ਤਰ੍ਹਾਂ ਸੁਭਾਸ਼ ਬਾਬੂ ਦੋ ਹਫਤੇ ਇਕਾਂਤ ਵਿਚ ਰਹੇ ਤੇ ੧੬ ਜਨਵਰੀ ੧੯੪੧ ਦੀ ਸ਼ਾਮ ਨੂੰ (ਦਸੰਬਰ ੧੯੪੦ ਦੇ ਸ਼ੁਰੂ ਵਿਚ ਜਾਣ ਬਾਰੇ ਕਈ ਅਖਬਾਰਾਂ ਵਿਚ ਛਪੀਆਂ ਕਹਾਣੀਆਂ ਬਿਲਕੁਲ ਗ਼ਲਤ ਹਨ, ਕਿਉਂਕਿ ਉਸ ਵੇਲੇ ਆਪ ਦੀ ਰਿਹਾਈ ਭੀ ਨਹੀਂ ਹੋਈ ਸੀ ਅਤੇ ਮੈਂ ਖ਼ੁਦ ਜਥੇਦਾਰ ਊਧਮ ਸਿੰਘ ਜੀ ਸਮੇਤ ਉਹਨਾਂ ਦੇ ਖਾਸ ਕਮਰੇ ਵਿਚ ੫ ਜਨਵਰੀ ੧੯੪੧ ਨੂੰ ਮੁਲਾਕਾਤ ਕੀਤੀ।) ਆਪ ਇਕ ਮੁਸਲਮਾਨ ਦੇ ਭੇਸ ਵਿਚ ਰੂਮੀ ਟੋਪੀ, ਸਲਵਾਰ ਆਦਕ ਪਾ ਕੇ, ਮੋਟਰ ਵਿਚ ਰਵਾਨਾ ਹੋ ਗਏ। ਦਾਹੜੀ ਉਹਨਾਂ ਨੇ ਪਹਿਲੇ ਜੇਲ ਵਿਚ ਵਿਚ ਰਖ ਲਈ ਸੀ। ਉਸ ਦਿਨ ਹੋੜਾ ਸਟੇਸ਼ਨ ਪਰ, ਬੰਗਾਲ ਦੇ ਇਕ ਮੁਸਲਮਾਨ ਐਮ. ਐਲ. ਏ. ਤੇ ਉਸ ਦੇ ਪਰਵਾਰ ਦੇ ਨਾਮ ਪਰ ਸੈਕੰਡ ਕਲਾਸ ਦਾ ਇਕ ਡੱਬਾ ਰੀਜ਼ਰਵ ਕਰਾਇਆ ਗਿਆ, ਪਰ ਸੁਭਾਸ਼ ਬਾਬੂ ਨੂੰ ਹੋੜਾ ਸਟੇਸ਼ਨ ਪਰ ਸੀ ਆਈ. ਡੀ. ਦੀ ਕਰੜੀ ਨਗਰਾਨੀ ਤੋਂ ਬਚਾਣ ਖਾਤਰ ੬੦ ਮੀਲ ਮੋਟਰ ਰਾਂਹੀ ਲਿਜਾ ਕੇ ਇਕ ਸਟੇਸ਼ਨ ਤੋਂ ਉਸ ਗੱਡੀ ਵਿਚ ਚੜ੍ਹਾ ਦਿਤਾ ਗਿਆ।

ਆਪ ਦੀ ਰਵਾਨਗੀ ਤੋਂ ਬਾਹਦ, ਇਹ ਦਸਣ ਲਈ ਕਿ

ਸੁਭਾਸ਼ ਬਾਬੂ ਜੀ ਕਲਕੱਤੇ ਹਨ ਸੁਭਾਸ਼ ਜੀ ਦੇ ਕਮਰੇ ਵਿਚ ਪਹਿਲਾਂ ਵਾਂਗ ਹੀ ਦੋਵੇਂ ਵੇਲੇ ਚਾਹ ਤੇ ਖਾਣਾ ਲਗ ਕੇ ਜਾਂਦਾ ਰਿਹਾ, ਜੋ ਵਾਰੀ ਵਾਰੀ ਸੁਭਾਸ਼ ਜੀ ਦੀ ਥਾਂ ਉਨ੍ਹਾਂ ਦੇ ਭਤੀਜੇ ਖਾਣਾ ਖਾਂਦੇ ਰਹੇ, ਅਤੇ ਸੁਭਾਸ਼ ਜੀ ਦਾ ਕਮੋਡ ਭੀ ਉਹ ਵਰਤਦੇ ਰਹੇ। ਆਖਰ ਦਸ ਦਿਨਾਂ ਬਾਹਦ ੨੬ ਜਨਵਰੀ ੧੯੪੧ ਨੂੰ, ਚੂੰਕਿ ਸੁਭਾਸ਼ ਬਾਬੂ ਜੀ ਦੀ ਕਚਹਿਰੀ ਵਿਚ ਪੇਸ਼ੀ ਸੀ, ਇਸ ਲਈ ਮਜਬੂਰਨ ਕਲਕੱਤੇ ਵਿਚੋਂ ਸੁਭਾਸ਼ ਬਾਬੂ ਦੇ ਗੁੰਮ ਹੋਣ ਬਾਰੇ ਇਤਲਾਹ ਦੇਣੀ ਪਈ। ਉਂਜ ਸੁਭਾਸ਼ ਕਹਿ ਗਏ ਸਨ ਕਿ ਜਿਥੋਂ ਤਕ ਹੋ ਸਕੇ, ਉਨ੍ਹਾਂ ਦੇ ਚਲੇ ਜਾਣ ਦਾ ਛੇਤੀ ਪਤਾ ਨਾ ਦਿਤਾ ਜਾਵੇ।

ਸੁਭਾਸ਼ ਬਾਬੂ ਗੱਡੀ ਵਿਚ ਚੜ੍ਹ ਕੇ ਆਪਣੀ ਰੀਜ਼ਰਵ ਸੀਟ ਪਰ ਲੇਟ ਗਏ ਤੇ ਸਾਰਾ ਸਫਰ ਆਪ ਨੇ ਬੀਮਾਰ ਦੀ ਹੈਸੀਅਤ ਵਿਚ ਹੀ ਕਟਿਆ। ਆਪ ਨੂੰ ਪਿਸ਼ਾਵਰ ਤਕ ਪਹੁੰਚਣ ਦੀ ਜ਼ਿੰਮੇਵਾਰੀ, ਸੋਢੀ ਹਰਮਿੰਦਰ ਸਿੰਘ; ਮਿਸਟਰ ਗੁਰਚਰਨ ਸਿੰਘ ਸੈਂਹਸਰਾ, ਮਿਸਟਰ ਭਗਤ ਰਾਮ (ਕਮਿਊਨਿਸਟ) ਉਪਰ ਸੀ। ਆਪ ਦੇ ਨਾਲ ਇਕ ਬੰਗਾਲੀ ਗਭਰੂ ਮਿਸਟਰ ਗੰਗੋਲੀ ਭੀ ਸਫਰ ਕਰਦਾ ਦਸਿਆ ਗਿਆ ਹੈ, ਜੋ ਅਜ ਤਕ ਸ਼ਾਇਦ ਲਾ ਪਤਾ ਹੈ। ਪਿਸ਼ਾਵਰ ਪਹੁੰਚ ਕੇ ਆਪ ਨੂੰ ਕਮਿਊਨਿਸਟਾਂ ਦੇ ਅੱਡੇ ਅਬਾਸ ਖਾਨ ਪਠਾਨ ਦੇ ਘਰ ਪਹੁੰਚਾਇਆ ਗਿਆ। ਇਹ ਪਠਾਨ ਪਿਸ਼ਾਵਰ ਵਿਚ ਕਵਾੜੀ ਦੀ ਦੁਕਾਨ ਕਰਦਾ ਸੀ। ਆਜ਼ਾਦ ਕਬੀਲੇ ਦੇ ਕੁਝ ਸਰਦਾਰਾਂ ਨਾਲ ਇਸ ਦਾ ਸਬੰਧ ਦਸਿਆ ਜਾਂਦਾ ਹੈ, ਤੇ ਇਹ ਪਹਿਲਾਂ ਭੀ ਕਮਿਊਨਿਟਾਂ ਨੂੰ ਰੂਸ ਆਣ ਜਾਣ ਲਈ ਬਿਨਾਂ ਪਾਸ ਪੋਰਟ ਤੋਂ ਮਦਦ ਦੇਂਦਾ ਰਿਹਾ ਹੈ। ਸੁਭਾਸ਼ ਨੂੰ ਲੁਟਣ ਦਾ ਕਾਂਡ ਪਹਿਲਾਂ ਏਥੋਂ ਹੀ ਸ਼ੁਰੂ ਹੋਇਆ, ਤੇ ਆਪ ਨੂੰ ਪਿਸ਼ਾਵਰ ਤੋਂ ਆਜ਼ਾਦ ਇਲਾਕੇ ਰਾਹੀਂ ਲੰਘਾਣ ਦਾ ਪ੍ਰਬੰਧ ਕਰਨ ਦੇ ਬਹਾਨੇ ਆਪ ਤੋਂ ਸੈਂਕੜੇ ਰੁਪਏ, ਬਟੋਰ ਲਏ ਗਏ। ਆਪ ਪਤਾ ਲਗਨ ਦੇ ਡਰ ਤੋਂ ਜਲਦੀ

ਤੋਂ ਜਲਦੀ ਹਿੰਦੁਸਤਾਨ ਦੀ ਹੱਦ ਛਡਣਾ ਚਾਹੁੰਦੇ ਸਨ ਤੇ ਇਸ ਕਾਰਜ ਲਈ ਸਭ ਕੁਝ ਦੇਣ ਨੂੰ ਤਿਆਰ ਸਨ। ਨਕਦੀ ਤੋਂ ਇਲਾਵਾ ਕਿਹਾ ਜਾਂਦਾ ਹੈ ਕਿ ਸੁਭਾਸ਼ ਬਾਬੂ ਦਾ ਕੁਛ ਕੀਮਤੀ ਸਾਮਾਨ ਭੀ ਪਿਸ਼ਾਵਰ ਹੀ ਰਖ ਲਿਆ ਗਿਆ।

ਕਾਮਰੇਡ ਅਛਰ ਸਿੰਘ ਛੀਨਾ, ਸੁਭਾਸ਼ ਬਾਬੂ ਦੇ ਰੂਸ ਨੂੰ ਘਲਨ ਦੀ ਸਕੀਮ ਬਣਾ ਕੇ, ਆਪ ਤਾਂ ਲਾਭ ਹੋ ਗਿਆ ਤੇ ਸੁਭਾਸ਼ ਜੀ ਨੂੰ ਕਮਿਊਨਿਸਟ ਦਰਿੰਦਿਆਂ ਦੇ ਹਵਾਲੇ ਕਰ ਦਿਤਾ। ਕਮਿਊਨਿਸਟਾਂ ਦੇ ਦਿਲ ਵਿਚ ਦਰ ਅਸਲ ਪਹਿਲੋਂ ਹੀ ਬੇਈਮਾਨ ਸੀ, ਅਤੇ ਉਹ ਸੁਭਾਸ਼ ਬਾਬੂ ਨੂੰ ਰੂਸ ਘਲਣ ਦੀ ਬਜਾਏ ਲੁਟ ਪੁਟ ਕੇ ਖੁਆਰ ਕਰਨ ਪਿਛੋਂ ਫਸਾ ਦੇਣਾ ਚਾਹੁੰਦੇ ਸਨ। ਕਲਕੱਤੇ ਭਾਵੇਂ ਇਨ੍ਹਾਂ ਨੇ ਸੁਭਾਸ਼ ਬਾਬੂ ਨੂੰ ਲਾਰੇ ਦੇ ਕੇ ਇਹ ਦਸਿਆ ਕਿ ਆਪ ਨੂੰ ਘਲਨ ਬਾਰੇ ਰੂਸੀ ਹਕੂਮਤ ਨਾਲ, ਗਲ ਬਾਤ ਹੋ ਚੁਕੀ ਹੈ ਤੇ ਕਾਬਲ ਵਿਚ ਰੂਸ ਦਾ ਸਫੀਰ ਆਪ ਨੂੰ ਉਥੇ ਪਹੁੰਚਦੇ ਹੀ ਸੰਭਾਲ ਲਵੇਗਾ, ਪਰ ਪਿਛੋਂ ਪਤਾ ਲਗਾ ਕਿ ਇਹ ਨਿਰਾ ਝੂਠ ਦਗ਼ਾ ਤੇ ਫਰੇਬ ਹੀ ਸੀ।

ਜਦ ਪਿਸ਼ਾਵਰ ਵਿਚ ਰਹਿੰਦਿਆਂ ਸੁਭਾਸ਼ ਬਾਬੂ ਨੂੰ ਕਈ ਦਿਨ ਹੋ ਗਏ, ਅਤੇ ਇਹ ਕਮਿਊਨਿਸਟ ਲਾਰੇ ਲਾਂਦੇ ਰਹੇ, ਤਾਂ ਸੁਭਾਸ਼ ਬਾਬੂ ਘਬਰਾ ਗਏ ਤੇ ਉਨ੍ਹਾਂ ਨੇ ਅਬਾਸ ਖਾਨ ਪਠਾਨ ਉਪਰ ਜ਼ੋਰ ਦਿਤਾ ਕਿ ਉਹ ਉਨ੍ਹਾਂ ਦੇ ਬਾਹਰ ਕਢਨ ਦਾ ਛੇਤੀ ਪ੍ਰਬੰਧ ਕਰੇ। ਚੁਨਾਂਚਿ ਸੁਭਾਸ਼ ਬਾਬੂ ਨੇ ਆਪਣੀਆਂ ਕੁਛ ਨਿਜੀ ਚੀਜ਼ਾਂ ਭੀ ਭੇਟਾ ਕੀਤੀਆਂ। ਪਿਸ਼ਾਵਰ ਤੋਂ ਕੁਛ ਫਾਸਲੇ ਤਕ ਸੁਭਾਸ਼ ਬਾਬੂ ਨੂੰ ਇਕ ਦਿਨ ਮੋਟਰ ਵਿਚ ਲਿਜਾਇਆ ਗਿਆ ਅਤੇ ਫਿਰ ਆਪ ਦੀ ਰਾਖੀ ਲਈ ਨੌਕਰ ਰਖੇ ਹੋਏ (ਗਨ ਮੈਨ) ਬੰਦੂਕ ਵਾਲੇ ਪਠਾਨਾਂ ਨਾਲ ਆਜ਼ਾਦ ਇਲਾਕੇ ਰਾਹੀਂ ਆਪ ਨੂੰ ਤਿੰਨ ਦਿਨ ਪੈਦਲ ਤੁਰਨਾ ਪਿਆ। ਇਕ ਰਾਤ ਆਪ, ਆਜ਼ਾਦ ਇਲਾਕੇ ਦੇ ਇਕ ਮੁਸਲਮਾਨ ਫਕੀਰ ਪਾਸ ਭੀ ਠਹਿਰੇ, ਜੋ ਪੰਜਾਬ ਵਿਚੋਂ ਹੀ ਮੁਦਤ ਦਾ ਭੱਜਾ ਹੋਇਆ ਦਸੀ

ਦਾ ਹੈ । ਫੇਰ ਕਾਬਲ ਸੜਕ ਪਰ ਕਾਬਲ ਨੂੰ ਜਾਂਦੀ ਹੋਈ ਇਕ ਮੋਟਰ ਵਿਚ ਬੈਠ ਕੇ ਸੁਭਾਸ਼ ਬਾਬੂ ਅਤੇ ਉਪਰ ਦਸੇ ਤਿੰਨ ਕਮਿਊਨਿਟ ਕਾਬਲ ਪਹੁੰਚ ਗਏ ।

ਇਥੇ ਪੁਜ ਕੇ ਸੁਭਾਸ਼ ਬਾਬੂ ਨੂੰ, ਬਹੁਤ ਹੀ ਖੱਜਲ ਖਵਾਰ ਹੋਣਾ ਪਿਆ । ਕਮਿਊਨਿਸਟਾਂ ਨੇ ਅੱਖਾਂ ਫੇਰ ਲਈਆਂ ਅਤੇ ਆਪ ਨੂੰ ਮੁਸਲਮਾਨੀ ਵੇਸ ਵਿਚ ਕਾਬਲ ਦੇ ਮੁਸਾਫਰ ਖਾਨਿਆਂ ਤੇ ਸਰਾਵਾਂ ਵਿਚ ਧਕੇ ਖਾਣੇ ਪਏ । ਭੁੰਜੇ ਸੌਣਾ ਤੇ ਕਾਬਲੀਆਂ ਦੀ ਮੋਟੀ ਰੋਟੀ ਖਾਣ ਦੇ ਕਾਰਨ ਸਖਤ ਪੇਚਸ਼ ਤੇ ਬੁਖਾਰ ਸ਼ੁਰੂ ਹੋ ਗਿਆ । ਹਿੰਦੁਸਤਾਨ ਵਿਚ ਸੁਭਾਸ਼ ਬਾਬੂ ਦੇ ਗੁੰਮ ਹੋਣ ਦਾ ਰੌਲਾ ਪੈਣ ਦੇ ਕਾਰਨ ਕਾਬਲ ਦੀ ਅੰਗਰੇਜ਼ੀ ਸੀ. ਆਈ. ਡੀ. ਖੂਬ ਹਰਕਤ ਵਿਚ ਆ ਗਈ ਤੇ ਆਪ ਦੀ ਸਖਤ ਭਾਲ ਹੋਣ ਲਗ ਗਈ । ਇਹ ਕਮਿਊਨਿਸਟ ਆਪਣੇ ਹੋਰ ਅੱਡਿਆਂ ਪਰ ਰਹਿੰਦੇ ਸਨ ਤੇ ਕਦੀ ਕਦੀ ਸੁਭਾਸ਼ ਬਾਬੂ ਨੂੰ ਮਿਲ ਕੇ ਲਾਰੇ ਦੇ ਛਡਦੇ ਸਨ । ਆਖਰ ਇਕ ਦਿਨ ਸੁਭਾਸ਼ ਦੇ ਫਸਨ ਦਾ ਖਤਰਾ ਵਧ ਗਿਆ ਅਤੇ ਉਨ੍ਹਾਂ ਦੇ ਸਿਰ ਲੁਕਾਨ ਲਈ ਕੋਈ ਥਾਂ ਨਾ ਰਹੀ ਤਾਂ ਭਗਤ ਰਾਮ ਤੇ ਸੋਢੀ ਹਰਮਿੰਦਰ ਸਿੰਘ ਆਦਿਕ ਨੇ ਸੁਭਾਸ਼ ਬਾਬੂ ਨੂੰ ਜਰਮਨ ਕੌਂਸਲ ਪਾਸ ਵੇਚਨ ਤੇ ਨਵਾਂ ਸੌਦਾ ਕਰਨ ਖਾਤਰ ਆਪ ਨੂੰ ਸਰਾਂ ਵਿਚੋਂ ਲਿਜਾ ਕੇ ਇਕ ਹਿੰਦੂ ਪਠਾਨ ਵਪਾਰੀ ਉਤਮ ਚੰਦ ਦੇ ਘਰ ਲੁਕਾ ਦਿਤਾ । ਇਹ ਉਤਮ ਚੰਦ ਪਿਸ਼ਾਵਰ ਦਾ ਰਹਿਣ ਵਾਲਾ ਸੀ । ਇਸ ਨੇ ਕਿਸੇ ਸਮੇਂ ਪਿਸ਼ਾਵਰ ਕਾਂਗਰਸ ਵਿਚ ਭੀ ਕੰਮ ਕੀਤਾ ਸੀ ਪਰ ਉਸ ਵੇਲੇ ਕਾਬਲ ਵਿਚ ਇਹ ਰੇਡੀਉ ਦੀ ਦੁਕਾਨ ਕਰਦਾ ਸੀ ਅਤੇ ਕਮਿਊਨਿਸਟਾਂ ਦੇ ਰੂਸ ਨੂੰ ਆਵਨ ਜਾਵਨ ਦਾ ਇਹ ਭੀ ਇਕ ਅੱਡਾ ਸੀ । ਇਹੋ ਉਤਮ ਚੰਦ, ਛੀਨਾ ਦੇ ਬਿਆਨ ਪਿਛੋਂ ਕਾਬਲ ਸਰਕਾਰ ਰਾਹੀਂ ਗ੍ਰਿਫਤਾਰ ਕਰਾ ਕੇ ਹਿੰਦੁਸਤਾਨ ਲਿਆ ਕੇ ਕੈਦ ਰਖਿਆ ਗਿਆ ਅਤੇ ਹੁਣ ਤਿੰਨ ਹਫਤੇ ਹੋਏ ਰਿਹਾ ਹੋਇਆ ਹੈ । ਇਕ ਦਿਨ ਇਨ੍ਹਾਂ

ਸਲਾਹ ਬਣਾ ਕੇ ਸੁਭਾਸ਼ ਬਾਬੂ ਨੂੰ ਆਖਿਆ ਕਿ ਪੁਲਸ ਨੂੰ ਸ਼ੱਕ ਹੋ ਗਿਆ ਹੈ ਅਤੇ ਇਸ ਘਰ ਉਤੇ ਛਾਪਾ ਪੈਣ ਵਾਲਾ ਹੈ । ਅਸੀਂ ਸਾਰੇ ਫੜੇ ਜਾਵਾਂਗੇ, ਰੂਸ ਦੇ ਸਫੀਰ ਨੇ ਆਪ ਨੂੰ ਲੈਣੋਂ ਨਾਂਹ ਕਰ ਦਿਤੀ ਹੈ, ਹੁਣ ਤਾਂ ਬਚ ਨਿਕਲਨ ਦੀ ਇਕੋ ਸੂਰਤ ਹੈ ਕਿ ਜਰਮਨੀ ਅਤੇ ਇਟਲੀ ਦੇ ਸਫੀਰਾਂ ਨਾਲ ਗਲ ਬਾਤ ਕੀਤੀ ਜਾਵੇ । ਸੁਭਾਸ਼ ਬਾਬੂ ਨੂੰ ਇਸ ਅਚਾਨਕ ਨਵੇਂ ਪੈਂਤਰੇ ਪਰ ਵਿਚਾਰ ਭੀ ਨਾ ਕਰਨ ਦਿਤੀ ਗਈ ਕਿਉਂਕਿ ਸੁਭਾਸ਼ ਬਾਬੂ ਦਾ ਅਸਲ ਪ੍ਰੋਗਰਾਮ ਕੇਵਲ ਰੂਸ ਜਾਣਾ ਹੀ ਸੀ। ਆਪ ਦਾ ਰਹਿੰਦਾ ਖੂੰਹਦਾ ਸਾਰਾ ਸਾਮਾਨ ਉਥੇ ਹੀ ਰਖ ਕੇ ਨੰਗ ਮਨੰਗਾ ਉਸ ਘਰ ਵਿਚੋਂ ਨਿਕਲ ਜਾਣ ਲਈ ਆਖਿਆ। ਸੁਭਾਸ਼ ਬਾਬੂ ਬਿਲਕੁਲ ਲਾਚਾਰ ਤੇ ਬੇਬਸ ਹੋ ਗਿਆ ਅਤੇ ਉਸ ਨੇ ਅੰਗ੍ਰੇਜ਼ਾਂ ਹੱਥ ਫੜੇ ਜਾ ਕੇ ਮਰਨ ਦੀ ਬਜਾਏ, ਜਤਮਨ ਰਾਹੀਂ ਹੀ ਕਾਬਲ ਵਿਚੋਂ ਭਜਨ ਨੂੰ ਤਰਜੀਹ ਦਿਤੀ ਅਤੇ ਆਪ ਨੇ ਬੀਮਾਰੀ ਦੀ ਹਾਲਤ ਵਿਚ ਇਕ ਸਰਾਂ ਅੰਦਰ ਫਿਰ ਡੇਰਾ ਲਾ ਦਿਤਾ। ਇਸ ਅਰਸੇ ਵਿਚ ਭਗਤ ਰਾਮ, ਉਤਮ ਚੰਦ ਤੇ ਸੋਢੀ ਹਰਮਿੰਦਰ ਸਿੰਘ ਨੇ ਜਰਮਨ ਸਫੀਰ ਨਾਲ ਗਲ ਬਾਤ ਕਰ ਲਈ । ਕਾਬਲੋਂ ਜਰਮਨੀ ਵਿਚਕਾਰ ਕੋਡ ਅਖਰਾਂ ਰਾਹੀਂ ਤਾਰਾਂ ਖੜਕ ਪਈਆਂ ਤੇ ਹਿਟਲਰ ਨੇ ਬੜੀ ਖੁਸ਼ੀ ਨਾਲ ਸੁਭਾਸ਼ ਜੀ ਨੂੰ ਲੈਣਾ ਪਰਵਾਨ ਕਰ ਲਿਆ। ਇਟਲੀ ਤੋਂ ਡਿਪਲੋਮੈਟ ਬੈਗ* ਲਿਜਾਨ ਵਾਲਾ ਇਕ ਖਾਸ ਹਵਾਈ ਜਹਾਜ਼ ਕਾਬਲ ਨੂੰ ਘਲਿਆ ਗਿਆ। ਜਿਸ ਵਿਚ ਇਕ ਵਾਧੂ ਅਟੇਲੀਅਨ ਭੀ ਪਾਸ ਪੋਰਟ ਦੇ ਕੇ ਨਾਲ ਹੀ ਘਲਿਆ । ਸੁਭਾਸ਼ ਬਾਬੂ ਨੂੰ ਦਾੜ੍ਹੀ ਵਗੈਰਾ ਸਾਫ ਕਰਾਣੀ ਪਈ ਅਤੇ ਕੋਟ ਪੈਂਟ

---

*ਕੌਮਾਂਤਰੀ ਕਾਨੂਨ ਅਨੁਸਾਰ ਹਰ ਮੁਲਕ ਵਿਚ ਦੂਜੇ ਮੁਲਕਾਂ ਦੇ ਸਫੀਰਾਂ ਦੀ ਸਾਰੀ ਡਾਕ ਬਿਨਾਂ ਸੈਂਸਰ ਹੋਣ ਤੋਂ ਉਨ੍ਹਾਂ ਦੇ ਆਪਣੇ ਡਿਪਲੋਮੈਟ ਬੈਗ ਵਿਚ ਜਾਂਦੀ ਹੈ ।

ਪਹਿਨਕੇ ਉਸ ਦੇ ਪਾਸ ਪੋਰਟ ਪਰ ਹਵਾਈ ਜਹਾਜ਼ ਰਾਹੀਂ ਰੂਸ ਦੇ ਰਸਤੇ ਜਰਮਨੀ ਲਈ ਰਵਾਨਾ ਹੋ ਗਏ।

ਜਿਸ ਵੇਲੇ ਦੀ ਇਹ ਗਲ ਹੈ ਉਨ੍ਹਾਂ ਦਿਨਾਂ ਵਿਚ ਹੀ ਹਿੰਦੁਸਤਾਨ ਦੇ ਕਮਿਊਨਿਸਟ ਆਪਣੇ ਆਪ ਨੂੰ ਅੰਗ੍ਰੇਜ਼ ਦੇ ਕੱਟੜ ਵੈਰੀ ਦਸਦੇ ਸਨ ਤੇ ਇਸ ਜੰਗ ਨੂੰ ਸਰਮਾਇਆਦਾਰੀ ਜੰਗ ਦਸ ਕੇ ਹਰ ਕਿਸਮ ਦੀਆਂ ਸਾਜ਼ਸ਼ਾਂ ਵਿਚ ਰੁਝੇ ਹੋਏ ਸਨ। ਸੁਭਾਸ਼ ਬਾਬੂ ਦੇ ਕਾਬਲੋਂ ਤੁਰਨ ਵੇਲੇ ਜਰਮਨ ਸਫੀਰ ਨਾਲ ਉਕਤ ਤਿੰਨਾਂ ਕਮਿਊਨਿਸਟਾਂ ਦੀ ਮੁਲਾਕਾਤ ਸੁਭਾਸ਼ ਬਾਬੂ ਦੇ ਖਾਸ ਇਤਬਾਰੀ ਆਦਮੀਆਂ ਦੀ ਹੈਸੀਅਤ ਵਿਚ ਹੋਈ। ਸੁਭਾਸ਼ ਬਾਬੂ ਦੇ ਕਹਿਣ ਤੇ ਅਤੇ ਕਮਿਊਨਿਸਟਾਂ ਵਲੋਂ ਹਿੰਦੁਸਤਾਨ ਵਿਚ ਭੜਥੂ ਮਚਾਨ ਦੇ ਭਰੋਸੇ ਤੇ, ਇਨ੍ਹਾਂ ਨੂੰ ਦੋ ਤਿੰਨ ਲਖ ਰੁਪਿਆ ਜਰਮਨ ਸਫਾਰਤ ਖਾਨੇ ਵਿਚੋਂ ਦਿਤਾ ਗਿਆ, ਜੋ ਅੰਗ੍ਰੇਜ਼ਾਂ ਵਿਰੁਧ ਖਾਸ ਕਰ ਕੇ ਪੰਜਾਬ ਤੇ ਬੰਗਾਲ ਵਿਚ ਹੀ ਵਰਤਿਆ ਜਾਣਾ ਸੀ। ਬਾਕੀ ਇਹ ਭੀ ਆਖਿਆ ਗਿਆ ਕਿ ਦੇਸ ਅੰਦਰ ਗੜਬੜੀ ਪੈਦਾ ਕਰਨ ਲਈ, ਹੋਰ ਜਿਤਨੇ ਰੁਪਏ ਦੀ ਲੋੜ ਹੋਵੇ ਇਹ ਕਮਿਊਨਿਸਟ ਕਾਬਲ ਆ ਕੇ ਜਰਮਨ ਤੇ ਇਟਲੀ ਦੇ ਸਫਾਰਤ ਖਾਨੇ ਵਿਚੋਂ ਲੈ ਜਾਇਆ ਕਰਨ।

ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ, ਅਛਰ ਸਿੰਘ ਛੀਨਾ ਤਾਂ ਇਕਰਾਰ ਕਰ ਕੇ, ਸੁਭਾਸ਼ ਦੇ ਕਾਬਲੋਂ ਟੁਰਨ ਤਕ ਉਸ ਦੇ ਮਥੇ ਹੀ ਨਾ ਲਗਾ, ਪਰ ਜਰਮਨ ਸਫਾਰਤ ਖਾਨੇ ਵਿਚੋਂ ਮਿਲੇ ਹੋਏ ਮਾਇਆ ਦੇ ਗਫਿਆਂ ਦੀ ਵੰਡ ਪਾਣ ਵਿਚ, ਉਹ ਪਿਛੋਂ ਸ਼ਾਮਲ ਹੋਇਆ। ਇਤਨਾ ਰੁਪਇਆ ਇਕੱਠਾ ਫੜੇ ਜਾਵਨ ਦੇ ਡਰ ਤੋਂ ਸਾਰਿਆਂ ਨੇ ਵੰਡੀਆਂ ਪਾ ਲਈਆਂ। ਭਗਤ ਰਾਮ ਤੇ ਸੋਢੀ ਹਰਮਿੰਦਰ ਸਿੰਘ ਆਦਿਕ ਤਾਂ ਵਾਪਸ ਪਿਸ਼ਾਵਰ ਨੂੰ ਆ ਗਏ। ਅਛਰ ਸਿੰਘ ਛੀਨਾ ਤੇ ਰਾਮ ਕਿਸ਼ਨ ਅਪਨਾ ਹਿਸਾ ਲੈ ਕੇ ਰੂਸੀ ਸਫੀਰ ਦੇ ਇਸ਼ਾਰੇ ਅਨੁਸਾਰ ਰੂਸ ਤੋਂ ਨਵੀਆਂ ਹਦਾਇਤਾਂ ਲੈਣ ਲਈ ਉਧਰ ਨੂੰ ਰਵਾਨਾ ਹੋ ਗਏ। ਕਿਹਾ ਜਾਂਦਾ

ਹੈ ਕਿ ਫਾਸਿਸਟਾਂ ਦੀ ਅੰਨ੍ਹੀ ਮਾਇਆ ਦੇ ਵਸ ਹੋ ਕੇ ਛੀਨੇ ਨੇ ਅਪਣੇ ਸਾਥੀ ਰਾਮ ਕਿਸ਼ਨ ਦਾ ਰਸਤੇ ਵਿਚ ਫਸਤਾ ਵਢ ਦਿਤਾ ਅਤੇ ਸਭ ਕੁਝ ਹਜ਼ਮ ਕਰ ਲਿਆ, ਪਰ ਛੀਨਾ ਸਾਹਿਬ ਲੋਕਾਂ ਨੂੰ ਕਹਿੰਦਾ ਰਿਹਾ ਹੈ ਕਿ ਕਾਬਲ ਤੇ ਰੂਸ ਦੀ ਸਰਹੱਦ ਪਾਰ ਕਰਨ ਵੇਲੇ ਮੈਂ ਤਾਂ ਤਰ ਕੇ ਦੂਜੇ ਪਾਸੇ ਜਾ ਪੁਜਾ ਤੇ ਰਾਮ ਕਿਸ਼ਨ ਕਮਜ਼ੋਰ ਹੋਣ ਕਰ ਕੇ, ਜੋ ਮੇਰੇ ਪਿਛੇ ਆ ਰਿਹਾ ਸੀ, ਦਰਿਆ ਵਿਚ ਹੀ ਰੁੜ੍ਹ ਗਿਆ ਅਤੇ ਮਾਇਆ ਦੇ ਸਾਰੇ ਨੋਟ ਭੀ ਉਸ ਨੇ ਕੱਪੜਿਆਂ ਦੀ ਗਠੜੀ ਵਿਚ ਬੰਨ੍ਹ ਕੇ ਸਿਰ ਉਤੇ ਰਖੇ ਹੋਏ ਸਨ। ਕੁਛ ਭੀ ਹੋਵੇ, ਰਾਮ ਕਿਸ਼ਨ ਮਰ ਚੁਕਾ ਦਸੀਦਾ ਹੈ ਅਤੇ ਪੰਜ ਸਾਲਾਂ ਤੋਂ ਉਸ ਦੀ ਕੋਈ ਉਘ ਸੁਘ ਨਹੀਂ। ਛੀਨਾ ਸਾਹਿਬ ਰੂਸ ਪੁਜ ਗਏ ਅਤੇ ਇਸ ਵੇਰਾਂ ਆਪ ਦੀ ਸ਼ਹਾਨਾ ਖਾਤਰ ਹੋਈ ਅਤੇ ਰੂਸੀ ਹਕੂਮਤ ਵਲੋਂ ਆਪ ਨੂੰ ਇਕ ਆਹਲਾ ਪੈਮਾਨੇ ਦੇ ਹੋਟਲ ਵਿਚ ਖੂਬ ਠਾਠ ਬਾਠ ਨਾਲ ਰਖਿਆ ਗਿਆ ਅਤੇ ਆਪ ਜੀ ਨੂੰ ਇਕ ਰੂਸੀ ਲੜਕੀ ਸਕੱਤ੍ਰ ਦਿਤੀ ਗਈ ਸੀ।

ਕਮਿਊਨਿਸਟਾਂ ਵਲੋਂ ਤਾਂ ਇਹ ਕਿਹਾ ਜਾਂਦਾ ਹੈ ਕਿ ਭਗਤ ਰਾਮ ਅਤੇ ਸੋਢੀ ਹਰਿਮੰਦਰ ਸਿੰਘ ਦੀ ਗਲਤੀ ਕਾਰਨ ਰੂਸੀ ਸਫੀਰ ਨਰਾਜ਼ ਹੋ ਗਿਆ ਅਤੇ ਉਸ ਨੇ ਸੁਭਾਸ਼ ਨੂੰ ਲੈਣੋਂ ਨਾਂਹ ਕਰ ਦਿਤੀ। ਗਲਤੀ ਇਹ ਦਸੀਦੀ ਹੈ ਕਿ ਇਕ ਦਿਨ ਕਾਬਲ ਦੇ ਬਾਜ਼ਾਰ ਵਿਚ ਰੂਸੀ ਸਫੀਰ ਦੀ ਮੋਟਰ ਜਾ ਰਹੀ ਸੀ, ਇਨ੍ਹਾਂ ਨੇ ਸਰੇ ਬਜ਼ਾਰ ਹੀ ਹਥ ਦੇ ਕੇ, ਉਸ ਮੋਟਰ ਨੂੰ ਖੜਾ ਕਰ ਲਿਆ, ਅਤੇ ਰੂਸੀ ਸਫੀਰ ਨੂੰ ਸੁਭਾਸ਼ ਵਲ ਇਸ਼ਾਰਾ ਕਰ ਕੇ (ਜੋ ਪਰੇ ਇਕ ਪਾਸੇ ਖੜੇ ਸਨ) ਕਿਹਾ ਉਸ ਨੂੰ ਰੂਸ ਪਹੁੰਚਾਣ ਦਾ ਬੰਦੋਬਸਤ ਕਰੋ ਅਤੇ ਰੂਸੀ ਸਫੀਰ ਇਸ ਤਰ੍ਹਾਂ ਸਰੇ ਬਜ਼ਾਰ ਅੰਗ੍ਰੇਜ਼ੀ ਸੀ. ਆਈ. ਡੀ. ਨੂੰ ਪਤਾ ਲਗਣ ਦੇ ਡਰ ਤੋਂ ਘਬਰਾ ਗਿਆ ਅਤੇ ਸੁਭਾਸ਼ ਨੂੰ ਲੈਣੋਂ ਨਾਂਹ ਕਰ ਦਿਤੀ। ਪਰ ਇਹ ਕਹਾਣੀ ਬਿਲਕੁਲ ਮਨ ਘੜਤ ਤੇ ਅਨਹੋਣੀ ਹੈ, ਕਿਉਂਕਿ ਜੇਕਰ ਸੁਭਾਸ਼ ਨੂੰ ਰੂਸ ਵਾਲਿਆਂ ਨੇ ਲੈਣਾ ਹੁੰਦਾ ਤਾਂ ਜਰਮਨ ਵਾਂਙ ਹੀ ਸਫਾਰਤ ਖਾਨੇ

ਵਿਚ ਮਿਲਿਆ ਜਾ ਸਕਦਾ ਸੀ, ਅਤੇ ਹੋਰ ਕਈ ਕਿਸਮ ਦੇ ਪ੍ਰਬੰਧ ਹੋ ਸਕਦੇ ਸਨ। ਇਸ ਤਰ੍ਹਾਂ ਰੂਸੀ ਸਫੀਰ ਦਾ ਸੁਭਾਸ਼ ਨੂੰ ਸੰਭਾਲਣ ਤੋਂ ਨਾਂਹ ਕਰਨ ਦਾ ਬਹਾਨਾ ਬਿਲਕੁਲ ਧੋਖਾ ਹੈ ਕਿਉਂਕਿ ਕਮਿਊਨਿਸਟਾਂ ਦੇ ਪਹਿਲੇ ਪ੍ਰਬੰਧ ਮੁਤਾਬਕ ਸੁਭਾਸ਼ ਜੀ ਨੂੰ ਮਾਲੋਟੋਵ ਤੇ ਸਟਾਲਨ ਦੇ ਹੁਕਮ ਅਨੁਸਾਰ ਰੂਸੀ ਸਫੀਰ ਨੇ ਉਨ੍ਹਾਂ ਨੂੰ ਸੰਭਾਲਣਾ ਸੀ। ਦਰ ਅਸਲ ਜਾਂ ਤਾਂ ਹਿੰਦੁਸਤਾਨ ਦੇ ਕਮਿਊਨਿਸਟਾਂ ਨੇ ਰੂਸ ਵਾਲਿਆਂ ਨਾਲ ਕੋਈ ਗਲ ਬਾਤ ਹੀ ਨਹੀਂ ਕੀਤੀ, ਅਤੇ ਸੁਭਾਸ਼ ਬਾਬੂ ਨੂੰ ਧੋਖੇ ਨਾਲ ਲੈ ਗਏ, ਅਤੇ ਜੇ ਕੀਤੀ ਵੀ ਸੀ ਤਾਂ ਅੰਦਰੋਂ ਗਤੀ ਰੂਸ ਦੀ ਪਾਲਸੀ ਬਦਲ ਚੁਕੀ ਸੀ। ਰੂਸ ਨੂੰ ਜਰਮਨ ਵਲੋਂ ਉਸ ਪਰ ਹਮਲੇ ਦੀ ਨੀਯਤ ਦਾ ਪਤਾ ਲਗ ਚੁਕਾ ਸੀ, ਅਤੇ ਮਾਸਕੋ ਵਿਚ ਉਸ ਵੇਲੇ, ਅੰਗ੍ਰੇਜ਼ਾਂ ਦੇ ਸਫੀਰ ਸਰ ਸਟੈਫੋਰਡ ਕਰਿਪਸ ਰਾਹੀਂ ਅੰਗ੍ਰੇਜ਼ ਸਰਮਾਇਦਾਰੀ ਨਾਲ ਅੰਦਰੋ ਗਤੀ ਰੂਸ ਦੀ ਗੰਢ ਤਰੁਪ ਹੋ ਚੁਕੀ ਸੀ। ਰੂਸ ਨਹੀਂ ਚਾਹੁੰਦਾ ਸੀ ਕਿ ਉਹ ਸੁਭਾਸ਼ ਜਿਹੇ ਬਾਗ਼ੀ ਨੂੰ ਪਨਾਹ ਦੇ ਕੇ ਅੰਗਰੇਜ਼ ਦੀ ਨਾਰਾਜ਼ਗੀ ਲਵੇ।

ਕਾਬਲ ਤੋਂ ਸੁਭਾਸ਼ ਜੀ ਦਾ ਬਰਲਨ ਪੁਜਨਾ ਤੇ ਉਥੋਂ ਫੇਰ ਜਾਪਾਨ ਅਪੜਨ ਸੰਬੰਧੀ ਸਾਰੀਆਂ ਗੱਲਾਂ ਪਬਲਿਕ ਦੇ ਸਾਹਮਣੇ ਆ ਚੁਕੀਆਂ ਹਨ। ਇਨ੍ਹਾਂ ਦੇ ਦੁਹਰਾਨ ਦੀ ਲੋੜ ਨਹੀਂ ਭਾਸਦੀ, ਪਰ ਇਹ ਗਲ ਸਿਧ ਹੋ ਚੁਕੀ ਹੈ ਕਿ ਫੈਸਿਸਟਾਂ ਦੇ ਅਖੌਤੀ ਦੁਸ਼ਮਨ ਅਰਥਾਤ ਕਮਿਊਨਿਸਟਾਂ ਨੇ ਹੀ ਸੁਭਾਸ਼ ਬਾਬੂ ਨੂੰ ਫੈਸਿਸਟਾਂ ਦੇ ਹਵਾਲੇ ਕੀਤਾ ਅਤੇ ਫੈਸਿਸਟਾਂ ਦੇ ਰੁਪਏ ਨਾਲ ਹੀ ਕਮਿਊਨਿਸਟ ਅਖਬਾਰਾਂ ਤੇ ਕਮਿਊਨਿਸਟ ਹੈਡ ਕੁਆਰਟਰ ਕਾਇਮ ਕੀਤੇ।

ਰਾਮ ਕਿਸ਼ਨ ਦਾ ਰਸਤੇ ਵਿਚ ਖ਼ਾਤਮਾ ਹੋਣ ਤੋਂ ਬਾਹਦ ਛੀਨਾ ਅਜੇ ਰੂਸ ਵਿਚ ਮੇਹਮਾਨੀ ਦੇ ਮਜ਼ੇ ਲੈ ਰਿਹਾ ਸੀ ਕਿ ਜੂਨ ੧੯੪੧ ਵਿਚ ਜਰਮਨ ਨੇ ਰੂਸ ਉਤੇ ਹਮਲਾ ਕਰ ਦਿਤਾ। ਇਸ ਮੌਕੇ ਛੀਨੇ ਨੂੰ ਹਿੰਦੁਸਤਾਨ ਦੀ ਕਮਿਊਨਿਸਟ ਪਾਰਟੀ ਲਈ ਬਿਲਕੁਲ

ਪਾਸਾ ਪਰਤਨ ਦੀਆਂ ਹਦਾਇਤਾਂ ਦੇ ਕੇ ਵਾਪਸ ਰਵਾਨਾ ਘਲ ਦਿਤਾ ਗਿਆ। ਮੁੜਦੀ ਵੇਰੀ ਛੀਨਾ ਕਾਬਲ ਦੇ ਰਸਤੇ ਦੀ ਬਜਾਏ ਮੁਸਲਮਾਨੀ ਭੇਸ ਵਿਚ ਪੈਦਲ ਕਸ਼ਮੀਰ ਦੀ ਹਦ ਗਿਲਗਿਤ ਵਲੋਂ ਹਿੰਦੁਸਤਾਨ ਅੰਦਰ ਦਾਖਲ ਹੋਇਆ, ਉਸ ਦੇ ਹਥ ਰੂਸ ਵਲੋਂ ਭੀ ਹਿੰਦੁਸਤਾਨ ਕਮਿਊਨਿਸਟ ਪਾਰਟੀ ਲਈ ਮਾਇਆ ਘਲੀ ਗਈ ਸੀ, ਸੋ ਉਹ ਰਸਤੇ ਵਿਚ ਬਹੁਤ ਖੁਲ੍ਹਾ ਖਰਚ ਕਰਦਾ ਸੀ, ਜਿਸ ਕਾਰਨ, ਪਹਾੜੀ ਕੁਲੀ ਜੋ ਉਸ ਦਾ ਸਾਮਾਨ ਨਾਲ ਲਿਆ ਰਿਹਾ ਸੀ, ਉਸ ਨੂੰ ਸ਼ਕ ਹੋ ਗਿਆ ਅਤੇ ਜਦ ਉਸ ਨੂੰ ਵਿਦਾ ਕਰਨ ਲਈ ਇਸ ਨੇ ਫਿਰ ਸੌ ਰੁਪਏ ਦਾ ਨੋਟ ਭਨਾਣ ਲਈ ਦਿਤਾ, ਤਾਂ ਉਸ ਨੇ ਉਥੋਂ ਦੇ ਹੈਡਮੈਨ ਨੂੰ ਛੀਨਾ ਦੇ ਸ਼ਕੀ ਆਦਮੀ ਹੋਣ ਮੁਤੱਲਕ ਦਸ ਦਿਤਾ। ਉਸ ਨੇ ਛੀਨੇ ਨੂੰ ਕਈ ਸਵਾਲ ਕੀਤੇ ਅਤੇ ਨਮਾਜ਼ ਪੜ੍ਹਨ ਲਈ ਆਖਿਆ, ਪਰ ਇਸ ਨੂੰ ਨਮਾਜ਼ ਪੜ੍ਹਨੀ ਨਾ ਆਈ ਤਾਂ ਉਸ ਨੇ ਇਸ ਨੂੰ ਗ੍ਰਿਫਤਾਰ ਕਰਵਾ ਦਿਤਾ। ਛੀਨੇ ਨੂੰ ਕੁਝ ਅਰਸੇ ਦੀ ਪੁਛ ਗਿਛ ਪਿਛੋਂ ਅਗਸਤ ੧੯੪੧ ਦੇ ਅਖੀਰ ਵਿਚ ਸ੍ਰੀ ਨਗਰ ਲਿਆਂਦਾ ਗਿਆ, ਅਤੇ ਛੀਨੇ ਨੇ ਆਪਣੇ ਮੁਤੱਲਕ ਸਭ ਕੁਝ ਠੀਕ ਦਸ ਦਿਤਾ, ਜਿਸ ਤੇ ਸਰਕਾਰ ਹਿੰਦ ਨੂੰ ਖਬਰ ਦਿਤੀ ਗਈ ਅਤੇ ਦੋ ਮਹੀਨਿਆਂ ਪਿਛੋਂ ਨਵੰਬਰ ਦੇ ਸ਼ੁਰੂ ਵਿਚ ਅਛਰ ਸਿੰਘ ਛੀਨਾ ਲਾਹੌਰ ਦੇ ਕਿਲੇ ਵਿਚ ਲਿਆਂਦਾ ਗਿਆ।*

---

*ਇਹ ਗਲ ਜ਼ਰੂਰ ਦਸਣ ਵਾਲੀ ਹੈ ਕਿ ਇਸ ਵੇਲੇ ਤਕ ਸੁਭਾਸ਼ ਬਾਬੂ ਨੂੰ ਗੁੰਮ ਹੋਇਆਂ ਤਕਰੀਬਨ ਇਕ ਸਾਲ ਦਾ ਅਰਸਾ ਹੋ ਚੁਕਾ ਸੀ। ਗੌਰਮਿੰਟ ਦੀ ਸਾਰੀ ਮਸ਼ੀਨਰੀ ਦੀ ਪੂਰੀ ਕੋਸ਼ਸ਼ ਦੇ ਬਾਵਜੂਦ, ਨਾ ਤਾਂ ਇਸ ਵੇਲੇ ਤਕ ਸੁਭਾਸ਼ ਬਾਬੂ ਦੇ ਬਾਹਰ ਜਾਵਨ ਦਾ ਰਾਜ਼ ਨਿਕਲਿਆ ਸੀ ਅਤੇ ਨਾ ਹੀ ਇਸ ਮੁਤੱਲਕ ਕੋਈ ਵੀ ਗ੍ਰਿਫਤਾਰੀ ਹੋਈ ਸੀ, ਸਗੋਂ ਗੌਰਮਿੰਟ ਬਿਲਕੁਲ ਹੈਰਾਨ ਤੇ ਅੰਧੇਰੇ ਵਿਚ ਸੀ।

ਪਾਠਕ ਪੜ੍ਹ ਹੀ ਚੁਕੇ ਹਨ ਕਿ ਛੀਨਾ ਇਸ ਤੋਂ ਪਹਿਲਾਂ ਫਤੇਵਾਲ ਕਤਲ ਕੇਸ ਦਾ ਭਗੌੜਾ ਸੀ ਅਤੇ ਪੁਲਸ ਇਸ ਦੀ ਗ੍ਰਿਫਤਾਰੀ ਲਈ ਮਾਰੀ ਮਾਰੀ ਫਿਰਦੀ ਸੀ, ਪਰ ਗ੍ਰਿਫਤਾਰੀ ਤੋਂ ਪਿਛੋਂ ਛੀਨੇ ਨੇ ਇਮਪੀਰਅਲ ਸੀ. ਆਈ ਡੀ. ਦੇ ਅਫਸਰ ਜੋ ਦਿਲੀ ਤੋਂ ਲਾਹੌਰ ਕਿਲੇ ਵਿਚ ਆਏ, ਉਨ੍ਹਾਂ ਦੇ ਸਾਹਮਣੇ ਸੌਦੇ ਦੀਆਂ ਸ਼ਰਤਾਂ ਰਖੀਆਂ। ਛੀਨੇ ਨੇ ਇਕ ਤਾਂ ਸੁਭਾਸ਼ ਬਾਬੂ ਦੇ ਗੁੰਮ ਹੋਣ ਦੀ ਸਾਰੀ ਕਹਾਣੀ ਦਸਣ ਦਾ ਇਕਰਾਰ ਕੀਤਾ। ਦੂਸਰਾ ਹਿੰਦੁਤਾਨ ਦੇ ਕਮਿਊਨਿਸਟਾਂ ਵਲੋਂ ਇਸ ਜੰਗ ਨੂੰ ਜਨਤਾ ਦੀ ਜੰਗ ਕਰਾਰ ਦੇਣ ਬਾਰੇ ਰੂਸ ਦੀਆਂ ਹਦਾਇਤਾਂ ਦੱਸੀਆਂ ਅਤੇ ਆਖਿਆ ਜੇਕਰ ਦੇਉਲੀ ਤੇ ਕੈਮਲਪੁਰ ਦੀਆਂ ਜੇਲਾਂ ਵਿਚ ਬੰਦ ਕਮਿਊਨਿਸਟਾਂ ਨਾਲ ਚਿੱਠੀ ਪੱਤਰ ਦੀ ਸਹੂਲਤ ਦਿਤੀ ਜਾਵੇ ਤਦ ਇਸ ਜੰਗ ਵਿਚ ਸਾਰੇ ਹਿੰਦੁਸਤਾਨੀ ਕਮਿਊਨਿਸਟ ਅੰਗਰੇਜ਼ਾਂ ਦਾ ਸਾਥ ਦੇਵਣਗੇ। ਇਸ ਦੇ ਬਦਲੇ ਕਮਿਊਨਿਸਟ ਪਾਰਟੀ ਜੋ ਗੈਰ ਕਾਨੂੰਨੀ ਸੀ ਨੂੰ ਜਾਇਜ਼ ਕਰਾਰ ਦਿਤਾ ਜਾਵੇ, ਕਮਿਊਨਿਸਟ ਆਗੂ ਛਡੇ ਜਾਵਨ ਅਤੇ ਛੀਨਾ ਤੇ ਸੋਢੀ ਹਰਮਿੰਦਰ ਸਿੰਘ ਕਮਿਊਨਿਸਟ ਵਰਕਰਾਂ ਵਿਰੁਧ ਮੁਕੱਦਮੇ ਤੇ ਦੋਸ਼ ਵਾਪਸ ਲੀਤੇ ਜਾਣ। [ਨੋਟ ਸੋਢੀ ਹਰਮਿੰਦਰ ਸਿੰਘ ਲਾਇਲਪੁਰ ਦੇ ਇਕ ਚਕ ਦਾ ਰਹਿਣ ਵਾਲਾ ਹੈ ਅਤੇ ਛੀਨਾ ਸਾਹਿਬ ਵਾਂਗ ਪਹਿਲਾਂ ਇਹ ਅਮਰੀਕਾ ਦੀ ਗ਼ਦਰ ਪਾਰਟੀ ਨਾਲ ਸੰਬੰਧ ਰਖਦਾ ਸੀ ਤੇ ਫੇਰ ਛੀਨੇ ਵਾਂਗ ਹੀ ਚੱਟਮ ਹੋ ਕੇ ਰੂਸ ਗਿਆ ਸੀ। ਜੰਗ ਸ਼ੁਰੂ ਹੋਣ ਵੇਲੇ ਇਹ ਕਿਰਤੀ ਅਖਬਾਰ ਦਾ ਐਡੀਟਰ ਸੀ ਤੇ ਫੌਜ ਵਿਗਾੜਨ ਵਿਚ ਖਾਸ ਹਿਸਾ ਲੈ ਰਿਹਾ ਸੀ, ਜਿਸ ਕਾਰਨ ਮੇਰਠ ਤੋਂ ਸਮੁੰਦਰੋਂ ਪਾਰ ਜਾਣ ਵਾਲੀਆਂ ਇਕ ਦੋ ਰਜਮੈਂਟਾਂ ਨੇ ਜਹਾਜ਼ ਚੜ੍ਹਨੋ ਨਾਂਹ ਕਰ ਦਿਤੀ ਸੀ, ਅਤੇ ਗੌਰਮਿੰਟ ਨੇ ਸੋਢੀ ਹਰਮਿੰਦਰ ਸਿੰਘ ਨੂੰ ਦਫਾ ੧੨੧ (ਬਾਦਸ਼ਾਹ ਵਿਰੁਧ ਹਥਿਆਰ ਬੰਦ ਬਗਾਵਤ ਦਾ ਦੋਸ਼) ਅਨੁਸਾਰ ਗ੍ਰਿਫਤਾਰ

ਕਰਨ ਦਾ ਹੁਕਮ ਜਾਰੀ ਕੀਤਾ ਹੋਇਆ ਸੀ ਅਤੇ ਇਸ ਦੀ ਗ੍ਰਿਫਤਾਰੀ ਲਈ ਸੈਂਟਰਲ ਤੇ ਪੰਜਾਬ ਦੀਆਂ ਦੋਹਾਂ ਗੌਰਮਿੰਟਾਂ ਨੇ ਇਨਾਮ ਰਖੇ ਹੋਏ ਸਨ ।]

ਗੌਰਮਿੰਟ ਨੇ ਛੀਨੇ ਦੀ ਇਸ ਪੇਸ਼ਕਸ਼ ਨੂੰ ਬੜੀ ਖੁਸ਼ੀ ਨਾਲ ਮੰਨ ਲਿਆ ਅਤੇ ਛੀਨੇ ਨੂੰ ਪੂਰਾ ਬਿਆਨ ਦੇਵਣ ਵਾਸਤੇ ਆਖਿਆ, ਜਿਸ ਪਰ ਛੀਨੇ ਨੇ ਮੁਢ ਤੋਂ ਲੈ ਕੇ ਅਖੀਰ ਤਕ ਸਾਰੀ ਕਹਾਣੀ ਅੱਖਰ ਅੱਖਰ ਦੱਸ ਦਿਤੀ ਅਤੇ ਇਸ ਤਰ੍ਹਾਂ ਸੁਭਾਸ਼ ਜੀ ਦੇ ਚਲੇ ਜਾਵਨ ਤੋਂ ਇਕ ਸਾਲ ਪਿਛੋਂ ਕਲਕੱਤੇ ਤੋਂ ਲੈ ਕੇ ਕਾਬਲ ਤਕ ਜਨਵਰੀ ੧੯੪੨ ਵਿਚ ਗ੍ਰਿਫਤਾਰੀਆਂ ਦਾ ਸਿਲਸਿਲਾ ਸ਼ੁਰੂ ਹੋਇਆ ਅਤੇ ਬੰਗਾਲੀ, ਬਿਹਾਰੀ, ਪੰਜਾਬੀ ਤੇ ਪਠਾਣ ਕੁਲ ਮਿਲਾ ਕੇ ਇਸ ਸਬੰਧ ਵਿਚ ਤਕਰੀਬਨ ੪੦ ਬੰਦੇ ਥਾਂ ਪਰ ਥਾਂ ਗ੍ਰਿਫਤਾਰ ਕੀਤੇ ਗਏ। ਇਨ੍ਹਾਂ ਗ੍ਰਿਫਤਾਰੀਆਂ ਵਿਚ ਸ੍ਰੀ ਸਰਤ ਬਾਬੂ, ਸੁਭਾਸ਼ ਜੀ ਦੇ ਦੋਵੇਂ ਭਤੀਜੇ, ਫਾਰਵਰਡ ਅਖਬਾਰ ਦੇ ਐਡੀਟਰ ਸ਼ਤਰੰਜਨ ਬਖਸ਼ੀ, ਲਾਲਾ ਸ਼ੰਕਰ ਲਾਲ, ਜਨਰਲ ਸਕੱਤ੍ਰ ਫਾਰਵਰਡ ਬਲਾਕ, ਸ: ਸਰਦੂਲ ਸਿੰਘ ਜੀ ਕਵੀਸ਼ਰ, ਸ: ਨਿਰੰਜਨ ਸਿੰਘ ਤਾਲਿਬ ਅਤੇ ਜਥੇਦਾਰ ਊਧਮ ਸਿੰਘ ਜੀ ਨਾਗੋਕੇ ਤੋਂ ਇਲਾਵਾ ਕਮਿਊਨਿਸਟਾਂ ਦੇ ਆਪਣੇ ਆਦਮੀ ਅਰਥਾਤ ਸੋਢੀ ਹਰਮਿੰਦਰ ਸਿੰਘ, ਬਾਬਾ ਦੁਲਾ ਸਿੰਘ ਤੇ ਅਬਾਸ ਖਾਨ ਪਿਸ਼ਾਵਰ ਤੇ ਉਤਮ ਚੰਦ ਕਾਬਲ ਤੋਂ ਗ੍ਰਿਫਤਾਰ ਕੀਤੇ ਗਏ। ਇਨ੍ਹਾਂ ਤੋਂ ਛੁਟ ਸੁਭਾਸ਼ ਬਾਬੂ ਨਾਲ ਹਮਦਰਦੀ ਤੇ ਤਅਲਕ ਰਖਣ ਵਾਲੇ ਬਹੁਤ ਸਾਰੇ ਸਜਣ ਜੇਲ੍ਹਾਂ ਵਿਚ ਡਕ ਦਿਤੇ ਗਏ। ਜਨਵਰੀ ੧੯੪੨ ਤੋਂ ਅਪਰੈਲ ੧੯੪੨ ਦੇ ਸਮੇਂ ਅੰਦਰ ਇਨ੍ਹਾਂ ਗ੍ਰਿਫਤਾਰ ਹੋਏ ਕਮਿਊਨਿਸਟਾਂ ਪਾਸੋਂ ਲਾਹੌਰ ਕਿਲੇ ਦੀ ਸੀ. ਆਈ. ਡੀ. ਨੇ ਕਾਬਲ ਤੋਂ ਆਏ ਫੈਸਿਸਟਾਂ ਦੇ ਰੁਪਏ ਵਿਚੋਂ ਸੱਠ ਹਜ਼ਾਰ ਰੁਪਏ ਦੇ ਪੌਂਡ ਬਰਾਮਦ ਕਰ ਲਏ ਸਨ ਅਤੇ ਬਾਕੀ ਰੁਪਿਆ ਕਮਿਊਨਿਸਟ ਪ੍ਰਚਾਰ, ਪ੍ਰੈਸ, ਅਖ਼ਬਾਰ ਤੇ ਕਮਿਊਨਿਸਟ ਚੌਧਰੀਆਂ ਵਿਚ ਵੰਡਿਆ

ਜਾ ਚੁਕਾ ਸੀ। ਛੀਨੇ ਦੇ ਬਿਆਨ ਤੇ ਦੂਸਰਿਆਂ ਗ੍ਰਿਫਤਾਰੀਆਂ ਪਿਛੋਂ ਉਸ ਨੂੰ ਦਿਉਲੀ ਤੇ ਕੈਮਲਪੁਰ ਜੇਲਾਂ ਨਾਲ ਕਿਲੇ ਵਿਚੋਂ ਹੀ ਚਿੱਠੀ ਪਤਰ ਕਰਨ ਦੀ ਖੁਲ੍ਹ ਦਿਤੀ ਗਈ। ਦੋਹੀਂ ਥਾਂਈ ਰੂਸ ਤੋਂ ਲਿਆਂਦੇ ਹੋਏ ਜਨਤਾ ਦੀ ਜੰਗ ਮੁਤੱਲਕ ਥੀਮਜ਼ ਪਰ ਵਿਚਾਰਾਂ ਹੋਈਆਂ, ਜਿਸ ਦਾ ਸਿੱਟਾ ਇਹ ਹੋਇਆ ਕਿ ਕਮਿਊਨਿਸਟਾਂ ਦੇ ਜਨਤਾ ਦੇ ਜੰਗ ਮੰਨਣ ਪੁਰ ਇਕ ਮਈ ੧੯੪੨ ਨੂੰ ਅਛਰ ਸਿੰਘ ਛੀਨਾ, ਸੁਤੰਤਰ, ਬਿਲਗਾ, ਤੇ ਜੋਸ਼ ਆਦਕ ਸਾਰੇ ਕਮਿਊਨਿਸਟ ਆਗੂ ਰਿਹਾ ਕਰ ਦਿਤੇ ਗਏ। ਕਮਿਊਨਿਸਟ ਪਾਰਟੀ ਤੋਂ ਸੈਂਟਰਲ ਗੌਰਮਿੰਟ ਨੇ ਸਾਰੀਆਂ ਪਾਬੰਦੀਆਂ ਉਠਾ ਲਈਆਂ। ਉਸ ਦਿਨ ਤੋਂ ਕਮਿਊਨਿਸਟਾਂ ਦੀਆਂ ਰਿਹਾਈਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਤੇ ਦੂਜਿਆਂ ਲਈ ਜੇਲਾਂ ਦੀਆਂ ਕਾਲ ਕੋਠੜੀਆਂ ਦੇ ਬੂਹੇ ਖੁਲ੍ਹ ਗਏ। ਦੋ ਮਹੀਨੇ ਪਿਛੋਂ ਬਾਦਸ਼ਾਹ ਵਿਰੁਧ ਖੁਲ੍ਹੀ ਬਗਾਵਤ ਕਰਨ ਦੇ ਦੋਸ਼ੀ ਸੋਢੀ ਹਰਮਿੰਦਰ ਸਿੰਘ ਨੂੰ ਭੀ ਹੋਰ ਕਮਿਊਨਿਸਟਾਂ ਵਾਂਗ ਹੀ ਜਾਪਾਨ ਤੇ ਜਰਮਨੀ ਦੇ ਜੰਗੀ ਘਮਸਾਨ ਵਿਚ ਹੀ ਬਿਨਾਂ ਸ਼ਰਤ ਰਿਹਾ ਕਰ ਦਿਤਾ।

ਹਿੰਦ ਗੌਰਮਿੰਟ ਦੀ ਸਲਾਹ ਹੋਈ ਕਿ ਸੁਭਾਸ਼ ਬਾਬੂ ਨੂੰ ਦੇਸੋਂ ਬਾਹਰ ਘਲਨ ਦੀ ਇਕ ਵੱਡੀ ਭਾਰੀ ਆਲ ਇੰਡੀਆ ਸਾਜ਼ਸ਼ ਦਾ ਮੁਕੱਦਮਾ ਚਲਾਇਆ ਜਾਵੇ। ਪੰਜਾਬ ਗੌਰਮਿੰਟ ਇਸ ਮੁਕੱਦਮੇਂ ਲਈ ਵਧੇਰੇ ਉਤਾਵਲੀ ਸੀ, ਕਿਉਂਕਿ ਇਸ ਸਾਜ਼ਸ਼ ਦਾ ਭਾਂਡਾ ਲਾਹੌਰ ਕਿਲੇ ਵਿਚ ਹੀ ਫੁਟਿਆ ਸੀ। ਇਸ ਸਾਜ਼ਸ਼ ਵਿਚ ਸੁਭਾਸ਼ ਬਾਬੂ ਦੇ ਸਾਥੀਆਂ ਤੋਂ ਛੁਟ ਅਕਾਲੀ ਆਗੂਆਂ ਨੂੰ ਭੀ ਫਸਾਨ ਦਾ ਜਤਨ ਸੀ, ਜਿਸ ਮੁਤੱਲਕ ਮੈਂ ਵਿਸਥਾਰ ਨਾਲ ਦੱਸ ਚੁਕਾ ਹਾਂ। ਪਰ ਅੰਤ ਵਿਚ ਸੈਂਟਰਲ ਗੌਰਮਿੰਟ ਨੇ ਸਲਾਹ ਮਸ਼ਵਰੇ ਦੇ ਪਿਛੋਂ ਮੁਕੱਦਮਾ ਚਲਾਨ ਦੀ ਬਜਾਏ ਕੱਟੜ ਕਮਿਊਨਿਸਟਾਂ ਤੋਂ ਛੁਟ ਸਭ ਨੂੰ ਜੰਗ ਦੇ ਦੌਰਾਨ ਤਕ ਜੇਲਾਂ ਅੰਦਰ ਡੱਕੀ ਰਖਨ ਦਾ ਫੈਸਲਾ ਕਰ ਲਿਆ। ਕਾਰਨ ਇਹ ਸੀ ਕਿ ਇਕ ਤਾਂ ਸੁਭਾਸ਼ ਬਾਬੂ ਨੂੰ ਸਭ ਨੇ ਰੂਸ ਜਾਵਣ ਲਈ

ਮੱਦਦ ਦਿਤੀ, ਦੂਜੇ ਰੂਸ ਕਿਉਂਕਿ ਇਕ ਨਿਰਪਖ ਮੁਲਕ ਸੀ) ਅਤੇ ਜਰਮਨ (ਅੰਗਰੇਜ਼ਾਂ ਦਾ ਦੁਸ਼ਮਣ) ਇਸ ਲਈ ਜਾਵਣ ਦਾ ਪਰੋਗਰਾਮ ਮਜਬੂਰੀ ਹਾਲਾਤ ਵਿਚ ਕਾਬਲ ਹੀ ਬਣਿਾ, ਅਤੇ ਉਥੇ ਘਲਨ ਦੀ ਜ਼ਿਮੇਵਾਰੀ ਕੇਵਲ ਕਮਿਊਨਿਸਟਾਂ ਪਰ ਹੀ ਆਵੰਦੀ ਸੀ। ਦੂਸਰਾ ਇਸ ਸਾਜ਼ਸ਼ ਵਿਚ ਖੁਲ੍ਹਮ ਖੁਲ੍ਹਾ ਛੀਨਾ ਤੇ ਉਸ ਦੇ ਸਾਥੀਆਂ ਨੂੰ ਵਾਹਦਾਮਾਫ ਗਵਾਹ ਬਣਨਾ ਪੈਂਦਾ ਸੀ।

ਇਨ੍ਹਾਂ ਕਮਿਊਮਿਸਟਾਂ ਨੇ ਗੌਰਮਿੰਟ ਨਾਲ ਉਕਤ ਸੌਦਾ ਬਾਜ਼ੀ ਕਰ ਕੇ ਹੀ ਬਸ ਨਹੀਂ ਕੀਤੀ ਸਗੋਂ ਉਸ ਦੇ ਪਿਛੋਂ ਭੀ ਫੌਜ ਤੇ ਸਿਵਲ ਵਿਚ ਬੇਸ਼ੁਮਾਰ ਗ੍ਰਿਫਤਾਰੀਆਂ ਕਰਵਾਈਆਂ, ਜਿਨ੍ਹਾਂ ਨਾਲ ਰਲ ਕੇ ਇਨ੍ਹਾਂ ਖੁਦ ਫੌਜਾਂ ਵਿਗਾੜਨ ਦਾ ਪਹਿਲਾ ਕੰਮ ਕੀਤਾ ਸੀ। ਇਨ੍ਹਾਂ ਦੇ ਸਦਕੇ ਹੀ ਬਹੁਤ ਸਾਰੇ ਫੌਜੀ ਸਿਖ ਕੋਰਟ ਮਾਰਸ਼ਲ ਕਰ ਕੇ ਗੋਲੀ ਨਾਲ ਉਡਾਏ ਗਏ ਅਤੇ ਬੇਸ਼ੁਮਾਰ ਜੋਸ਼ੀਲੇ ਗੱਭਰੂ ਲੰਮੀਆਂ ਲੰਮੀਆਂ ਕੈਦਾਂ ਵਿਚ ਅਜੇ ਤਕ ਦੁਖ ਭੋਗ ਰਹੇ ਹਨ। ਮੈਂ ਨਿਸਚੇ ਨਾਲ ਨਹੀਂ ਆਖ ਸਕਦਾ ਕਿ ਸ੍ਰੀ ਜੈ ਪ੍ਰਕਾਸ਼ ਤੇ ੧੯੪੨ ਲਹਿਰ ਦੇ ਕਿਤਨੇ ਭਗੌੜੇ ਇਨ੍ਹਾਂ ਕਮਿਊਨਿਸਟਾਂ ਆਂ ਕ੍ਰਿਪਾ ਨਾਲ ਗ੍ਰਿਫਤਾਰ ਹੋਏ ਹਨ, ਪਰ ਇਹ ਗਲ ਕਈ ਵਸੀਲਿਆਂ ਤੋਂ ਸੁਣਨ ਵਿਚ ਆਈ ਹੈ ਕਿ ਗੁਰਚਰਣ ਸਿੰਘ ਸੈਂਹਸਰਾ ਤੇ ਸੋਢੀ ਹਰਮਿੰਦਰ ਸਿੰਘ ਆਦਕ ਪਿਛੋਂ ਭੀ ਸੀ. ਆਈ. ਡੀ. ਨਾਲ ਗੰਢ ਤਰੁਪ ਕਰ ਕੇ ਕਾਬਲ ਜਾਂਦੇ ਰਹੇ ਅਤੇ ਉਨ੍ਹਾਂ ਨੂੰ ਯਕੀਨ ਕਰਾਂਦੇ ਰਹੇ ਕਿ ੧੯੪੨ ਦੀ ਲਹਿਰ ਦੇ ਕਰਤਾ ਧਰਤਾ ਉਹ ਹੀ ਹਨ। ਨਾਲ ਹੀ ਹਿੰਦੁਸਤਾਨ ਸਬੰਧੀ ਜਰਮਨ ਦਾ ਪਰੋਗਰਾਮ ਅਤੇ ਸਫਾਰਤ ਖਾਨੇ ਵਿਚ ਬਰਲਨ ਤੋਂ ਆਏ ਹੋਏ ਸੁਭਾਸ਼ ਜੀ ਦੇ ਸੁਨੇਹਿਆਂ ਦਾ ਭੇਤ ਲਿਆ ਕੇ ਦਸਦੇ ਰਹੇ। ਇਸ ਤਰ੍ਹਾਂ ਇਕ ਪਾਸੇ ਤਾਂ ਹਿੰਦੁਸਤਾਨ ਅੰਦਰ ਉਹ ਜਨਤਾ ਦੀ ਜੰਗ ਦੇ ਕਟੜ ਹਾਮੀ ਅਤੇ ੧੯੪੨ ਲਹਿਰ ਦੇ ਵਿਰੋਧੀ ਰਹੇ, ਦੂਜੇ ਪਾਸੇ ਕਾਬਲ ਵਿਚ ਜਾ ਕੇ ਸੁਭਾਸ਼

ਜੀ ਦੇ ਆਦਮੀ ਬਣ ਜਾਂਦੇ ਸਨ । ਫੈਸਿਸਟਾਂ ਦੇ ਰੁਪਏ ਨਾਲ ਹੀ ਹਿੰਦੁਸਤਾਨ ਵਿਚ ਆ ਕੇ ਫੈਸਿਸਟਾਂ ਵਿਰੁਧ ਪ੍ਰਚਾਰ ਕਰਦੇ ਸਨ ਅਤੇ ਅੰਗਰੇਜ਼ ਦੀ ਜਾਸੂਸੀ ਦਾ ਪਾਰਟ ਭੀ ਜਨਤਾ ਦੇ ਅਖੀਂ ਘਟਾ ਪਾ ਕੇ ਨਿਹਾਇਤ ਹੁਸ਼ਿਆਰੀ ਨਾਲ ਅਦਾ ਕਰ ਰਹੇ ਸਨ । ਜਿਸ ਦਾ ਸਿਟਾ ਇਹ ਨਿਕਲਿਆ ਕਿ ਬਰਤਾਨੀਆਂ ਗੌਰਮਿੰਟ ਨੇ ਕਾਬਲ ਦੀ ਨਿਰਪੱਖ ਗੌਰਮਿੰਟ ਪਰ ਦਬਾਉ ਪਾ ਕੇ ਪਿਛੋਂ ਜਰਮਨ ਤੇ ਇਟਲੀ ਦੇ ਸਫਾਰਤ ਖਾਨੇ ਹੀ ਬੰਦ ਕਰਵਾ ਦਿਤੇ ।"

ਮਾਸਟਰ ਜੀ ਦੇ ਉਪ੍ਰੋਕਤ ਬਿਆਨ ਤੋਂ ਦੋ ਗਲਾਂ ਦਾ ਪਤਾ ਲੱਗਦਾ ਹੈ ਇਕ ਤੇ ਇਹ ਕਿ ਸੁਭਾਸ਼ ਬਾਬੂ ਕਿਵੇਂ ਕਾਬਲ ਪਹੁੰਚੇ ਅਤੇ ਦੂਜੇ ਇਹ ਕਿ ਕਮਿਓਨਿਸਟਾਂ ਨੇ ਕਿਵੇਂ ਹਿੰਦੁਸਤਾਨ ਨਾਲ ਗਦਾਰੀ ਕੀਤੀ ਅਤੇ ਕਿਵੇਂ ਰੂਸ ਤੋਂ ਅਤੇ ਫਾਸਿਸਟਾਂ ਤੋਂ ਤਰੋ ਤਰੀ ਗੱਫੇ ਲਿਆਉਂਦੇ ਰਹੇ । ਜਿਨ੍ਹਾਂ ਦਿਨਾਂ ਵਿਚ ਇਹ ਬਿਆਨ ਪ੍ਰਕਾਸ਼ਤ ਕਰਾ-ਇਆ ਗਿਆ ਉਦੋਂ ਪੰਜਾਬ ਦੀਆਂ ਚੋਣਾਂ ਦਾ ਮੌਸਮ ਸੀ ਇਸ ਲਈ ਐਨ ਸੰਭਵ ਹੈ ਕਿ ਮਾਸਟਰ ਜੀ ਨੇ ਚੋਣਾਂ ਵਿਚ ਕਮਿਊਨਿਸਟ ਪਾਰਟੀ ਦੇ ਉਮੈਦਵਾਰਾਂ ਨੂੰ ਬਦਨਾਮ ਕਰਨ ਲਈ ਵਾਕਿਆਤ ਨੂੰ ਬਹੁਤ ਕੁਛ ਤੋੜ ਮਰੋੜ ਕੇ ਬਿਆਨ ਕੀਤਾ ਹੋਵੇ ਪਰ ਇਸ ਗਲ ਨਾਲ ਬਿਆਨ ਦੀ ਵਸ਼ੇਸ਼ਤਾ ਕਿਸੇ ਤਰ੍ਹਾਂ ਘਟ ਨਹੀਂ ਹੋ ਜਾਂਦੀ । ਸਾਡੀ ਪੁਸਤਕ ਦਾ ਵਿਸ਼ਾ ਅਕਾਲੀ ਕਮਿਊਨਿਸਟ ਝਗੜੇ ਵਿਚ ਟੰਗ ਅੜੌਨ ਦਾ ਨਹੀਂ ਸਾਡਾ ਤਾਂ ਸੰਬੰਧ ਕੇਵਲ ਇਥੋਂ ਤੀਕ ਹੀ ਹੈ ਕਿ ਸੁਭਾਸ਼ ਬਾਬੂ ਕਿਵੇਂ ਕਲਕਤੇ ਤੋਂ ਕਾਬਲ ਪਹੁੰਚੇ ਸੁ ਇਸ ਮਾਮਲੇ ਵਿਚ ਸਾਰੇ ਹੀ ਬਿਆਨ ਲਗ ਪਗ ਮਿਲਦੇ ਜੁਲਦੇ ਹਨ ਤੇ ਮਾਸਟਰ ਜੀ ਨੇ ਵੀ ਉਤਮ ਚੰਦ ਦੇ ਬਿਆਨ ਦੀ ਹੀ ਪ੍ਰੋੜਤਾ ਕੀਤੀ ਹੈ।

ਜੋ ਕੁਛ ਵੀ ਹੋਵੇ ਸੁਭਾਸ਼ ਬਾਬੂ ਜਿਸ ਤ੍ਰੀਕੇ ਨਾਲ ਬਰਲਿਨ ਪਹੁੰਚੇ ਉਸਦਾ ਵੇਰਵਾ ਅਸੀਂ ਉਪਰ ਦਸ ਆਏ ਹਾਂ ।

## ੬.

# ਜਰਮਨੀ ਵਿਚ

ਸੁਭਾਸ਼ ਬਾਬੂ ਬਰਲਿਨ ਵਿਚ ਪਹੁੰਚ ਗਏ। ਉਹਨਾਂ ਦੇ ਬਰਲਿਨ ਪਹੁੰਚਣ ਸਾਰ ਜਰਮਨ ਰੇਡੀਉ ਉਤੇ ਉਹਨਾਂ ਦੇ ਆਉਣ ਦਾ ਐਲਾਨ ਕਰ ਦਿਤਾ ਗਿਆ। ਇਸ ਐਲਾਨ ਨੂੰ ਸੁਣ ਕੇ ਹਿੰਦੁਸਤਾਨ ਹੀ ਨਹੀਂ ਸਗੋਂ ਸਾਰੀ ਦੁਨੀਆ ਹੈਰਾਨ ਰਹਿ ਗਈ। ਇਸ ਤੋਂ ਪਹਿਲੇ ਹਿੰਦੁਸਤਾਨ ਵਿਚ ਕਿਹਾ ਜਾ ਰਿਹਾ ਸੀ ਕਿ ਆਪ ਨੇ ਸੰਨਿਆਸ ਧਾਰਨ ਕਰ ਲਿਆ ਹੈ ਅਤੇ ਆਪ ਹਿਮਾਲਾ ਪਹਾੜ ਵਿਚ ਜਾ ਛੁਪੇ ਹਨ। ਬਰਲਿਨ ਰੇਡੀਉ ਦੇ ਉਪਰੋਕਤ ਐਲਾਨ ਨਾਲ ਇਹੋ ਜਿਹੀਆਂ ਸਭ ਕਿਆਸ ਆਰਾਈਆਂ, ਖਤਮ ਹੋ ਗਈਆਂ ਤੇ ਲੋਕਾਂ ਨੂੰ ਯਕੀਨ ਆ ਗਿਆ ਕਿ ਆਪ ਬਰਲਿਨ ਜਾ ਪਹੁੰਚੇ ਹਨ।

ਬਰਲਿਨ ਵਿਚ ਹਿਟਲਰ ਨੇ ਆਪ ਦਾ ਸ਼ਾਨਦਾਰ ਸਵਾਗਤ

ਕੀਤਾ ਅਤੇ ਆਪ ਨੂੰ ਸ਼ਾਹੀ ਹੋਟਲ ਬਰੈਂਡਨ ਬਰਗ ਵਿਚ ਠਹਿਰਾ-ਇਆ ਗਿਆ। ਬਰਲਿਨ ਵਿਚ ਆਪ ਹਿਟਲਰ ਦੇ ਪ੍ਰਾਹੁਣੇ ਸਨ। ਹੋਟਲ ਵਿਚ ਆਪ ਨਾਲ ਜਰਮਨ ਅਖਬਾਰਾਂ ਦੇ ਕਈ ਪਤ੍ਰ ਪ੍ਰੇਰਕਾਂ ਨੇ ਇੰਟਰਵੀਊ ਕੀਤੇ। ਮੁਲਾਕਾਤ ਮਗਰੋਂ ਇਕ ਜਰਮਨ ਅਖਬਾਰ ਨਵੀਸ ਨੇ ਆਪਣੇ ਵਿਚਾਰ ਐਉਂ ਪ੍ਰਗਟ ਕੀਤੇ ਸਨ:—

"ਬ੍ਰੈਂਡਨ ਬਰਗ ਹੋਟਲ ਦੇ ਇਕ ਫਲੈਟ ਵਿਚ ਹਿੰਦੁਸਤਾਨ ਦੇ ਸਭ ਤੋਂ ਵਡੇ ਲੀਡਰ ਸ੍ਰੀ ਯੁਤ ਸੁਭਾਸ਼ ਚੰਦਰ ਠਹਿਰੇ ਹੋਏ ਹਨ। ਮੈਂ ਓਹਨਾਂ ਨਾਲ ਮੁਲਾਕਾਤ ਕਰਨ ਗਿਆ। ਉਹਨਾਂ ਨੇ ਬੜੇ ਪ੍ਰੇਮ ਨਾਲ ਆਦਰ ਸਤਕਾਰ ਕੀਤਾ। ਮੈਂ ਉਹਨਾਂ ਦੇ ਦਰਸ਼ਨ ਕਰਕੇ ਹੈਰਾਨ ਰਹਿ ਗਿਆ। ਸੁਭਾਸ਼ ਦੀ ਹਸਤੀ ਬੜੀ ਉਚੀ ਹੈ। ਉੱਚਾ ਮੱਥਾ, ਲੰਮੀਆਂ ਬਾਹਾਂ, ਚੌੜੀ ਛਾਤੀ, ਗੋਰਾ ਰੰਗ। ਉਹਨਾਂ ਦੇ ਚਿਹਰੇ ਉਤੇ ਇਕ ਵਚਿਤ੍ਰ ਰਬੀ ਨੂਰ ਵਰ੍ਹਦਾ ਹੈ, ਜਿਹੜਾ ਪਥਰ ਦਿਲਾਂ ਲਈ ਵੀ ਚੁੰਬਕ ਦਾ ਅਸਰ ਰਖਦਾ ਅਤੇ ਵੈਰੀਆਂ ਨੂੰ ਵੀ ਆਪਣੇ ਅਗੇ ਝੁਕਾਉਣ ਲਈ ਮਜਬੂਰ ਕਰਦਾ ਹੈ। ਐਉਂ ਜਾਪਦਾ ਹੈ ਮਹਾਤਮਾ ਬੁਧ ਨੇ ਵੀਹਵੀਂ ਸਦੀ ਵਿਚ ਜਨਮ ਲਿਆ ਹੈ। ਆਪ ਨੂੰ ਗੁਲਾਮੀ ਤੋਂ ਬੜੀ ਸਖਤ ਘਿਰਣਾ ਹੈ। ਆਪ ਹਿੰਦੁਸਤਾਨ ਨੂੰ ਅੰਗਰੇਜ਼ਾਂ ਦੀ ਗੁਲਾਮੀ ਵਿਚੋਂ ਛੇਤੀ ਤੋਂ ਛੇਤੀ ਆਜ਼ਾਦ ਵੇਖਣ ਲਈ ਬੇਚੈਨ ਹਨ।' ਏਸੇ ਤਰ੍ਹਾਂ ਕੁਛ ਅਮਰੀਕਨ ਤੇ ਹੋਰ ਅਖਬਾਰ ਨਵੀਸਾਂ ਨੇ ਵੀ ਆਪ ਨਾਲ ਮੁਲਾਕਾਤਾਂ ਕੀਤੀਆਂ ਤੇ ਸਭ ਨੇ ਆਪਣੇ ਪ੍ਰਭਾਵ ਬਾਰੇ ਲੇਖ ਲਿਖੇ ਤੇ ਤਕਰੀਰਾਂ ਬਰਾਡ ਕਾਸਟ ਕੀਤੀਆਂ ਜਿਨ੍ਹਾਂ ਵਿਚ ਸੁਭਾਸ਼ ਬਾਬੂ ਦੀ ਪੁਜ ਕੇ ਪ੍ਰਸੰਸਾ ਕੀਤੀ ਗਈ।

ਬਰਲਿਨ ਪਹੁੰਚਣ ਤੋਂ ਥੋੜੇ ਦਿਨ ਮਗਰੋਂ ਸ੍ਰੀ ਸੁਭਾਸ਼ ਬਾਬੂ ਤੇ ਹਰ ਹਿਟਲਰ ਦੀ ਮੁਲਾਕਾਤ ਇਕ ਫੌਜੀ ਕੈਂਪ ਵਿਚ ਹੋਈ। ਉਦੋਂ ਹਿਟਲਰ ਨੇ ਇਹਨਾਂ ਲਫਜ਼ਾਂ ਨਾਲ ਆਪ ਦਾ ਸਵਾਗਤ ਕੀਤਾ:— "ਮੈਂ ਯੂਅਰ ਐਕਸੀਲੈਂਸੀ ਦਾ ਸਵਾਗਤ ਕਰਦਾ ਹਾਂ।" ਉਸੇ ਦਿਨ

ਸ਼ਾਮ ਨੂੰ ਜਰਮਨ ਗੌਰਮਿੰਟ ਦੇ ਦਸੌਰੀ ਮਹਿਕਮੇ ਵਲੋਂ ਆਪ ਨੂੰ "ਡਿਪਟੀ ਫਯੂਹਰਰ ਆਫ ਇੰਡੀਆ" ਦਾ ਖਤਾਬ ਦਿਤਾ ਗਿਆ । ਬਰਲਿਨ ਦੇ ਅਖਬਾਰਾਂ ਨੇ ਸੁਭਾਸ਼ ਬਾਬੂ ਦੀਆਂ ਪੂਰੇ ਪੂਰੇ ਸਫੇ ਦੀਆਂ ਤਸਵੀਰਾਂ ਛਾਪੀਆਂ ਅਤੇ ਹਿਟਲਰ ਨਾਲ ਆਪ ਦੀ ਮੁਲਾਕਾਤ ਦੇ ਵੇਰਵੇ ਸਹਿਤ ਹਾਲਾਤ ਪ੍ਰਕਾਸ਼ਤ ਕੀਤੇ ।

ਜਿਸ ਵੇਲੇ ਸੁਭਾਸ਼ ਬਾਬੂ ਬਰਲਿਨ ਪਹੁੰਚੇ ਉਸ ਵੇਲੇ ਉਤ੍ਰੀ ਅਫਰੀਕਾ ਤੇ ਰੋਮ ਸਾਗਰ ਦੀ ਜੰਗ ਬੜੇ ਜ਼ੋਰਾਂ ਉਤੇ ਹੋ ਰਹੀ ਸੀ । ਅਤੇ ਜਰਮਨਾਂ ਨੇ ਉਤ੍ਰੀ ਅਫਰੀਕਾ ਨੂੰ ਅੰਗਰੇਜ਼ਾਂ ਹਥੋਂ ਸਾਫ ਕਰਨ ਲਈ ਰੁਮੇਲ ਦੀ ਕਮਾਨ ਹੇਠ ਮੁਹਿਮ ਜਾਰੀ ਕਰ ਰਖੀ ਸੀ । ਉਸ ਵੇਲੇ ਜਰਮਨਾਂ ਨੇ ਆਪਣੀ ਮੁਹਿਮ ਦਾ ਆਰੰਭ ਅਲਾਮੀਨ ਛਾਵਨੀ ਤੋਂ ਕੀਤਾ ਜਿਸ ਦੀ ਰਖਿਆ ਹਿੰਦੁਸਤਾਨ ਦਾ ਪ੍ਰਸਿਧ ਦਸਵਾਂ ਡਵੀਜਨ ਕਰ ਰਿਹਾ ਸੀ । ਇਸ ਮੌਕੇ ਉਤੇ ਜਰਮਨਾਂ ਨੇ ਸੁਭਾਸ਼ ਬਾਬੂ ਦੀ ਮੌਜੂਦਗੀ ਦਾ ਲਾਭ ਉਠਾਇਆ ਅਤੇ ਆਪਣੇ ਝਪਟਾਲੂ ਜਹਾਜ਼ਾਂ ਰਾਹੀਂ ਇਸ ਡਵੀਜਨ ਦੇ ਮੋਰਚਿਆਂ ਉਤੇ ਸੁਭਾਸ਼ ਬਾਬੂ ਦੇ ਦਸਖਤਾਂ ਵਾਲੇ ਇਸ਼ਤਿਹਾਰ ਸੁੱਟੇ । ਇਹਨਾਂ ਇਸ਼ਤਿਹਾਰਾਂ ਵਿਚ ਲਿਖਿਆ ਸੀ "ਮੈਂ ਜਰਮਨੀ ਪਹੁਚ ਚੁਕਾ ਹਾਂ । ਮੈਂ ਜਰਮਨੀ ਕਿਵੇਂ ਪੁਜ ਗਿਆ ਇਹ ਇਕ ਲੰਮੀ ਵਾਰਤਾ ਹੈ ਅਤੇ ਵੇਲਾ ਆਉਣ ਉਤੇ ਮੈਂ ਆਪ ਨੂੰ ਇਸ ਸਾਰੇ ਭੇਤ ਤੋਂ ਜਾਣੂੰ ਕਰ ਦਿਆਂਗਾ । ਇਹ ਜੰਗ ਬਰਤਾਨੀਆ ਅਤੇ ਜਰਮਨੀ ਦੀ ਜੰਗ ਹੈ ਇਹ ਸਾਡੀ ਜੰਗ ਨਹੀਂ । ਇਸ ਜੰਗ ਨਾਲ ਸਾਡਾ ਕੋਈ ਸਬੰਧ ਨਹੀਂ ਇਸ ਲਈ ਹਿੰਦੀ ਭਰਾਓ ! ਇਸ ਜੰਗ ਵਿਚ ਕੋਈ ਹਿਸਾ ਨਾ ਲਉ ਅਤੇ ਅੰਗਰੇਜ਼ਾਂ ਲਈ ਆਪਣਾ ਵਡਮੁਲਾ ਲਹੂ ਵਹਾਉਨਾ ਛਡ ਦੇਉ ।" (ਸੁਭਾਸ਼ ਚੰਦਰ ਬੋਸ)

ਪਹਿਲੇ ਪਹਿਲੇ ਤੇ ਹਿੰਦੀ ਸਿਪਾਹੀਆਂ ਨੇ ਇਹਨਾਂ ਇਸ਼ਤਿਹਾਰਾਂ ਵਲ ਕੋਈ ਧਿਆਨ ਨਾ ਦਿਤਾ। ਉਹ ਸਮਝੇ ਇਹ ਸਭ ਰੁਮੇਲ ਦਾ ਪ੍ਰਾਪੇਗੰਡਾ ਹੈ, ਕਿਉਂਕਿ ਉਹਨਾਂ ਨੂੰ ਖਿਆਲ ਸੀ ਕਿ

ਸੁਭਾਸ਼ ਬਾਬੂ ਹਿੰਦੁਸਤਾਨ ਵਿਚ ਹਨ ਅਤੇ ਜਰਮਨ ਪਹੁੰਚਨ ਦੀ ਖ਼ਬਰ ਉੱਕਾ ਈ ਨਿਰਮੂਲ ਹੈ। ਪਰ ਉਹਨਾਂ ਨੇ ਬਰਲਿਨ ਰੇਡੀਊ ਉਤੇ ਤਕਰੀਰ ਕਰਦੇ ਹੋਏ ਸੁਣਿਆਂ ਤਾਂ ਉਹਨਾਂ ਨੂੰ ਯਕੀਨ ਆ ਗਿਆ ਅਤੇ ਉਹਨਾਂ ਨੇ ਇਸ਼ਤਿਹਾਰਾਂ ਵਿਚ ਲਿਖੇ ਹੁਕਮ ਦੀ ਪਾਲਨਾ ਸ਼ੁਰੂ ਕਰ ਦਿਤੀ। ਕਿਹਾ ਜਾਂਦਾ ਹੈ ਕਿ ਇਸ਼ਤਿਹਾਰ ਪੜ੍ਹ ਕੇ ਇਸ ਡਵੀਜਨ ਦੇ ੧੧ ਹਜ਼ਾਰ ਹਿੰਦੀ ਜਵਾਨਾਂ ਨੇ ਹਥਿਆਰ ਰਖ ਦਿਤੇ। ਜਦ ਜਰਮਨ ਇਹਨਾਂ ਨੂੰ ਗ੍ਰਿਫਤਾਰ ਕਰ ਕੇ ਜਰਮਨੀ ਵਿਚ ਲੈ ਗਏ ਤਦ ਸੁਭਾਸ਼ ਬਾਬੂ ਨੇ ਇਕ ਐਸੀ ਆਜ਼ਾਦ ਫੌਜ ਬਨਾਉਣ ਦਾ ਨਿਸਚਾ ਧਾਰਿਆ ਜੋ ਹਿੰਦੁਸਤਾਨ ਨੂੰ ਆਜ਼ਾਦ ਕਰਾਉਨ ਲਈ ਸਿਰ ਧੜ ਦੀ ਬਾਜ਼ੀ ਲਾ ਦੇਵੇ।

## ਆਜ਼ਾਦ ਹਿੰਦ ਫੌਜ

ਇਸ ਦੌਰਾਨ ਵਿਚ ਸ੍ਰੀ ਸੁਭਾਸ਼ ਚੰਦਰ ਬੋਸ ਅਤੇ ਹਰ ਹਿਟਲਰ ਵਿਚਾਲੇ ਇਕ ਸੰਧੀ ਹੋ ਚੁਕੀ ਸੀ। ਇਸ ਸੰਧੀ ਵਿਚ ਹਿਟਲਰ ਨੇ ਸੁਭਾਸ਼ ਬਾਬੂ ਨੂੰ ਨਿਸਚਾ ਦਵਾਇਆ ਸੀ ਕਿ ਉਹ ਅੰਗਰੇਜ਼ਾਂ ਵਿਰੁਧ ਜੋ ਵੀ ਕਾਰਰਵਾਈ ਕਰਨਾ ਚਾਹੁਣ ਜਰਮਨ ਗੌਰਮਿੰਟ ਉਹਨਾਂ ਨੂੰ ਪੂਰੀ ਪੂਰੀ ਮਦਦ ਦੇਵੇਗੀ। ਇਸ ਸੰਧੀ ਦੇ ਮਗਰੋਂ ਸੁਭਾਸ਼ ਬਾਬੂ ਨੇ ਹਿੰਦੁਸਤਾਨ ਨੂੰ ਆਜ਼ਾਦ ਕਰੌਣ ਵਾਲੀ ਇਕ ਫੌਜ ਤਿਆਰ ਕਰਨ ਦਾ ਦ੍ਰਿੜ੍ਹ ਇਰਾਦਾ ਕਰ ਲਿਆ। ਇਸ ਵੇਲੇ ਤੀਕ ਉਤ੍ਰੀ ਹਿੰਦ ਵਿਚੋਂ ਗ੍ਰਿਫਤਾਰ ਹੋ ਕੇ ਆਏ ਹਿੰਦੀ ਨੌਜਵਾਨ ਵੀ ਸਿਸਲੀ ਤੇ ਇਟਲੀ ਦੇ ਰਸਤੇ ਜਰਮਨੀ ਪਹੁੰਚ ਚੁਕੇ ਸਨ। ਸੁਭਾਸ਼ ਬਾਬੂ ਨੇ ਡਰੇਸਨ ਨੂੰ ਆਪਣਾ ਹੈਡਕੁਆਟਰ ਥਾਪ ਕੇ ਆਜ਼ਾਦ ਹਿੰਦ ਫੌਜ ਦੀ ਰੂਪ ਰੇਖਾ ਚਿਤ੍ਰਨੀ ਸ਼ੁਰੂ ਕਰ ਦਿਤੀ।

੨੬ ਜਨਵਰੀ ੧੯੪੨ ਨੂੰ ਅਰਥਾਤ ਆਜ਼ਾਦੀ ਦਿਨ ਵਾਲੇ ਦਿਨ ਉਤੇ ਆਪ ਨੇ ਬਰਲਿਨ ਦੇ ਇਕ ਵਡੇ ਸਾਰੇ ਹਾਲ ਵਿਚ ਉਹਨਾਂ

ਸਿਪਾਹੀਆਂ ਤੇ ਅਫਸਰਾਂ ਦੀ ਮੀਟਿੰਗ ਬੁਲਾਈ ਜੋ ਅਲਮੀਨ ਦੇ ਮੋਰਚੇ ਤੋਂ ਜੰਗੀ ਕੈਦੀ ਬਣਾ ਕੇ ਜਰਮਨੀ ਵਿਚ ਲਿਆਂਦੇ ਗਏ ਸਨ ਤੇ ਜਿਨ੍ਹਾਂ ਨੂੰ ਜਰਮਨ ਗੌਰਮਿੰਟ ਨੇ ਸੁਭਾਸ਼ ਬਾਬੂ ਦੇ ਕਹਿਣ ਉਤੇ ਕੈਦ ਵਿਚੋਂ ਰਿਹਾ ਕਰ ਦਿਤਾ ਸੀ। ਇਹਨਾਂ ਰਿਹਾ ਸ਼ੁਦਾ ਹਿੰਦੀ ਸਿਪਾਹੀਆਂ ਤੇ ਅਫਸਰਾਂ ਦੇ ਰੂਬਰੂ ਆਪ ਨੇ ਪੁਰਜੋਸ਼ ਤਕਰੀਰ ਕੀਤੀ ਜਿਸ ਵਿਚ ਆਪ ਨੇ ਫਰਮਾਇਆ:-

ਪਿਆਰੇ ਹਿੰਦੁਸਤਾਨੀ ਭਾਈਓ ! ਆਪਣੇ ਵਤਨ ਤੋਂ ਹਜ਼ਾਰਾਂ ਮੀਲ ਦੂਰ ਇਥੇ ਬੈਠੇ ਹੋਏ ਜਦ ਮੈਂ ਆਪ ਦੇ ਦਰਸ਼ਨ ਕਰ ਰਿਹਾ ਹਾਂ ਤਦ ਸਚ ਜਾਣੋ ਮੇਰੇ ਜਜ਼ਬਾਤ ਰੁਕ ਨਹੀਂ ਸਕਦੇ। ਇਕੋ ਵਤਨ ਦੇ ਵਸਨੀਕ ਹੋਣ ਦੇ ਨਾਤੇ ਅਸੀਂ ਆਪੋ ਵਿਚ ਭਰਾ ਭਰਾ ਹਾਂ। ਮੈਂ ਆਪ ਨੂੰ ਇਹ ਨਹੀਂ ਦਸਾਂਗਾ ਕਿ ਕਿਨ੍ਹਾਂ ਹਾਲਾਤਾਂ ਵਿਚਾਲੇ ਮੈਂ ਹਿੰਦੁਸਤਾਨ ਨੂੰ ਛਡਿਆ ਪਰ ਦਸ ਦੇਂਦਾ ਹਾਂ ਕਿ ਜਦ ਮੈਂ ਡਿੱਠਾ ਕਿ ਦੁਨੀਆ ਦੀ ਵੱਡੀ ਜੰਗ ਸ਼ੁਰੂ ਹੋ ਗਈ ਹੈ ਜੋ ਇੰਪੀਰੀਅਲ ਤਾਕਤਾਂ ਨੂੰ ਇਕ ਇਕ ਕਰ ਕੇ ਖਤਮ ਕਰ ਰਹੀ ਹੈ, ਯੂਰਪ ਦੀਆਂ ਕਈ ਹਕੂਮਤਾਂ ਦਾ ਅੰਤ ਹੋ ਚੁਕਾ ਹੈ ਪਰ ਹਿੰਦੁਸਤਾਨ ਵਿਚੋਂ ਗ਼ੈਰ ਮੁਲਕੀ ਹਕੂਮਤ ਖਤਮ ਹੋਣ ਵਿਚ ਈ ਨਹੀਂ ਆਉਂਦੀ ਤਦ ਮੈਂ ਹਿੰਦੁਸਤਾਨ ਵਿਚੋਂ ਨਸਣ ਦਾ ਨਿਸਚਾ ਕਰ ਲਿਆ। ਮੈਂ ਚਾਹੁੰਦਾ ਸਾਂ ਕਿ ਅੰਗਰੇਜ਼ਾਂ ਦੀ ਕਮਜ਼ੋਰੀ ਦਾ ਫਾਇਦਾ ਉਠਾਇਆ ਜਾਏ। ਮੇਰੀ ਦਿਲੀ ਇੱਛਾ ਸੀ ਕਿ ਮੌਜੂਦਾ ਸਮੇਂ ਤੋਂ ਲਾਭ ਉਠਾ ਕੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦਾ ਜਤਨ ਕਰਾਂ। ਮੇਰੀ ਰਾਏ ਵਿਚ ਹੁਣ ਸਮਾਂ ਆ ਗਿਆ ਏ ਕਿ ਬਾਹਰੋਂ ਫੌਜੀ ਹਮਲਾ ਕਰ ਕੇ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਬਾਹਰ ਕਢ ਦਿਤਾ ਜਾਏ।

ਇਹੋ ਜਿਹੀਆਂ ਕੋਸ਼ਸ਼ਾਂ ਯੂਰਪ ਦੇ ਕਈ ਹੋਰ ਮੁਲਕਾਂ ਵਿਚ ਵੀ ਹੋਈਆਂ ਹਨ। ਲੈਨਿਨ ਰੂਸ ਤੋਂ ਬਾਹਰ ਗਿਆ ਸੀ। ਡੀਵਲੇਰਾ ਨੂੰ ਆਇਰ ਲੈਂਡ ਛਡਣਾ ਪਿਆ ਸੀ। ਫਰਾਂਕੋ ਸਪੇਨ

ਬਾਹਰ ਗਿਆ ਸੀ । ਹੋਰ ਤੇ ਹੋਰ ਖੁਦ ਬਰਤਾਨੀਆਂ ਦੇ ਵਜ਼ੀਰ ਆਜ਼ਮ ਮਿਸਟਰ ਚਰਚਿਲ ਨੇ (ਜਦੋਂ ਜਰਮਨ ਫੌਜਾਂ ਉਸ ਦੇ ਦੇਸ਼ ਉਤੇ ਮਾਰੂ ਬੰਬਾਰੀ ਕਰ ਰਹੀਆਂ ਸਨ) ਐਲਾਨ ਕੀਤਾ ਕਿ ਉਹ ਗੌਰਮਿੰਟ ਨੂੰ ਅਮਰੀਕਾ ਲੈ ਜਾਇਗਾ ਅਤੇ ਉਥੋਂ ਆਪਣੇ ਦੇਸ਼ ਨੂੰ ਆਜ਼ਾਦ ਕਰਾਉਨ ਦੀ ਜਦੋ ਜਹਿਦ ਜਾਰੀ ਰਖੇਗਾ । ਮੈਂ ਵੀ ਏਸੇ ਤਰੀਕੇ ਉਤੇ ਵਰਤੋਂ ਕਰਨ ਦਾ ਜਤਨ ਕਰ ਰਿਹਾ ਹਾਂ । ਮੈਂ ਚਾਹੁੰਦਾ ਹਾਂ ਕਿ ਗ਼ੈਰ ਮੁਲਕਾਂ ਵਿਚਾਲੇ ਹਿੰਦੁਸਤਾਨੀਆਂ ਦੀ ਇਕ ਫੌਜ ਬਣਾਵਾਂ ਅਤੇ ਗ਼ੈਰ ਮੁਲਕਾਂ ਦੀਆਂ ਗੌਰਮਿੰਟਾਂ ਨਾਲ ਸੰਧੀਆਂ ਕਰ ਕੇ ਹਿੰਦੁਸਤਾਨ ਉਤੇ ਹਮਲਾ ਕਰ ਦਿਆਂ ।

ਆਵਾਜ਼ਾਂ "ਅਸੀਂ ਤਿਆਰ ਹਾਂ, ਜ਼ਿੰਦਾਬਾਦ ਹਿੰਦੁਸਤਾਨ !"

ਅਜ ੨੬ ਜਨਵਰੀ ਦਾ ਉਹੋ ਦਿਨ ਸਾਰੇ ਹਿੰਦੁਸਤਾਨ ਵਿਚ "ਆਜ਼ਾਦੀ ਦਿਨ" ਮਿਥ ਕੇ ਮਨਾਇਆ ਜਾਂਦਾ ਹੈ। ਆਪ ਨੂੰ ਪਤਾ ਹੋਵੇਗਾ ਕਿ ਸੰਨ ੧੯੨੯ ਵਿਚ ਜਦ ਕਾਂਗਰਸ ਦਾ ਸਾਲਾਨਾ ਸਮਾਗਮ ਲਾਹੌਰ ਵਿਚ ਰਾਵੀ ਦੇ ਕਿਨਾਰੇ ਹੋਇਆ ਸੀ ਤਦ ਅਸਾਂ ਆਪਣੇ ਦੇਸ ਦੀ ਮੁਕੰਮਲ ਆਜ਼ਾਦੀ ਦੀ ਮੰਗ ਕੀਤੀ ਸੀ। ਉਸੇ ਦਿਨ ਤੋਂ 'ਆਜ਼ਾਦੀ ਦਿਨ' ਹਰ ਸਾਲ ਮਨਾਇਆ ਜਾਂਦਾ ਹੈ ਅਤੇ ਕਰੋੜਾਂ ਹਿੰਦੁਸਤਾਨੀ ਆਜ਼ਾਦੀ ਦਾ ਪ੍ਰਣ ਪੜ੍ਹ ਕੇ ਆਪਣੇ ਦ੍ਰਿੜ ਨਿਸਚੇ ਨੂੰ ਪ੍ਰਗਟ ਕਰਦੇ ਹਨ । ਆਉ ਅਜ ਦੇ ਦਿਨ ਅਸੀਂ ਜਰਮਨੀ ਵਿਚ ਰਹਿਣ ਵਾਲੇ ਹਿੰਦੀ ਯੂਰਪ ਦੀ ਧਰਤੀ ਤੋਂ ਵੀ ਆਪਣੇ ਵਤਨ ਦੀ ਅਜ਼ਾਦੀ ਦਾ ਝੰਡਾ ਉਚਾ ਕਰੀਏ । ਆਉ, ਇਸ ਪਵਿਤ੍ਰ ਝੰਡੇ ਦੀ ਸੁਗੰਧ ਖਾ ਕੇ ਅੰਗਰੇਜ਼ਾਂ ਨੂੰ ਆਖ ਦਈਏ ਕਿ ਸਾਡੇ ਦੇਸ ਵਿਚੋਂ ਨਿਕਲ ਜਾਉ । ਸਾਡਾ ਅਤੇ ਉਹਨਾਂ ਦਾ ਹੁਣ ਕੋਈ ਸਬੰਧ ਨਹੀਂ ਰਿਹਾ। ਹੁਣ ਅਸੀਂ ਉਹਨਾਂ ਦੇ ਗੁਲਾਮ ਰਹਿਣਾ ਨਹੀਂ ਚਾਹੁੰਦੇ । ਮੈਂ ਫੈਸਲਾ ਕਰ ਲਿਆ ਹੈ ਕਿ "ਆਜ਼ਾਦ ਹਿੰਦ ਫੌਜ" ਬਣਾ ਕੇ ਹਿੰਦੁਸਤਾਨ ਤੋਂ ਅੰਗਰੇਜ਼ੀ ਇੰਪੀਰਲਿਜ਼ਮ ਨੂੰ ਟੁਕੜੇ ਟੁਕੜੇ ਕਰ ਕੇ ਬਾਹਰ ਕਢ

ਦਿਆਂ । ਮੇਰੇ ਅਜੀਜ਼ੋ, ਯਾਦ ਰਖੋ ! ਇਸ ਝੰਡੇ ਦੀ ਇਜ਼ਤ ਲਈ ਹਜ਼ਾਰਾਂ ਨੇ ਆਪਣੀਆਂ ਜਾਨਾਂ ਦਿਤੀਆਂ, ਲਾਠੀਆਂ ਸਹਾਰੀਆਂ ਅਤੇ ਗੋਲੀਆਂ ਨੂੰ ਆਪਣੇ ਸੀਨਿਆਂ ਉਤੇ ਲਿਆ । ਆਉ ਅਸੀਂ ਇਸ ਨੂੰ ਹੋਰ ਵੀ ਉੱਚਾ ਕਰੀਏ ਅਤੇ ਯੂਰਪ ਵਲੋਂ ਅਗੇ ਵਧਦੇ ਹੋਏ ਆਪਣੇ ਵਤਨ ਦੀ ਪਵਿਤ੍ਰ ਧਰਤੀ ਵਿਚ ਜਾ ਦਾਖਲ ਹੋਈਏ। ਆਪ ਦੀ ਸਹਾਇਤਾ ਨਾਲ ਹੀ ਮੈਂ "ਆਜ਼ਾਦ ਹਿੰਦ ਫੌਜ" ਦੀ ਨੀਂਹ ਅਜ ਬਰਲਿਨ ਵਿਚ ਰਖਣ ਲਗਾ ਹਾਂ।"

ਇਸ ਮੌਕੇ ਉਤੇ ਹਰ ਹਿਟਲਰ ਨੇ ਵੀ ਇਕ ਸੰਖੇਪ ਜਿਹੀ ਤਕਰੀਰ ਕੀਤੀ ਸੀ ਇਸ ਵਿਚ ਆਪ ਨੇ ਆਖਿਆ ਸੀ:-

"ਹਿਜ਼ ਐਕਸੀਲੈਂਸੀ ਸੁਭਾਸ਼ ਬੋਸ ਹਿੰਦੁਸਤਾਨ ਨੂੰ ਅੰਗਰੇਜ਼ਾਂ ਪਾਸੋਂ ਆਜ਼ਾਦ ਕਰਾਉਣਾ ਚਾਹੁੰਦੇ ਹਨ । ਜਰਮਨ ਗੌਰਮਿੰਟ ਨੇ ਇਹਨਾਂ ਨੂੰ ਪੂਰੀ ਪੂਰੀ ਸਹਾਇ੍ਤਾ ਦੇਣ ਦਾ ਭਰੋਸਾ ਦਵਾਇਆ ਹੈ। ਇਹਨਾਂ ਜੈਸਾ ਬਹਾਦਰ ਅਜ ਤੀਕ ਹਿੰਦੁਸਤਾਨ ਵਿਚ ਪੈਦਾ ਨਹੀਂ ਹੋਇਆ । ਮੈਨੂੰ ਨਿਸਚਾ ਹੈ ਕਿ ਜਦ ਹਿੰਦੁਸਤਾਨ ਆਜ਼ਾਦ ਹੋ ਜਾਏਗਾ ਤਦ ਫਿਰਕੂ ਮਤਭੇਦ ਆਪਣੇ ਆਪ ਮਿਟ ਜਾਣਗੇ । ਇਸ ਵੇਲੇ ਬਰਤਾਨਵੀ ਹਕੂਮਤ ਹਿੰਦੁਸਤਾਨ ਦੇ ਵਖ ਵਖ ਫਿਰਕਿਆਂ ਨੂੰ ਆਪੋ ਵਿਚ ਲੜਾ ਕੇ ਆਪਣਾ ਉਲੂ ਸਿਧਾ ਕਰ ਰਹੀ ਹੈ । ਪਰ ਆਜ਼ਾਦ ਹਿੰਦੁਸਤਾਨ ਇਹਨਾਂ ਝਗੜਿਆਂ ਤੋਂ ਰਹਿਤ ਹੋਵੇਗਾ । ਹਿਜ਼ ਐਕਸੀਲੈਂਸੀ ਸੁਭਾਸ਼ ਬੋਸ ਦੀ ਅਗਵਾਈ ਵਿਚ ਆਪ ਦੇ ਦੇਸ਼ ਦੀ ਗਿਣਤੀ ਦੁਨੀਆ ਦੀਆਂ ਵਡੀਆਂ ਵਡੀਆਂ ਤਾਕਤਾਂ ਵਿਚ ਹੋ ਜਾਏਗੀ। ਜੇ ਆਪ ਨੇ ਸੱਚੇ ਦਿਲ ਨਾਲ ਆਪਣੇ ਦੇਸ਼ ਨੂੰ ਆਜ਼ਾਦ ਕਰਾਉਨ ਦਾ ਜਤਨ ਕੀਤਾ ਤਾਂ ਉਹ ਦਿਨ ਦੂਰ ਨਹੀਂ ਜਦ ਆਪ ਦੇ ਦੇਸ਼ ਵਿਚ ਆਜ਼ਾਦੀ ਦਾ ਝੰਡਾ ਝੁਲਦਾ ਨਜ਼ਰ ਆਏਗਾ ਅਤੇ ਉਥੋਂ ਦਾ ਰਾਜ ਕਾਜ ਆਪ ਦੇ ਹੱਥਾਂ ਵਿਚ ਹੋਵੇਗਾ ।"

ਇਸ ਦੇ ਮਗਰੋਂ ਆਜ਼ਾਦ ਹਿੰਦ ਫੌਜ ਵਿਚ ਭਰਤੀ ਦਾ ਕੰਮ

ਸ਼ੁਰੂ ਹੋ ਗਿਆ । ਜਿਸ ਦਾ ਆਰੰਭ ਇਸ ਤਰ੍ਹਾਂ ਹੋਇਆ ਕਿ ਜੂਨ ਦੇ ਮਹੀਨੇ ਸੁਭਾਸ਼ ਬਾਬੂ ਨੇ ਬਰਲਿਨ ਵਿਚ ਸ਼ਹਿਰੀ ਤੇ ਫੌਜੀ ਹਿੰਦੀਆਂ ਨੂੰ ਇਕਠਾ ਕੀਤਾ । ਇਹਨਾਂ ਦਾ ਲੀਡਰ ਇਕ ਸਿਖ ਸੰਤ ਸਿੰਘ ਸੀ ਜੋ ਹਿੰਦੁਸਤਾਨੀ ਫੌਜ ਵਿਚ ਸੂਬੇਦਾਰ ਰਹਿ ਚੁਕਾ ਸੀ । ਸੁਭਾਸ਼ ਬਾਬੂ ਤੇ ਸੂਬੇਦਾਰ ਸੰਤ ਸਿੰਘ ਨੇ ਮਿਲ ਕੇ ਆਜ਼ਾਦ ਹਿੰਦ ਫੌਜ ਬਨਾਉਣ ਦਾ ਨਿਸਚਾ ਧਾਰਿਆ ਤੇ ਉਸ ਲਈ ਪਰੋਗਰਾਮ ਤੈ ਕੀਤਾ । ਇਸ ਨਵੇਂ ਪਰੋਗਰਾਮ ਦੀ ਪੂਰਤੀ ਲਈ ਕੁਛ ਦਿਨ ਮਗਰੋਂ ਸੁਭਾਸ਼ ਬਾਬੂ, ਸੂਬੇਦਾਰ ਸੰਤ ਸਿੰਘ, ਹਵਾਲਦਾਰ ਗੁਰਬਚਨ ਸਿੰਘ, ਹਵਾਲਦਾਰ ਗੁਰਮੁਖ ਸਿੰਘ ਅਤੇ ਤਿੰਨ ਸੌ ਸਿਵਲੀਅਨ ਆਦਮੀ ਐਨ ਬਰਗ ਵਿਚ ਜੰਗੀ ਕੈਦੀਆਂ ਦੇ ਕੈਂਪ ਵਿਚ ਗਏ । ਉਥੇ ਦੋ ਹਜ਼ਾਰ ਲਗ ਪਗ ਜੰਗੀ ਕੈਦੀ ਸਨ । ਪਹਿਲੇ ਤੇ ਉਹਨਾਂ ਨੇ ਸੁਭਾਸ਼ ਬਾਬੂ ਦੀ ਗਲ ਸੁਣਨ ਤੋਂ ਇਨਕਾਰ ਕਰ ਦਿਤਾ, ਪਰ ਜਦ ਸੂਬੇਦਾਰ ਸੰਤ ਸਿੰਘ ਨੇ ਉਹਨਾਂ ਨੂੰ ਸਹਿਜ ਨਾਲ ਸਾਰੀ ਗਲ ਬਾਤ ਸਮਝਾਈ ਤਦ ਉਹ ਸੁਭਾਸ਼ ਬਾਬੂ ਦਾ ਲੈਕਚਰ ਸੁਣਨ ਲਈ ਤਿਆਰ ਹੋਏ । ਸੁਭਾਸ਼ ਬਾਬੂ ਦੇ ਲੈਕਚਰ ਮਗਰੋਂ ਸੂਬੇਦਾਰ ਸੰਤ ਸਿੰਘ, ਹਵਾਲਦਾਰ ਗੁਰਬਚਨ ਸਿੰਘ ਅਤੇ ਹਵਾਲਦਾਰ ਗੁਰਮੁਖ ਸਿੰਘ ਨੇ ਆਪਣੇ ਆਪਣੇ ਆਦਮੀਆਂ ਨੂੰ ਸਮਝਾਇਆ ਕਿ ਉਹ ਆਜ਼ਾਦ ਹਿੰਦ ਫੌਜ ਵਿਚ ਸ਼ਾਮਲ ਹੋ ਜਾਣ । ਇਸ ਵਿਚੋਂ ਬਹੁਤ ਸਾਰੇ ਤੇ ਮੰਨ ਗਏ ਪਰ ਕੁਛ ਅਜੇ ਵੀ ਸਿਰ ਫੇਰਦੇ ਸਨ ।

ਇਸ ਤਰ੍ਹਾਂ ਦੇ ਜਤਨਾ ਦਾ ਫਲ ਇਹ ਨਿਕਲਿਆ ਕਿ ਆਜ਼ਾਦ ਹਿੰਦ ਫੌਜ ਵਿਚ ਪੰਜ ਹਜ਼ਾਰ ਜਵਾਨ ਭਰਤੀ ਹੋ ਗਏ ਤੇ ਹੁੰਦੇ ਹੁੰਦੇ ਇਹ ਗਿਣਤੀ ਚੰਦ ਦਿਨਾਂ ਤੀਕ ੧੨ ਹਜ਼ਾਰ ਤੀਕ ਅਪੜ ਗਈ । ਆਜ਼ਾਦ ਹਿੰਦ ਫੌਜ ਦਾ ਹੈਡ ਕੁਆਰਟਰ ਫਰੇਕਨ ਬਰਗ ਵਿਚ ਕਾਇਮ ਕੀਤਾ ਗਿਆ । ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਦ ਟਰੇਨਿੰਗ ਦਾ ਜ਼ਿੰਮਾ ਜਰਮਨ ਫੌਜ ਨੇ ਲਿਆ ਤੇ ਇਸ ਤਰ੍ਹਾਂ ਇਹ ਫੌਜ ਪੂਰੀ

ਤਰ੍ਹਾਂ ਸਖਲਾਈ ਪਾ ਕੇ ਜੰਗ ਲਈ ਤਿਆਰ ਹੋ ਗਈ । ਪਿਛੋਂ ਇਸ ਦੇ ਦੋ ਭਾਗ ਕਰ ਦਿਤੇ ਗਏ। ਇਕ ਕੁਆਇੰਗਨ ਬਰਗ ਵਿਚ ਹਵਾਲਦਾਰ ਗੁਰਬਚਨ ਸਿੰਘ ਅਤੇ ਗੁਰਮੁਖ ਸਿੰਘ ਦੀ ਕਮਾਨ ਹਠ ਰਖਿਆ ਗਿਆ ਅਤੇ ਦੂਜਾ ਭਾਗ ਸੂਬੇਦਾਰ ਸੰਤ ਸਿੰਘ ਦੀ ਕਮਾਨ ਵਿਚ ਫਰੈਂਕਨ ਬਰਗ ਵਿਚ ਹੀ ਰਹਿਣ ਦਿਤਾ ਗਿਆ।

ਆਜ਼ਾਦ ਹਿੰਦ ਫੌਜ ਦੀ ਇਕ ਬਰਾਂਚ ਇਟਲੀ ਵਿਚ ਵੀ ਖੋਲ੍ਹੀ ਗਈ ਸੀ। ਲੈਫਟੀਨੈਂਟ ਜਮੀਲ ਖਾਂ ਇਟਲੀ ਵਿਚ ਆਜ਼ਾਦ ਹਿੰਦ ਫੌਜ ਦੀ ਤਰਫੋਂ ਪ੍ਰਾਪੇਗੰਡਾ ਵਜ਼ੀਰ ਨਿਯਤ ਕੀਤੇ ਗਏ ਸਨ।

ਇਕ ਵਾਰ ਹਿਟਲਰ ਨੇ ਆਜ਼ਾਦ ਹਿੰਦ ਫੌਜ ਦੀ ਯੂਰਪੀਨੀ ਕਮਾਨ ਦੇ ਹੈਡ ਕੁਆਰਟਰ ਦਾ ਮੁਆਇਨਾ ਕੀਤਾ । ਇਸ ਕਮਾਨ ਵਿਚ ੬ ਬਟਾਲੀਅਨਾਂ ਸਨ। ਜਿਨ੍ਹਾਂ ਵਿਚ ੧੨ ਹਜ਼ਾਰ ਸਿਪਾਹੀ ਸਨ । ਹਰ ਹਿਟਲਰ ਸੁਭਾਸ਼ ਬਾਬੂ ਨਾਲ ਇਸ ਕਮਾਨ ਦੇ ਹੈਡ ਕੁਆਰਟਰ ਵਿਚ ਗਏ । ਮੁਆਇਨਾ ਕਰ ਚੁਕਣ ਮਗਰੋਂ ਹਿਟਲਰ ਨੇ ਜੋ ਤਕਰੀਰ ਕੀਤੀ ਉਸ ਵਿਚ ਉਸ ਨੇ ਜਰਮਨ ਸਿਪਾਹੀਆਂ ਨੂੰ ਸੰਬੋਧਨ ਕਰ ਕੇ ਆਖਿਆ:-

"ਇਕ ਗਲ ਚੇਤੇ ਰਖੋ ਮੇਰੇ ਜ਼ਿੰਮੇ ਕੇਵਲ ੮ ਕਰੋੜ ਜਰਮਨਾਂ ਦੇ ਲਾਭਾਂ ਤੇ ਹੱਕਾਂ ਦੀ ਰਖਿਆ ਦਾ ਕੰਮ ਹੈ ਪਰ ਹਿਜ਼ ਐਕਸੀਲੈਂਸੀ ਸੁਭਾਸ਼ ਬੋਸ ਨੇ ੪੦ ਕਰੋੜ ਹਿੰਦੁਸਤਾਨੀਆਂ ਦੇ ਹੱਕਾਂ ਦੀ ਰਾਖੀ ਦਾ ਹਲਫ ਲੈ ਰਖਿਆ ਹੈ । ਇਸ ਲਈ ਆਪ ਇਹਨਾਂ ਦਾ ਤੇ ਇਹਨਾਂ ਦੀ ਗੌਰਮਿੰਟ ਦੀ ਉਵੇਂ ਹੀ ਇਜ਼ਤ ਕਰੋ ਜਿਵੇਂ ਤੁਸੀਂ ਮੇਰੀ ਕਰਦੇ ਹੋ ਅਤੇ ਇਹਨਾਂ ਨਾਲ ਉਵੇਂ ਹੀ ਮਿਲਵਰਤਨ ਕਰੋ ਜਿਵੇਂ ਮੇਰੇ ਨਾਲ ।" ਫੀਲਡ ਮਾਰਸ਼ਲ ਰੁਮੇਲ ਨੇ ਵੀ ਇਕ ਵਾਰ ਆਜ਼ਾਦ ਹਿੰਦ ਫੌਜ ਦਾ ਮੁਆਇਨਾ ਕੀਤਾ ਤੇ ਮੁਆਇਨੇ ਮਗਰੋਂ ਉਸ ਦੀ ਪ੍ਰਸੰਸਾ ਕੀਤੀ ਸੀ।

ਜਰਮਨੀ ਵਿਚ ਕਿਆਮ ਦੇ ਦੌਰਾਨ ਵਿਚ ਸੁਭਾਸ਼ ਬਾਬੂ ਦੀ

ਮੁਲਾਕਾਤ ਫਲਸਤੀਨ ਦੇ ਮੁਫਤੀ ਆਜ਼ਮ ਨਾਲ ਵੀ ਹੋਈ। ਅਰਬ ਕੌਮ ਦੇ ਦਿਲ ਵਿਚ ਮੁਫਤੀ ਆਜ਼ਮ ਦੀ ਬੜੀ ਇਜ਼ਤ ਹੈ। ਉਨੀਂ ਦਿਨੀਂ ਉਹ ਵੀ ਯਹੂਦੀਆਂ ਤੇ ਅੰਗਰੇਜ਼ਾਂ ਵਿਰੁਧ ਜਰਮਨਾਂ ਦੀ ਸਹਾਇਤਾ ਪ੍ਰਾਪਤ ਕਰਨ ਲਈ ਜਰਮਨੀ ਗਏ ਹੋਏ ਸਨ। ਮੁਫਤੀ ਆਜ਼ਮ ਤੇ ਸੁਭਾਸ਼ ਇਕੋ ਮੰਤਵ ਲਈ ਆਪਣੇ ਦੇਸ ਛਡ ਚੁਕੇ ਸਨ। ਦੋਵਾਂ ਵਿਚਾਲੇ ਬੜਾ ਪ੍ਰੇਮ ਸੀ ਤੇ ਦੋਵੇਂ ਇਕ ਦੂਜੇ ਦੀਆਂ ਮੰਗਾਂ ਦੀ ਤਾਈਦ ਕਰਦੇ ਸਨ। ਮੁਫਤੀ ਆਜ਼ਮ ਨੇ ਕਈ ਵਾਰ ਜਰਮਨੀ ਤੇ ਇਟਲੀ ਦੇ ਰੇਡੀਉ ਸਟੇਸ਼ਨਾਂ ਉਤੇ ਹਿੰਦੁਸਤਾਨ ਦੇ ਮੁਸਲਮਾਨਾਂ ਨੂੰ ਸੰਬੋਧਨ ਕੀਤਾ ਜਿਸ ਵਿਚ ਹਿੰਦੀ ਮੁਸਲਮਾਨਾਂ ਨੂੰ ਅੰਗਰੇਜ਼ਾਂ ਦੇ ਖਿਲਾਫ ਹਿੰਦੁਸਤਾਨ ਦੀ ਜਦੋ ਜਿਹਦ ਆਜ਼ਾਦੀ ਵਿਚ ਪੂਰਾ ਪੂਰਾ ਹਿਸਾ ਲੈਣ ਦੀ ਅਪੀਲ ਕੀਤੀ।

ਕਿਹਾ ਜਾਂਦਾ ਹੈ ਕਿ ਜਿਸ ਵੇਲੇ ਸਟਾਲਿਨ ਗਰਾਡ ਦੀ ਖੂਨੀ ਜੰਗ ਲੜੀ ਜਾ ਰਹੀ ਸੀ ਤਦ ਸੁਭਾਸ਼ ਬਾਬੂ ਉਸ ਮਹਾਜ਼ ਉਤੇ ਗਏ ਸਨ ਤਾਂ ਜੁ ਆਮ ਹਾਲਾਤ ਦੀ ਸਹੀ ਰਫਤਾਰ ਦਾ ਅੰਦਾਜ਼ਾ ਲਾ ਸਕਣ। ਕਿਹਾ ਜਾਂਦਾ ਹੈ ਕਿ ਆਪ ਨੇ ਰੂਸ ਅਤੇ ਜਰਮਨੀ ਵਿਚਾਲੇ ਸਮਝੌਤਾ ਕਰਾਉਣ ਦਾ ਵੀ ਜਤਨ ਕੀਤਾ ਪਰ ਸਫਲ ਨਾ ਹੋ ਸਕੇ।

ਜਰਮਨੀ ਤੋਂ ਆਪ ਕਈ ਵਾਰ ਇਟਲੀ ਵਿਚ ਵੀ ਗਏ ਜਿਥੇ ਆਪ ਨੇ ਮਸੋਲਿਨੀ ਅਤੇ ਆਪ ਦੇ ਜਵਾਈ ਕਾਊਂਟ ਚਿਆਨੋ ਦਸੌਰੀ ਵਜ਼ੀਰ ਨਾਲ ਮੁਲਾਕਾਤਾਂ ਵੀ ਕੀਤੀਆਂ। ਕਾਊਂਟ ਚਿਆਨੋ ਦੀ ਜੋ ਡਾਇਰੀ ਪਿਛੋਂ ਇਤਾਲਵੀਆਂ ਦੇ ਹਥ ਲਗੀ ਉਸ ਵਿਚ ਇਕ ਥਾਂ ਦਰਜ ਹੈ-"ਹਿੰਦੁਸਤਾਨ ਦੇ ਇਨਕਲਾਬ ਪਸੰਦ ਲੀਡਰ ਸੁਭਾਸ਼ ਚੰਦਰ ਬੋਸ ਉਹਨਾਂ ਨੂੰ ਮਿਲੇ। ਉਹਨਾਂ ਨੇ ਇਸ ਗਲੇ ਸਖਤ ਨਾਰਾਜ਼ਗੀ ਪ੍ਰਗਟ ਕੀਤੀ ਕਿ ਹੁਣ ਤੀਕ ਹਿੰਦੁਸਤਾਨ ਦੀ ਆਜ਼ਾਦੀ ਦੇ ਐਲਾਨ ਨੂੰ ਕਿਉਂ ਪਿਛੇ ਪਾ ਰਖਿਆ ਹੈ।"

ਜਰਮਨ ਅਫਸਰਾਂ ਤੇ ਹਿੰਦੁਸਤਾਨੀਆਂ ਦੇ ਸੰਬੰਧ ਬੜੇ ਚੰਗੇ

ਸਨ, ਇਸੇ ਦੌਰਾਨ ਵਿਚ ਚਾਰ ਸਿਖਾਂ ਨੇ ਕੇਸ, ਦਾਹੜੀ ਕਤਲ ਕਰਵਾ ਦਿਤੇ । ਇਸ ਸੰਬੰਧੀ ਬੋਸ ਜੀ ਪਾਸ ਸ਼ਕਾਇਤ ਕੀਤੀ ਗਈ ਤੇ ਨਾਲ ਹੀ ਬਾਕੀ ਸਿਖਾਂ ਨੇ ਪਰੋਟੈਸਟ ਵਜੋਂ ਅਸਤੀਫ਼ੇ ਦੇ ਕੇ ਲਿਖਿਆ ਕਿ ਜੇ ਨੇਤਾ ਜੀ ਨੇ ਇਨ੍ਹਾਂ ਚੋਹਾਂ ਵਿਰੁਧ ਕੋਈ ਐਕਸ਼ਨ ਨਾ ਲਿਆ ਤਾਂ ਉਨ੍ਹਾਂ ਦੇ ਅਸਤੀਫ਼ੇ ਮਮਝੇ ਜਾਣ ਤੇ ਨਾਲ ਹੀ ਜਰਮਨ ਅਫਸਰ ਨੇ ਇਸ ਕੰਪਣੀ ਨੂੰ ਤੋੜ ਦੇਣ ਦਾ ਫੈਸਲਾ ਕਰ ਲਿਆ ਤੇ ਕਿਹਾ ਕਿ ਜਦ ਸਿਖ ਹੀ ਅਸਤੀਫ਼ੇ ਦੇ ਰਹੇ ਹਨ ਤੇ ਉਹ ਸਿਖਾਂ ਬਿਨਾਂ ਇਸ ਕੰਪਣੀ ਤੇ ਕਮਾਨ ਨਹੀਂ ਕਰਨੀ ਚਾਹੁੰਦਾ । ਉਸ ਨੇ ਕਿਹਾ ਕਿ ਸਿਖ ਹੀ ਬਹਾਦਰ ਕੌਮ ਹੈ । ਨੇਤਾ ਜੀ ਨੂੰ ਸਿਖਾਂ ਸਾਹਮਣੇ ਝੁਕਣਾ ਪਿਆ ਤੇ ਐਲਾਨ ਕੀਤਾ ਕਿ ਅਗੋਂ ਨੂੰ ਜੋ ਸਿਖ ਕੇਸ ਆਦਿ ਕਤਲ ਕਰਾਇਗਾ ਉਸ ਨੂੰ ਸਖਤ ਸਜ਼ਾ ਦਿਤੀ ਜਾਇਗੀ ।

ਇਹਨਾਂ ਹੀ ਦਿਨਾਂ ਵਿਚ ਆਜ਼ਾਦ ਹਿੰਦ ਫੌਜ ਦਾ ਨਾਹਰਾ "ਜੈ ਹਿੰਦ" ਕਾਇਮ ਕੀਤਾ ਗਿਆ । ਜੁਲਾਈ ੧੯੪੨ ਵਿਚ ਇਸ ਆਜ਼ਾਦ ਹਿੰਦ ਫੌਜ ਦੇ ਦੋ ਹਿਸੇ ਕਰ ਦਿਤੇ ਗਏ । ਇਸ ਵੇਲੇ ਇਸ ਫੌਜ ਦੀ ਤਾਦਾਦ ਤਿੰਨ ਹਜ਼ਾਰ ਦੇ ਕਰੀਬ ਹੋ ਗਈ ਸੀ। ਇਕ ਹਿਸਾ ਇੰਨਤਬਰਗ ਵਿਖੇ ਰਸਾਲਦਾਰ ਗੁਰਬਚਨ ਸਿੰਘ ਤੇ ਗੁਰਮੁਖ ਸਿੰਘ ਦੀ ਕਮਾਨ ਹੇਠ ਰਖਿਆ ਗਿਆ ਤੇ ਦੂਜਾ ਹਿਸਾ ਫਰਨੈਕਨ ਬਰਗ ਵਿਖੇ ਸੂਬੇਦਾਰ ਸੰਤ ਸਿੰਘ ਜੀ ਦੀ ਕਮਾਨ ਹੇਠ ਰਿਹਾ ।

ਭਰਤੀ ਦਾ ਸਿਲਸਿਲਾ ਜਾਰੀ ਰਿਹਾ ੧੯੪੩ ਦੀ ਵਿਸਾਖੀ ਵਾਲੇ ਦਿਨ ਸਿਖਾਂ ਨੇ ਭਾਰੀ ਦੀਵਾਨ ਕੀਤਾ ਤੇ ਸਫਲਤਾ ਲਈ ਅਰਦਾਸੇ ਹੋਏ, ਇਸ ਵਿਚ ਬੋਸ ਜੀ ਤੇ ਹੋਰ ਸਰਕਰਦਾ ਅਫਸਰਾਂ ਨੇ ਮਿਲ ਕੇ ਕੜਾਹ ਪ੍ਰਸ਼ਾਦ ਤੇ ਗੁਰੂ ਕਾ ਲੰਗਰ ਵੀ ਛਕਿਆ ਤੇ ਸਭ ਨੇ ਕਸਮਾਂ ਖਾਧੀਆਂ ਕਿ ਹਿੰਦੁਸਤਾਨ ਦੀ ਆਜ਼ਾਦੀ ਲਈ ਜਦੋ-ਜਹਿਦ ਜਾਰੀ ਰਖੀ ਜਾਇਗੀ ।

ਲਖਨਊ ਦੀ ਸਥਾਨਕ ਆਜ਼ਾਦ ਹਿੰਦ ਫੌਜ ਰੀਲੀਫ ਕਮੇਟੀ

ਦੇ ਦਫ਼ਤ੍ਰ ਵਿਚ ਆਜ਼ਾਦ ਹਿੰਦ ਫੌਜ ਦੇ ਰਿਹਾ ਹੋਏ ਸਿਪਾਹੀਆਂ ਨਾਲ ਗਲ ਬਾਤ ਕਰਨ ਤੋਂ ਜਰਮਨੀ ਦੀ ਆਜ਼ਾਦ ਹਿੰਦ ਫੌਜ ਸੰਬੰਧੀ ਕਈ ਹੋਰ ਭੇਤ ਖੁਲ੍ਹੇ ਹਨ। ਇਹਨਾਂ ਸਿਪਾਹੀਆਂ ਦੇ ਬਿਆਨ ਦੇ ਮੁਤਾਬਕ ੨੬ ਜਨਵਰੀ ੧੯੪੨ ਨੂੰ ਸੁਭਾਸ਼ ਬਾਬੂ ਦੇ ਜਰਮਨੀ ਵਿਚ ਆਉਣ ਉਤੇ ੧੫੦੦ ਹਿੰਦੁਸਤਾਨੀਆਂ ਦੀ ਆਜ਼ਾਦ ਹਿੰਦ ਫੌਜ ਦੀ ਨੀਂਹ ਰਖੀ ਗਈ। ਜਰਮਨਾਂ ਨੇ ਇਸ ਫੌਜ ਨੂੰ "ਫਰੇਂਡ ਇੰਡੀਅਨ" ਦਾ ਨਾਮ ਦਿਤਾ। ਹੋਲੀ ਹੋਲੀ ਇਸ ਫੌਜ ਦੀ ਗਿਣਤੀ ਵਧਦੀ ਗਈ। ਇਸ ਫੌਜ ਵਿਚ ਇਕ ਬ੍ਰੀਗੇਡ ਸੀ ਜਿਸ ਦੀਆਂ ੧੫ ਕੰਪਣੀਆਂ ਸਨ। ਹਰ ਕੰਪਣੀ ਵਿਚ ੩੫੦੦ ਸਿਪਾਹੀ ਸਨ। ਹਰ ਕੰਪਣੀ ਵਿਚ ਤਿੰਨ ਛੋਟੇ ਛੋਟੇ ਦਸਤੇ ਅਤੇ ਇਕ ਵਡਾ ਦਸਤਾ ਹੁੰਦਾ ਸੀ। ਇਕ ਸਫਰਮੈਨ ਦਸਤਾ ਸੀ, ਇਕ ਵਡਾ ਐਂਟੀਰਾਨ ਦਸਤਾ ਸੀ, ਇਕ ਰਿਸਾਲੇ ਦਾ ਦਸਤਾ ਸੀ ਅਤੇ ਇਕ ਹਿੰਦੁਸਤਾਨੀ ਤੋਪਚੀਆਂ ਦਾ ਦਸਤਾ। ਆਜ਼ਾਦ ਹਿੰਦ ਫੌਜ ਨੂੰ ਹਾਲੈਂਡ ਵਿਚ ਬਤੌਰ ਪਹਿਲੀ ਹਿਫਾਜ਼ਤੀ ਲਾਈਨ ਵਿਚ ਨਿਯਤ ਕੀਤਾ ਗਿਆ। ਇਕ ਬਟਾਲੀਅਨ ਨਕਸਾਲ ਦੇ ਟਾਪੂ ਵਿਚ ਸੀ ਜਿਥੇ ਉਹਨੇ ਸਮੁੰਦਰੀ ਜੰਗ ਵਿਚ ਹਿਸਾ ਲਿਆ। ਪਿਛੋਂ ਇਸ ਨੂੰ ਦਖਣੀ ਫਰਾਂਸ ਤੇ ਲਮੇਰੁਕਲੇ ਦੇ ਇਲਾਕੇ ਵਿਚ ਭੇਜ ਦਿਤਾ ਗਿਆ। ਏਥੇ ਕੁਛ ਫੌਜ ਤੇ ਪਸਪਾ ਹੋ ਗਈ ਅਤੇ ਕੁਛ ਨੇ ਹਥਿਆਰ ਰਖ ਦਿਤੇ।

ਇਹਨਾਂ ਵਿਚ ਇਕ ਬਟਾਲੀਅਨ ਲੈਫਟੀਨੈਂਟ ਜਸਵੰਤ ਸਿੰਘ ਦੀ ਕਮਾਨ ਹੇਠ ਸੀ। ਭਾਵੇਂ ਆਜ਼ਾਦ ਹਿੰਦ ਫੌਜੀਆਂ ਨੂੰ ਜੰਗ ਦੇ ਵਖ ਵਖ ਮੋਰਚਿਆਂ ਉਤੇ ਭੇਜਿਆ ਗਿਆ ਸੀ ਫੇਰ ਵੀ ਨੇਤਾ ਜੀ ਵਲੋਂ ਜਰਮਨ ਹਕੂਮਤ ਨੂੰ ਖਾਸ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਉਹ ਹਿੰਦੀ ਸਿਪਾਹੀਆਂ ਨੂੰ ਦੂਰ ਜੰਗ ਵਿਚ ਨ ਭੇਜੇ। ਸਗੋਂ ਉਥੇ ਹੀ ਉਹਨਾਂ ਨੂੰ ਜੰਗ ਦੀ ਸਿਖਿਆ ਦੇਵੇ। ਆਜ਼ਾਦ ਹਿੰਦ ਗੌਰਮਿੰਟ ਨੇ ਇਹ ਹਦਾਇਤ ਜਾਰੀ ਕਰ ਰਖੀ ਸੀ ਕਿ ਆਜ਼ਾਦ

ਫੌਜ ਦਾ ਕੋਈ ਮੈਂਬਰ ਐਂਗਲੋ ਅਮਰੀਕਨ ਫੌਜਾਂ ਤੋਂ ਛੁਟ ਕਿਸੇ ਹੋਰ ਦੇ ਵਿਰੁਧ ਨ ਲੜੇ। ਇਹੋ ਕਾਰਨ ਸੀ ਕਿ ਰੂਸੀ ਮਹਾਜ਼ ਉਤੇ ਆਜ਼ਾਦ ਹਿੰਦ ਫੌਜ ਦੇ ਕਿਸੇ ਦਸਤੇ ਨੂੰ ਨ ਭੇਜਿਆ ਗਿਆ। ਆਜ਼ਾਦ ਹਿੰਦ ਗੌਰਮਿੰਟ ਹਰ ਲਿਹਾਜ਼ ਨਾਲ ਇਕ ਆਜ਼ਾਦ ਗੋਰਮਿੰਟ ਸੀ, ਇਥੋਂ ਤੀਕ ਕਿ ਹਿਟਲਰ ਨੂੰ ਵੀ ਉਸ ਉਤੇ ਕੋਈ ਅਧਿਕਾਰ ਨਹੀਂ ਸੀ। ਇਸ ਵਿਚ ਹੇਠ ਲਿਖੇ ਸਿਰਕਢ ਮੈਂਬਰ ਸਨ। (੧) ਮਿਸਟਰ ਹਸਨ ਜਿਹੜੇ ਆਜ਼ਾਦ ਹਿੰਦ ਫੌਜ ਵਿਚ ਆਫੀਸਰ ਅਤੇ ਬਰਤਾਨਵੀ ਹਿੰਦੀ ਫੌਜ ਵਿਚ ਐਨ. ਸੀ. ਓ. ਸਨ। (੨) ਜਮੀਲ ਖਾਨ ਲੈਫਟੀਨੈਂਟ ਸਨ। ਜਿਸ ਨੂੰ ਇਟਲੀ ਵਿਚ ਵਜ਼ੀਰ ਪ੍ਰਾਪੇਗੰਡਾ ਮੁਕਰਰ ਕਰ ਰਖਿਆ ਸੀ। ਜੋ ਪਿਛੋਂ ਬਹਾਦਰ ਗੜ੍ਹ ਕੈਂਪ ਵਿਚ ਨਜ਼ਰ ਬੰਦ ਰਹੇ। (੩) ਗੁਰਬਚਨ ਸਿੰਘ ਲੈਫਟੀਨੈਂਟ ਇਹ ਵੀ ਪ੍ਰਾਪੇਗੰਡੇ ਦਾ ਕੰਮ ਕਰਦੇ ਸਨ। (੪) ਲੈਫਟੀਨੈਂਟ ਅਲੀ ਖਾਂ ਜੋ ਅਗਸਤ ੧੯੪੦ ਵਿਚ ਆਜ਼ਾਦ ਫਰਾਂਸੀਸੀਆਂ ਵਿਰੁਧ ਜੰਗ ਕਰਦੇ ਕਰਦੇ ਮਾਰੇ ਗਏ। (੫) ਡਾਕਟਰ ਅਸਹਾਕ ਤੇ ਭਟਨਾਗਰ ਇਹ ਵੀ ਪਿਛੋਂ ਬਹਾਦਰ ਗੜ੍ਹ ਕੈਂਪ ਵਿਚ ਨਜ਼ਰ ਬੰਦ ਰਹੇ। ਹਵਾਲਦਾਰ ਮੇਜਰ ਗੁਰਮੁਖ ਸਿੰਘ ਇਹ ਵੀ ਪਿਛੋਂ ਬਹਾਦਰ ਗੜ੍ਹ ਕੈਂਪ ਵਿਚ ਨਜ਼ਰ ਬੰਦ ਰਹੇ।

ਜਰਮਨ ਗੌਰਮਿੰਟ ਨੇ ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਨੂੰ ਜਰਮਨ ਲੜਕੀਆਂ ਨਾਲ ਸ਼ਾਦੀ ਕਰਨ ਦੀ ਆਗਿਆ ਦੇ ਰਖੀ ਸੀ। ਕੁਛ ਸਿਪਾਹੀਆਂ ਨੇ ਜਰਮਨ ਲੜਕੀਆਂ ਨਾਲ ਵਿਆਹ ਵੀ ਕਰਾ ਲਏ ਸਨ ਪਰ ਉਹ ਉਹਨਾਂ ਨੂੰ ਜਰਮਨੀ ਤੋਂ ਬਾਹਰ ਨਹੀਂ ਸਨ ਲਿਜਾ ਸਕਦੇ।

## ੭

# ਪੂਰਬ ਦੀ ਆਜ਼ਾਦ ਹਿੰਦ ਫੌਜ

ਸੁਭਾਸ਼ ਬਾਬੂ ਯੂਰਪ ਦੀ ਆਜ਼ਾਦ ਹਿੰਦ ਫੌਜ ਨੂੰ ਅਜੇ ਪੂਰੀ ਤਰ੍ਹਾਂ ਮੁਕੰਮਲ ਵੀ ਨਹੀਂ ਸਨ ਕਰ ਸਕੇ ਕਿ ਹਕੂਮਤ ਜਾਪਾਨ ਨੇ ਜਰਮਨ ਗੌਰਮਿੰਟ ਪਾਸ ਦਰਖਾਸਤ ਭੇਜੀ ਕਿ ਸੁਭਾਸ਼ ਚੰਦਰ ਬੋਸ ਨੂੰ ਧੁਰ ਪੂਰਬ ਵਿਚ ਭੇਜ ਦਿਤਾ ਜਾਏ ਕਿਉਂਕਿ ਉਥੇ ਆਜ਼ਾਦ ਹਿੰਦ ਫੌਜ ਦੇ ਲੱਖਾਂ ਹਿੰਦੀ ਉਹਨਾਂ ਦੀ ਲੀਡਰੀ ਲਈ ਬੇ-ਸਬਰੇ ਹੋ ਰਹੇ ਹਨ। ਜਨਰਲ ਟੋਜੋ ਨੇ ਸੁਭਾਸ਼ ਬਾਬੂ ਨੂੰ ਧੁਰ ਪੂਰਬ ਵਿਚ ਭੇਜਣ ਲਈ ਹਰ ਹਿਟਲਰ ਪਾਸ ਜ਼ਾਤੀ ਤੌਰ ਉਤੇ ਦਰਖਾਸਤ ਭੇਜੀ। ਸ੍ਰੀ ਸੁਭਾਸ਼ ਬਾਬੂ ਪਹਿਲੇ ਤੇ ਆਜ਼ਾਦ ਹਿੰਦ ਫੌਜ ਦੇ ਕੰਮ ਨੂੰ ਵਿਚੇ ਛਡ ਕੇ ਜਾਣ ਲਈ ਰਾਜ਼ੀ ਹੋ ਗਏ ਪਰ ਫੇਰ ਉਹਨਾਂ ਨੇ ਮਹਿਸੂਸ ਕੀਤਾ ਧੁਰ ਪੂਰਬ ਵਿਚ ਉਹਨਾਂ ਦੇ ਮਿਸ਼ਨ ਦੀ ਸਫਲਤਾ ਦੀ ਬੜੀ ਵਡੀ ਸੰਭਾਵਨਾ ਹੈ।

ਉਥੇ ਉਹਨਾਂ ਦੀ ਦਿਲੀ ਇੱਛਾ ਦੇ ਪੂਰਨ ਹੋਣ ਦੀਆਂ ਬੇਅੰਤ ਸਹੂਲਤਾਂ ਹਾਸਲ ਹੋਣਗੀਆਂ ਇਸ ਲਈ ਸੁਭਾਸ਼ ਬਾਬੂ ਨੇ ਜਰਮਨ ਗੌਰਮਿੰਟ ਦੇ ਰਾਹੀਂ ਜਾਪਾਨੀ ਸਰਕਾਰ ਨੂੰ ਖਬਰ ਭੇਜ ਦਿਤੀ ਕਿ ਉਹ ਛੇਤੀ ਧੁਰ ਪੂਰਬ ਵਲ ਰਵਾਨਾ ਹੋ ਜਾਣਗੇ।

ਆਪ ਨੇ ਪੂਰਬ ਵਲ ਚਾਲੇ ਪਾਉਣ ਦੀ ਤਿਆਰੀ ਸ਼ੁਰੂ ਕਰ ਦਿਤੀ। ਰਵਾਨਗੀ ਤੋਂ ਪਹਿਲੇ ਆਪ ਨੇ ਆਜ਼ਾਦ ਹਿੰਦ ਫੌਜ ਵਾਲਿਆਂ ਦੇ ਰੂ ਬਰੂ ਇਕ ਤਕਰੀਰ ਕੀਤੀ। ਉਹਨਾਂ ਨੂੰ ਆਪਣੇ ਅਧੂਰੇ ਮਿਸ਼ਨ ਦੀ ਪੂਰਨਤਾ ਲਈ ਕੰਮ ਜਾਰੀ ਰਖਣ ਦੀ ਹਦੈਤ ਕੀਤੀ ਅਤੇ ਆਖਿਆ ਜੋ ਪੂਰਬ ਵਿਚ ਫੌਜਾਂ ਲਿਜਾਨ ਦਾ ਪ੍ਰਬੰਧ ਹੋ ਗਿਆ ਤਦ ਮੈਂ ਆਪ ਸਭ ਨੂੰ ਉਥੇ ਮੰਗਵਾ ਲਵਾਂਗਾ। ਜਾਣ ਦਾ ਫੈਸਲਾ ਮੈਂ ਇਸ ਲਈ ਕੀਤਾ ਹੈ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਹੀ ਅਸੀਂ ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿਚੋਂ ਬਾਹਰ ਕਢ ਸਕਦੇ ਹਾਂ। ਮੇਰੀ ਜ਼ਿੰਦਗੀ ਦਾ ਇਹੋ ਮਿਸ਼ਨ ਹੈ ਤੇ ਜਦ ਤੀਕ ਇਹ ਪੂਰਾ ਨਹੀਂ ਹੋ ਜਾਂਦਾ ਮੈਂ ਕਦੇ ਵੀ ਚੈਨ ਨਾਲ ਬੈਠ ਨਹੀਂ ਸਕਦਾ। ਇਸ ਤ ੍ਹਾਂ ਆਜ਼ਾਦ ਹਿੰਦ ਫੌਜ ਵਾਲਿਆਂ ਨੂੰ ਦਲਾਸਾ ਦੇ ਕੇ ਆਪ ਓਹਨਾਂ ਤੋਂ ਵਿਦਾਅ ਹੋਏ।

ਸਫਰ ਦੀ ਤਿਆਰੀ ਮੁਕੰਮਲ ਹੋਣ ਮ ਾਰੋਂ ਆਪ ਲੈਫਟੀਨੈਂਟ ਕਰਨਲ ਮੁਹੰਮਦ ਹੁਸੈਨ ਅਤੇ ਮੇਜਰ ਆਬਿਦ ਹੁਸੈਨ ਆਦਕ ਕੁਛ ਸਾਥੀਆਂ ਸਮੇਤ ਇਕ ਆਬਦੋਜ਼ ਕਿਸ਼ਤੀ ਰਾਹੀਂ ਬਰਲਿਨ ਤੋਂ ਟੋਕੀਓ ਵਲ ਰਵਾਨਾ ਹੋ ਗਏ। ਮੇਜਰ ਆਬਿਦ ਹੁਸੈਨ ਬਤੌਰ ਨੇਤਾ ਜੀ ਦੇ ਪਰਸਨਲ ਸੈਕਟਰੀ ਦੇ ਆਪ ਦੇ ਨਾਲ ਬਰਲਿਨ ਤੋਂ ਸੁਮਾਟਰਾ ਤੀਕ ਆਏ ਸਨ। ਉਹਨਾਂ ਨੇ ਇਸ ਖਤਰੇ ਭਰਪੂਰ ਸਮੁੰਦਰੀ ਸਫਰ ਦੀ ਜੋ ਦਾਸਤਾਨ ਬਿਆਨ ਕੀਤੀ ਉਹ ਇਸ ਤਰ੍ਹਾਂ ਹੈ :-

ਬਰਲਿਨ ਤੋਂ ਲੈ ਕੇ ਸੁਮਾਟਰਾ ਤੀਕ ਦੇ ਸਫਰ ਵਿਚ ਸਾਨੂੰ ਪੂਰੇ ਤਿੰਨ ਮਹੀਨੇ ਲਗ ਗਏ। ਇਸ ਸਫਰ ਦਾ ਇਕ ਇਕ ਖਿਣ ਖਤਰੇ ਨਾਲ ਭਰਪੂਰ ਸੀ। ਸਾਡੇ ਪਾਸ ਦੋ ਡੁਬਕਣੀਆਂ ਸਨ। ਇਕ ਜਰਮਨਾਂ ਦੀ

ਸੀ ਅਤੇ ਦੂਜੀ ਜਾਪਾਨੀਆਂ ਦੀ। ਸਫਰ ਵਿਚ ਇਸ ਲਈ ਦੇਰੀ ਹੋ ਗਈ ਕਿਉਂਕਿ ਸਾਰਾ ਦਿਨ ਪਾਨੀ ਦੇ ਅੰਦਰ ਰਹਿੰਦੇ ਸਾਂ ਅਤੇ ਕੇਵਲ ਰਾਤ ਵੇਲੇ ਸਫਰ ਕਰਦੇ ਸਾਂ। ਅਤਲਾਂਤਕ ਸਾਗਰ ਵਿਚ ਅਸੀਂ ਬੜੀ ਮੁਸ਼ਕਲ ਨਾਲ ਬਚੇ। ਜਦ ਇਕ ਦਿਨ ਸਾਡੀ ਡੁਬਕਣੀ ਗਲਤੀ ਨਾਲ ਦਿਨ ਵੇਲੇ ਪਾਣੀ ਦੀ ਤੈਹ ਉਤੇ ਆ ਗਈ ਤਦ ਵੈਰੀ ਦੇ ਇਕ ਜਹਾਜ਼ ਨੇ ਉਸ ਨੂੰ ਵੇਖ ਲਿਆ। ਉਹ ਜਹਾਜ਼ ਆਪਣੀ ਪੂਰੀ ਰਫਤਾਰ ਨਾਲ ਸਾਡੀ ਕਿਸ਼ਤੀ ਵਲੇ ਆਇਆ। ਸਾਡੀ ਡੁਬਕਨੀ ਨੂੰ ਪਾਣੀ ਦੇ ਥਲੇ ਜਾਣ ਵਿਚ ਕੁਛ ਸਮਾਂ ਲਗ ਗਿਆ ਪਰ ਸਾਡੇ ਚੰਗੇ ਭਾਗਾਂ ਨੂੰ ਅਜੇ ਉਹ ਜਹਾਜ਼ ਸਾਥੋਂ ਥੋੜੇ ਜਿਹੇ ਗਜ਼ਾਂ ਦੀ ਵਿਥ ਉਤੇ ਸੀ ਕਿ ਅਸੀਂ ਪਾਣੀ ਦੇ ਹੇਠਾਂ ਚਲੇ ਗਏ ਅਤੇ ਇਸ ਤਰ੍ਹਾਂ ਨਿਸ਼ਚੇ ਕਰਕੇ ਤਬਾਹੀ ਤੋਂ ਬਚ ਗਏ। ਇਸੇ ਤਰ੍ਹਾਂ ਖਤਰਿਆਂ ਦਾ ਟਾਕਰਾ ਕਰਦੇ ਕਰਦੇ ਤਿੰਨਾਂ ਮਹੀਨਿਆਂ ਵਿਚ ਸੁਮਾਟਰਾ ਪਹੁੰਚੇ।

ਬਰਲਿਨ ਵਿਚੋਂ ਰਵਾਨਗੀ ਤੋਂ ਪਹਿਲੇ ਸੁਭਾਸ਼ ਬਾਬੂ ਨੇ ਇਕ ਬ੍ਰਾਡਕਾਸਟ ਕੀਤਾ ਜਿਸ ਵਿਚ ਆਪ ਨੇ ਦਸਿਆ ਕਿ ਸਾਡਾ ਦੁਨੀਆਂ ਵਿਚ ਇਕੋ ਇਕ ਵੈਰੀ ਬਰਤਾਨਵੀ ਇੰਪੀਰੀਲਜ਼ਮ ਹੈ। ਜੇ ਹੁਣ ਵੀ ਉਸ ਨੂੰ ਫਤਹ ਹੋ ਗਈ ਤਦ ਸਾਡੀ ਗੁਲਾਮੀ ਸਦਾ ਲਈ ਪੁਖਤਾ ਹੋ ਜਾਇਗੀ। ਬਰਤਾਨਵੀ ਸਲਤਨਤ ਦੇ ਦੂਰ ਦਰਾਡੇ ਇਲਾਕੇ ਬਰਤਾਨੀਆਂ ਦੇ ਕਬਜ਼ੇ ਵਿਚੋਂ ਨਿਕਲ ਕੇ ਆਜ਼ਾਦ ਹੋ ਚੁਕੇ ਹਨ; ਮਾਂਡਲੇ ਉਤੇ ਵੀ ਜਾਪਾਨੀਆਂ ਦਾ ਕਬਜ਼ਾ ਹੋ ਚੁਕਾ ਹੈ ਤੇ ਸਾਰੇ ਬਰਮਾਂ ਵਿਚੋਂ ਬਰਤਾਨਵੀ ਫੋਜਾਂ ਨਿਕਲ ਗਈਆਂ ਹਨ। ਵੇਲਾ ਹੈ ਤੁਸੀਂ ਆਪਣੇ ਆਪ ਨੂੰ ਤਿਆਰ ਕਰ ਲਓ। ਦੇਸ਼ ਨੂੰ ਆਜ਼ਾਦ ਕਰਾਉਨ ਦੇ ਇਸ ਮੌਕੇ ਨੂੰ ਹਥੋਂ ਨ ਜਾਣ ਦਿਉ। ਹੁਣ ਹਿੰਦੁਸਤਾਨ ਦੀ ਆਖਰੀ ਜੰਗਿ ਆਜ਼ਾਦੀ ਲੜੀ ਜਾਇਗੀ ਇਸ ਲਈ ਇਸ ਅੰਤਮ ਜਦੋ ਜਿਹਦ ਲਈ ਤੁਰਤ ਤਿਆਰੀ ਕਰ ਲਓ।"

ਇਸ ਤਰ੍ਹਾਂ ਸੁਭਾਸ਼ ਬਾਬੂ ਦਾ ਸਮੁੰਦਰੀ ਸਫਰ ਖਤਮ ਹੋਇਆ।

ਦੇਰੀ ਦਾ ਇਕ ਕਾਰਨ ਇਹ ਸੀ ਕਿ ਆਪ ਦੀ ਡੁਬਕਣੀ ਨੂੰ ਅਫਰੀਕਾ ਦੇ ਗਿਰਦ ਚਕਰ ਲਾ ਕੇ ਸਫਰ ਕਰਨਾ ਪਿਆ, ਕਿਉਂਕਿ ਰੋਮ ਸਾਗਰ ਵਾਲਾ ਰਸਤਾ ਇਤਿਹਾਦੀਆਂ ਦੇ ਕਬਜ਼ੇ ਵਿਚ ਹੋਣ ਕਰਕੇ ਖਤਰਨਾਕ ਸੀ। ਆਖਰ ਸਭ ਕਠਨਾਈਆਂ ਨੂੰ ਪਾਰ ਕਰਕੇ ਡੁਬਕਣੀ ਕਿਸ਼ਤੀ ੨੦ ਜੂਨ ਨੂੰ ਜਾਪਾਨ ਦੀ ਰਾਜ ਧਾਨੀ ਟੋਕੀਉ ਵਿਚ ਸਹੀ ਸਲਾਮਤ ਪਹੁੰਚ ਗਈ; ਜਿਥੇ ਜਾਪਾਨ ਦੇ ਵਜ਼ੀਰ ਆਜ਼ਮ ਟੋਜੋ, ਜਾਪਾਨ ਦੇ ਦਸੌਰੀ ਵਜ਼ੀਰ ਸ਼ਿਗਮੀਟੋ ਅਤੇ ਆਜ਼ਾਦ ਹਿੰਦ ਲੀਗ ਦੇ ਪ੍ਰਧਾਨ ਸ੍ਰੀ ਯੁਤ ਰਾਸ ਬਿਹਾਰੀ ਬੋਸ ਨੇ ਆਪ ਦਾ ਸਵਾਗਤ ਕੀਤਾ। ਸ੍ਰੀ ਰਾਸ ਬਿਹਾਰੀ ਬੋਸ ਨੂੰ ਸਰਕਾਰ ਜਾਪਾਨ ਨੇ ਸੁਭਾਸ਼ ਬਾਬੂ ਦੀ ਆਮਦ ਦਾ ਪਹਿਲੇ ਹੀ ਪਤਾ ਦੇ ਰਖਿਆ ਸੀ ਇਸ ਲਈ ਆਪ ਆਜ਼ਾਦ ਹਿੰਦ ਲੀਗ ਵਲੋਂ ਇਕ ਉਚੇਚਾ ਪੈਗਾਮ ਲੈ ਕੇ ਪਹੁੰਚੇ ਸਨ। ਇਸ ਪੈਗਾਮ ਵਿਚ ਸੁਭਾਸ਼ ਬਾਬੂ ਪਾਸ ਜ਼ੋਰਦਾਰ ਦਰਖਾਸਤ ਕੀਤੀ ਗਈ ਸੀ ਕਿ ਪੂਰਬੀ ਏਸ਼ਿਆ ਦੇ ਹਿੰਦੀਆਂ ਦੀ ਅਗਵਾਈ ਆਪਣੇ ਹਥ ਵਿਚ ਲੈ ਲੈਣ ਜਿਸ ਤੇ ਆਪ ਨੇ ਕਾਨਫ੍ਰੰਸ ਬੁਲੌਣ ਦਾ ਇਰਾਦਾ ਕਰ ਲਿਆ।

ਕਿਹਾ ਜਾਂਦਾ ਹੈ ਕਿ ਜਦ ਸ੍ਰੀ ਸੁਭਾਸ਼ ਬਾਬੂ ਦੀ ਡੁਬਕਣੀ ਲੰਕਾ ਪਾਸੋਂ ਦੀ ਲੰਘ ਰਹੀ ਸੀ ਤਦ ਸੁਭਾਸ਼ ਬਾਬੂ ਦਾ ਦਿਲ ਭਰ ਆਇਆ। ਵਤਨ ਦੇ ਪਿਆਰ ਨੇ ਆਪ ਦੀ ਆਤਮਾ ਨੂੰ ਬੇਚੈਨ ਕਰ ਦਿਤਾ। ਆਪ ਨੇ ਖਤਰੇ ਦੀ ਪ੍ਰਵਾਹ ਨ ਕਰਦੇ ਹੋਏ ਡੁਬਕਣੀ ਨੂੰ ਕੁਛ ਦੇਰ ਲਈ ਉਥੇ ਰੋਕ ਲਿਆ ਅਤੇ ਦੂਰੋਂ ਹੀ ਮਾਦਰਿ ਵਤਨ ਦੀ ਧੁੰਦਲਕੀ ਧਰਤੀ ਨੂੰ ਪਰਨਾਮ ਕੀਤਾ। ਫੇਰ ਭਰਾਈ ਹੋਈ ਆਵਾਜ਼ ਨਾਲ ਜਰਮਨ ਕਮਾਂਡਰ ਨੂੰ ਆਖਿਆ-ਚਲੋ ! ਅਗੇ ਵਧੋ ! ਜੇ ਭਗਵਾਨ ਨੂੰ ਮਨਜ਼ੂਰ ਹੋਇਆ ਤਦ ਛੇਤੀ ਹੀ ਆਜ਼ਾਦ ਹਿੰਦੁਸਤਾਨ ਵਿਚ ਵਾਪਸ ਮੁੜਾਂਗਾ।

# ਪੂਰਬੀ ਏਸ਼ੀਆ ਅੰਦਰ ਹਿੰਦੁਸਤਾਨ ਦੀ ਆਜ਼ਾਦੀ ਲਹਿਰ

ਜਦ ਜਾਪਾਨੀਆਂ ਨੇ ਮਲਾਇਆ ਵਿਚ ਬਰਤਾਨਵੀ ਫੌਜ ਉਤੇ ਹਮਲਾ ਕੀਤਾ ਤਦ ਓਥੇ ਰਹਿਣ ਵਾਲੇ ਸੱਤ ਲੱਖ ਹਿੰਦੁਸਤਾਨੀਆਂ ਦੀ ਬਹੁ-ਗਿਣਤੀ ਠੀਕ ਤਰ੍ਹਾਂ ਫੈਸਲਾ ਨਾ ਕਰ ਸਕੀ ਕਿ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ ? ਉਦੋਂ ਇਹ ਖਿਆਲ ਜ਼ੋਰਾਂ ਉਤੇ ਸੀ ਕਿ ਜਿੰਨੀ ਛੇਤੀ ਹੋ ਸਕੇ ਮਲਾਇਆ ਖਾਲੀ ਕਰ ਦਿਤਾ ਜਾਏ । ਇਸ ਨਾਲ ਲੋਕਾਂ ਵਿਚ ਬੜੀ ਪ੍ਰੇਸ਼ਾਨੀ ਫੈਲ ਗਈ ਪਰ ਬਰਤਾਨਵੀਂ ਰਾਜ ਦੇ ਪਿਛਲੇ ਕੁਛ ਸਾਲਾਂ ਦੇ ਤਜਰਬਿਆਂ ਨੇ ਹਿੰਦੁਸਤਾਨੀਆਂ ਦੇ ਦਿਲਾਂ ਵਿਚ ਬਰਤਾਨੀਆਂ ਵਿਰੁਧ ਜ਼ਬਰਦਸਤ ਨਾਰਾਜ਼ਗੀ ਪੈਦਾ ਕਰ ਦਿਤੀ ਸੀ । ਇਸ ਦੇ ਕਈ ਕਾਰਨ ਸਨ । ਹਕੂਮਤ ਕਰਨ ਦਾ ਤ੍ਰੀਕਾ ਕੁਛ ਸਖਤੀ ਭਰਿਆ ਸੀ । ਜ਼ਿੰਦਗੀ ਦੀਆਂ ਲੋੜਾਂ ਤੇ ਖਰਚ ਬਹੁਤ ਵਧ ਗਏ ਸਨ ਅਤੇ ਇਹਨਾਂ ਹਥੋਂ ਤੰਗ ਆ ਕੇ ਹਿੰਦੁਸਤਾਨੀ ਮਜ਼ਦੂਰਾਂ ਨੇ ਉਜਰਤਾਂ ਵਧਾਉਣ ਲਈ ਹੜਤਾਲਾਂ ਕਰ ਰਖੀਆਂ ਸਨ । ਹਿੰਦੁਸਤਾਨੀ ਅਖਬਾਰਾਂ ਨੂੰ ਹੁਕਮ ਦਿਤਾ ਗਿਆ ਸੀ ਕਿ ਉਹ ਆਪਣੇ ਲੇਖ ਪ੍ਰੈਸ ਨੂੰ ਭੇਜਣ ਤੋਂ ਪਹਿਲਾਂ ਸੈਂਸਰ ਨੂੰ ਵਖਾਇਆ ਕਰਨ ਪਰ ਬਰਤਾਨਵੀਂ ਅਖਬਾਰਾਂ ਉਤੇ ਇਹੋ ਜਿਹੀ ਕੋਈ ਪਾਬੰਦੀ ਨਹੀਂ ਸੀ । ਹਿੰਦੁਸਤਾਨੀ ਫੌਜੀ ਖਾਸ ਕਰ ਅਫਸਰ ਰੰਗ ਤੇ ਨਸਲ ਦੇ ਜਜ਼ਬੇ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਰਹੇ ਸਨ । ਹਿੰਦੁਸਤਾਨੀ ਅਫਸਰਾਂ ਨੂੰ ਲਗਾਤਾਰ ਜਦੋ-ਜਿਹਦ ਮਗਰੋਂ ਸਿੰਗਾਪੁਰ ਕਲਬ ਦਾ ਮੈਂਬਰ ਬਣਨ ਦੀ ਆਗਿਆ ਤੇ ਦੇ ਦਿਤੀ ਗਈ ਪਰ ਕਲਬ ਦੇ ਤਲਾ ਵਿਚ ਨਹਾਉਣ ਦੀ ਖੁਲ੍ਹ ਫੇਰ ਵੀ ਨਾ ਕੀਤੀ ਗਈ ।

# ਇੰਡੀਪੈਨਡੈਂਸ ਲੀਗ

੧੫ ਫਰਵਰੀ ੧੯੪੨ ਨੂੰ ਸਿੰਗਾਪੁਰ ਉਤੇ ਜਾਪਾਨੀ ਕਬਜ਼ਾ ਹੋ ਗਿਆ । ੭ ਨੂੰ ਜਾਪਾਨੀ ਮਿਲਟਰੀ ਹੈਡ ਕੁਵਾਰਟਰ ਦੇ ਮੈਂਬਰ ਨਿਊਚੀਵਾਰੂ ਨੇ ਕੁਛ ਹਿੰਦੀਆਂ ਨੂੰ ਸਦਿਆ ਤੇ ਆਖਿਆ–"ਇੰਗਲੈਂਡ ਦੀ ਤਾਕਤ ਘਟ ਰਹੀ ਹੈ ਤੇ ਹੁਣ ਮੌਕਿਆ ਹੈ ਕਿ ਹਿੰਦੁਸਤਾਨ ਆਜ਼ਾਦੀ ਹਾਸਲ ਕਰਨ ਲਈ ਚੋਟ ਲਾਵੇ । ਜਾਪਾਨ ਹਿੰਦੁਸਤਾਨੀਆਂ ਨੂੰ ਹਰ ਤਰ੍ਹਾਂ ਸਹਾਇਤਾ ਦੇਣ ਲਈ ਤਿਆਰ ਹੈ । ਭਾਵੇਂ ਹਿੰਦੁਸਤਾਨੀ ਬਰਤਾਨਵੀ ਪਰਜਾ ਹਨ ਅਤੇ ਇਸਤਲਾਹੀ ਮਾਹਨਿਆਂ ਵਿਚ ਵੈਰੀ ਕੌਮ ਦੇ ਬੰਦੇ ਹਨ ਫੇਰ ਵੀ ਜਾਪਾਨ ਆਪਣੇ ਫਤਹ ਕੀਤੇ ਹੋਏ ਇਲਾਕਿਆਂ ਵਿਚ ਉਹਨਾਂ ਨਾਲ ਵੈਰੀ ਵਰਗਾ ਸਲੂਕ ਨਾ ਕਰੇਗਾ ਕਿਉਂਕਿ ਉਸ ਨੂੰ ਮਲੂਮ ਹੈ ਕਿ ਹਿੰਦੁਸਤਾਨੀ ਆਪਣੀ ਮਰਜ਼ੀ ਨਾਲ ਬਰਤਾਨਵੀਂ ਪਰਜਾ ਨਹੀਂ ਬਣੇ ।" ਉਸ ਜਾਪਾਨੀ ਮੇਜਰ ਨੇ ਇਹ ਤਜਵੀਜ਼ ਵੀ ਪੇਸ਼ ਕੀਤੀ ਕਿ ਇਕ ਇੰਡੀਪੈਨਡੈਂਸ ਲੀਗ ਕਾਇਮ ਕੀਤੀ ਜਾਏ ਤਾਂ ਜੁ ਹਿੰਦੀਆਂ ਦੀ ਜ਼ਬਰਦਸਤ ਜਥੇਬੰਦੀ ਕਰ ਕੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦਾ ਜਤਨ ਕੀਤਾ ਜਾਏ। ਹਿੰਦੁਸਤਾਨੀ ਪ੍ਰਤੀਨਿਧਾਂ ਨੇ ਆਖਿਆ ਉਹ ਇਸ ਤਜਵੀਜ਼ ਉਤੇ ਵਿਚਾਰ ਕਰਨ ਮਗਰੋਂ ਥੋੜੇ ਦਿਨਾਂ ਤੀਕ ਮੁੜ ਮੁਲਾਕਾਤ ਕਰਨਗੇ ।

੯ ਮਾਰਚ ੧੯੪੨ ਨੂੰ ਸਿੰਗਾਪੁਰ ਵਿਚ ਇਕ ਮੀਟਿੰਗ ਬੁਲਾਈ ਗਈ ਜਿਸ ਵਿਚ ਮਲਾਇਆ ਦੇ ਵਖ ਵਖ ਹਿਸਿਆਂ ਵਿਚੋਂ ਹਿੰਦੁਸਤਾਨੀ ਲੀਡਰ ਸ਼ਾਮਲ ਹੋਏ । ਉਸ ਸਮੇਂ ਹੀ ਟੋਕੀਉ ਤੋਂ ਸ੍ਰੀ ਯੁਤ ਰਾਸ ਬਿਹਾਰੀ ਬੋਸ ਨੇ ਸੱਦਾ ਪਤ੍ਰ ਭੇਜਿਆ ਕਿ ਮਲਾਇਆ ਤੇ ਸਿਆਮ ਦੇ ਹਿੰਦੁਸਤਾਨੀ ਪ੍ਰਤੀਨਿਧ ਟੋਕੀਉ ਪੁਜਣ ਜਿਥੇ ਕਿ ਇਕ ਕਾਨਫ੍ਰੰਸ ਬੁਲਾਈ ਗਈ ਹੈ । ਇਸ ਲਈ ਸਿੰਗਾਪੁਰ ਕਾਨਫ੍ਰੰਸ ਵਿਚ ਜਿਸ ਵਿਚ ਸਿਆਮ ਦੇ ਕੁਛ ਲੀਡਰ ਵੀ ਸ਼ਾਮਲ ਸਨ ਇਹ ਫੈਸਲਾ

ਕੀਤਾ ਗਿਆ ਕਿ ਟੋਕੀਉ ਨੂੰ ਇਕ ਗੁਡਵਿਲ ਮਿਸ਼ਨ ਭੇਜਿਆ ਜਾਏ। ਇਹ ਫਸਲਾ ਜਾਪਾਨੀ ਅਫਸਰਾਂ ਦੀ ਮਰਜ਼ੀ ਦੇ ਵਿਰੁਧ ਕੀਤਾ ਗਿਆ ਜਿਨ੍ਹਾਂ ਨੇ ਇਹ ਤਜਵੀਜ਼ ਪੇਸ਼ ਕੀਤੀ ਸੀ ਕਿ ਉਥੇ ਇਕ ਸਰਕਾਰੀ ਡੈਲੀ-ਗੇਸ਼ਨ ਜਾਏ ਜੋ ਇਕ ਵਸ਼ੇਸ਼ ਰਵਈਆ ਧਾਰਨ ਕਰੇ ।

## ਟੋਕੀਉ ਕਾਨਫ੍ਰੰਸ

੨੮ ਮਾਰਚ ੧੯੪੨ ਨੂੰ ਟੋਕੀਉ ਵਿਚ ਇਕ ਕਾਨਫ੍ਰੰਸ ਬੁਲਾਈ ਗਈ ਜਿਹੜੀ ੩੦ ਮਾਰਚ ਤੀਕ ਜਾਰੀ ਰਹੀ। ਸ੍ਰੀ ਯੁਤ ਰਾਸ ਬਿਹਾਰੀ ਬੋਸ ਇਸ ਕਾਨਫ੍ਰੰਸ ਦੇ ਚੇਅਰਮੈਨ ਸਨ । ਮਲਾਇਆ ਦੇ ਗੁਡਵਿਲ ਮਿਸ਼ਨ ਤੋਂ ਛੁਟ ਹਾਂਗ ਕਾਂਗ, ਸ਼ੰਘਾਈ ਅਤੇ ਜਾਪਾਨ ਦੇ ਹਿੰਦੁਸਤਾਨੀ ਪ੍ਰਤੀਨਿਧ ਵੀ ਕਾਨਫ੍ਰੰਸ ਵਿਚ ਸ਼ਾਮਲ ਹੋਏ। ਸਿਆਮ ਦੇ ਹਿੰਦੁਸਤਾਨੀ ਪ੍ਰਤੀਨਿਧ ਜੋ ਹਵਾਈ ਜਹਾਜ਼ ਰਾਹੀਂ ਟੋਕੀਉ ਗਏ ਰਾਹ ਵਿਚ ਹਵਾਈ ਜਹਾਜ਼ ਦੇ ਟਕਰਾ ਜਾਣ ਕਰ ਕੇ ਮਾਰੇ ਗਏ।

ਇਸ ਕਾਨਫ੍ਰੰਸ ਵਿਚ ਫੈਸਲਾ ਕੀਤਾ ਗਿਆ ਕਿ ਹੁਣ ਮੌਕਾ ਹੈ ਜੁ ਪੂਰਬੀ ਏਸ਼ੀਆ ਦੇ ਹਿੰਦੁਸਤਾਨੀਆਂ ਵਿਚ ਆਜ਼ਾਦੀ ਲਹਿਰ ਚਲਾਈ ਜਾਏ। ਇਸ ਭਾਵ ਦਾ ਮਤਾ ਪਾਸ ਕੀਤਾ ਗਿਆ ਕਿ ਇਸ ਲਹਿਰ ਦਾ ਮੰਤਵ ਹਿੰਦੁਸਤਾਨ ਦੀ ਮੁਕੰਮਲ ਆਜ਼ਾਦੀ ਹੈ ਜੋ ਹਰ ਕਿਸਮ ਦੇ ਗੈਰ-ਮੁਲਕੀ ਗਲਬੇ, ਦਖਲ ਤੇ ਕੰਟਰੋਲ ਤੋਂ ਸੁਤੰਤਰ ਰਹੇਗੀ। ਹਿੰਦੁਸਤਾਨ ਉਤੇ ਹਮਲਾ ਕੇਵਲ ਇੰਡੀਅਨ ਨੈਸ਼ਨਲ ਆਰਮੀ ਕਰੇਗੀ ਅਤੇ ਇਸ ਮਤਲਬ ਲਈ ਜਦੋਂ ਵੀ ਜਿੰਨੀ ਲੋੜ ਪਏਗੀ ਇੰਡੀਪੈਨਡੈਂਸ ਲੀਗ ਦੀ ਕੌਂਸਲ ਆਫ ਐਕਸ਼ਨ ਜਾਪਾਨੀ ਹਾਕਮਾਂ ਪਾਸੋਂ ਹਵਾਈ, ਸਮੁੰਦਰੀ ਤੇ ਖੁਸ਼ਕੀ ਦੀ ਫੌਜੀ ਸਹਾਇਤਾ ਲੈ ਸਕੇਗੀ। ਹਿੰਦੁਸਤਾਨ ਦੇ ਭਵਿਖਤ ਦੇ ਆਈਨ ਦੀ ਬਣਤਰ ਦਾ ਮਾਮਲਾ ਹਿੰਦੁਸ-ਤਾਨੀ ਜਨਤਾ ਦੇ ਪ੍ਰਤੀਨਿਧਾਂ ਉਤੇ ਛਡ ਦਿਤਾ ਜਾਵੇਗਾ। ਇਹ ਵੀ ਫੈਸਲਾ ਕੀਤਾ ਗਿਆ ਕਿ ਜੂਨ ੧੯੪੨ ਵਿਚ ਬੈਂਕਾਕ ਵਿਚ ਇਕ ਹੋਰ

ਕਾਨਫ੍ਰੰਸ ਬੁਲਾਈ ਜਾਏ ਤਾਂ ਜੁ ਸਰਕਾਰੀ ਤੋਰ ਉਤੇ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਦਾ ਆਰੰਭ ਕਰ ਦਿਤਾ ਜਾਏ । ਇਹ ਕਾਨਫ੍ਰੰਸ ੧੫ ਜੂਨ ਨੂੰ ਬੈਂਕਾਕ ਵਿਚ ਸਦੀ ਗਈ ਤੇ ੨੩ ਜੂਨ ਤੀਕ ਜਾਰੀ ਰਹੀ । ਇਸ ਕਾਨਫਰੰਸ ਵਿਚ ਹੇਠ ਲਿਖੇ ਫੈਸਲੇ ਕੀਤੇ ਗਏ-(੧) ਪੂਰਬੀ ਏਸ਼ੀਆ ਦੇ ਹਿੰਦੁਸਤਾਨੀਆਂ ਨੂੰ ਇੰਡੀਅਨ ਇੰਡੀ-ਪੈਂਡਸ ਲੀਗ ਦੇ ਝੰਡੇ ਤਲੇ ਲਿਆ ਕੇ ਹਿੰਦੁਸਤਾਨ ਦੀ ਜਦੋ ਜਿਹਦ ਆਜ਼ਾਦੀ ਸ਼ੁਰੂ ਕੀਤੀ ਜਾਏ । (੨) ਪੂਰਬੀ ਏਸ਼ੀਆ ਦੇ ਹਿੰਦੁਸਤਾਨੀ ਸਿਪਾਹੀਆਂ ਅਤੇ ਸ਼ਹਿਰੀਆਂ ਦੀ ਇੰਡੀਅਨ ਨੈਸ਼ਨਲ ਆਰਮੀ ਬਣਾਈ ਜਾਏ । (੩) ਆਜ਼ਾਦੀ ਲਹਿਰ ਦਾ ਪਰੋਗਰਾਮ ਇਸ ਤਰ੍ਹਾਂ ਤਰਤੀਬ ਦਿਤਾ ਜਾਏ ਜਿਸ ਨਾਲ ਉਹ ਇੰਡੀਅਨ ਨੈਸ਼ਨਲ ਕਾਂਗਰਸ ਦੇ ਆਦਰਸ਼ ਦੇ ਅਨਕੂਲ ਹੋ ਜਾਏ ।(੪) ਜਾਪਾਨ ਦੀ ਗੌਰਮਿੰਟ ਪਾਸੋਂ ਹਿੰਦੁਸਤਾਨ ਤੇ ਹਿੰਦੁਸਤਾਨ ਦੀ ਅਜ਼ਾਦੀ ਲਹਿਰ ਸੰਬੰਧੀ ਉਸ ਦੀ ਪਾਲਿਸੀ ਦਾ ਵਿਸਥਾਰ ਨਾਲ ਪਤਾ ਕੀਤਾ ਜਾਏ । (੫) ਇੰਡੀਅਨ ਇੰਡੀਪੈਂਡਸ ਲੀਗ ਦਾ ਹੈਡ ਕੁਆਰਟਰ ਸਿੰਗਾਪੁਰ ਵਿਚ ਰਖਿਆ ਗਿਆ । ਸ੍ਰੀ ਯੁਤ ਰਾਸ ਬਿਹਾਰੀ ਬੋਸ ਪ੍ਰਧਾਨ ਚੁਣੇ ਗਏ । (੬) ਪੂਰਬੀ ਇਲਾ-ਕਿਆਂ ਵਿਚ ਇਸ ਦੀਆਂ ਬਰਾਂਚਾਂ ਕਾਇਮ ਕੀਤੀਆਂ ਗਈਆਂ ।

## ਜਾਪਾਨੀਆਂ ਨਾਲ ਖਟ ਪਟੀ

ਇਸ ਦੋਰਾਨ ਵਿਚ ਇੰਡੀਅਨ ਇੰਡੀਪੈਨਡੈਂਸ ਲੀਗ ਦੀ ਕੌਂਸਲ ਆਫ ਐਕਸ਼ਨ ਅਤੇ ਜਾਪਾਨੀ ਹਾਕਮਾਂ ਵਿਚਾਲੇ ਖਿਚਾ ਖਿਚੀ ਹੋ ਗਈ । ਜਿਸ ਦੇ ਕਾਰਨ ਇਹ ਸਨ-ਇਕ ਇਹ ਕਿ ਟੋਕੀਉ ਗੌਰਮਿੰਟ ਨੇ ਬੈਂਕਾਕ ਕਾਨਫਰੰਸ ਦੀਆਂ ਮੰਗਾਂ ਦਾ ਕੋਈ ਉਤਰ ਨਾ ਦਿਤਾ ਕੇਵਲ ਇਕ ਵਾਰ ਇਹ ਦੁਹਰਾਇਆ ਕਿ ਜਾਪਾਨ ਹਿੰਦੁਸਤਾਨ ਨੂੰ ਮੁਕੰਮਲ ਆਜ਼ਾਦੀ ਹਾਸਲ ਕਰਨ ਵਿਚ ਸਹਾਇਤਾ ਦੇਣ ਲਈ ਤਿਆਰ ਹੈ ਉਹ ਉਸ ਦੇ ਕਿਸੇ ਇਲਾਕੇ ਉਤੇ ਕਬਜ਼ਾ ਕਰਨਾ ਨਹੀਂ ਚਾਹੁੰਦਾ, ਪਰ

ਕੌਂਸਲ ਆਫ ਐਕਸ਼ਨ ਦੀ ਇਸ ਉਤਰ ਨਾਲ ਤਸਲੀ ਨਾ ਹੋਈ। ਦੂਜੇ ਇਹ ਕਿ ਜਾਪਾਨੀਆਂ ਨੇ ਇੰਡੀਅਨ ਇੰਡੀਪੈਨਡੈਂਸ ਲੀਗ ਅਤੇ ਜਾਪਾਨੀ ਗੌਰਮਿੰਟ ਦੇ ਦਰਮਿਆਨ ਸੰਬੰਧ ਪੈਦਾ ਕਰਨ ਦੇ ਖਿਆਲ ਨਾਲ ਜੋ ਮਹਿਕਮਾ ਕਾਇਮ ਕੀਤਾ ਸੀ ਉਹਦੀ ਵਲੋਂ ਇੰਡੀਪੈਨਡੈਂਸ ਲੀਗ ਅਤੇ ਇੰਡੀਅਨ ਨੈਸ਼ਨਲ ਆਰਮੀ ਦੇ ਕੰਮ ਵਿਚ ਦਖਲ ਸ਼ੁਰੂ ਹੋ ਗਿਆ। ਦਸੰਬਰ ੧੯੪੨ ਵਿਚ ਹਾਲਾਤ ਨਾਜ਼ਕ ਸੂਰਤ ਧਾਰਨ ਕਰ ਗਏ ਜਦ ਕੌਂਸਲ ਆਫ ਐਕਸ਼ਨ ਨੇ ਇੰਡੀਅਨ ਨੈਸ਼ਨਲ ਆਰਮੀ ਨੂੰ ਉਸ ਵੇਲੇ ਤੀਕ ਬਰਮਾ ਵਿਚ ਮੁੰਤਕਿਲ ਕਰਨ ਤੋਂ ਇਨਕਾਰ ਕਰ ਦਿਤਾ ਜਦ ਤੀਕ ਜਾਪਾਨ ਦੀ ਗੌਰਮਿੰਟ ਜ਼ਰੂਰੀ ਗਲਾਂ ਨੂੰ ਸਪਸ਼ਟ ਨਾ ਕਰ ਦੇਵੇ।

## ਏਸ਼ਿਆ ਦੀ ਪਹਿਲੀ ਆਜ਼ਾਦ ਹਿੰਦ ਫੌਜ

ਸੁਭਾਸ਼ ਬਾਬੂ ਵਾਲੀ ਆਜ਼ਾਦ ਹਿੰਦ ਫੌਜ ਦੀ ਕਾਇਮੀ ਦਾ ਇਤਿਹਾਸ ਪਹਿਲੀ ਆਜ਼ਾਦ ਹਿੰਦ ਫੌਜ ਦੀ ਕਾਇਮੀ ਦੇ ਇਤਹਾਸ ਤੋਂ ਬਿਨਾ ਅਧੂਰਾ ਹੀ ਸਮਝਿਆ ਜਾਇਗਾ ਇਸ ਲਈ ਅਸੀਂ ਏਥੇ ਉਸ ਪਹਿਲੀ ਆਜ਼ਾਦ ਹਿੰਦ ਫੌਜ ਦੀ ਕਾਇਮੀ ਦਾ ਥੋੜਾ ਜਿਹਾ ਵਿਸਥਾਰ ਦਰਜ ਕਰ ਦੇਣਾ ਮੁਨਾਸਬ ਜਾਤਾ ਹੈ।

੮ ਦਸੰਬਰ ੧੯੪੧ ਨੂੰ ਜਾਪਾਨੀਆਂ ਨੇ ਇਤਿਹਾਦੀਆਂ ਵਿਰੁਧ ਐਲਾਨ ਜੰਗ ਕੀਤਾ। ਸਭ ਤੋਂ ਪਹਿਲੇ ਪਰਲ ਹਾਰਬਰ ਦੀ ਘਟਨਾ ਹੋਈ ਤੇ ਉਸ ਦੇ ਮਗਰਿ ਮਗਰ ਹਨੇਰੀ ਵਾਂਗ ਜਾਪਾਨੀ ਫੌਜਾਂ ਦੇ ਹਮਲੇ ਹਰ ਪਾਸੇ ਸ਼ੁਰੂ ਹੋ ਗਏ। ਵੇਖਦੇ ਹੀ ਵੇਖਦੇ ਸ਼ੰਘਾਈ ਤੇ ਹਾਂਗ ਕਾਂਗ ਉਤੇ ਜਰਮਨੀ ਫੌਜਾਂ ਨੇ ਕਬਜ਼ਾ ਕਰ ਲਿਆ, ਫੇਰ ਸਿੰਗਾਪੁਰ ਦੇ ਉਦਾਲੇ ਆਨ ਹੋਏ। ਰੰਗੂਨ ਉਤੇ ਵੀ ਬੰਬਾਰੀ ਸ਼ੁਰੂ ਹੋ ਗਈ। ਲੜਾਈ ਦੇ ਥੋੜੇ ਦਿਨ ਮਗਰੋਂ ਹੀ ਮਲਾ-ਇਆ ਦੀ ਜੰਗ ਵਿਚ "ਪ੍ਰਿੰਸ ਆਫ ਵੇਲਜ਼" ਅਤੇ "ਰੀਪਲਸ"

ਦਰਗੇ ਮਹਾਨ ਵਡੇ ਜੰਗੀ ਜਹਾਜ਼ ਡੋਬ ਦਿਤੇ, ਜਿਨ੍ਹਾਂ ਉਤੇ ਬਰਤਾਨਵੀ ਸਮੁੰਦਰੀ ਫੌਜ ਨੂੰ ਬਹੁਤ ਬੜਾ ਘੁਮੰਡ ਸੀ ਤੇ ਜਿਨ੍ਹਾਂ ਦੇ ਕਾਰਨ ਅੰਗਰੇਜ਼ ਸਿੰਗਾਪੁਰ ਨੂੰ ਅਜਿਤ ਸਮੁੰਦਰੀ ਅੱਡਾ ਸਮਝੀ ਬੈਠੇ ਸਨ। ਜਾਪਾਨੀਆਂ ਦੇ ਤੂਫਾਨੀ ਹਮਲਿਆਂ ਨੇ ਏਸ਼ਿਆ ਦੇ ਸ਼ਹਿਰੀ ਤੇ ਫੌਜੀ ਹਲਕਿਆਂ ਵਿਚ ਤਸ਼ਵੀਸ਼ ਜਿਹੀ ਪੈਦਾ ਕਰ ਦਿਤੀ।

ਉਸ ਵੇਲੇ ਅੰਗਰੇਜ਼ਾਂ ਨੇ ਜਾਪਾਨੀਆਂ ਵਿਰੁਧ ਹਿੰਦੁਸਤਾਨ ਤੇ ਦੂਜੇ ਪੂਰਬੀ ਦੇਸਾਂ ਵਿਚ ਇਹ ਪ੍ਰਾਪੇਗੰਡਾ ਸ਼ੁਰੂ ਕਰ ਦਿਤਾ ਕਿ ਜਾਪਾਨੀ ਹਿੰਦੁਸਤਾਨੀਆਂ ਨਾਲ ਤੇ ਬਾਕੀ ਦੇ ਏਸ਼ਿਆਈ ਲੋਕਾਂ ਨਾਲ ਬੜਾ ਭੈੜਾ ਸਲੂਕ ਤੇ ਜ਼ੁਲਮ ਕਰਨਗੇ। ਉਹਨਾਂ ਦੀ ਮਾਲ ਮਿਲਖ ਲੁਟ ਲਈ ਜਾਇਗੀ, ਤੀਵੀਆਂ ਦੀ ਬੇਪਤੀ ਕਰਨਗੇ ਅਤੇ ਸਭ ਦਾ ਕਾਰੋਬਾਰ ਤਬਾਹ ਕਰ ਦਿਤਾ ਜਾਇਗਾ। ਉਸ ਵੇਲੇ ਬਰਤਾਨੀਆਂ ਨੇ ਇਹੋ ਜਿਹੇ ਪ੍ਰਾਪੇਗੰਡੇ ਉਤੇ ਬੇਦਰੇਗ ਰੁਪਇਆ ਖਰਚ ਕੀਤਾ। ਉਨੀ ਦਿਨੀਂ ਕਿਹੋ ਜਿਹਾ ਪ੍ਰਾਪੇਗੰਡਾ ਹੁੰਦਾ ਸੀ ਇਸ ਨੂੰ ਮਲੂਮ ਕਰਨ ਲਈ ਉਸ ਸਮੇਂ ਦੇ ਹਿੰਦੁਸਤਾਨੀ ਜ਼ਬਾਨਾਂ ਦੇ ਅਖਬਾਰਾਂ ਦੇ ਸਰਕਾਰੀ ਇਸ਼ਤਿਹਾਰ ਪੜ੍ਹ ਕੇ ਚੰਗੀ ਤਰ੍ਹਾਂ ਵੇਖਿਆ ਜਾ ਸਕਦਾ ਹੈ।

ਮਲਾਇਆ ਵਿਚ ਹਿੰਦੁਸਤਾਨ ਦੀ ਬੜੀ ਭਾਰੀ ਫੌਜ ਪਹਿਲੇ ਹੀ ਅੰਗਰੇਜ਼ਾਂ ਨੇ ਜਮ੍ਹਾਂ ਕਰ ਰਖੀ ਸੀ। ੧੮ ਦਸੰਬਰ ੧੯੪੧ ਨੂੰ ਜਦ ਮਲਾਇਆ ਵਿਚ ਜੰਗ ਆਰੰਭ ਹੋਈ ਤਦ ਉਥੇ ਦੀ ਸਾਰੀ ਹਿੰਦੀ ਫੌਜ ਅੰਗਰੇਜ਼ ਕਮਾਂਡਰਾਂ ਦੇ ਮਾਤਹਿਤ ਸੀ। ਹਿੰਦੁਸਤਾਨੀਆਂ ਨੇ ੮ ਘੰਟੇ ਤੀਕ ਡਟ ਕੇ ਟਾਕਰਾ ਕੀਤਾ ਪਰ ਅੰਗਰੇਜ਼ ਕਮਾਂਡਰ ਨੇ ਪਸਪਾਈ ਦਾ ਹੁਕਮ ਜਾਰੀ ਕਰ ਦਿਤਾ ਜਿਸ ਤੇ ਹਿੰਦੀ ਫੌਜ ਨੇ ਪਿਛਾਂਹ ਹਟਨਾ ਸ਼ੁਰੂ ਕੀਤਾ। ਇਤਹਾਦੀ ਫੌਜ ਦੇ ਪੈਰ ਉਥੋਂ ਐਸੇ ਉਖੜੇ ਕਿ ਮੁੜ ਜੰਮ ਨ ਸਕੇ। ਹੌਲੀ ਹੌਲੀ ਜਾਪਾਨੀਆਂ ਨੇ ਮਲਾਇਆ ਦੇ ਇਲਾਕੇ ਉਤੇ ਇਲਾਕੇ ਫਤਹ ਕਰਨੇ ਸ਼ੁਰੂ ਕੀਤੇ ਜਦ ਹਿੰਦੀਆਂ ਨੇ ਫਤਹ ਕੀਤੇ ਹੋਏ ਇਲਾਕੇ ਵਿਚ ਜਾਪਾਨੀ ਹਾਕਮਾਂ

ਦਾ ਸਲੂਕ ਡਿੱਠਾ ਤਦ ਉਹਨਾਂ ਨੂੰ ਬਰਤਾਨਵੀ ਪ੍ਰਾਪੇਗੰਡੇ ਦੇ ਝੂਠ ਦਾ ਸਾਰਾ ਪੋਲ ਮਲੂਮ ਹੋ ਗਿਆ । ਜਾਪਾਨੀ ਬਤੌਰ ਏਸ਼ਿਆਈ ਦੇ ਗੈਰ ਯੂਰਪੀਨਾਂ ਨਾਲ ਚੰਗਾ ਵਰਤਾ ਕਰਦੇ ਸਨ । ਜਦ ਸਿੰਗਾਪੁਰ ਉਤੇ ਜਾਪਾਨੀਆਂ ਦਾ ਕਬਜ਼ਾ ਹੋਣ ਵਾਲਾ ਸੀ ਤਦ ਅੰਗਰੇਜ਼ ਫੌਜਾਂ ਨੂੰ ਪਹਿਲੇ ਹੀ ਉਥੋਂ ਸੁਰਖਿਅਤ ਥਾਂ ਉਤੇ ਭੇਜ ਦਿਤਾ ਗਿਆ ਪਰ ਹਿੰਦੀ ਫੌਜਾਂ ਦੀ ਕਿਸੇ ਨੇ ਕੋਈ ਸਾਰ ਨ ਲਈ ਤੇ ਉਹਨਾਂ ਨੂੰ ਜਾਪਾਨੀਆਂ ਦੇ ਰਹਿਮ ਉਤੇ ਛਡ ਦਿਤਾ ਗਿਆ । ਏਥੇ ਹੀ ਬਸ ਨਹੀਂ ਉਸ ਵੇਲੇ ਹਿੰਦੀ ਫੌਜਾਂ ਦੇ ਕਮਾਂਡਰ ਕਰਨਲ ਹੰਟ ਸਨ । ਉਹਨਾਂ ਨੇ ਸਾਰੀਆਂ ਹਿੰਦੀ ਫੌਜਾਂ ਨੂੰ ਇਕ ਥਾਂ ਇਕੱਠਾ ਕਰ ਕੇ ਉਹਨਾਂ ਨੂੰ ਜੰਗੀ ਕੈਦੀਆਂ ਦੀ ਹੈਸੀਅਤ ਵਿਚ ਜਾਪਾਨੀਆਂ ਦੇ ਹਵਾਲੇ ਕਰ ਦਿਤਾ । ਆਪ ਨੇ ਹਿੰਦੀ ਫੌਜੀਆਂ ਨੂੰ ਆਖਿਆ–ਸਗੋਂ ਹੁਕਮ ਦਿਤਾ ਸੀ ਕਿ ਉਹ ਜਾਪਾਨੀ ਅਫਸਰਾਂ ਦਾ ਹੁਕਮ ਉਵੇਂ ਹੀ ਮੰਨਣ ਜਿਵੇਂ ਕਿ ਉਹ ਅੰਗਰੇਜ਼ ਹਾਕਮਾਂ ਦੇ ਹੁਕਮ ਮੰਨਦੇ ਰਹੇ ਹਨ । ਇਸ ਤਰ੍ਹਾਂ ਦਾ ਜ਼ਿਲਤ ਭਰਿਆ ਹੁਕਮ ਦੇ ਕੇ ਕਰਨਲ ਹੰਟ ਨੇ ਆਪਣੀਆਂ ਮਾਤਹਿਤ ਹਿੰਦੁਸਤਾਨੀ ਫੌਜਾਂ ਨੂੰ ਬਤੌਰ ਜੰਗੀ ਕੈਦੀ ਦੇ ਜਾਪਾਨੀ ਕਮਾਂਡਰ ਮੇਜਰ ਫਯੂਜੀ ਹਾਰਾ ਦੀ ਨਿਗਰਾਨੀ ਵਿਚ ਦੇ ਦਿਤਾ । ਮੇਜਰ ਫਯੂਜੀ ਨੇ ਅੰਗਰੇਜ਼ ਫੌਜੀਆਂ ਨੂੰ ਤੇ ਚਾਂਗੀ ਦੀ ਜੇਲ ਵਿਚ ਭੇਜ ਦਿਤਾ ਅਤੇ ਹਿੰਦੀ ਫੌਜੀਆਂ ਨੂੰ ਇਕ ਥਾਂ ਇਕਤ੍ਰ ਕਰ ਕੇ ਉਹਨਾਂ ਦੇ ਰੂਬਰੂ ਇਕ ਤਕਰੀਰ ਕੀਤੀ । ਇਹ ਤਕਰੀਰ ਉਸ ਜਲਸੇ ਵਿਚ ਹੋਈ ਜੋ ੧੭ ਫਰਵਰੀ ਨੂੰ ਸਦਿਆ ਗਿਆ ਸੀ ਤੇ ਜਿਸ ਵਿਚ ੫੦ ਹਜ਼ਾਰ ਤੋਂ ਵਧੀਕ ਹਿੰਦੀ ਜਵਾਨ ਤੇ ਅਫਸਰ ਮੌਜੂਦ ਸਨ। ਇਸ ਜਲਸੇ ਵਿਚ ਬਹੁਤ ਸਾਰੇ ਹਿੰਦੁਸਤਾਨੀ ਅਫਸਰਾਂ ਨੇ ਤਕਰੀਰਾਂ ਕੀਤੀਆਂ ਜਿਨ੍ਹਾਂ ਵਿਚ ਉਹਨਾਂ ਨੇ ਇਸ ਗਲ ਉਤੇ ਜ਼ੋਰ ਦਿਤਾ ਕਿ ਅੰਗਰੇਜ਼ ਹਿੰਦੁਸਤਾਨੀ ਫੌਜਾਂ ਦੀ ਰਖਿਆ ਕਰਨ ਦੇ ਅਯੋਗ ਸਾਬਤ ਹੋਏ ਹਨ ਸਗੋਂ ਉਹਨਾਂ ਨੇ ਹਿੰਦੀ ਫੌਜ ਨਾਲ

ਗਦੱਾਰੀ ਕੀਤੀ ਹੈ ਇਸ ਲਈ ਅਗੋਂ ਤੋਂ ਉਹਨਾਂ ਦਾ ਸਾਥ ਛਡ ਦੇਣਾ ਚਾਹੀਦਾ ਹੈ। ਸਾਨੂੰ ਚਾਹੀਦਾ ਹੈ ਕਿ ਇਹੋ ਜਿਹੇ ਗ਼ਦਾਰਾਂ ਦਾ ਡਟ ਕੇ ਟਾਕਰਾ ਕਰੀਏ।

ਇਸ ਮੀਟਿੰਗ ਵਿਚ ਜਾਪਾਨੀ ਕਮਾਂਡਰ ਮੇਜਰ ਫੂਜੀ ਯਾਰਾ ਨੇ ਵੀ ਤਕਰੀਰ ਕੀਤੀ ਅਤੇ ਆਖਿਆ–

"ਜਾਪਾਨ ਨੇ ਪੂਰਬ ਵਿਚ ਬਰਤਾਨਵੀ ਤਾਕਤ ਉਤੇ ਕਰਾਰੀ ਸਟ ਲਾ ਕੇ ਬਰਤਾਨੀਆਂ ਦਾ ਸਾਰਾ ਭੜ ਤੋੜ ਦਿਤਾ ਹੈ। ਬਰਤਾਨੀਆਂ ਹੁਣ ਖਤਮ ਹੋ ਰਿਹਾ ਹੈ ਇਸ ਲਈ ਹਿੰਦੁਸਤਾਨ ਲਈ ਆਜ਼ਾਦੀ ਹਾਸਲ ਕਰਨ ਦਾ ਬਿਹਤ੍ਰੀਨ ਮੌਕਾ ਹੈ। ਜਾਪਾਨੀ ਸਰਕਾਰ ਇਸ ਸੰਬੰਧ ਵਿਚ ਹਿੰਦੁਸਤਾਨੀਆਂ ਦੀ ਪੂਰੀ ਪੂਰੀ ਸਹਾਇਤਾ ਕਰਨ ਲਈ ਤਿਆਰ ਹੈ। ਅਸੀਂ ਹਿੰਦੁਸਤਾਨੀਆਂ ਨੂੰ ਆਪਣੇ ਵੈਰੀ ਨਹੀਂ ਸਮਝਦੇ ਕਿਉਂਕਿ ਸਾਨੂੰ ਪਤਾ ਹੈ ਉਹ ਆਪਣੀ ਮਰਜ਼ੀ ਨਾਲ ਜੰਗ ਵਿਚ ਸ਼ਾਮਲ ਨਹੀਂ ਹੋਏ ਸਗੋਂ ਬਰਤਾਨੀਆਂ ਨੇ ਹਿੰਦੁਸਤਾਨ ਨੂੰ ਜ਼ਬਰਦਸਤੀ ਸਾਡੇ ਵੈਰੀਆਂ ਦੀ ਕਤਾਰ ਵਿਚ ਲਿਆ ਖੜਾ ਕੀਤਾ ਹੈ।" ਹਿੰਦੀ ਸਿਪਾਹੀਆਂ ਨੂੰ ਸੰਬੋਧਨ ਕਰਕੇ ਆਪ ਨੇ ਆਖਿਆ :–

"ਮੈਂ ਤੁਹਾਨੂੰ ਜਾਪਾਨੀ ਪ੍ਰਤੀਨਿਧ ਦੀ ਹੈਸੀਅਤ ਵਿਚ ਕੈਦ ਵਿਚ ਲੈ ਲਿਆ ਏ ਪਰ ਸਾਡੀ ਇੱਛਾ ਇਹ ਹੈ ਕਿ ਆਪ ਨੂੰ ਆਜ਼ਾਦ ਕਰ ਦਿਤਾ ਜਾਏ ਤਾਂ ਜੁ ਤੁਸੀਂ ਸਾਰੇ ਆਪਣੇ ਦੇਸ਼ ਦੀ ਆਜ਼ਾਦੀ ਦੀ ਜੰਗ ਵਿਚ ਸਰਗਰਮ ਹਿਸਾ ਲੈ ਸਕੋ। ਮੈਂ ਆਪ ਨੂੰ ਕੈਪਟਨ ਮੋਹਨ ਸਿੰਘ ਦੇ ਹਵਾਲੇ ਕਰਦਾ ਹਾਂ। ਹੁਣ ਤੁਹਾਨੂੰ ਸਭਨਾਂ ਨੂੰ ਕੈਪਟਨ ਮੋਹਨ ਸਿੰਘ ਦੇ ਹੁਕਮਾਂ ਦੀ ਤਾਮੀਲ ਕਰਨੀ ਚਾਹੀਦੀ ਹੈ। ਇਹੋ ਹੁਣ ਤੋਂ ਆਪ ਸਭ ਦੇ ਕਮਾਂਡਰਨ ਚੀਫ ਹੋਣਗੇ।"

ਮੇਜਰ ਫੋਜੀ ਯਾਰਾ ਦੀ ਤਕਰੀਰ ਮਗਰੋਂ ਕੈਪਟਨ ਮੋਹਨ ਸਿੰਘ ਜੀ ਨੇ ਇਕ ਵਲਵਲਾ ਭਰਪੂਰ ਤਕਰੀਰ ਕੀਤੀ ਜਿਸ ਵਿਚ ਆਪ ਨੇ ਫਰਮਾਇਆ–

"ਅੰਗਰੇਜ਼ਾਂ ਨੇ ਸਾਜ਼ਸ ਕਰਕੇ ਹਿੰਦੁਸਤਾਨੀ ਫੌਜ ਨੂੰ ਜਾਪਾਨੀਆਂ ਦੇ ਹਵਾਲੇ ਕਰ ਦਿਤਾ ਹੈ ਅਤੇ ਹੁਣ ਅਸੀਂ ਸਾਰੇ ਇਹਨਾਂ ਜਾਪਾਨੀਆਂ ਦੇ ਰਹਿਮ ਉਤੇ ਹੀ ਹਾਂ। ਪਰ ਕੀ ਪਤਾ ਪ੍ਰਮਾਤਮਾ ਨੇ ਇਸ ਵਿਚ ਵੀ ਸਾਡੀ ਭਲਾਈ ਦਾ ਕੋਈ ਭੇਤ ਲੁਕਾ ਰਖਿਆ ਹੋਵੇ। ਕਿਉਂ ਨ ਅਸੀਂ ਆਪਣੇ ਪਿਆਰੇ ਦੇਸ ਨੂੰ ਆਜ਼ਾਦ ਕਰੌਣ ਦਾ ਉਪਰਾਲਾ ਕਰੀਏ? ਜਾਪਾਨੀਆਂ ਦੀ ਜੇਲ ਵਿਚ ਦੁਖੜੇ ਸਹਾਰਨ ਤੇ ਭੁਖੇ ਮਰਨ ਨਾਲੋਂ ਕੀ ਇਹ ਚੰਗਾ ਨਹੀਂ ਕਿ ਅਸੀਂ ਜੋ ਜੰਮੇ ਹੀ ਮਰਨ ਮਾਰਨ ਲਈ ਹਾਂ ਆਪਣੇ ਦੇਸ ਨੂੰ ਆਜ਼ਾਦ ਕਰੌਣ ਦੀ ਜਦੋ ਜਿਹਦ ਵਿਚ ਜਾਨਾਂ ਲਾ ਦੇਈਏ? ਅਤੇ ਆਪਣੇ ਵਡੇ ਵਡੇਰਿਆਂ ਵਾਂਗ ਸ਼ਹੀਦੀ ਪਾ ਜਾਈਏ। ਇਸ ਤਰ੍ਹਾਂ ਕਰਨ ਨਾਲ ਸਾਡਾ ਨਾਂ ਅਮਰ ਹੋ ਜਾਏਗਾ ਤੇ ਲੋਕ ਸਾਡੀਆਂ ਵਾਰਾਂ ਗਾਇਆ ਕਰਨਗੇ। ਆਜ਼ਾਦੀ ਦੀ ਦੇਵੀ ਭੇਟਾ ਮੰਗਦੀ ਹੈ ਕਿਉਂ ਨ ਅਸੀਂ ਆਪਣੇ ਸਿਰ ਉਸ ਦੀ ਭੇਟਾ ਕਰੀਏ?

ਮੈਂ ਅਜ ਤੁਹਾਨੂੰ ਉਸ ਰਸਤੇ ਤੇ ਤੋਰਨ ਲਈ ਆਇਆ ਹਾਂ ਜਿਸ ਤੇ ਸਿਖਾਂ ਦੇ ਗੁਰੂ ਗੋਬਿੰਦ ਸਿੰਘ ਜੀ ਨੇ ਤੁਰ ਕੇ ਭਾਰਤ ਮਾਤਾ ਦੀ ਸੇਵਾ ਕੀਤੀ ਸੀ। ਹਿੰਦੂਆਂ ਦੇ ਰਾਮ ਚੰਦਰ ਭਗਵਾਨ ਨੇ ਬਨਵਾਸ ਭੋਗਦਿਆਂ ਹੋਇਆਂ ਰਾਖਸ਼ੀ ਲੰਕਾ ਦਾ ਉਧਾਰ ਕਰ ਕੇ ਭਾਰਤ ਨੂੰ ਸੇਹਰਾ ਪੁਵਾਇਆ ਸੀ ਤੇ ਮੁਸਲਮਾਨ ਬਜ਼ੁਰਗਾਂ ਨੇ ਮਾਦਰੇ ਵਤਨ ਤੋਂ ਕੁਰਬਾਨ ਹੋਣ ਵਾਲਿਆਂ ਲਈ ਜੋ ਪੂਰਨੇ ਪਾਏ ਹੋਏ ਹਨ ਉਨ੍ਹਾਂ ਦੀ ਯਾਦ ਦਿਲਾਉਣ ਲਈ ਮੈਂ ਇਹ ਨਾਹਰਾ ਲਾਉਣ ਆਇਆ ਹਾਂ ਕਿ ਜਿਸ ਅੰਗਰੇਜ਼ ਦੇ ਬਚਾਉ ਲਈ ਅਸੀਂ ਪਹਿਲੇ ਘਰ ਘਾਟ ਛਡ ਕੇ ਭਰਤੀ ਹੋ ਕੇ ਆਏ ਸਾਂ, ਉਸ ਨੇ ਜੋ ਸਾਡੇ ਨਾਲ ਕੀਤਾ ਹੈ ਇਹ ਸਾਡੇ ਲਈ ਸਬਕ ਹੈ ਕਿ ਅਸੀਂ ਪਹਿਲੇ ਆਪਣੀ ਮਾਂ ਭਾਰਤ ਨੂੰ ਆਜ਼ਾਦ ਕਰੀਏ ਤੇ ਫੇਰ ਦੂਜਿਆਂ ਦੀ ਮਦਦ ਦਾ ਨਾਹਰਾ ਲਾਈਏ। ਆਪਣੀ ਰਖਿਆ ਨਾ ਕਰ ਸਕਣ ਵਾਲਿਆਂ ਨਾਲ ਇਹੋ ਕੁਝ ਹੁੰਦਾ ਹੈ। ਅਸੀਂ ਅਜ ਤਕ ਬਿਗਾਨੀਆਂ ਮਾਵਾਂ ਦੀ ਹੀ ਰਖਿਆ

ਕਰਦੇ ਰਹੇ ਹਾਂ, ਪਰ ਸਾਡੀ ਮਾਂ ਦੀ ਕੀ ਹਾਲਤ ਹੈ, ਅਸਾਂ ਕਦੇ ਸੋਚਿਆ ਹੀ ਨਹੀਂ । ਉਠੋ ਹਿੰਮਤ ਕਰੋ ! ਸਾਡੀ ਭਾਰਤ ਮਾਂ ਸਾਡਾ ਰਾਹ ਵੇਖ ਰਹੀ ਹੈ ! ਆਓ ਅਜ ਫੈਸਲਾ ਕਰੀਏ ਕਿ ਅਸੀਂ ਸਾਰੇ ਜੇਹੜੇ ਇਥੇ ਜਮਾਂ ਹੋਏ ਹਾਂ, ਆਜ਼ਾਦ ਹਾਂ ਤੇ ਸਾਰੇ ਆਜ਼ਾਦ ਹਿੰਦ ਫੌਜ ਬਣਾ ਕੇ ਉਸ ਦੇ ਮੈਂਬਰ ਬਣੀਏ ਤੇ ਗੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜੀ ਹੋਈ ਇੰਡੀਆ ਨੂੰ ਆਜ਼ਾਦ ਕਰਾਈਏ । ਬਸ ਇਹ ਤਕਰੀਰ ਕੀ ਸੀ ਬਿਜਲੀ, ਮੁਰਦਿਆਂ ਵਾਂਗ ਮੁਰਝਾਏ ਹੋਏ ਚਿਹਰੇ ਝਲਕ ਉਠੇ । ਸਭ ਪਾਸਿਉਂ ਆਵਾਜ਼ਾਂ ਆਉਣ ਲਗੀਆਂ ਕਿ ਅਸੀਂ ਤਿਆਰ ਹਾਂ

ਇਸ ਵੇਲੇ ਇਕ ਹੋਰ ਸਿਖ ਨੌਜਵਾਨ ਅਗੇ ਆਇਆ, ਉਸ ਨੇ ਇਹ ਗੀਤ ਪੰਜਾਬੀ ਵਿਚ ਗਾਵਿਆ ।

ਉਠੋ ਹਿੰਦੀ ਨੌਜਵਾਨੋਂ, ਦੇਸ਼ ਆਜ਼ਾਦ ਕਰਾ ਲਈਏ !
ਵੇਲਾ ਹੈ ਅਜ ਉਠੋ ਮਰਦੋ, ਤੌਕ ਗੁਲਾਮੀ ਲਾਹ ਲਈਏ !

ਬਸ ਉਹ ਸਤਰ ਹਜ਼ਾਰ ਹਿੰਦੀ ਫੌਜ ਦੇ ਕੈਦੀ ਆਜ਼ਾਦ ਹਿੰਦ ਫੌਜ ਦੇ ਸਿਪਾਹੀ ਬਣ ਗਏ ਅਤੇ ਹੋਰ ਹਿੰਦੁਸਤਾਨੀ ਵੀ ਲਗੇ ਭਰਤੀ ਹੋਣ ।

## ਜਰਨੈਲ ਮੋਹਣ ਸਿੰਘ ਦਾ ਬਿਆਨ

ਪੂਰਬ ਵਿਚ ਸਭ ਤੋਂ ਪਹਿਲੀ ਆਜ਼ਾਦ ਹਿੰਦ ਫੌਜ ਬਨਾਉਣ ਦਾ ਮਾਨ ਜਰਨੈਲ ਮੋਹਣ ਸਿੰਘ ਨੂੰ ਪ੍ਰਾਪਤ ਹੈ ਇਸ ਲਈ ਕੌਮੀ ਫੌਜ ਦੀ ਕਾਇਮੀ ਤੇ ਮੰਤਵ ਬਾਰੇ ਆਪ ਦਾ ਬਿਆਨ ਸਭ ਤੋਂ ਵਧੀਕ ਮੋਹਤਬਰ ਹੋ ਸਕਦਾ ਹੈ। ਇਸ ਵਿਚ ਆਪ ਨੇ ਦਸਿਆ ਹੈ ਕਿ ਕਿਨ੍ਹਾਂ ਕਾਰਨਾਂ ਕਰ ਕੇ ਇਸ ਫੌਜ ਦੇ ਬਨਾਉਣ ਦੀ ਲੋੜ ਪਈ। ਆਪ ਨੇ ਇਹ ਫੌਜ ਜਿਸ ਵੇਲੇ ਤਿਆਰ ਕੀਤੀ ਉਦੋਂ ਪੂਰਬ ਵਿਚ ਜੰਗ ਛਿੜ ਚੁਕੀ ਸੀ । ਜਾਪਾਨੀ ਕਮਾਂਡਰ-ਇਨ-ਚੀਫ ਜਨਰਲ

ਯਾਮਾ ਸ਼ੀਟਾ ਨੇ ਇਸ ਫੌਜ ਦੇ ਬਨਾਉਣ ਦੀ ਹੌਸਲਾ ਅਫਜ਼ਾਈ ਕੀਤੀ ਸੀ। ਜਿਸ ਕਰ ਕੇ ਸਿੰਗਾਪੁਰ ਦੇ ਫਤਹ ਹੋ ਜਾਣ ਮਗਰੋਂ ਜਰਨੈਲ ਮੋਹਣ ਸਿੰਘ ਦੀ ਫੌਜ ਵਿਚ ੪੫ ਹਜ਼ਾਰ ਤੋਂ ਵਧੀਕ ਜਵਾਨ ਭਰਤੀ ਹੋ ਚੁਕੇ ਸਨ । ਇਹ ਸਭ ਦੇ ਸਭ ਵਾਲੰਟੀਅਰ ਸਨ ਜਿਨ੍ਹਾਂ ਦੇ ਸਨਮੁਖ ਕੇਵਲ ਭਾਰਤ ਮਾਤਾ ਦੀ ਆਜ਼ਾਦੀ ਦਾ ਉਚ ਮੰਤਵ ਸੀ। ਹੁਣ ਅਸੀਂ ਜਨਰਲ ਮੋਹਣ ਸਿੰਘ ਦਾ ਉਹ ਲੇਖ ਦਰਜ ਕਰਦੇ ਹਾਂ ਜੋ ਆਪ ਨੇ ਪਹਿਲੀ ਆਜ਼ਾਦ ਹਿੰਦ ਫੌਜ ਬਾਬਤ ਲਿਖਿਆ ਹੈ। ਜਿਸ ਵਿਚ ਆਪ ਲਿਖਦੇ ਹਨ:-

"ਪੂਰਬ ਦੀ ਜੰਗ ਜਿਸ ਨੂੰ ਜਾਪਾਨੀ ਪੂਰਬੀ ਏਸ਼ੀਆ ਦੀ ਸਭ ਤੋਂ ਵਡੀ ਜੰਗ ਆਖਦੇ ਸਨ ੭-੮ ਦਸੰਬਰ ੧੯੪੧ ਨੂੰ ਸ਼ੁਰੂ ਹੋਈ। ਯਾਰ੍ਹਵਾਂ ਹਿੰਦੁਸਤਾਨੀ ਡਵੀਜਨ ਉਸ ਵੇਲੇ ਮਲਾਇਆ ਅਤੇ ਸਿਆਮ ਦੀ ਸਰਹੱਦ ਉਤੇ ਜਤਰਾ ਦੇ ਅਸਥਾਨ ਉਤੇ ਸੀ। ਸਭ ਤੋਂ ਅਗੇ ਯਾਰ੍ਹਵੀਂ ਪੰਜਾਬੀ ਰਜਮੈਂਟ ਸੀ। ਸਾਨੂੰ ਇਹ ਹੁਕਮ ਸੀ ਕਿ ਵੈਰੀ ਨੂੰ (ਉਦੋਂ ਆਪ ਅੰਗਰੇਜ਼ੀ ਫੌਜ ਵਿਚ ਸਨ) ਘਟੋ ਘਟ ਦੋ ਦਿਨਾਂ ਲਈ ੧੫ ਮੀਲ ਅਗੇ ਵਧ ਕੇ ਰੋਕਿਆ ਜਾਏ। ਤਾਂ ਜੁ ਇਸ ਦੌਰਾਨ ਵਿਚ ਡਵਯੀਨ ਮੁਕਾਬਲੇ ਦੀ ਪੂਰੀ ਤਿਆਰੀ ਕਰ ਲਵੇ। ਸਾਡਾ ੯ ਦਸੰਬਰ ਦੀ ਰਾਤ ਨੂੰ ਵੈਰੀ (ਜਾਪਾਨੀਆਂ) ਨਾਲ ਟਾਕਰਾ ਹੋਇਆ ਅਤੇ ਅਸੀਂ ੧੧ ਦਸੰਬਰ ਤਾਂਕ ਲੜਦੇ ਰਹੇ। ਏਥੇ ਇਹ ਦਸ ਦੇਣਾ ਵੀ ਜ਼ਰੂਰੀ ਹੈ ਕਿ ਸਾਡੇ ਪਾਸ ਰਖਿਆ ਲਈ ਕੋਈ ਟੈਂਕ ਨਹੀਂ ਸਨ। ਨਾ ਹੀ ਸਾਨੂੰ ਹਵਾਈ ਸਹਾਇਤਾ ਹੀ ਪ੍ਰਾਪਤ ਸੀ। ਇਸ ਦਾ ਫਲ ਇਹ ਹੋਇਆ ਕਿ ਸਾਡੀ ਬਟਾਲੀਅਨ ਛੋਟੇ ਛੋਟੇ ਹਿਸਿਆਂ ਵਿਚ ਵੰਡੀ ਜਾ ਕੇ ਪਸਪਾ ਹੋਣੀ ਸ਼ੁਰੂ ਹੋ ਗਈ।"

"੧੧ ਦਸੰਬਰ ਦਾ ਦਿਨ ਮੇਰੇ ਲਈ ਬੜੀ ਵਸ਼ਿਸ਼ਤਾ ਦਾ ਦਿਨ ਸੀ ਉਸ ਰੋਜ਼ ਮੇਰੇ ਦਿਮਾਗ ਵਿਚ ਦੇਸ਼ ਪਿਆਰ ਦੀ ਚੰਗਿਆੜੀ

ਉਠੀ। ਮੇਰੇ ਸਾਹਮਣੇ ਜ਼ਿੰਦਗੀ ਤੇ ਮੌਤ ਦਾ ਦ੍ਰਿਸ਼ ਸੀ। ਜਾਪਾਨੀਆਂ ਦੀ ਬੰਬਾਰੀ ਜਾਰੀ ਸੀ। ਮੈਂ ਦੋ ਵਾਰ ਟੈਂਕ ਦੀ ਮਾਰ ਤੋਂ ਬਚਿਆ। ਮੇਰੇ ਕਈ ਸਾਥੀ ਕੁਚਲੇ ਗਏ। ਇਕ ਵਾਰ ਤੇ ਮੈਂ ਟੈਂਕ ਤੋਂ ਕੇਵਲ ੨੦ ਗਜ਼ ਦੇ ਫਾਸਲੇ ਉਤੇ ਰਹਿ ਗਿਆ ਸਾਂ। ਇਕ ਰਬੜ ਦੇ ਦਰਖਤ ਨੇ ਮੇਰੀ ਜਾਨ ਬਚਾਈ। ਉਸ ਵੇਲੇ ਮੇਰੇ ਦਿਮਾਗ ਵਿਚ ਬੜਾ ਉਥਲ ਪੁਥਲ ਹੋ ਰਿਹਾ ਸੀ। ਉਸੇ ਵੇਲੇ ਮੇਰੇ ਸਾਹਮਣੇ ਕੁਛ ਸਵਾਲ ਆਏ। ਅਸੀਂ ਹਿੰਦੁਸਤਾਨੀ ਕਿਉਂ ਲੜ ਰਹੇ ਹਾਂ? ਸਾਡੀਆਂ ਜਵਾਨੀਆਂ ਨੂੰ ਕਿਸ ਲਈ ਤਬਾਹ ਤੇ ਬਰਬਾਦ ਕੀਤਾ ਜਾ ਰਿਹਾ ਹੈ, ਆਖਰ ਕੀ ਵਜਾ ਹੈ ਕਿ ਹਿੰਦੁਸਤਾਨੀਆਂ ਨੂੰ ਆਪਣੇ ਗੋਰੇ ਮਾਲਕਾਂ ਲਈ ਕੁੱਤੇ ਦੀ ਮੌਤ ਮਰਨਾ ਪੈਂਦਾ ਹੈ। ਜੇ ਸਾਡੀ ਕਿਸਮਤ ਵਿਚ ਲੜਨਾ ਹੀ ਹੈ ਤਦ ਅਸੀਂ ਦੇਸ਼ ਦੀ ਆਜ਼ਾਦੀ ਲਈ ਕਿਉਂ ਨਾ ਲੜੀਏ? ਸਾਡੀ ਆਜ਼ਾਦੀ ਦਾ ਵੈਰੀ ਜਾਪਾਨ ਨਹੀਂ ਸਗੋਂ ਬਰਤਾਨੀਆ ਹੈ ਜੋ ਸਾਰੀ ਦੁਨੀਆ ਦੇ ਅਮਨ ਦਾ ਵੈਰੀ ਹੈ। ਮੈਨੂੰ ਇਸ ਗਲ ਦਾ ਨਿਸਚਾ ਜਿਹਾ ਹੋ ਗਿਆ ਕਿ ਹਿੰਦੁਸਤਾਨ ਲਈ ਬਰਤਾਨੀਆ ਵਲੋਂ ਲੜਨ ਦਾ ਕੋਈ ਕਾਰਨ ਨਹੀਂ ਉਹ ਲੋਕ ਆਪਣੇ ਮਤਲਬ ਲਈ ਹਿੰਦੁਸਤਾਨੀਆਂ ਨੂੰ ਤੋਪ ਦੀਆਂ ਗ੍ਰਾਹੀਆਂ ਬਨਾਉਣਾ ਚਾਹੁੰਦੇ ਹਨ। ਜਦ ਤੀਕ ਹਿੰਦੀ ਲੋਕ ਵਫਾਦਾਰ ਰਹਿਣਗੇ ਬਰਤਾਨੀਆਂ ਹਿੰਦੁਸਤਾਨ ਨੂੰ ਆਜ਼ਾਦੀ ਦੇਣ ਦੀ ਲੋੜ ਨਹੀਂ ਸਮਝੇਗਾ। ਉਸ ਵੇਲੇ ਮੇਰੇ ਸਾਹਮਣੇ ਰਸਤਾ ਸਾਫ ਹੋ ਗਿਆ ਅਤੇ ਮੈਂ ਫੈਸਲਾ ਕਰ ਲਿਆ ਕਿ ਜਾਪਾਨ ਦੇ ਨਾਲ ਮਿਲ ਕੇ ਬਰਤਾਨੀਆ ਵਿਰੁਧ ਜੰਗ ਲੜਨਾ ਚਾਹੀਦਾ ਹੈ ਕਿਉਂਕਿ ਉਹ ਸਾਡਾ ਦੋਵਾਂ ਦਾ ਸਾਂਝਾ ਵੈਰੀ ਹੈ।"

"ਹਿੰਦੁਸਤਾਨ ਦੀ ਫੌਜ ਦੁਨੀਆਂ ਦੀਆਂ ਬਿਹਤ੍ਰੀਨ ਫੌਜਾਂ ਵਿਚੋਂ ਹੈ। ਇਸ ਵਿਚ ਸੂਰਬੀਰਤਾ ਹੈ, ਦ੍ਰਿੜਤਾ ਹੈ, ਲੜਨ ਦੀ ਯੋਗਤਾ ਹੈ ਤੇ ਲੜਾਈ ਦੇ ਫਨ ਵਿਚ ਦੁਨੀਆਂ ਭਰ ਵਿਚ ਕਿਸੇ ਤੋਂ ਦੂਜੇ ਨੰਬਰ

ਉਤੇ ਨਹੀਂ ਪਰ ਇਸ ਵਿਚ ਇਕ ਕਮੀ ਹੈ। ਅੰਗਰੇਜ਼ ਨੇ ਇਸਦੀ ਸਹੈਤਾ ਨਾਲ ਇਕ ਚੌਥਾਈ ਦੁਨੀਆਂ ਨੂੰ ਗੁਲਾਮ ਬਣਾ ਰਖਿਆ ਹੈ। ਦੁਨੀਆਂ ਵਿਚ ਇਹੋ ਇਕ ਫੌਜ ਹੈ ਜਿਸ ਵਿਚ ਦੇਸ਼ ਭਗਤੀ ਨੂੰ ਜੁਰਮ ਕਰਾਰ ਦਿਤਾ ਗਿਆ ਹੈ। ਬਹੁਤ ਸਾਰੇ ਲੋਕ ਇਸ ਨੂੰ ਭਾੜੇ ਦੇ ਟੱਟੂ ਆਖਦੇ ਹਨ ਪਰ ਇਹ ਖਤਾਬ ਗਲਤ ਹੈ। ਭਾੜੇ ਦੇ ਟਟੂ ਓਹ ਹੁੰਦੇ ਹਨ ਜੋ ਦੂਜਿਆਂ ਤੋਂ ਭਾੜਾ ਲੈ ਕੇ ਕੰਮ ਕਰਨ। ਇਹਨਾਂ ਸਿਪਾਹੀਆਂ ਨੂੰ ਆਪਣੇ ਦੇਸ ਦੇ ਖਜ਼ਾਨੇ ਵਿਚੋਂ ਤਨਖਾਹ ਮਿਲਦੀ ਹੈ ਪਰ ਉਹ ਲੜਦੇ ਦੂਜਿਆਂ ਲਈ ਹਨ।"

ਮੇਰੀ ਸਕੀਮ ਇਹ ਸੀ ਕਿ ਜਾਪਾਨੀਆਂ ਦੇ ਨਾਲ ਮਿਲ ਕੇ ਹਿੰਦੁਸਤਾਨੀਆਂ ਦੀ ਇਕ ਜ਼ਬਰਦਸਤ ਫੌਜ ਬਣਾ ਲਈ ਜਾਵੇ ਅਤੇ ਬਰਤਾਨੀਆਂ ਨੂੰ ਉਸ ਹਥਿਆਰ ਨਾਲ ਹਾਰ ਦਿਤੀ ਜਾਏ ਜਿਸ ਹਥਿਆਰ ਨਾਲ ਉਹਨਾਂ ਨੇ ਦੁਨੀਆਂ ਦੇ ਚੌਥੇ ਹਿਸੇ ਨੂੰ ਗੁਲਾਮ ਬਣਾ ਰਖਿਆ ਹੈ।

ਸਾਧਾਰਨ ਹਾਲਾਤ ਵਿਚ ਐਸਾ ਕਟਨਾ ਕਠਨ ਸੀ ਪਰ ਮੇਰੇ ਦਿਲ ਨੇ ਆਖਿਆ ਕਿ ਇਸ ਲਈ ਮੁਨਾਸਬ ਮੌਕਾ ਇਹੋ ਹੈ। ਇਸ ਵੇਲੇ ਦੇਸ਼ ਭਗਤਾਂ ਦੀ ਇਕ ਫੌਜ ਤਿਆਰ ਕੀਤੀ ਜਾ ਸਕਦੀ ਹੈ। ਮੈਨੂੰ ਨਿਸ਼ਚਾ ਸੀ ਕਿ ਜਤਨ ਕੀਤਾ ਜਾਏ ਤਦ ਇਹ ਕੰਮ ਕੋਈ ਔਖਾ ਨਹੀਂ ਕੇਵਲ ਲੋਕਾਂ ਅਗੇ ਪ੍ਰੋਗਰਾਮ ਰਖਣ ਦੀ ਢਿਲ ਹੈ।

ਮੈਂ ਪਾਰਟੀ ਦੇ ਨਾਲ ਵਾਪਸ ਆ ਰਿਹਾ ਸਾਂ ਕਿ ਆਕਾਸ਼ ਵਿਚੋਂ ਕੁਛ ਇਸ਼ਤਿਹਾਰ ਡਿਗੇ। ਇਹਨਾਂ ਇਸ਼ਤਿਹਾਰਾਂ ਵਿਚ ਲਿਖਿਆ ਸੀ—ਏਸ਼ਿਆ ਏਸ਼ਿਆਈਆਂ ਲਈ ਹੈ। ਅਸੀਂ ਪੂਰਬ ਵਿਚੋਂ ਬਰਤਾਨੀਆਂ ਤੇ ਅਮ੍ਰੀਕਾ ਦਾ ਗਲਬਾ ਖਤਮ ਕਰ ਦੇਣਾ ਚਾਹੁੰਦੇ ਹਾਂ। ਇਨ੍ਹਾਂ ਵਿਚ ਹਿੰਦੁਸਤਾਨੀ ਫੌਜ ਪਾਸ ਅਪੀਲ ਕੀਤੀ ਗਈ ਸੀ ਕਿ ਉਹ ਬਰਤਾਨੀਆਂ ਵਲੋਂ ਹੋਕੇ ਨ ਲੜਨ। ਇਸ ਪੈਮਫਲਟ ਨੇ ਸਾਡੇ ਹੌਸਲੇ ਵਧਾ ਦਿਤੇ। ਮੇਰੇ ਦਿਲ ਨੇ ਆਖਿਆ ਕੰਮ ਕਰਨ ਦਾ ਇਹੋ ਵੇਲਾ ਹੈ। ਬਰਤਾਨੀਆਂ ਨੇ ਤਾਕਤ ਦੇ ਜ਼ੋਰ ਨਾਲ ਸਲਤਨਤ ਕਾਇਮ ਕੀਤੀ ਹੈ ਇਸ

ਲਈ ਉਹ ਟੈਂਕ ਤੇ ਤਪ ਤੋਂ ਸਿਵਾ ਕਿਸੇ ਹੋਰ ਆਵਾਜ਼ ਨੂੰ ਨਹੀਂ ਸੁਣੇਗਾ, ਸੁ ਮੈਂ ਕਾਰਰਵਾਈ ਕਰਨ ਦਾ ਦ੍ਰਿੜ ਨਿਸ਼ਚਾ ਧਾਰ ਲਿਆ। ਮੈਂ ਪਾਰਟੀ ਨਾਲ ਜਾ ਰਿਹਾ ਸਾਂ ਕਿ ਮੈਨੂੰ ਕੈਪਟਨ ਮੁਹੰਮਦ ਅਕ-ਰਮ ਦਸ ਪਠਾਨਾਂ ਦੇ ਨਾਲ ਜੰਗਲ ਵਿਚ ਮਿਲਿਆ। ਮੈਂ ਉਸ ਨੂੰ ਆਪਣੇ ਦਿਲ ਦੀ ਗਲ ਆਖ ਸੁਣਾਈ। ਉਹ ਨ ਕੇਵਲ ਮੇਰੀ ਗਲ ਨਾਲ ਸਹਿਮਤ ਹੀ ਹੋਇਆ ਸਗੋਂ ਉਸ ਨੇ ਪੂਰੇ ਪੂਰੇ ਮਿਲਵਰਤਨ ਦਾ ਭਰੋਸਾ ਵੀ ਦਵਾਇਆ। ਅਕਰਮ ਹੁਣ ਇਸ ਦੁਨੀਆਂ ਵਿਚ ਨਹੀਂ ਉਹ ਇਕ ਹਵਾਈ ਜਹਾਜ਼ ਦੇ ਹਾਦਸੇ ਵਿਚ ਮਾਰਿਆ ਜਾ ਚੁਕਾ ਹੈ, ਪਰ ਜਦੋਂ ਆਜ਼ਾਦ ਹਿੰਦ ਫੌਜ ਦਾ ਇਤਿਹਾਸ ਲਿਖਿਆ ਜਾਏਗਾ ਤਦ ਉਸ ਵਿਚ ਅਕਰਮ ਦਾ ਨਾਮ ਵੀ ਜ਼ਰੂਰ ਛਪੇਗਾ। ਉਸ ਨੇ ਆਜ਼ਾਦ ਹਿੰਦ ਫੌਜ ਵਿਚ ਹਿੰਦੂ ਮੁਸਲਿਮ ਮਿਲਾਪ ਦੀ ਰੂਹ ਭਰ ਦਿਤੀ ਸੀ। ਉਹ ਆਪਣੇ ਮਜ਼ਹਬ ਦਾ ਕਟੜ ਪਾਬੰਦ ਸੀ। ਨਿਯਮ ਨਾਲ ਨਿਮਾਜ਼ ਪੜ੍ਹਦਾ ਸੀ, ਬਹਾਦਰੀ ਉਸ ਵਿਚ ਕੁਟ ਕੁਟ ਕੇ ਭਰੀ ਸੀ। ਉਹ ਆਜ਼ਾਦ ਹਿੰਦ ਫੌਜ ਵਿਚ ਮੇਰੇ ਨਾਲੋਂ ਦੂਜੇ ਨੰਬਰ ਉਤੇ ਸੀ, ਪਰ ਅਸਲ ਵਿਚ ਮੇਰੇ ਜਜ਼ਬਾਤ ਦਾ ਉਹ ਆਗੂ ਸੀ। ਮੈਂ ਸਾਰੇ ਡਰਾਮੇ ਨੂੰ ਭੁਲ ਸਕਦਾ ਹਾਂ ਪਰ ਅਕਰਮ ਨੂੰ ਨਹੀਂ ਭੁਲ ਸਕਦਾ।

ਤਿੰਨ ਦਿਨ ਤੇ ਤਿੰਨ ਰਾਤਾਂ ਦੀ ਭਜ ਦੌੜ ਤੋਂ ਮਗਰੋਂ ਅਸੀਂ ਇਕ ਪਿੰਡ ਵਿਚ ਪਹੁੰਚੇ ਜੋ ਰਿਆਸਤ ਕੇਡਾ ਦੀ ਰਾਜ ਧਾਨੀ ਅਲਵਰ ਸਟਾਰ ਤੋਂ ੨੦ ਮੀਲ ਦੂਰ ਸੀ। ਉਥੇ ਸਾਨੂੰ ਪਤਾ ਲਗਾ ਕਿ ਅਲਵਰ ਸਟਾਰ ਉਤੇ ਜਾਪਾਨੀਆਂ ਦਾ ਕਬਜ਼ਾ ਹੋ ਚੁਕਾ ਹੈ। ਮੈਂ ਜਾਪਾਨੀ ਹੈਡ ਕੁਵਾਟਰ ਨੂੰ ਸੁਨੇਹਾ ਭੇਜਿਆ ਅਤੇ ਮੈਨੂੰ ਉਸ ਦਾ ਹੌਸਲਾ ਵਧਾਊ ਉਤ੍ਰ ਮਿਲਿਆ। ੧੫ ਦਸੰਬਰ ਦੀ ਸਵੇਰ ਨੂੰ ਜਾਪਾਨੀ ਅਫਸਰ ਕਰਨਲ ਫੋਜੀ ਯਾਰਾ ਬੈਂਗਕੋਕ ਦੇ ਸਰਦਾਰ ਪ੍ਰੀਤਮ ਸਿੰਘ ਸਮੇਤ ਉਸ ਪਿੰਡ ਵਿਚ ਆਨ ਪੁਜੇ ਅਤੇ ਆ ਕੇ ਮੇਰੇ ਨਾਲ ਗਲ ਬਾਤ ਕੀਤੀ।

ਇਹ ਸਰਦਾਰ ਪ੍ਰੀਤਮ ਸਿੰਘ ਕੌਣ ਸੀ ਇਸ ਗਲ ਨੂੰ ਬਹੁਤ

ਥੋੜੇ ਲੋਕ ਜਾਣਦੇ ਹਨ। ਸ: ਪ੍ਰੀਤਮ ਸਿੰਘ ਅਸਲ ਵਿਚ ਪੂਰਬ ਵਿਚ ਆਜ਼ਾਦੀ ਲਹਿਰ ਦਾ ਜਨਮ ਦਾਤਾ ਸੀ। ਉਹਨਾਂ ਨੇ ਆਜ਼ਾਦੀ ਲੀਗ ਦੀਆਂ ਵਖ ਵਖ ਥਾਵਾਂ ਉਤੇ ਸ਼ਾਖਾਂ ਜਾਰੀ ਕੀਤੀਆਂ। ਇਹ ਉਹੋ ਲਹਿਰ ਹੈ ਜਿਸ ਦੀ ਵਾਗ ਡੋਰ ਮੇਰੇ ਹਥਿਆਰ ਰਖਣ ਮਗਰੋਂ ਹਿੰਦੁਸਤਾਨ ਦੇ ਸੂਰਬੀਰ ਸਪੂਤ ਸੰਸਾਰ ਪ੍ਰਸਿਧ ਸ੍ਰੀ ਸੁਭਾਸ਼ ਚੰਦਰ ਬੋਸ ਨੇ ਸੰਭਾਲੀ। ਉਸ ਨੇ ਜਦੋਂ ਆਜ਼ਾਦ ਹਿੰਦ ਫੌਜ ਕਾਇਮ ਕੀਤੀ ਤਦ ਤਿਰੰਗਾ ਝੰਡਾ ਲਹਿਰਾਇਆ। ਉਸ ਵੇਲੇ ਮੇਰੇ ਦਿਲ ਦੀ ਹਾਲਤ ਬੜੀ ਵਚਿਤ੍ਰ ਸੀ। ਮੇਰਾ ਦਿਲ ਉਛਾਲੇ ਖਾ ਰਿਹਾ ਸੀ, ਮੈਂ ਪਹਿਲੀ ਵਾਰ ਫਾਜਸੀ ਤਕਰੀਰ ਕੀਤੀ।

ਮਤਲਬ ਇਹ ਕਿ ਫੌਜੀ ਯਾਰਾਂ ਨੇ ਮੈਨੂੰ ਯਕੀਨ ਦਵਾਇਆ ਕਿ ਜਾਪਾਨ ਹਿੰਦੁਸਤਾਨ ਉਤੇ ਕਬਜ਼ੇ ਦਾ ਵਿਛਾਵਾਨ ਨਹੀਂ। ਉਹ ਹਿੰਦੁਸਤਾਨ ਦੀ ਆਜ਼ਾਦੀ ਲਹਿਰ ਦੀ ਸਹਾਇਤਾ ਕਰਨ ਲਈ ਤਿਆਰ ਹੈ। ਮੈਂ ਉਸੇ ਵੇਲੇ ਆਸ ਪਾਸ ਇਹ ਸੁਨੇਹਾ ਭਿਜਵਾ ਦਿਤਾ ਕਿ ੧੪ਵੀ ਰਾਜਮੈਂਟ ਦੇ ਕੈਪਟਨ ਮੋਹਨ ਸਿੰਘ ਨੇ ਆਜ਼ਾਦ ਹਿੰਦ ਫੌਜ ਤਿਆਰ ਕੀਤੀ ਹੈ ਜਿਸ ਦੀ ਮਦਦ ਨਾਲ ਉਹ ਹਿੰਦੁਸਤਾਨ ਨੂੰ ਆਜ਼ਾਦ ਕਰਾਉਣਾ ਚਾਹੁੰਦਾ ਹੈ। ਹਿੰਦੁਸਤਾਨ ਦਾ ਅਸਲੀ ਵੈਰੀ ਬਰਤਾਨੀਆਂ ਹੈ ਆਦਿ। ਇਸ ਅਪੀਲ ਦਾ ਨਤੀਜਾ ਇਹ ਹੋਇਆ ਕਿ ਸ਼ਾਮ ਤੀਕ ਦੋ ਸੌ ਆਦਮੀ ਮੇਰੀ ਕਮਾਨ ਹੇਠ ਆ ਗਏ। ਤਿੰਨ ਦਿਨ ਦੇ ਅੰਦਰ ਅੰਦਰ ਇਹ ਗਿਣਤੀ ਇਕ ਹਜ਼ਾਰ ਹੋ ਗਈ ਉਸ ਦਿਨ ਕੁਛ ਜਾਪਾਨੀ ਵਡੇ ਅਫਸਰ ਮੇਰੇ ਨਾਲ ਮੁਲਾਕਾਤ ਕਰਨ ਆਏ। ਉਹਨਾਂ ਅਫਸਰਾਂ ਨਾਲ ਸੂਰਤਿ ਹਾਲਤ ਉਤੇ ਖਿਆਲਾਂ ਦਾ ਵਟਾਂਦਰਾ ਹੋਇਆ। ਦੂਜੇ ਹੀ ਦਿਨ ਮੈਨੂੰ ਜਾਪਾਨੀ ਕਮਾਂਡਰ-ਇਨ ਚੀਫ ਜਨਰਲ ਯਾਮਾ ਸ਼ੀਟਾ ਦੇ ਰੂਬਰੂ ਪੇਸ਼ ਕੀਤਾ ਗਿਆ। ਉਸ ਨੂੰ ਲੋਕ ਮਲਾਇਆ ਦਾ ਸ਼ੇਰ ਆਖਦੇ ਸਨ। ਉਹਨਾਂ ਨੇ ਮੈਨੂੰ ਯਕੀਨ ਦਵਾਇਆ ਕਿ ਮੇਰੀ ਜਦੋ ਜਿਹਦ ਦੀ ਪੂਰੀ ਪੂਰੀ ਸਹਾਇਤਾ

ਕੀਤੀ ਜਾਏਗੀ। ਉਨੀ ਦਿਨੀਂ ਦਸ ਦਿਨ ਤੀਕ ਮੇਰੀ ਜਾਪਾਨੀ ਕਰਮਚਾਰੀਆਂ ਨਾਲ ਗਲ ਬਾਤ ਜਾਰੀ ਰਹੀ ਜਿਸ ਦੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ।

ਇਹ ਗਲ ਵਰਨਣ ਯੋਗ ਹੈ ਕਿ ਸਾਰੇ ਜਾਪਾਨੀ ਅਫਸਰ ਕਾਂਗਰਸ ਦੇ ਵਿਰੁਧ ਸਨ, ਖਾਸ ਕਰ ਕੇ ਪੰਡਤ ਜਵਾਹਰ ਲਾਲ ਨਹਿਰੂ ਦੇ। ਉਹਨਾਂ ਦਾ ਖਿਆਲ ਸੀ ਕਿ ਮਹਾਤਮਾ ਗਾਂਧੀ ਦਾ ਤ੍ਰੀਕਾ ਠੀਕ ਨਹੀਂ ਹੈ। ਉਹ ਹਿੰਦੁਸਤਾਨ ਵਿਚ ਅੰਗਰੇਜ਼ਾਂ ਦਾ ਮੁਕਾਬਲਾ ਤਾਕਤ ਨਾਲ ਨਹੀਂ ਕਰਨਾ ਚਾਹੁੰਦੇ। ਉਹਨਾਂ ਨੂੰ ਇਹ ਗਲ ਸਮਝਾਉਣ ਵਿਚ ਮੇਰੇ ਕਈ ਦਿਨ ਲਗ ਗਏ ਕਿ ਕਾਂਗਰਸ ਹੀ ਇਕ ਐਸੀ ਜਮਾਤ ਹੈ ਜੋ ਹਿੰਦੁਸਤਾਨ ਵਿਚੋਂ ਅੰਗਰੇਜ਼ਾਂ ਨੂੰ ਬਾਹਰ ਕਢਣਾ ਚਾਹੁੰਦੀ ਹੈ। ਜੇ ਉਸ ਨੇ ਸ਼ਾਂਤਮਈ ਦਾ ਤ੍ਰੀਕਾ ਧਾਰਨ ਕੀਤਾ ਹੈ ਤਦ ਇਸ ਲਈ ਕਿ ਉਹ ਹਾਲਤ ਤੋਂ ਮਜਬੂਰ ਹੈ। ਮੈਂ ਉਹਨਾਂ ਨੂੰ ਇਹ ਵੀ ਦਸਿਆ ਕਿ ਮੈਂ ਵੀ ਕਾਂਗਰਸੀ ਹਾਂ ਫਰਕ ਕੇਵਲ ਏਨਾ ਹੀ ਹੈ ਕਿ ਮੈਂ ਹਿੰਸਾ ਦਾ ਟਾਕਰਾ ਹਿੰਸਾ ਨਾਲ ਕਰਨਾ ਚਾਹੁੰਦਾ ਹਾਂ।

ਲੰਮੀ ਚੌੜੀ ਬਹਿਸ ਦੇ ਮਗਰੋਂ ਮੈਂ ਜਾਪਾਨੀ ਜਨਰਲ ਸਟਾਫ ਨੂੰ ਇਹ ਭਰੋਸਾ ਦਵਾਉਣ ਵਿਚ ਸਫਲ ਹੋ ਗਿਆ ਕਿ ਕਾਂਗਰਸ ਹੀ ਦੇਸ ਦੀ ਆਜ਼ਾਦੀ ਪਸੰਦ ਜਮਾਤ ਹੈ ਅਤੇ ਜਦ ਤੀਕ ਕਾਂਗਰਸ ਦੀ ਸਹਾਇਤਾ ਹਾਸਲ ਨਾ ਕੀਤੀ ਜਾਏ ਹਿੰਦੁਸਤਾਨ ਵਿਚੋਂ ਅੰਗਰੇਜ਼ਾਂ ਨੂੰ ਬਾਹਰ ਨਹੀਂ ਕਢਿਆ ਜਾ ਸਕਦਾ। ਮੈਂ ਉਹਨਾਂ ਨੂੰ ਇਹ ਵੀ ਸਮਝਾਇਆ ਕਿ ਹਿੰਦੁਸਤਾਨ ਵਿਚ ਬਰਤਾਨਵੀ ਇੰਮਪੀਰਲਿਜ਼ਮ ਦੀਆਂ ਜੜ੍ਹਾਂ ਐਨੀਆਂ ਮਜ਼ਬੂਤ ਹੋ ਚੁਕੀਆਂ ਹਨ ਕਿ ਹਿੰਦੀਆਂ ਦੀ ਮਦਦ ਤੋਂ ਬਗੈਰ ਉਹਨਾਂ ਨੂੰ ਬਾਹਰ ਨਹੀਂ ਕਢਿਆ ਜਾ ਸਕਦਾ। ਇਸ ਲਈ ਜਾਪਾਨੀਆਂ ਦਾ ਲਾਭ ਏਸੇ ਵਿਚ ਹੈ ਕਿ ਉਹ ਹਿੰਦੁਸਤਾਨੀਆਂ ਦਾ ਮਿਲਵਰਤਨ ਹਾਸਲ ਕਰਨ।

ਮੈਂ ਜਾਪਾਨੀ ਅਫਸਰਾਂ ਨਾਲ ਗਲ ਬਾਤ ਦੇ ਦੌਰਾਨ ਵਿਚ ਇਸ ਗਲ ਉਤੇ ਜ਼ੋਰ ਦਿਤਾ ਕਿ ਸ੍ਰੀ ਮੁਭਾਸ਼ ਚੰਦਰ ਬੋਸ ਜੋ ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਰਹਿ ਚੁਕੇ ਹਨ ਉਹਨਾਂ ਨੂੰ ਪੂਰਬੀ ਏਸ਼ੀਆ ਦੀ ਅਗਵਾਈ ਲਈ ਬੁਲਾਇਆ ਜਾਏ, ਪਰ ਜਾਪਾਨੀ ਇਸ ਗਲ ਲਈ ਤਿਆਰ ਨਾ ਹੋਏ। ਇਸ ਦਾ ਇਕ ਕਾਰਨ ਸੀ ਜਿਸ ਨੂੰ ਜ਼ਾਹਰ ਕਰਨਾ ਯੋਗ ਨਹੀਂ ਤੇ ਜੋ ਵੇਲੇ ਸਿਰ ਜ਼ਾਹਰ ਕੀਤਾ ਜਾਏਗਾ। ਮੈਂ ਬਹੁਤ ਦੇਰ ਤੀਕ ਏਸ ਮੰਗ ਉਤੇ ਅੜਿਆ ਰਿਹਾ ਪਰ ਸਫਲ ਨਾ ਹੋਇਆ* ਆਖਰ ਮੈਂ ਜਾਪਾਨੀਆਂ ਨੂੰ ਆਖਿਆ ਕਿ ਹਿੰਦੁਸਤਾਨੀ ਜੰਗੀ ਕੈਦੀਆਂ ਨੂੰ ਮੇਰੇ ਹਵਾਲੇ ਕੀਤਾ ਜਾਏ ਤਾਂ ਜੁ ਉਹਨਾਂ ਦੀ ਸਹੈਤਾ ਨਾਲ ਮੈਂ ਆਜ਼ਾਦ ਹਿੰਦ ਫੌਜ ਤਿਆਰ ਕਰ ਸਕਾਂ। ਇਹ ਤਜਵੀਜ਼ ਉਹਨਾਂ ਮਨਜ਼ੂਰ ਕਰ ਲਈ ਅਤੇ ਦਸੰਬਰ ੧੯੪੧ ਵਿਚ ਜਨਰਲ ਯਾਮਾ ਸ਼ੀਟਾ ਨੇ ਇਸ ਸਿਲਸਿਲੇ ਵਿਚ ਲਿਖਤੀ ਹੁਕਮ ਜਾਰੀ ਕਰ ਦਿਤਾ।

ਮੈਨੂੰ ਆਪਣੇ ਮੰਤਵ ਵਿਚ ਸਫਲਤਾ ਪ੍ਰਾਪਤ ਹੋਈ ਅਤੇ ਸਿੰਗਾਪੁਰ ਫਤਹ ਹੋਣ ਤੋਂ ਪਹਿਲੇ ਹੀ ਮੇਰੀ ਕਮਾਨ ਹੇਠ ੧੦ ਹਜ਼ਾਰ ਆਫੀਸਰ ਤੇ ਸਿਪਾਹੀ ਆ ਚੁਕੇ ਸਨ। ਇਸ ਦੇ ਮਗਰੋਂ ਉਹਨਾਂ ਦੀ ਗਿਣਤੀ ੪੫ ਹਜ਼ਾਰ ਤੀਕ ਪਹੁੰਚ ਗਈ।

ਸਤੰਬਰ ੧੯੪੨ ਵਿਚ ਆਜ਼ਾਦ ਹਿੰਦ ਫੌਜ ਨੂੰ ਬਾਕਾਇਦਾ

---

*ਜਿਹਾ ਕਿ ਪਾਠਕ ਪਿਛੇ ਪੜ੍ਹ ਆਏ ਹਨ ਅਤੇ ਜਾਪਾਨੀ ਗੌਰਮਿੰਟ ਨੂੰ ਉਹੋ ਕੁਛ ਕਰਨਾ ਪਿਆ ਜੋ ਸ: ਮੋਹਣ ਸਿੰਘ ਜੀ ਆਖਦੇ ਸਨ। ਮਲੂਮ ਹੁੰਦਾ ਹੈ ਅੰਤ ਕੈਪਟਨ ਮੋਹਣ ਸਿੰਘ ਦੀ ਗਲ ਉਹਨਾਂ ਨੂੰ ਜਚੀ ਤੇ ਉਹਨਾਂ ਨੇ ਜਰਮਨੀ ਦੇ ਹਿਟਲਰ ਨੂੰ ਖਾਸ ਤੌਰ ਉਤੇ ਲਿਖਿਆ ਕਿ ਸੁਭਾਸ਼ ਬਾਬੂ ਨੂੰ ਟੋਕੀਉ ਭੇਜੋ। ਏਸੇ ਮੰਗ ਤੇ ਸੁਭਾਸ਼ ਬਾਬੂ ਜਾਪਾਨ ਗਏ ਸਨ —(ਲੇਖਕ)

ਤੌਰ ਉਤੇ ਜਾਪਾਨੀ ਗੋਰਮਿੰਟ ਨੇ ਪਰਵਾਨ ਕਰ ਲਿਆ ਸੀ। ਇਹ ਉਹ ਦਿਨ ਸੀ ਜਿਹੜਾ ਆਪਣੇ ਅੰਦਰ ਇਤਿਹਾਸਕ ਮਹਾਨਤਾ ਰਖਦਾ ਹੈ। ਇਸ ਵੇਲੇ ਮੇਰੇ ਪਾਸ ੧੭ ਹਜ਼ਾਰ ਹਥਿਆਰ ਬੰਦ ਤੇ ਬਾਵਰਦੀ ਜਵਾਨ ਅਤੇ ੨੫ ਹਜ਼ਾਰ ਰੀਜ਼ਰਵ ਫੌਜ ਸੀ। ਇਸ ਫੌਜ ਵਿਚ ਭਰਤੀ ਹੋਣ ਵਾਲੇ ਸਭ ਵਾਲੰਟੀਅਰ ਸਨ ਜਿਹੜੇ ਕੇਵਲ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦੇ ਜਜ਼ਬੇ ਨਾਲ ਪ੍ਰਭਾਵਤ ਹੋ ਕੇ ਭਰਤੀ ਹੋਏ ਸਨ। ਇਸ ਫੌਜ ਵਿਚ ਸਾਰੀਆਂ ਕੌਮਾਂ ਦੇ ਲੋਕ ਸਨ। ਇਹਨਾਂ ਵਿਚ ਈਸਾਈ ਵੀ ਬੜੀ ਗਿਣਤੀ ਵਿਚ ਸਨ। ਮੇਰੇ ਖਿਆਲ ਵਿਚ ਉਹ ਦੇਸ਼ ਭਗਤੀ ਦੇ ਮਾਮਲੇ ਵਿਚ ਕਿਸੇ ਤੋਂ ਪਿਛੇ ਨਹੀਂ। ਇਸ ਫੌਜ ਵਿਚ ਗੋਰਖੇ ਵੀ ਸਨ ਜਿਨ੍ਹਾਂ ਆਪਣਾ ਕੰਮ ਬੜੀ ਯੋਗਤਾ ਨਾਲ ਸਿਰੇ ਚਾੜ੍ਹਿਆ। ਏਥੇ ਮੈਂ ਇਹ ਦਸ ਦਿਆਂ ਕਿ ਆਜ਼ਾਦ ਹਿੰਦ ਫੌਜ ਵਿਚ ਪੂਰਾ ਪੂਰਾ ਫਿਰਕੂ ਮਿਲਾਪ ਸੀ। ੧੩ ਮਹੀਨੇ ਦੇ ਸਮੇਂ ਦੇ ਦੌਰਾਨ ਵਿਚ ਕਦੇ ਕੋਈ ਫਿਰਕੂ ਝਗੜਾ ਨਹੀਂ ਹੋਇਆ। ਸਾਡਾ ਇਕੋ ਹੀ ਰਸੋਈ ਖਾਨਾ ਸੀ, ਜਿਸ ਵਿਚ ਸਭ ਲੋਕ ਬਿਨਾ ਭਿਨ ਭੇਦ ਦੇ ਖਾਣਾ ਖਾਂਦੇ ਸਨ।

ਜ਼ਾਤੀ ਤੌਰ ਉਤੇ ਮੇਰੀ ਰਾਏ ਹੈ ਕਿ ਜਦ ਤੀਕ ਅੰਗਰੇਜ਼ ਏਥੇ ਮੌਜੂਦ ਹਨ ਫਿਰਕੂ ਝਗੜੇ ਜਾਰੀ ਰਹਿਣਗੇ। ਇਹ ਬਰਤਾਨਵੀ ਇੰਪੀਰਲਿਜ਼ਮ ਹੀ ਹੈ ਜਿਸ ਨੇ ਇਹ ਸਾਰੇ ਝਗੜੇ ਖੜੇ ਕਰ ਰਖੇ ਹਨ। ਇਹਨਾਂ ਦੀ ਮੌਜੂਦਗੀ ਵਿਚ ਹਿੰਦੁਸਤਾਨ ਅੰਦਰ ਇਤਿਹਾਦ ਪੈਦਾ ਨਹੀਂ ਹੋ ਸਕਦਾ। ਜੋ ਕੁਛ ਵੀ ਹੋਵੇ ਸਾਨੂੰ ਇਹ ਕੰਮ ਵੀ ਕਰਨਾ ਹੀ ਪੈਣਾ ਹੈ—ਜੈ ਹਿੰਦ

ਇਸ ਤਰ੍ਹਾਂ ਦੂਰ ਪੂਰਬ ਵਿਚ ਸਰਦਾਰ ਮੋਹਣ ਸਿੰਘ ਕੈਪਟਨ ਦੀ ਕਮਾਂਡ ਹੇਠ ਆਜ਼ਾਦ ਹਿੰਦ ਫੌਜ ਕਾਇਮ ਹੋਈ। ਇਹ ਦੂਜੀ ਆਜ਼ਾਦ ਹਿੰਦ ਫੌਜ ਸੀ। ਪਹਿਲੀ ਸੁਭਾਸ਼ ਬਾਬੂ ਜਰਮਨੀ ਵਿਚ ਕਾਇਮ ਕਰ ਚੁਕੇ ਸਨ ਜਿਹਾ ਕਿ ਪਾਠਕ ਪਹਿਲੇ ਪੜ੍ਹ ਆਏ ਹਨ। ਕੈਪਟਨ ਮੋਹਣ ਸਿੰਘ ਜੀ ਨੇ ਸਰਦਾਰ ਨਿਰੰਜਣ ਸਿੰਘ ਜੀ ਗਿਲ ਨੂੰ ਜੋ

ਬਰਿਟਿਸ਼ ਫੌਜ ਵਿਚ ਕੈਪਟਨ ਸਨ ਆਜ਼ਾਦ ਹਿੰਦ ਫੌਜ ਦਾ ਕਮਾਂਡਰ ਥਾਪਿਆ ਤੇ ਆਪ ਨੂੰ ਜਰਨੈਲੀ ਦੇ ਔਹਦੇ ਉਤੇ ਤਰੱਕੀ ਦਿਤੀ। ਹੋਰ ਆਸਾਮੀਆਂ ਉਤੇ ਵੀ ਆਪ ਨੇ ਯੋਗ ਸਜਨ ਲਾਏ ਜਿਹਾ ਕਿ ਮਿਸਟਰ ਕੇ. ਪੀ. ਮੈਨਨ ਪ੍ਰਾਪੇਗੰਡਾ ਮਨਿਸਟਰ ਥਾਪੇ ਗਏ।

ਸ: ਮੋਹਨ ਸਿੰਘ ਨੂੰ ਆਜ਼ਾਦ ਹਿੰਦ ਫੌਜ ਬਣਾਉਣ ਵਿਚ ਜੋ ਸਫਲਤਾ ਹੋਈ ਉਸ ਤੋਂ ਕਿਸੇ ਨੂੰ ਇਨਕਾਰ ਨਹੀਂ ਹੋ ਸਕਦਾ। ਮਲੂਮ ਹੁੰਦਾ ਹੈ ਜਾਪਾਨੀ ਅਫਸਰ ਇਸ ਫੌਜ ਨੂੰ ਹਥ ਠੋਕਾ ਬਨਾਉਣਾ ਚਾਹੁੰਦੇ ਸਨ ਪਰ ਸ: ਮੋਹਨ ਸਿੰਘ ਤੇ ਸ: ਨਰਿੰਜਨ ਸਿੰਘ ਗਿਲ ਇਸ ਨੂੰ ਆਜ਼ਾਦ ਰਖਣਾ ਚਾਹੁੰਦੇ ਸਨ। ਇਸ ਲਈ ਦੋਵਾਂ ਧਿਰਾਂ ਵਿਚਾਲੇ ਤਲਖੀ ਸ਼ੁਰੂ ਹੋ ਗਈ ਜੋ ਅੰਤ ਆਜ਼ਾਦ ਹਿੰਦ ਫੌਜ ਨੂੰ ਤੋੜਨ ਤੇ ਜਨਰਲ ਮੋਹਨ ਸਿੰਘ ਦੀ ਗਿਰਫਤਾਰੀ ਦਾ ਕਾਰਨ ਬਣੀ।

## ਗ੍ਰਿਫਤਾਰੀ

ਸ: ਮੋਹਨ ਸਿੰਘ ਜੀ ਨੂੰ ਆਜ਼ਾਦ ਹਿੰਦ ਫੌਜ ਕਿਉਂ ਤੋੜਨੀ ਪਈ, ਇਸ ਉਤੇ ਮਿਸਟਰ ਕਰਿਸ਼ਨ ਪਾਲਤਾ ਨੇ ਇਕ ਲੇਖ ਵਿਚ ਖੋਲ੍ਹ ਕੇ ਚਾਨਣਾ ਪਾਇਆ ਹੈ ਜਿਸ ਵਿਚ ਆਪ ਲਿਖਦੇ ਹਨ:—

ਅਕਤੂਬਰ ੧੯੪੨ ਤੋਂ ਹਿੰਦੁਸਤਾਨੀ ਸ਼ਹਿਰੀਆਂ ਤੇ ਫੌਜੀਆਂ ਦੀ ਕਮੇਟੀ ਆਫ ਐਕਸ਼ਨ ਮੁਤਫਿਕਾ ਤੌਰ ਪਰ ਦਖਣ ਪੂਰਬੀ ਏਸ਼ੀਆ ਵਿਚ ਜਾਪਾਨੀਆਂ ਦੇ ਹਿੰਦੁਸਤਾਨੀਆਂ ਪਰ ਜ਼ੁਲਮ ਦੀ ਨਿਖੇਧੀ ਕਰਦੀਆਂ ਸਨ। ਜਨਰਲ ਮੋਹਨ ਸਿੰਘ ਜੀ ਇਸ ਵੇਲੇ ਪਹਿਲੀ ਆਜ਼ਾਦ ਹਿੰਦ ਫੌਜ ਦੀ ਕਾਇਮੀ ਲਈ ਸਰਗਰਮੀ ਨਾਲ ਯਤਨ ਕਰ ਰਹੇ ਸਨ। ਪਿਛੋਂ ਉਹਨਾਂ ਨੂੰ ਇਹ ਖਿਆਲ ਆਇਆ ਕਿ ਸਾਡੇ ਯਤਨਾਂ ਦਾ ਲਾਭ ਕਿਤੇ ਜਾਪਾਨੀਆਂ ਨੂੰ ਹੀ ਨਾ ਪੁਜੇ ਤੇ ਉਹਨਾਂ ਨੇ ਵਿਚਾ-

ਰਿਆ ਕਿ ਪਹਿਲਾਂ ਜਾਪਾਨੀਆਂ ਨਾਲ ਇਸ ਗਲ ਦਾ ਫੈਸਲਾ ਕਰ ਲਿਆ ਜਾਵੇ ਕਿ ਆਜ਼ਾਦ ਹਿੰਦ ਫੌਜ ਉਹਨਾਂ ਦੀ ਕਠ-ਪੁਤਲੀ ਨਹੀਂ ਹੋਵੇਗੀ ਸਗੋਂ ਉਹ ਪੂਰੀ ਤਰ੍ਹਾਂ ਆਜ਼ਾਦ ਹੋਵੇਗੀ । ਜਨਰਲ ਮੋਹਨ ਸਿੰਘ ਜੀ ਨੇ ਜਾਪਾਨੀਆਂ ਨਾਲ ਇਸ ਸੰਬੰਧੀ ਲਿਖਾ ਪੜ੍ਹੀ ਕੀਤੀ ਪਰ ਜਦੋਂ ਜਾਪਾਨੀਆਂ ਨੇ ਕੋਈ ਤਸਲੀ ਬਖਸ਼ ਉਤਰ ਨਾ ਦਿਤਾ ਤਾਂ ਉਹਨਾਂ ਨੇ ਮਜਬੂਰਨ ਉਹ ਕਦਮ ਉਠਾਇਆ ਜੋ ਆਜ਼ਾਦ ਹਿੰਦ ਫੌਜ ਦੀ ਇਨਕਲਾਬੀ ਤਹਿਰੀਕ ਅਤੇ ਜਾਪਾਨ ਦੀ ਜੰਗ ਕਰ ਕੇ ਜ਼ਰੂਰੀ ਹੋ ਗਿਆ ਸੀ । ਆਜ਼ਾਦ ਹਿੰਦ ਫੌਜ ਵਿਚ ਜਾਪਾਨੀਆਂ ਸੰਬੰਧੀ ਫੈਲ ਰਹੀਆਂ ਗਲਤ ਫੈਹਿਮੀਆਂ ਦੇ ਕਾਰਨ ਜਨਰਲ ਮੋਹਨ ਸਿੰਘ ਜੀ ਤੇ ਰਾਸ ਬਿਹਾਰੀ ਬੋਸ ਦੇ ਦਰਿਮਆਨ ਭੀ ਮਤਭੇਦ ਪੈਦਾ ਹੋ ਗਿਆ । ਰਾਸ ਬਿਹਾਰੀ ਬੋਸ ਦਾ ਖਿਆਲ ਸੀ ਕਿ ਟੋਕੀਉ ਵਿਚ ਜਾ ਕੇ ਜਾਪਾਨੀ ਲੀਡਰਾਂ ਨਾਲ ਗਲ ਬਾਤ ਕਰ ਕੇ ਉਹਨਾਂ ਨੂੰ ਸਖਤੀਆਂ ਕਰਨ ਤੋਂ ਰੋਕਿਆ ਜਾ ਸਕਦਾ ਹੈ । ਉਹਨਾਂ ਦਾ ਇਹ ਭੀ ਖਿਆਲ ਸੀ ਕਿ ਆਜ਼ਾਦ ਹਿੰਦ ਫੌਜ ਦੀ ਤਾਕਤ ਵਧ ਰਹੀ ਹੈ ਇਸ ਲਈ ਮੌਜੂਦਾ ਹਾਲਾਤ ਵਿਚ ਹਿੰਦੁਸਤਾਨ ਨੂੰ ਜ਼ਰੂਰ ਆਜ਼ਾਦ ਕਰਾਇਆ ਜਾ ਸਕੇਗਾ । ਇਸ ਦੇ ਉਲਟ ਜਨਰਲ ਮੋਹਨ ਸਿੰਘ ਜੀ ਤੇ ਉਹਨਾਂ ਦੇ ਦੂਸਰੇ ਸਾਥੀ ਇਹ ਰਾਇ ਰਖਦੇ ਸਨ ਕਿ ਜਾਪਾਨੀਆਂ ਨੂੰ ਅਲਟੀਮੇਟਮ ਦੇ ਦਿਤਾ ਜਾਵੇ ਕਿ ਉਹ ਆਜ਼ਾਦ ਹਿੰਦ ਫੌਜ ਨੂੰ ਪੂਰਨ ਤੌਰ ਪਰ ਆਜ਼ਾਦ ਮੰਨਣ ਲਈ ਤਿਆਰ ਹਨ ਜਾਂ ਨਹੀਂ ? ਇਸ ਸਵਾਲ ਪਰ ਮਿਸਟਰ ਰਾਸ ਬਿਹਾਰੀ ਬੋਸ ਅਤੇ ਜਨਰਲ ਮੋਹਨ ਸਿੰਘ ਦੇ ਦਰਮਿਆਨ ਇਖਤਲਾਫ ਬਹੁਤ ਵਧ ਗਿਆ ਤੇ ਉਹ ਇਕ ਦੂਸਰੇ ਨਾਲੋਂ ਅਲਗ ਹੋ ਗਏ । ਇਹ ਵਿਰੋਧ ਇਥੋਂ ਤੀਕ ਵਧਿਆ ਕਿ ਦੋਵੇਂ ਆਪਸ ਵਿਚ ਮਿਲਨ ਤੋਂ ਭੀ ਸੰਕੋਚ ਕਰਨ ਲਗ ਪਏ ।

ਆਜ਼ਾਦ ਹਿੰਦ ਫੌਜ ਦੇ ਬਹੁਤ ਸਾਰੇ ਲੋਕਾਂ ਨੂੰ ਇਹ ਸ਼ਕ

ਹੋ ਗਿਆ ਸੀ ਕਿ ਰਾਸ ਬਿਹਾਰੀ ਬੋਸ ਗੱਦਾਰ ਹੈ। ਉਹ ਹਿੰਦੁ-ਸਤਾਨ ਨਾਲ ਪਿਆਰ ਨਹੀਂ ਕਰਦਾ ਤੇ ਜਾਪਾਨ ਦਾ ਹਥ ਠੋਕਾ ਬਣਿਆ ਹੋਇਆ ਹੈ। ਉਸ ਦਾ ਲੜਕਾ ਭੀ ਜਾਪਾਨੀ ਫੌਜ ਵਿਚ ਕੰਮ ਕਰਦਾ ਸੀ ਤੇ ਉਸ ਦਾ ਇਕਲੌਤਾ ਲੜਕਾ ਜਾਪਾਨੀ ਸਕੂਲ ਵਿਚ ਕੈਡਿਟ ਸੀ। ਬਹੁਤ ਸਾਰੇ ਆਜ਼ਾਦ ਹਿੰਦ ਫੌਜੀਆਂ ਨੇ ਰਾਸ ਬਿਹਾਰੀ ਬੋਸ ਦੇ ਸੰਬੰਧ ਵਿਚ ਗਲਤ ਫਹਿਮੀਆਂ ਫੈਲਾਈਆਂ। ਇਸ ਤੋਂ ਪਿਛੋਂ ਰਾਸ ਬਿਹਾਰੀ ਬੋਸ ਖੁਦ ਆਜ਼ਾਦ ਹਿੰਦ ਫੌਜ ਦੇ ਅਫਸਰਾਂ ਨਾਲ ਮੇਲ ਜੋਲ ਵਧਾਣ ਲਗ ਪਏ। ਉਹਨਾਂ ਦਾ ਖਿਆਲ ਸੀ ਕਿ ਇਸ ਤਰ੍ਹਾਂ ਉਹ ਆਪਣੇ ਸੰਬੰਧੀ ਫੈਲੀਆਂ ਗਲਤ ਫਹਿਮੀਆਂ ਦੂਰ ਕਰ ਸਕਣਗੇ, ਪਰ ਉਹਨਾਂ ਨੂੰ ਇਸ ਕੰਮ ਵਿਚ ਸਫਲਤਾ ਨਾ ਮਿਲੀ ਤੇ ਅਫਸਰਾਂ ਵਿਚੋਂ ਵਿਰੋਧੀ ਖਿਆਲ ਨਾ ਮਿਟਾ ਸਕੇ। ਨਾ ਹੀ ਉਹਨਾਂ ਦਾ ਨੁਕਤਾ ਨਿਗਾਹ ਹੀ ਅਫਸਰਾਂ ਨੇ ਪਸੰਦ ਕੀਤਾ। ਜਾਪਾਨੀ ਚਾਹੁੰਦੇ ਸਨ ਕਿ ਆਜ਼ਾਦ ਹਿੰਦ ਫੌਜ ਨੂੰ ਬਰਹਮਾਂ ਦੇ ਮਹਾਜ਼ ਪਰ ਲੜਨ ਲਈ ਭੇਜਿਆ ਜਾਵੇ ਤੇ ਇਸ ਕੰਮ ਲਈ ਉਹਨਾਂ ਨੇ ਸਿੰਗਾਪੁਰ ਦੇ ਸਮੁੰਦ੍ਰੀ ਅੱਡੇ ਵਿਚ ਜਹਾਜ਼ ਭੀ ਤਿਆਰ ਕਰ ਰਖੇ ਸਨ ਪਰੰਤੂ ਜਨਰਲ ਮੋਹਨ ਸਿੰਘ ਜੀ ਨੇ ਐਸਾ ਕਰਨ ਤੋਂ ਇਨਕਾਰ ਕਰ ਦਿਤਾ। ਆਪ ਨੇ ਕਿਹਾ ਜਦੋਂ ਤਕ ਜਾਪਾਨੀ ਇਸ ਫੌਜ ਨੂੰ ਖੁਦ ਮੁਖਤਿਆਰ ਤੇ ਪੂਰਨ ਆਜ਼ਾਦ ਫੌਜ ਤਸਵਰ ਨਹੀਂ ਕਰਦੇ ਉਸ ਵਕਤ ਤਕ ਇਸ ਫੌਜ ਨੂੰ ਕਿਸੇ ਮਹਾਜ਼ ਤੇ ਨਹੀਂ ਭੇਜਿਆ ਜਾ ਸਕਦਾ, ਕੌਂਸਲ ਆਫ ਐਕਸ਼ਨ ਦੇ ਮੈਂਬਰ ਲੈਫਟੀਨੈਂਟ ਕਰਨਲ ਗੀਲਾਨੀ ਤੇ ਮਿ: ਮੈਨਨ ਭੀ ਜਨਰਲ ਮੋਹਨ ਸਿੰਘ ਜੀ ਨਾਲ ਸਹਿਮਤ ਸਨ। ਥੋੜੇ ਦਿਨ ਪਿਛੋਂ ਆਜ਼ਾਦ ਹਿੰਦ ਫੌਜ ਦੇ ਹੈਡ ਕੁਆਰਟਰ ਤੋਂ ਕਈ ਸਿਆਸੀ ਨੁਕਤਿਆਂ ਦੇ ਅਧਾਰ ਪਰ ਇਕ ਅੈਲਟੀਮੇਟਮ ਤਿਆਰ ਕਰ ਕੇ ਜਾਪਾਨ ਦੀ ਹਕੂਮਤ ਨੂੰ ਭੇਜਿਆ ਗਿਆ। ਇਸ ਨੂੰ ਤਿਆਰ ਕਰਨ ਲਈ ਕਮੇਟੀ ਆਫ ਐਕਸ਼ਨ

ਦਾ ਇਜਲਾਸ ਕਈ ਦਿਨ ਹੁੰਦਾ ਰਿਹਾ, ਪਰ ਕਾਫੀ ਸੋਚ ਵਿਚਾਰ ਤੋਂ ਪਿਛੋਂ ਭੀ ਕਮੇਟੀ ਇਸ ਫੈਸਲੇ ਉਤੇ ਨਾ ਪੁਜ ਸਕੀ ਕਿ ਆਜ਼ਾਦ ਹਿੰਦ ਫੌਜ ਨੂੰ ਕਾਇਮ ਰਖਿਆ ਜਾਵੇ ਜਾਂ ਤੋੜ ਦਿਤਾ ਜਾਵੇ। ਕਈ ਮੈਂਬਰ ਇਸ ਸਮੇਂ ਇਹ ਕਦਮ ਚੁਕਣ ਦੇ ਹੱਕ ਵਿਚ ਨਹੀਂ ਸਨ। ਜਾਪਾਨ ਦੇ ਵਜ਼ੀਰ ਆਜ਼ਮ ਜਨਰਲ ਟੋਜੂ ਨੇ ਇਕ ਐਲਾਨ ਭੀ ਕੀਤਾ ਸੀ ਪਰ ਉਹ ਇਤਨਾ ਸਾਫ ਨਹੀਂ ਸੀ ਜਿਸ ਨਾਲ ਹਿੰਦੁਸਤਾਨੀਆਂ ਦੇ ਸਾਰੇ ਭੁਲੇਖੇ ਦੂਰ ਹੋ ਜਾਣ। ਇਸ ਲਈ ਕਮੇਟੀ ਆਫ ਐਕਸ਼ਨ ਨੇ ਜਾਪਾਨੀਆਂ ਨਾਲ ਲਿਖਤੀ ਮੁਆਹਿਦਾ ਕੀਤੇ ਬਗੈਰ ਜਾਪਾਨੀ ਸਰਕਾਰ ਪਰ ਭਰੋਸਾ ਕਰਨ ਤੋਂ ਇਨਕਾਰ ਕਰ ਦਿਤਾ।

ਜਨਰਲ ਮੋਹਨ ਸਿੰਘ ਜੀ ਨੇ ਜਾਪਾਨੀਆਂ ਦੇ ਨੇਕ ਇਰਾਦਿਆਂ ਦਾ ਇਮਤਿਹਾਨ ਲੈਣ ਲਈ ਜਾਪਾਨੀ ਸਰਕਾਰ ਨਹੀਂ ਸਗੋਂ ਜਾਪਾਨ ਦੇ ਸ਼ਹਿਨਸ਼ਾਹ ਪਾਸੋਂ ਲਿਖਤੀ ਇਕਰਾਰ ਲੈਣ ਦਾ ਨਵਾਂ ਮੁਤਾਲਬਾ ਪੇਸ਼ ਕਰ ਦਿਤਾ, ਪਰ ਜਾਪਾਨੀ ਸਰਕਾਰ ਨੇ ਇਸ ਫੌਜ ਦੀ ਆਜ਼ਾਦ ਹੈਸੀਅਤ ਤੇ ਵਜੂਦ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ। ਭਾਵੇਂ ਸਰਕਰਦਾ ਅਫਸਰ ਇਸ ਨੂੰ ਆਜ਼ਾਦ ਹਿੰਦ ਫੌਜ ਦੇ ਨਾਮ ਨਾਲ ਹੀ ਯਾਦ ਕਰਦੇ ਸਨ। ਜਨਰਲ ਮੋਹਨ ਸਿੰਘ ਜੀ ਚਾਹੁੰਦੇ ਸਨ ਕਿ ਆਜ਼ਾਦ ਹਿੰਦ ਫੌਜ ਮੁਕੰਮਲ ਤੌਰ ਤੇ ਜਾਪਾਨੀਆਂ ਦੇ ਦਖਲ ਤੋਂ ਸੁਤੰਤਰ ਰਹੇ। ਉਹ ਚਾਹੁੰਦੇ ਸਨ ਕਿ ਜਾਪਾਨੀ ਇਸ ਫੌਜ ਦੀ ਉਸ ਹੱਦ ਤਕ ਹੀ ਮਦਦ ਕਰਨ ਜਿਥੋਂ ਤਕ ਕਮੇਟੀ ਆਫ ਐਕਸ਼ਨ ਤਜਵੀਜ਼ ਕਰੇ। ਇਸ ਮੰਤਵ ਦੀ ਪੂਰਤੀ ਲਈ ਬੈਂਕਾਕ ਦੇ ਰੈਜ਼ੂਲਿਊਸ਼ਨ ਨੂੰ ਪ੍ਰਵਾਨ ਕਰੌਣ ਲਈ ਜਨਰਲ ਮੋਹਨ ਸਿੰਘ ਜੀ ਲਗਾਤਾਰ ਖਤ ਪਤਰ ਕਰਦੇ ਰਹੇ। ਜਦ ਜਾਪਾਨੀਆਂ ਨੇ ਕੋਈ ਤਸਲੀ ਬਖਸ਼ ਉਤਰ ਨਾ ਦਿਤਾ ਤਾਂ ਜਨਰਲ ਮੋਹਨ ਸਿੰਘ ਜੀ ਨੇ ਆਪਣਾ ਰਾਹ ਆਪ ਬਣਾ ਲਿਆ। ਇਹਨਾਂ ਦਿਨਾਂ ਵਿਚ ਜਾਪਾਨੀ

ਸਰਕਾਰ ਤੇ ਆਜ਼ਾਦ ਹਿੰਦ ਫੌਜ ਦੇ ਸੰਬੰਧ ਬਹੁਤ ਵਿਗੜ ਗਏ ਸਨ ਤੇ ਆਪਸ ਵਿਚ ਦੇ ਸੰਬੰਧ ਵੀ ਬਿਲਕੁਲ ਮੁਕ ਚੁਕੇ ਸਨ। ਜਨਰਲ ਮੋਹਣ ਸਿੰਘ ਜੀ ਨੇ ਐਲਟੀਮੇਟਮ ਦੇ ਨਾਲ ਹੀ ਇਕ ਖਤ ਜਾਪਾਨੀ ਸਰਕਾਰ ਦੇ ਨਾਮ ਲਿਖਿਆ ਜਿਸ ਵਿਚ ਜਾਪਾਨੀ ਸਰਕਾਰ ਦੇ ਵਤੀਰੇ ਦੀ ਸਖਤ ਨਿਖੇਧੀ ਕੀਤੀ। ਆਪ ਨੇ ਜਾਪਾਨੀ ਸਰਕਾਰ ਨੂੰ "ਭੇਡ ਦੀ ਸ਼ਕਲ ਵਿਚ ਬਘਿਆੜ" ਦੇ ਨਾਮ ਨਾਲ ਸੰਬੋਧਨ ਕੀਤਾ ਦਸਿਆ ਜਾਂਦਾ ਹੈ। ਜਨਰਲ ਸਾਹਿਬ ਨੇ ਇਹ ਖਤ ਬਹੁਤ ਹੀ ਪੁਰ ਵਕਾਰ ਲਹਿਜੇ ਵਿਚ ਲਿਖਿਆ ਸੀ ਜਿਸ ਤੋਂ ਜ਼ਾਹਰ ਹੈ ਕਿ ਇਸ ਨੌਜਵਾਨ ਜਰਨੈਲ ਦੀਆਂ ਰਗਾਂ ਵਿਚ ਵਤਨ-ਪਿਆਰ ਦਾ ਜਜ਼ਬਾ ਕਿੰਨਾਂ ਤੀਬਰ ਹੈ ਤੇ ਉਸ ਦੀਆਂ ਰਗਾਂ ਵਿਚ ਕਿਵੇਂ ਗਰਮ ਖ਼ੂਨ ਦੌੜਾ ਕਰ ਰਿਹਾ ਹੈ। ਉਸ ਵੇਲੇ ਜਨਰਲ ਸਾਹਿਬ ਦੀ ਉਮਰ ੩੨ ਸਾਲ ਦੀ ਸੀ। ਇਸ ਖਤ ਤੋਂ ਇਹ ਪ੍ਰਗਟ ਹੈ ਕਿ ਇਹ ਸ਼ੇਰ ਮਰਦ ਤੇ ਗੁਰੂ ਗੋਬਿੰਦ ਸਿੰਘ ਦਾ ਲਾਡਲਾ ਕਿਵੇਂ ਖਤਰਿਆਂ ਤੋਂ ਬੇਪ੍ਰਵਾਹ ਤੇ ਵੱਡੀ ਤੋਂ ਵੱਡੀ ਮੁਸ਼ਕਲ ਦਾ ਮੁਕਾਬਲਾ ਬੇਖੌਫ਼ੀ ਨਾਲ ਕਰਨ ਲਈ ਤਿਆਰ ਰਹਿੰਦਾ ਅਤੇ ਜਾਪਾਨ ਦੀ ਸ਼ਕਤੀ ਸ਼ਾਲੀ ਸਰਕਾਰ ਨਾਲ ਭੀ ਟਕਰ ਲੈਣ ਤੋਂ ਸੰਕੋਚ ਨਹੀਂ ਸੀ ਕਰਦਾ। ਹਾਲਾਤ ਆਖਰੀ ਸਟੇਜ ਤੇ ਪਹੁੰਚ ਰਹੇ ਸਨ ਤੇ ਨਤੀਜੇ ਪ੍ਰਗਟ ਹੋ ਗਏ ਸਨ। ਜਾਪਾਨੀਆਂ ਨੇ ਇਸ ਐਲਟੀਮੇਟਮ ਦੀਆਂ ਕਈ ਬੁਨਿਆਦੀ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿਤਾ। ਜਾਪਾਨੀਆਂ ਦੇ ਇਸ ਇਨਕਾਰ ਨੂੰ ਹਿੰਦੁਸਤਾਨੀ ਸਿਪਾਹੀਆਂ ਤੇ ਅਫਸਰਾਂ ਨੇ ਆਪਣੇ ਵਕਾਰ ਦੀ ਨਿਰਾਦਰੀ ਸਮਝਿਆ ਅਤੇ ਉਹ ਜਨਰਲ ਮੋਹਨ ਸਿੰਘ ਜੀ ਦੀ ਲੀਡਰ ਸ਼ਿਪ ਹੇਠ ਡਟ ਗਏ। ਇਸੇ ਸਮੇਂ ਜਨਰਲ ਗਿਲ ਦਾ ਝਗੜਾ ਸਾਹਮਣੇ ਆ ਗਿਆ ਜਿਸ ਨੇ ਬਲਦੀ ਤੇ ਤੇਲ ਦਾ ਕੰਮ ਕੀਤਾ। ਜਾਪਾਨੀਆਂ ਨੂੰ ਸ਼ਕ ਪੈ ਗਿਆ ਕਿ ਲੈਫਟੀਨੈਂਟ ਕਰਨਲ ਗਿੱਲ ਅੰਗਰੇਜ਼ਾਂ ਦੇ ਏਜੰਟ ਹਨ। ਉਹਨਾਂ ਨੇ ਇਸ ਦੋਸ਼ ਵਿਚ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ,

ਹਾਲਾਂ ਕਿ ਦਸ਼ ਸਾਬਤ ਕਰਨ ਲਈ ਜਾਪਾਨੀਆਂ ਪਾਸ ਕੋਈ ਠੋਸ ਸਬੂਤ ਨਹੀਂ ਸੀ। ਕਮੇਟੀ ਆਫ ਐਕਸ਼ਨ ਕਰਨਲ ਗਿਲ ਨੂੰ ਰਿਹਾ ਨਾ ਕਰਾ ਸਕੀ ਤੇ ਇਹਨਾਂ ਸਾਰੀਆਂ ਗਲਾਂ ਨੇ ਜਨਰਲ ਮੋਹਣ ਸਿੰਘ ਜੀ ਦੇ ਸਬਰ ਦੇ ਪਿਆਲੇ ਨੂੰ ਛਲਕਾ ਦਿਤਾ । ਉਹਨਾਂ ਨੇ ਆਜ਼ਾਦ ਹਿੰਦ ਫੌਜ ਨੂੰ ਤੋੜ ਦੇਣ ਦਾ ਫੈਸਲਾ ਕਰ ਲਿਆ ।

ਸ੍ਰੀ ਯੁਤ ਰਾਸ ਬਿਹਾਰੀ ਬੋਸ ਨੇ ਜਨਰਲ ਮੋਹਨ ਸਿੰਘ ਜੀ ਦੇ ਇਸ ਫੈਸਲੇ ਨੂੰ ਚੈਲੰਜ ਕੀਤਾ ਤੇ ਆਈਨੀ ਤੌਰ ਤੇ ਜਨਰਲ ਸਾਹਿਬ ਦੇ ਫੈਸਲੇ ਨੂੰ ਨਿਯਮਾਂ ਵਿਰੁਧ ਕਰਾਰ ਦਿੰਦਿਆਂ ਹੋਇਆਂ ਇਹ ਸਾਬਤ ਕਰਨ ਦਾ ਯਤਨ ਕੀਤਾ ਕਿ ਬੰਕਾਕ ਮਤੇ ਦੇ ਅਨੁਸਾਰ ਆਜ਼ਾਦ ਹਿੰਦ ਫੌਜ, ਆਜ਼ਾਦ ਹਿੰਦ ਲੀਗ ਦੀ ਕਮੇਟੀ ਆਫ ਐਕਸ਼ਨ ਤੇ ਉਸ ਦੇ ਪ੍ਰਧਾਨ ਦੇ ਮਾਤਹਿਤ ਕਰਾਰ ਦਿਤੀ ਗਈ ਸੀ। ਇਸ ਦੇ ਉਲਟ ਜਨਰਲ ਮੋਹਨ ਸਿੰਘ ਜੀ ਦਾ ਖਿਆਲ ਇਹ ਸੀ ਕਿ ਆਜ਼ਾਦ ਹਿੰਦ ਫੌਜ ਨੇ ਉਹਨਾਂ ਨਾਲ ਵਫਾਦਾਰੀ ਦਾ ਇਕਰਾਰ ਕੀਤਾ ਸੀ ਇਸ ਲਈ ਉਹ ਆਪਣੇ ਹੁਕਮ ਨਾਲ ਹੀ ਇਸ ਫੌਜ ਨੂੰ ਤੋੜ ਸਕਦੇ ਹਨ । ਸਾਰੇ ਅਫਸਰ ਭੀ ਫੌਜ ਨੂੰ ਤੋੜ ਦੇਣ ਦੇ ਹਕ ਵਿਚ ਸਨ ਤੇ ਇਸ ਤਰ੍ਹਾਂ ਇਸ ਸਮੇਂ ਫੌਜ ਦੇ ਕਮਾਂਡਰ ਅਤੇ ਲੀਗ ਦੇ ਪ੍ਰਧਾਨ ਦੇ ਸੰਬੰਧ ਵੀ ਖਰਾਬ ਹੋ ਗਏ।

ਜਨਰਲ ਮੋਹਨ ਸਿੰਘ ਨੇ ਅਫਸਰਾਂ ਦੀ ਇਕ ਪ੍ਰਾਈਵੇਟ ਮੀਟਿੰਗ ਬੁਲਾਈ ਤਾਂ ਜੁ ਫੌਜ ਨੂੰ ਤੋੜ ਦੇਣ ਦੇ ਐਲਾਨ ਨੂੰ ਅਮਲੀ ਜਾਮਾ ਪਹਿਨਾਇਆ ਜਾ ਸਕੇ । ਉਹਨਾਂ ਨੇ ਇਸ ਸਮੇਂ ਇਕ ਸੰਖੇਪ ਜਿਹੀ ਤਕਰੀਰ ਤੋਂ ਪਿਛੋਂ (ਜਿਸ ਵਿਚ ਉਹਨਾਂ ਨੂੰ ਆਜ਼ਾਦ ਹਿੰਦ ਫੌਜ ਦੀ ਸਥਾਪਨਾ ਤੇ ਉਦੇਸ਼ ਸੰਬੰਧੀ ਚਾਨਣਾ ਪਾਇਆ) ਕਿਹਾ ਕਿ ਇਕ ਸੱਚੇ ਦੇਸ਼ ਭਗਤ ਦੀ ਹੈਸੀਅਤ ਵਿਚ ਮੈਂ ਇਹ ਅਨੁਭਵ ਕਰਦਾ ਹਾਂ ਕਿ ਇਸ ਫੈਸਲੇ ਨਾਲ ਖਾਸ ਤੌਰ ਤੇ ਪੂਰਬੀ ਏਸ਼ੀਆ ਦੀ ਜੰਗ ਦਾ ਹਿੰਦੁਸਤਾਨ ਦੀ ਆਜ਼ਾਦੀ ਉਤੇ ਅਸਰ ਪਵੇਗਾ ਪਰ ਵਰਤਮਾਨ

ਹਾਲਾਤ ਵਿਚ ਮੇਰੇ ਸਾਮ੍ਹਣੇ ਹੋਰ ਕੋਈ ਚਾਰਾ ਨਹੀਂ ਕਿ ਆਜ਼ਾਦ ਹਿੰਦ ਫੌਜ ਨੂੰ ਤੋੜ ਦਿਤਾ ਜਾਵੇ, ਇਸ ਤੋਂ ਪਿਛੋਂ ਆਪ ਨੇ ਅਫਸਰਾਂ ਦੀ ਰਾਏ ਪੁਛੀ ਤੇ ਸਾਰੇ ਅਫਸਰਾਂ ਨੇ ਸਰਬ ਸੰਮਤੀ ਨਾਲ ਉਹਨਾਂ ਦੇ ਇਸ ਫੈਸਲੇ ਦੀ ਪ੍ਰੋੜਤਾ ਕੀਤੀ। ਇਕ ਅਫਸਰ ਭੀ ਐਸਾ ਨਹੀਂ ਸੀ ਜਿਸ ਨੇ ਵਿਰੋਧ ਕੀਤਾ ਹੋਵੇ, ਪਰ ਜਨਰਲ ਮੋਹਨ ਸਿੰਘ ਜੀ ਇਸ ਨਾਲ ਭੀ ਸੰਤੁਸ਼ਟ ਨਾ ਹੋਏ ਤੇ ਉਹਨਾਂ ਨੇ ਸਾਰੇ ਅਫਸਰਾਂ ਪਾਸੋਂ ਲਿਖਤੀ ਰਾਵਾਂ ਲਈਆਂ। ਸਭ ਨੇ ਇਹੋ ਲਿਖ ਕੇ ਭੇਜਿਆ ਕਿ ਜਦੋਂ ਤਕ ਜਾਪਾਨੀ ਸਾਡੀਆਂ ਮੰਗਾਂ ਨਹੀਂ ਮੰਨਦੇ ਫੌਜ ਨੂੰ ਕਾਇਮ ਰਖਣਾ ਬੇਲੋੜਾ ਹੈ। ਜਨਰਲ ਮੋਹਨ ਸਿੰਘ ਜੀ ਨੇ ਅਫਸਰਾਂ ਨੂੰ ਦਸਿਆ ਕਿ ਇਸ ਫੈਸਲੇ ਤੋਂ ਪਿਛੋਂ ਉਹਨਾਂ ਨੂੰ ਜਾਪਾਨੀਆਂ ਦੀਆਂ ਗੋਲੀਆਂ ਖਾਣ ਲਈ ਭੀ ਤਿਆਰ ਰਹਿਣਾ ਪਵੇਗਾ। ਆਪ ਨੇ ਅਫਸਰਾਂ ਨੂੰ ਇਹ ਭੀ ਚਿਤਾਵਨੀ ਦਿਤੀ ਕਿ ਸੰਭਵ ਹੈ ਜਾਪਾਨੀ ਉਹਨਾਂ ਦੇ ਵਿਰੁਧ ਵਹਿਸ਼ੀਆਨਾ ਚਾਲਾਂ ਚਲਣ। ਉਹਨਾਂ ਨੂੰ ਕੈਦ ਦੀਆਂ ਮੁਸੀਬਤਾਂ ਵਿਚ ਜਕੜ ਦੇਣ ਜਾਂ ਉਹਨਾਂ ਨਾਲ ਜ਼ਾਲਮਾਨਾ ਸਲੂਕ ਕਰਨ।

ਇਸ ਤਾਰੀਖੀ ਗੁਪਤ ਮੀਟਿੰਗ ਵਿੱਚ ਕੁਝ ਟਾਈਪਿਸਟ ਭੀ ਸਦੇ ਗਏ ਸਨ। ਜੋ ਫੈਸਲਾ ਹੋਇਆ ਉਹ ਜਨਰਲ ਸਾਹਿਬ ਨੇ ਸਭ ਨੂੰ ਪੜ੍ਹ ਕੇ ਸੁਣਾਇਆ ਤੇ ਇਹ ਹੁਕਮ ਟਾਈਪ ਕਰਕੇ ਲਫਾਫਿਆਂ ਵਿੱਚ ਬੰਦ ਕਰਕੇ ਤੇ ਮੋਹਰਾਂ ਲਾ ਕੇ ਕਮਾਂਡਰਾਂ ਨੂੰ ਭੇਜਿਆ ਗਿਆ। ਉਹਨਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਇਹਨਾਂ ਲਫਾਫਿਆਂ ਨੂੰ ਉਸ ਵਕਤ ਹੀ ਖੋਹਲਣ ਜਦੋਂ ਉਹਨਾਂ ਨੂੰ ਇਹ ਖਬਰ ਮਿਲ ਜਾਏ ਕਿ ਉਹਨਾਂ ਦੇ ਹਰਮਨ ਪਿਆਰੇ ਕਮਾਂਡਰ ਜਨਰਲ ਮੋਹਨ ਸਿੰਘ ਗ੍ਰਿਫਤਾਰ ਕਰ ਲਏ ਜਾਏ ਹਨ। ਆਪ ਦੀ ਗ੍ਰਿਫਤਾਰੀ ਦੀ ਹਰ ਵੇਲੇ ਸੰਭਾਵਨਾ ਸੀ, ਜਾਪਾਨੀਆਂ ਨੂੰ ਚਿੜੌਨ ਤੇ ਫੌਜ ਨੂੰ ਤੋੜਨ ਲਈ ੮ ਦਸੰਬਰ ਦਾ ਦਿਨ ਮੁਕਰਰ ਕੀਤਾ ਗਿਆ। ਇਹ ਦਿਨ ਜਾਪਾਨੀਆਂ ਦਾ ਇਕ ਬਹੁਤ ਹੀ ਪਵਿਤਰ ਤੇ ਰਿਵਾਇਤੀ ਦਿਹਾੜਾ ਹੈ। ਇਸੇ ਦਿਨ ਹੀ

ਜਾਪਾਨੀਆਂ ਨੇ ਇਕ ਸਾਲ ਪਹਿਲਾਂ ਬਰਤਾਨੀਆਂ ਦੇ ਵਿਰੁਧ ਐਲਾਨ ਜੰਗ ਕੀਤਾ ਸੀ। ਅਗਲੇ ਹਫਤੇ ਦੇ ਅੰਦਰ ਹੀ ਆਜ਼ਾਦ ਹਿੰਦ ਫੌਜ ਟੁਟ ਗਈ ਕਿਉਂਕਿ ਜਨਰਲ ਮੋਹਨ ਸਿੰਘ ਜੀ ਨੂੰ ਉਹਨਾਂ ਦੇ ਮਿਤ੍ਰ ਮਿ: ਇਕਬਾਲ ਤੇ ਮਿ: ਰਤਨ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਹ ਗ੍ਰਿਫ-ਤਾਰੀਆਂ ਆਜ਼ਾਦ ਹਿੰਦ ਲੀਗ ਦੇ ਪ੍ਰਧਾਨ ਮਿ: ਰਾਸ ਬਿਹਾਰੀ ਬੋਸ ਦੇ ਹੁਕਮ ਨਾਲ ਹੀ ਅਮਲ ਵਿਚ ਆਈਆਂ ਸਨ। ਉਹ ਖੁਦ ਆਜ਼ਾਦ ਹਿੰਦ ਫੌਜ ਦੇ ਕੈਂਪ ਵਿਚ ਆਏ ਤੇ ਅਫਸਰਾਂ ਨੂੰ ਇਹ ਹੁਕਮ ਪੜ੍ਹ ਕੇ ਸੁਣਾਇਆ ਪਰ ਕਿਉਂਕਿ ਉਸ ਕੈਂਪ ਵਿਚ ਕੋਈ ਭੀ ਅਫਸਰ ਜਨਰਲ ਮੋਹਨ ਸਿੰਘ ਜੀ ਦੀ ਗ੍ਰਿਫਤਾਰੀ ਦੇ ਹਕ ਵਿਚ ਨਹੀਂ ਸੀ ਇਸ ਲਈ ਰਾਸ ਬਿਹਾਰੀ ਬੋਸ ਨੇ ਜਾਪਾਨੀਆਂ ਪਾਸੋਂ ਮਦਦ ਲਈ। ਜਾਪਾਨੀ ਅਫਸਰਾਂ ਨੇ ਰਾਸ ਬਿਹਾਰੀ ਬੋਸ ਵਾਲਾ ਗ੍ਰਿਫਤਾਰੀ ਦਾ ਹੁਕਮ ਜਨਰਲ ਮੋਹਨ ਸਿੰਘ ਜੀ ਨੂੰ ਵਿਖਾਇਆ। ਜਨਰਲ ਮੋਹਨ ਸਿੰਘ ਜੀ ਨੇ ਆਪਣੇ ਆਪ ਨੂੰ ਜਾਪਾਨੀਆਂ ਦੇ ਹਵਾਲੇ ਕਰ ਦਿਤਾ ਤੇ ਕਿਸੇ ਪ੍ਰਕਾਰ ਦੀ ਰੋਕ ਨਾ ਪਾਈ। ਆਪਣੇ ਪਿਆਰੇ ਕਮਾਂਡਰ ਦੀ ਗ੍ਰਿਫਤਾਰੀ ਦੀ ਖਬਰ ਅਜ਼ਾਦ ਹਿੰਦ ਫੌਜ ਦੇ ਸਾਰੇ ਕੈਂਪਾਂ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਇਸ ਪਰ ਜਨਰਲ ਸਾਹਿਬ ਦਾ ਆਖਰੀ ਹੁਕਮ ਪੜ੍ਹ ਕੇ ਸੁਣਾਇਆ ਗਿਆ ਕਿ ਅਜ ਤੋਂ ਅਜ਼ਾਦ ਹਿੰਦ ਫੌਜ ਤੋੜ ਦਿਤੀ ਗਈ ਹੈ। ਇਸ ਫੌਜ ਦੇ ਅਫਸਰਾਂ ਤੇ ਸਿਪਾਹੀਆਂ ਨੇ ਜਾਪਾਨੀਆਂ ਨੂੰ ਸਾਫ ਕਹਿ ਦਿਤਾ ਕਿ ਅਸਾਂ ਨੇ ਆਪਣੇ ਬਿਲੇ ਤੋੜ ਦਿਤੇ ਹਨ, ਆਪਣਾ ਸਾਰਾ ਸਾਮਾਨ ਖਤਮ ਕਰ ਦਿਤਾ ਹੈ ਤੇ ਇਸ ਵੇਲੇ ਅਸੀਂ ਤੁਹਾਡੇ ਜੰਗੀ ਕੈਦੀ ਬਣਨ ਲਈ ਤਿਆਰ ਹਾਂ, ਪਰ ਚਾਲਾਕ ਜਾਪਾਨੀਆਂ ਨੇ ਅਗੋਂ ਜਵਾਬ ਦਿਤਾ ਕਿ ਅਸੀਂ ਤੁਹਾਨੂੰ ਗ੍ਰਿਫਤਾਰ ਨਹੀਂ ਕਰਦੇ ਕਿਉਂਕਿ ਤੁਸਾਂ ਨੇ ਜਾਪਾਨ ਦੇ ਖਿਲਾਫ ਐਲਾਨ ਜੰਗ ਨਹੀਂ ਕੀਤਾ ਤੇ ਲੜਾਈ ਹਿੰਦੁਸਤਾਨ ਤੇ ਜਾਪਾਨ ਦੇ ਵਿਚਕਾਰ ਨਹੀਂ ਸਗੋਂ ਬਰਤਾਨੀਆਂ ਤੇ ਜਾਪਾਨ ਦੇ ਵਿਚਕਾਰ ਹੈ।

## ਗ੍ਰਿਫਤਾਰੀ

ਕੈਪਟਨ ਮੋਹਨ ਸਿੰਘ ਦੀ ਗ੍ਰਿਫਤਾਰੀ ਉਤੇ ਆਜ਼ਾਦ ਹਿੰਦ ਫੌਜ ਟੁਟ ਗਈ। ਕੁਝ ਅਰਸੇ ਬਾਅਦ ਸੁਭਾਸ਼ ਚੰਦਰ ਬੋਸ ਪੁਜ ਜਾਂਦੇ ਹਨ। ਆਜ਼ਾਦ ਹਿੰਦ ਫੌਜ ਫਿਰ ਬਣਾਈ ਜਾਂਦੀ ਹੈ, ਛੌਣੀਆਂ ਬਣ-ਦੀਆਂ ਹਨ, ਕੈਂਪ ਖੁਲਦੇ ਹਨ, ਭਰਤੀ ਹੁੰਦੀ ਹੈ। ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਫੌਜਾਂ ਮਾਰਚ ਕਰਦੀਆਂ ਹਨ ਪਰ ਕੈਪਟਨ ਮੋਹਨ ਸਿੰਘ ਨੂੰ ਰਿਹਾ ਨਹੀਂ ਕਰਾਇਆ ਜਾ ਸਕਿਆ, ਇਸ ਵਿਚ ਵੀ ਭੇਤ ਸੀ। ਉਹ ਜਾਪਾਨੀਆਂ ਦੀ ਕੈਦ ਵਿਚ ਹੀ ਰਹੇ ਤੇ ਆਖਰ ਬਾਕੀ ਦੇ ਆਜ਼ਾਦੀ ਦੇ ਮਤਵਾਲਿਆਂ ਨਾਲ ਦਿਲੀ ਦੇ ਲਾਲ ਕਿਲੇ ਵਿਚ ਲਿਆਂਦੇ ਗਏ।

## ਜੰਗ ਜਾਪਾਨ ਦੀ ਡਾਇਰੀ

ਇਸ ਤੋਂ ਪਹਿਲੇ ਕਿ ਅਸੀਂ ਸੁਭਾਸ਼ ਬਾਬੂ ਦੀ ਟੋਕੀਊ ਵਿਚ ਪਹੁੰਚ ਕੇ ਸਰਗਰਮੀਆਂ ਸ਼ੁਰੂ ਕਰਨ ਦੀ ਦਾਸਤਾਨ ਮੁੜ ਆਰੰਭ ਕਰੀਏ ਇਹ ਜ਼ਰੂਰੀ ਜਾਪਦਾ ਹੈ ਕਿ ਜਾਪਾਨੀ ਜੰਗ ਦੀ ਸੰਖੇਪ ਜਿਹੀ ਡਾਇਰੀ ਪਾਠਕਾਂ ਦੀ ਭੇਟਾ ਕੀਤੀ ਜਾਏ ਤਾਂ ਜੁ ਉਸ ਵੇਲੇ ਦੇ ਵਰਤ ਰਹੇ ਵਰਤਾਰੇ ਨੂੰ ਸਮਝਣ ਵਿਚ ਸੌਖ ਹੋ ਜਾਏ। ਸੰਖੇਪ ਡਾਇਰੀ ਇਸ ਤਰ੍ਹਾਂ ਹੈ:-

### ੧੯੪੧

੬ ਦਸੰਬਰ—ਜਾਪਾਨੀਆਂ ਨੇ ਬਿਨਾਂ ਅਲਟੀਮੇਟਮ ਦਿਤਿਆਂ ਪਰਲ ਹਾਰਬਰ ਪਰ ਹਮਲਾ ਕੀਤਾ, ਤਬਾਹੀ ਮਚਾਈ ੩੨੦੩ ਆਦਮੀ ਮਰੇ। ਹਾਂਗ ਕਾਂਗ, ਥਾਈਲੈਂਡ, ਫਿਲਪਾਈਨ ਤੇ ਸ਼ਿੰਘਾਈ ਪਰ ਕਬਜ਼ਾ ਕਰ ਲਿਆ।

੧੦ ਦਸੰਬਰ—ਜਹਾਜ਼ ਪ੍ਰਿੰਸ ਆਫ ਵੇਲਜ਼ ਗਰਕ ਕੀਤਾ।

੨੨ ਦਸੰਬਰ–ਜਾਪਾਨੀਆਂ ਦਾ ਟਾਪੂ ਵੇਕ ਪਰ ਕਬਜ਼ਾ।

੨੩ ਦਸੰਬਰ ਜਾਪਾਨੀਆਂ ਦਾ ਰੰਗੂਨ ਪਰ ਜ਼ਬਰਦਸਤ ਹਮਲਾ।

੨੫ ਦਸੰਬਰ–ਹਾਂਗ ਕਾਂਗ ਖਾਲੀ ਕੀਤਾ ਗਿਆ।

## ੧੯੪੨

੧ ਜਨਵਰੀ–ਸਰ ਵੇਵਲ ਨੇ ਕਮਾਨ ਸੰਭਾਲੀ।

੨ ਜਨਵਰੀ–ਬਰਮਾ ਵਿਚ ਜੰਗ।

੩ ਫਰਵਰੀ–ਜਾਵਾ ਪਰ ਜਾਪਨੀਆਂ ਦਾ ਜ਼ਬਰਦਸਤ ਹਮਲਾ

੧੫ ਫਰਵਰੀ– ਸਿੰਗਾ ਪੁਰ ਉਤੇ ਜਾਪਾਨੀਆਂ ਦਾ ਕਬਜ਼ਾ।

੧ ਮਾਰਚ–ਜਾਵਾ ਪਰ ਜਾਪਾਨੀਆਂ ਦਾ ਕਬਜ਼ਾ।

੧੭ ਮਾਰਚ–ਅਮ੍ਰੀਕੀ ਫੌਜਾਂ ਜਾਪਾਨੀਆਂ ਦੇ ਮੁਕਾਬਲੇ ਲਈ ਆਸਟ੍ਰੇਲੀਆ ਪੁਜੀਆਂ।

੧੯ ਮਾਰਚ–ਫਿਲਪਾਈਨ ਦੇ ਟਾਪੂਆਂ ਪਰ ਜਾਪਾਨੀ ਕਬਜ਼ਾ।

੧੮ ਅਪ੍ਰੈਲ–ਟੋਕੀਓ, ਯੋਕੋਹਾਮਾ ਅਤੇ ਕੋਬੇ ਪਰ ਅਮ੍ਰੀਕੀ ਹਵਾਈ ਜਹਾਜ਼ਾਂ ਦਾ ਹਮਲਾ।

੩੦ ਅਪ੍ਰੈਲ–ਬਰਮਾ ਰੋਡ ਦੇ ਆਖਰੀ ਸ਼ਹਿਰ ਲਾਸ਼ੀਓ ਪਰ ਜਾਪਾਨੀ ਕਬਜ਼ਾ।

੩ ਮਈ–ਮਾਂਡਲੇ ਪਰ ਜਾਪਾਨੀ ਕਬਜ਼ਾ।

੪ ਜੂਨ–ਅਲਾਕਾ ਮਿਡਵੇ ਦੀ ਹਵਾਈ ਤੇ ਸਮੁੰਦਰੀ ਜੰਗ ਵਿਚ ਜਾਪਾਨੀਆਂ ਨੂੰ ਹਾਰ।

੮ ਜੂਨ–ਟਾਪੂ ਕਿਸਕਾ ਪਰ ਜਾਪਾਨੀ ਕਬਜ਼ਾ।

੨੭ ਅਗਸਤ–ਜਜ਼ੀਰੇ ਸੁਲੇਮਾਨ ਵਿਚ ਜਾਪਾਨੀਆਂ ਨੂੰ ਹਾਰ।

੩੦ ਅਕਤੂਬਰ–ਗੁਆਡਲ ਕਨਾਲ ਤੇ ਜਾਪਾਨੀ ਸਮੁੰਦਰੀ ਬੇੜੇ ਦੀ ਹਾਰ।

# ੧੯੪੩

੧ ਜਨਵਰੀ-ਕੈਸਾ ਬਲਾਂਕਾ ਕਾਨਫ਼੍ਰੰਸ, ਮਿ: ਰੂਜ਼ਵੈਲਟ ਤੇ ਮਿ: ਚਰਚਲ ਨੇ ਜਾਪਾਨ ਤੇ ਜਰਮਨੀ ਤੋਂ ਬਿਨਾਂ ਸ਼ਰਤ ਈਨ ਮਨ-ਵਾਉਣ ਦਾ ਫਾਰਮੂਲਾ ਤਿਆਰ ਕੀਤਾ।

੨੦ ਫਰਵਰੀ-ਸੁਲੇਮਾਨ ਤੇ ਰਸਲ ਦੇ ਟਾਪੂਆਂ ਪਰ ਅਮ੍ਰੀਕੀ ਕਬਜ਼ਾ।

੧ ਅਪ੍ਰੈਲ-ਬੰਦਰਗਾਹ ਮੌਰੇਸੀ ਪਰ ਜ਼ਬਰਦਸਤ ਜਾਪਾਨੀ ਹਮਲਾ।

੫ ਅਗਸਤ-ਟਾਪੂ ਸੁਲੇਮਾਨ ਵਿਚ ਮੰਡਾ ਪਰ ਅਮ੍ਰੀਕੀ ਕਬਜ਼ਾ।

੧੪ ਅਗਸਤ-ਬਾਲਕ ਪਾਪਨ (ਬੋਰਨੀਓ) ਵਿਚ ਤੇਲ ਸਾਫ ਕਰਨ ਦੇ ਕਾਰਖਾਨਿਆਂ ਪਰ ਆਸਟ੍ਰੇਲੀਅਨ ਬੰਬਾਰਾਂ ਦਾ ਹਮਲਾ।

੨੨ ਤੋਂ ੨੬ ਨਵੰਬਰ-ਕਾਹਰਾ ਕਾਨਫ੍ਰੰਸ ਮਿ: ਰੂਜ਼ਵੈਲਟ, ਮਿ: ਚਰਚਲ ਤੇ ਚਿਆਂਗਕਾਈ ਸ਼ੇਕ ਨੇ ਜਾਪਾਨ ਦੇ ਖਿਲਾਫ ਸਕੀਮ ਤਿਆਰ ਕੀਤੀ।

੨੬ ਦਸੰਬਰ-ਰਾਸ ਗਲਾਸਟਰ (ਨਿਊ ਬ੍ਰਿਟਨ) ਪਰ ਅਮ੍ਰੀਕੀ ਕਬਜ਼ਾ।

# ੧੯੪੪

੨੨ ਜਨਵਰੀ-ਆਸਟ੍ਰੇਲੀਆ ਤੇ ਨਿਯੂਜ਼ੀਲੈਂਡ ਦੇ ਵਿਚਕਾਰ ਸਮਝੌਤਾ।

੨੨ ਫਰਵਰੀ-ਮਰਿਆਨਾ, ਸਾਇਪਾਨ ਤੇ ਗੁਆਮ ਪਰ ਇਤਿਹਾਦੀ ਹਮਲਾ।

੨੨ ਮਾਰਚ-ਇੰਫਲ ਪਰ ਆਜ਼ਾਦ ਹਿੰਦੀਆਂ ਦਾ ਹਮਲਾ। ਹਿੰਦੁਸਤਾਨ ਵਿਚ ਦਾਖਲ ਹੋਣ ਦਾ ਯਤਨ।

੨੨ ਅਪ੍ਰੈਲ-ਅੰਗਰੇਜ਼ਾਂ ਨੇ ਟਿੰਡਮ ਖਾਲੀ ਕੀਤਾ।

੧੮ ਮਈ–ਕੋਹੀਮਾ ਪਰ ਜਾਪਾਨੀਆਂ ਦਾ ਜਵਾਬੀ ਹਮਲਾ।

## ੧੯੪੫

੧੨ ਫਰਵਰੀ–ਚਰਚਲ, ਸਟਾਲਨ ਤੇ ਰੂਜ਼ਵੈਲਟ ਦੇ ਵਿਚਕਰਾ ਕਰੀਂਮੀਆਂ ਕਾਨਫ੍ਰੰਸ, ੨੫ ਅਪ੍ਰੈਲ ਨੂੰ ਸਾਂਨਫ੍ਰਾਂਸਿਸਕੋ ਕਾਨਫ੍ਰੰਸ ਦੇ ਅਰੰਭ ਦਾ ਐਲਾਨ।

੨੫ ਫਰਵਰੀ–ਮਿਸਰ ਦਾ ਐਲਾਨ ਜੰਗ।

੧੧ ਮਾਰਚ–ਇਤਿਹਾਦੀ ਫੌਜਾਂ ਮਾਂਡਲੇ ਵਿਚ ਦਾਖਲ ਹੋ ਗਈਆਂ।

੧ ਅਪ੍ਰੈਲ–ਅਮ੍ਰੀਕੀ ਫੌਜਾਂ ਨੇ ਓਕੀਨਾਵਾ ਪਰ ਹਮਲਾ ਕਰ ਦਿਤਾ ਤੇ ੧੨ ਜੂਨ ਨੂੰ ਕਬਜ਼ਾ ਕੀਤਾ।

੫ ਅਪ੍ਰੈਲ–ਜਾਪਾਨ ਤੇ ਰੂਸ ਦੀ ਮਿਤ੍ਰੱਤਾ ਦਾ ਸੰਧੀਨਾਮਾ ਟੁੱਟ ਗਿਆ।

੧੨ ਅਪ੍ਰੈਲ–ਪ੍ਰਧਾਨ ਰੂਜ਼ਵੈਲਟ ਦੀ ਅਚਾਨਕ ਮੌਤ।

੭ ਮਈ–ਜਰਮਨੀ ਨੇ ਹਥਿਆਰ ਰਖ ਦਿਤੇ।

੧ ਜੁਲਾਈ–ਬੋਰਨੀਓ ਪਰ ਫੌਜਾਂ ਉਤਰ ਪਈਆਂ।

੨੫ ਜੁਲਾਈ–ਪੋਇਸਡਮ ਕਾਨਫ੍ਰੰਸ ਸ਼ੁਰੂ ਹੋਈ।

੬ ਅਗਸਤ–ਹੀਰੋ ਸ਼ੀਮਾਂ ਪਰ ਐਟਮਿਕ ਬੰਬ ਗਿਰਾਇਆ ਗਿਆ।

੮ ਅਗਸਤ–ਰੂਸ ਦਾ ਜਾਪਾਨ ਦੇ ਖਿਲਾਫ ਐਲਾਨ ਜੰਗ।

੯ ਅਗਸਤ–ਮੰਨਚੋਰੀਆ ਪਰ ਹਮਲਾ।

੧੪ ਅਗਸਤ–ਜਾਪਾਨ ਨੇ ਹਥਿਆਰ ਸੁਟ ਦਿਤੇ।

## ੮.

# ਦੂਜੀ ਆਜ਼ਾਦ ਹਿੰਦ ਫੌਜ

ਹਿੰਦੁਸਤਾਨ ਨੂੰ ਆਜ਼ਾਦ ਕਰੌਣ ਦੀ ਮੁਹਿੰਮ ਨੂੰ ਤੇਜ ਕਰਨ ਲਈ ਸ੍ਰੀ ਸੁਭਾਸ਼ ਚੰਦਰ ਬੋਸ ਇਕ ਡੁਬਕਣੀ ਰਾਹੀਂ ਬਰਲਿਨ ਤੋਂ ਟੋਕੀਉ ਪਹੁੰਚ ਗਏ। ਟੋਕੀਉ ਪਹੁੰਚਣ ਉਤੇ ਜਾਪਾਨ ਦੇ ਵਜ਼ੀਰ ਆਜ਼ਮ ਟੋਜੋ, ਵਜ਼ੀਰ ਦਸੌਰ ਸ਼ਗਮੀਤੋ ਅਤੇ ਆਜ਼ਾਦ ਹਿੰਦ ਲੀਗ ਦੀ ਪ੍ਰਧਾਨ ਸ੍ਰੀ ਯੁਤ ਰਾਸ ਬਿਹਾਰੀ ਬੋਸ ਨੇ ਆਪ ਦਾ ਸ਼ਾਨਦਾਰ ਸੁਵਾਗਤ ਕੀਤਾ। ਆਜ਼ਾਦ ਹਿੰਦ ਲੀਗ ਨੇ ਇਕ ਪੈਗਾਮ ਰਾਸ ਬਿਹਾਰੀ ਬੋਸ ਰਾਹੀਂ ਭੇਜਿਆ ਜਿਸ ਵਿਚ ਆਪ ਨੂੰ ਜਾਪਾਨ ਪਹੁੰਚਣ ਉਤੇ ਵਧਾਈ ਦਿਤੀ ਗਈ ਸੀ ਅਤੇ ਨਾਲ ਹੀ ਬੇਨਤੀ ਕੀਤੀ ਗਈ ਸੀ ਕਿ ਪੂਰਬੀ ਏਸ਼ਿਆ ਦੇ ਹਿੰਦੁਸਤਾਨੀਆਂ ਦੀ ਅਗਵਾਈ ਦੀ ਜ਼ਿੰਮੇਵਾਰੀ ਆਪ ਸੰਭਾਲ ਲਉ। ੨੦-੨੧ ਜੂਨ ਨੂੰ ਸੁਭਾਸ਼

ਬਾਬੂ ਨੇ ਹਿੰਦੁਸਤਾਨੀ ਤੇ ਜਾਪਾਨੀ ਲੀਡਰਾਂ ਨਾਲ ਕਾਨਫ੍ਰੰਸਾਂ ਕਰ ਕੇ ਸਾਰੀ ਸੂਰਤਿ ਹਾਲਾਤ ਤੋਂ ਵਾਕਫੀ ਹਾਸਲ ਕੀਤੀ ਜਿਸ ਦੇ ਦੋ ਦਿਨ ਮਗਰੋਂ ਆਪ ਨੇ ਟੋਕੀਉ ਰੇਡੀਉ ਉਤੇ ਇਕ ਤਕਰੀਰ ਕੀਤੀ, ਜਿਸ ਵਿਚ ਆਪ ਨੇ ਆਖਿਆ–"ਹੁਣ ਸਮਾਂ ਆ ਗਿਆ ਹੈ ਕਿ ਹਿੰਦੁਸਤਾਨ ਵਿਚ ਵਡੇ ਪੈਮਾਨੇ ਉਤੇ ਇਨਕਲਾਬ ਮਚਾ ਦਿਤਾ ਜਾਏ ਅਤੇ ਜਥੇ ਬੰਦ ਤ੍ਰੀਕੇ ਨਾਲ ਆਜ਼ਾਦੀ ਹਾਸਲ ਕੀਤੀ ਜਾਏ। ਹਿੰਦੁਸਤਾਨ ਤੋਂ ਬਾਹਰ ਦੇ ਹਿੰਦੁਸਤਾਨੀਆਂ ਨੇ ਜਥੇਬੰਦ ਹੋ ਕੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਨ ਦਾ ਦ੍ਰਿੜ ਸੰਕਲਪ ਕਰ ਲਿਆ ਹੈ। ਉਹ ਦਿਨ ਦੂਰ ਨਹੀਂ ਜਦ ਮੈਂ ਆਪ ਦੇ ਨਾਲ ਹੋਵਾਂਗਾ।" ੧੯ ਜੂਨ ਨੂੰ ਰੇਡੀਉ ਵਿਚ ਆਪ ਨੇ ਐਲਾਨ ਕੀਤਾ–"ਮੈਂ ਪੂਰਬ ਵਿਚ ਹਿੰਦੁਸਤਾਨ ਦੀ ਆਜ਼ਾਦੀ ਲਈ ਫੌਜ ਤਿਆਰ ਕਰਨ ਦਾ ਇਰਾਦਾ ਧਾਰ ਲਿਆ ਹੈ। ਪੂਰਬੀ ਏਸ਼ਿਆ ਦੇ ਵਸਨੀਕ ਹਿੰਦੀਓ ! ਇਸ ਫੌਜ ਵਿਚ ਧੜਾ ਧੜ ਭਰਤੀ ਹੋ ਜਾਓ।"

ਉਪ੍ਰੋਕਤ ਐਲਾਨ ਨੂੰ ਵਰਤੋਂ ਵਿਚ ਲਿਆਵਨ ਲਈ ਆਜ਼ਾਦ ਹਿੰਦ ਫੌਜ ਨੂੰ ਨਵੇਂ ਸਿਰੇ ਖੜਾ ਕਰਨ ਲਈ ਆਪ ੨ ਜੁਲਾਈ ਨੂੰ ਟੋਕੀਉ ਤੋਂ ਸਿੰਗਾਪੁਰ ਪੁਜ ਗਏ। ਆਪ ਦੇ ਦਰਸ਼ਨ ਕਰਨ ਲਈ ਆਏ ਉਥੋਂ ਦੇ ਹਿੰਦੁਸਤਾਨੀਆਂ ਦਾ ਇਕ ਸਮੁੰਦਰ ਠਾਠਾਂ ਮਾਰਨ ਲਗ ਪਿਆ। ਹਿੰਦੁਸਤਾਨੀਆਂ ਨੇ ਆਪ ਦਾ ਸ਼ਾਹਾਨਾ ਸੁਵਾਗਤ ਕੀਤਾ। ਉਸ ਵੇਲੇ ਸਿੰਗਾਪੁਰ ਉਤੇ ਜਾਪਾਨੀਆਂ ਦਾ ਕਬਜ਼ਾ ਹੋ ਚੁਕਾ ਸੀ ਤੇ ਉਹਨਾਂ ਨੇ ਉਸ ਦਾ ਨਾਮ ਬਦਲ ਕੇ ਸ਼ੋਨਾਨ ਰਖ ਦਿਤਾ ਸੀ। ਆਉਣ ਤੋਂ ਦੂਜੇ ਦਿਨ ਆਪ ਨੇ ਪਹਿਲੀ ਆਜ਼ਾਦ ਹਿੰਦ ਫੌਜ ਦੇ ਉਹਨਾਂ ਲੀਡਰਾਂ ਨਾਲ ਮੁਲਾਕਾਤ ਕੀਤੀ ਜੋ ਹਾਂਗ ਕਾਂਗ, ਸਿਆਮ, ਮਲਾਯਾ, ਬਰੋਨੀਉ ਤੇ ਜਾਵਾ ਆਦਕ ਟਾਪੂਆਂ ਤੋਂ ਆਪ ਨੂੰ ਮਿਲਨ ਆਏ ਸਨ।

੪ ਫਰਵਰੀ ਨੂੰ ਰਾਸ ਬਿਹਾਰੀ ਬੋਸ ਨੇ ਆਪਣੇ ਐਹਦੇ ਤੋਂ

ਅਸਤੀਫਾ ਦੇ ਦਿਤਾ ਕਿਉਂਕਿ ਉਥੋਂ ਦੇ ਹਿੰਦੀ ਆਪ ਨੂੰ ਸ਼ਕ ਦੀਆਂ ਨਜ਼ਰਾਂ ਨਾਲ ਵੇਖਦੇ ਸਨ। ਆਪ ਦੇ ਅਸਤੀਫੇ ਮਗਰੋਂ ਆਜ਼ਾਦ ਹਿੰਦ ਫੌਜ ਦੀ ਬਣਤ੍ਰ ਤੇ ਜਥੇਬੰਦੀ ਦਾ ਸਾਰਾ ਭਾਰ ਆਪ ਦੇ ਮੋਢਿਆਂ ਉਤੇ ਆ ਪਿਆ। ਆਪ ਨੇ ਇਸ ਜ਼ਿੰਮੇਵਾਰੀ ਨੂੰ ਖੁਸ਼ੀ ਖੁਸ਼ੀ ਸੰਭਾਲ ਲਿਆ। ਆਜ਼ਾਦ ਹਿੰਦ ਫੌਜ ਦੇ ਜਿਹੜੇ ਅਫਸਰ ਕੈਪਟਨ ਮੋਹਨ ਸਿੰਘ ਦੀ ਘਟਨਾ ਦੇ ਕਾਰਨ ਵਖ ਹੋ ਗਏ ਸਨ ਉਹ ਸਭ ਆਨ ਮਿਲੇ, ਉਹਨਾਂ ਦੇ ਆਉਣ ਨਾਲ ਪੂਰਬ ਵਿਚ ਦੂਜੀ ਵਾਰ ਆਜ਼ਾਦ ਹਿੰਦ ਫੌਜ ਦੀ ਜਥੇਬੰਦੀ ਸ਼ੁਰੂ ਹੋ ਗਈ। ਹਿੰਦੁਸਤਾਨੀ ਜਿਸ ਨੇਤਾ ਦਾ ਰਾਹ ਉਡੀਕ ਰਹੇ ਸਨ ਉਹ ਉਹਨਾਂ ਨੂੰ ਮਿਲ ਗਿਆ। ਲੋਕਾਂ ਨੇ ਆਪ ਨੂੰ ਸਿਰ ਅੱਖਾਂ ਤੇ ਬਿਠਾਇਆ ਅਤੇ ਤਨ ਮਨ ਤੇ ਧੰਨ ਆਪ ਉਤੋਂ ਵਾਰਨ ਲਈ ਤਿਆਰ ਹੋ ਗਏ। ਮਲਾਇਆ ਤੇ ਬਰਮਾ ਵਿਚ ਵਸਣ ਵਾਲੇ ਹਿੰਦੀਆਂ ਨੇ ਥਾਂ ਥਾਂ ਆਜ਼ਾਦ ਹਿੰਦ ਲੀਗ ਤੇ ਆਜ਼ਾਦ ਹਿੰਦ ਫੌਜ ਦੀ ਭਰਤੀ ਸ਼ੁਰੂ ਕਰ ਦਿਤੀ। ਕਿਸੇ ਨੇ ਧੰਨ ਦਿਤਾ, ਕਿਸੇ ਨੇ ਜਾਨ ਦਿਤੀ, ਕਿਸੇ ਨੇ ਪਰਿਵਾਰ ਦਿਤਾ, ਕਿਸੇ ਨੇ ਆਪਾ ਦਿਤਾ ਇਸ ਤਰ੍ਹਾਂ ਕੁਰਬਾਨੀ ਤੇ ਜੋਸ਼ ਦੀਆਂ ਨੀਹਾਂ ਉਤੇ ਆਜ਼ਾਦ ਹਿੰਦ ਫੌਜ ਦੀ ਜਥੇਬੰਦੀ ਪੂਰੀ ਤੇਜ਼ੀ ਨਾਲ ਸ਼ੁਰੂ ਹੋ ਗਈ। ੧੨ ਜੁਲਾਈ ਨੂੰ ਨੇਤਾ ਜੀ ਨੇ ਰਾਣੀ ਆਫ ਝਾਂਸੀ ਰਜਮੈਂਟ ਅਤੇ ਰੈਡਕਰਾਸ ਯੂਨਿਟ ਦੀ ਨੀਂਹ ਰਖ ਦਿਤੀ। ਲੋਕ ਸੁਭਾਸ਼ ਬਾਬੂ ਨੂੰ ਦੇਵਤਾ ਸਮਝ ਕੇ ਪੂਜਨ ਲਗੇ। ਫੌਜੀਆਂ ਦੀ ਟਰੇਨਿੰਗ ਸ਼ੁਰੂ ਹੋ ਗਈ।

੨੧ ਅਕਤੂਬਰ ੧੯੪੩ ਦਾ ਦਿਨ ਹਿੰਦੁਸਤਾਨ ਦੇ ਇਤਿਹਾਸ ਵਿਚ ਸਦਾ ਯਾਦਗਾਰ ਰਹੇਗਾ ਕਿਉਂਕਿ ਉਸ ਦਿਨ ਸ੍ਰੀ ਸੁਭਾਸ਼ ਚੰਦਰ ਬੋਸ ਪਹਿਲੀ ਵਾਰ ਦੁਨੀਆਂ ਦੇ ਸਾਮ੍ਹਣੇ "ਨੇਤਾ ਜੀ" ਦੇ ਰੂਪ ਵਿਚ ਆਏ ਅਤੇ ਆਪ ਨੇ ਹਿੰਦੁਸਤਾਨ ਦੀ ਆਰਜ਼ੀ ਗੌਰਮਿੰਟ ਕਾਇਮ ਹੋ ਜਾਣ ਦਾ ਐਲਾਨ ਕੀਤਾ। ਉਸ ਇਤਿਹਾਸਕ ਦਿਨ ਨੂੰ ਆਪ ਨੇ

ਸਿੰਗਾਪੁਰ ਤੋਂ ਹਿੰਦੁਸਤਾਨ ਦੇ ਨਾਮ ਹੰਗਾਮਾ ਭਰਪੂਰ ਐਲਾਨ ਕੀਤਾ।

ਇਤਿਹਾਸਕ ਐਲਾਨ ਤੋਂ ਪਹਿਲੇ ਆਪ ਨੇ ਸਭ ਦੇ ਸਾਮ੍ਹਣੇ ਇਹ ਹਲਫ ਲਿਆ—

"ਈਸ਼ਵਰ ਦੇ ਨਾਮ ਉਤੇ ਮੈਂ ਸੁਭਾਸ਼ ਚੰਦਰ ਬੋਸ ਅਜ ਇਹ ਪ੍ਰਣ ਧਾਰਦਾ ਹਾਂ ਕਿ ਮੈਂ ਆਪਣੇ ਦੇਸ਼ ਦੇ ੪੦ ਕਰੋੜ ਹਿੰਦੁਸਤਾ-ਨੀਆਂ ਨੂੰ ਆਜ਼ਾਦ ਕਰਾਉਨ ਲਈ ਆਜ਼ਾਦੀ ਦੀ ਇਸ ਪਾਕ ਤੇ ਪਵਿਤ੍ਰ ਜੰਗ ਨੂੰ ਆਪਣੀ ਜ਼ਿੰਦਗੀ ਦੇ ਅੰਤਮ ਸੁਵਾਸ ਤੀਕ ਜਾਰੀ ਰਖਾਂਗਾ।"

ਇਸ ਪ੍ਰਣ ਦੇ ਮਗਰੋਂ ਆਪ ਨੇ ਇਤਿਹਾਸਕ ਐਲਾਨ ਜਾਰੀ ਕੀਤਾ ਜੋ ਐਉਂ ਸੀ—

"ਸੰਨ ੧੭੫੭ ਈਸਵੀ ਵਿਚ ਹਿੰਦੁਸਤਾਨੀਆਂ ਨੇ ਪਹਿਲੀ ਵਾਰ ਅੰਗਰੇਜ਼ਾਂ ਪਾਸੋਂ ਬੰਗਾਲ ਵਿਚ ਹਾਰ ਖਾਧੀ ਸੀ। ਉਸ ਦੇ ਮਗਰੋਂ ਉਹ ਲਗਾਤਾਰ ੧੦੦ ਸਾਲ ਤੀਕ ਬਹੁਤ ਸਾਰੀਆਂ ਸਬਰ ਅਜ਼ਮਾਊ ਖੂਨੀ ਜੰਗਾਂ ਵਿਚ ਉਹਨਾਂ ਦਾ ਟਾਕਰਾ ਕਰਦੇ ਰਹੇ। ਇਸ ਦੌਰਾਨ ਵਿਚ ਹਿੰਦੁਸਤਾਨੀਆਂ ਨੇ ਜਿਸ ਸੂਰਬੀਰਤਾ, ਕੁਰਬਾਨੀ ਦਾ ਸਬੂਤ ਦਿਤਾ ਉਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਨਹੀਂ ਮਿਲਦੀ। ਉਸ ਸੁਨਹਿਰੀ ਦੌਰ ਦੇ ਇਤਿਹਾਸ ਦੇ ਸਫ਼ਿਆਂ ਉਤੇ ਬੰਗਾਲ ਦੇ ਸਰਾਜ-ਉ-ਦੌਲਾ, ਮੋਹਨ ਲਾਲ, ਜਨੂਬੀ ਹਿੰਦ ਦੇ ਹੈਦਰ ਅਲੀ, ਟੀਪੂ ਸੁਲਤਾਨ, ਮਹਾਰਾਸ਼ਟਰ ਦੇ ਆਪਾ ਸਾਹਿਬ, ਭੋਸਲੇ ਤੇ ਪੇਸ਼ਵਾਬਾਜੀ-ਰਾਉ, ਅਵਧ ਦੀਆਂ ਬੇਗਮਾਂ ਪੰਜਾਬ ਦੇ ਸ: ਸ਼ਾਮ ਸਿੰਘ ਅਟਾਰੀ ਵਾਲੇ, ਮੁਲਤਾਨ ਦੇ ਦੀਵਾਨ ਮੂਲ ਰਾਜ ਅਤੇ ਫੇਰ ਝਾਂਸੀ ਦੀ ਰਾਣੀ ਤੇ ਤਾਂਤੀਆਂ ਟੋਪੀ ਵਰਗੇ ਹਿੰਦੁਸਤਾਨ ਦੇ ਬਹਾਦਰ ਸਪੂਤਾਂ ਦੇ ਨਾਮ ਸਦਾ ਸੁਨਹਿਰੀ ਹਰਫਾਂ ਵਿਚ ਲਿਖੇ ਜਾਣਗੇ। ਇਹ ਸਾਡੀ ਬਦ-ਕਿਸਮਤੀ ਹੈ ਕਿ ਸਾਡੇ ਬਜ਼ੁਰਗਾਂ ਨੇ ਸ਼ੁਰੂ ਵਿਚ ਇਸ ਗਲ ਨੂੰ ਅਨੁ-ਭਵ ਨ ਕੀਤਾ ਕਿ ਬਰਤਾਨਵੀ ਗਲਬਾ ਸਾਰੇ ਹਿੰਦੁਸਤਾਨ ਲਈ ਇਕ

ਜ਼ਬਰਦਸਤ ਸਾਂਝਾ ਖਤਰਾ ਹੈ । ਇਹੋ ਕਾਰਨ ਹੈ ਕਿ ਉਹਨਾਂ ਨੇ ਦੁਸ਼ਮਣ ਦੇ ਟਾਕਰੇ ਉਤੇ ਸਾਂਝਾ ਮੁਹਾਜ਼ ਬਣੌਣ ਦੀ ਕੋਸ਼ਸ਼ ਹੀ ਨਹੀਂ ਕੀਤੀ । ਕੁਛ ਸਮਾਂ ਮਗਰੋਂ ਹਿੰਦੁਸਤਾਨੀਆਂ ਨੂੰ ਇਹ ਅਨੁ-ਭਵ ਹੋ ਗਿਆ ਅਤੇ ਉਹ ਵੈਰੀ ਦਾ ਟਾਕਰਾ ਕਰਨ ਲਈ ਇਕ ਮੁਠ ਹੋ ਗਏ । ਸੰਨ ੧੮੫੭ ਈਸਵੀ ਵਿਚ ਹਿੰਦੁਸਤਾਨੀਆਂ ਨੇ ਬਹਾਦਰ ਸ਼ਾਹ ਬਾਦਸ਼ਾਹ ਦੇ ਝੰਡੇ ਤਲੇ ਜਮਾ ਹੋ ਕੇ ਗੈਰ ਮੁਲਕੀ ਗਲਬੇ ਨੂੰ ਖਤਮ ਕਰਨ ਲਈ ਆਜ਼ਾਦ ਵਸਨੀਕਾਂ ਦੇ ਰੂਪ ਵਿਚ ਪਹਿਲੀ ਲੜਾਈ ਲੜੀ । ਲੜਾਈ ਦੇ ਆਰੰਭ ਦੌਰ ਵਿਚ ਉਹ ਹਰ ਥਾਂ ਉਤੇ ਸ਼ਾਨ-ਦਾਰ ਸਫਲਤਾ ਪ੍ਰਾਪਤ ਕਰਦੇ ਰਹੇ, ਪਰ ਉਹਨਾਂ ਦੀ ਕਿਸਮਤ ਦਾ ਸਿਤਾਰਾ ਗਰਦਸ਼ ਵਿਚ ਆ ਚੁਕਾ ਸੀ । ਉਹਨਾਂ ਦੀ ਅਗਵਾਈ ਗਲਤ ਲੋਕਾਂ ਦੇ ਹਥ ਵਿਚ ਸੀ । ਆਖਰ ਜੰਗ ਆਜ਼ਾਦੀ ਦੇ ਉਹ ਸਿਪਾਹੀ ਮਾਰੇ ਗਏ ਅਤੇ ਗੁਲਾਮੀ ਦੀਆਂ ਮੁਸੀਬਤਾਂ ਦਾ ਸ਼ਿਕਾਰ ਹੋ ਗਏ । ਇਸ ਗਲ ਦੇ ਬਾਵਜੂਦ ਝਾਂਸੀ ਦੀ ਰਾਣੀ ਤਾਂਤੀਆਂ ਟੋਪੀ, ਕੰਵਰ ਸਿੰਘ ਅਤੇ ਨਾਨਾ ਰਾਓ ਵਰਗੇ ਬਹਾਦਰ ਸਾਡੇ ਦਿਲਾਂ ਵਿਚ ਆਪਣੀ ਵਡਿਆਈ ਤੇ ਅਜ਼ਮਤ ਦੀ ਯਾਦ ਛਡ ਗਏ, ਜੋ ਸਾਨੂੰ ਸਦਾ ਕੁਰਬਾਨੀ ਤੇ ਵਰਿਆਮਗੀ ਦੇ ਉਚੇ ਕਾਰ-ਨਾਮਿਆਂ ਵਲ ਉਕਸਾਉਂਦੀ ਰਹੇਗੀ ।

ਸੰਨ ੧੮੫੭ ਦੇ ਮਗਰੋਂ ਅੰਗਰੇਜ਼ਾਂ ਨੇ ਹਿੰਦੁਸਤਾਨੀਆਂ ਨੂੰ ਨਿਹਥੇ ਕਰ ਦਿਤਾ ਅਤੇ ਉਹਨਾਂ ਉਤੇ ਦੁੱਖਾਂ ਤੇ ਮੁਸੀਬਤਾਂ ਦੇ ਪਹਾੜ ਟੁੱਟ ਪਏ । ਅਸਫਲਤਾ ਦੇ ਭਾਰ ਤਲੇ ਦਬੇ ਹੋਏ ਹਿੰਦੁਸਤਾਨੀ ਬੇਬਸ ਸਨ । ੧੮੮੫ ਈਸਵੀ ਵਿਚ ਇੰਡੀਅਨ ਨੇਸ਼ਨਲ ਕਾਂਗਰਸ ਦੀ ਨੀਂਹ ਰਖੀ ਗਈ ਤੇ ਉਸ ਦੀ ਅਗਵਾਈ ਵਿਚ ਹਿੰਦੁਸਤਾਨ ਦੀ ਥਕੀ ਹੋਈ ਫੌਜ ਫੇਰ ਜਥੇਬੰਦ ਹੋਈ । ਇਸ ਜਮਾਤ ਨੇ ਪਹਿਲੀ ਆਲਮਗੀਰ ਜੰਗ ਤੀਕ ਆਪਣੀ ਖੋਹੀ ਹੋਈ ਆਜ਼ਾਦੀ ਨੂੰ ਹਾਸਲ ਕਰਨ ਲਈ ਸਾਰੇ ਸੰਭਵ ਤਰੀਕੇ ਵਰਤੇ । ਐਜੀਟੇਸ਼ਨ, ਪ੍ਰਾਪੇਗੰਡਾ ਤੇ ਬਰਤਾਨਵੀ ਮਾਲ

ਦੇ ਬਾਈਕਾਟ ਤੋਂ ਲੈ ਕੇ ਦਹਿਸ਼ਤ ਅੰਗੇਜ਼ੀ ਤੀਕ ਸਾਰੇ ਢੰਗ ਵਰਤੇ ਗਏ ਪਰ ਇਹ ਸਾਰੇ ਜਤਨ ਫਲੀ ਭੂਤ ਨ ਹੋਏ । ਹਿੰਦੁਸਤਾਨ ਦੇ ਵਸਨੀਕ ਹਾਰੂ ਜ਼ਿਹਨੀਅਤ ਦਾ ਸ਼ਿਕਾਰ ਹੁੰਦੇ ਜਾ ਰਹੇ ਸਨ। ਉਹਨਾਂ ਨੂੰ ਕਿਸੇ ਨਵੇਂ ਹਥਿਆਰ ਦੀ ਲੋੜ ਸੀ ਜਿਸ ਰਾਹੀਂ ਉਹਨਾਂ ਦੀ ਜੰਗ ਆਜ਼ਾਦੀ ਵਿਚ ਫੇਰ ਨਵੇਂ ਸਿਰੇ ਜਾਨ ਪੈ ਜਾਏ ।

ਸੰਨ ੧੯੨੦ ਵਿਚ ਮਹਾਤਮਾ ਗਾਂਧੀ ਜੀ ਅਗੇ ਵਧੇ। ਉਹਨਾਂ ਨੇ ਦੇਸ ਨੂੰ ਸਿਵਲ ਨਾਫਰਮਾਨੀ ਦਾ ਹਥਿਆਰ ਦਿਤਾ । ਉਸ ਦੇ ਮਗਰੋਂ ਲਗਾਤਾਰ ਵੀਹ ਸਾਲ ਤੀਕ ਹਿੰਦੁਸਤਾਨੀ ਦੇਸ਼ ਭਗਤ ਆਪਣੀ ਇਸ ਲਹਿਰ ਨੂੰ ਬੜੀ ਸਰਗਰਮੀ ਨਾਲ ਚਲਾਉਂਦੇ ਰਹੇ । ਹਰ ਹਿੰਦੁਸਤਾਨੀ ਦੇ ਘਰ ਤੀਕ ਆਜ਼ਾਦੀ ਦਾ ਪੈਗਾਮ ਪੁਚਾਇਆ ਗਿਆ। ਲੀਡਰਾਂ ਨੇ ਆਪਣੇ ਅਮਲਾਂ ਦਵਾਰਾ ਆਜ਼ਾਦੀ ਦੀ ਰਾਹ ਉਤੇ ਦੁਖ ਝਲਣ, ਕੁਰਬਾਨੀ ਦਾ ਸਾਕਾਰ ਰੂਪ ਬਣਨ ਅਤੇ ਆਜ਼ਾਦੀ ਦੀ ਲਗਣ ਵਿਚ ਮਰ ਮਿਟਨ ਦੀ ਸਿਖਿਆ ਦਿਤੀ । ਇਉਂ ਹਿੰਦੁਸਤਾਨੀ ਜਨਤਾ ਵਿਚ ਰਾਜਸੀ ਜਾਗਰਤ ਆਈ ।

ਸੰਨ ੧੯੩੭ ਤੋਂ ਲੈ ਕੇ ਸੰਨ ੧੯੩੯ ਤੀਕ ਅਠ ਸੂਬਿਆਂ ਵਿਚ ਕਾਂਗਰਸੀ ਵਜ਼ਾਰਤਾਂ ਬਣ ਗਈਆ । ਇਹਨਾਂ ਤੋਂ ਇਹ ਗਲ ਸਾਬਤ ਹੋ ਗਈ ਕਿ ਹਿੰਦੁਸਤਾਨੀ ਆਪਣੇ ਘਰ ਦਾ ਆਪ ਪ੍ਰਬੰਧ ਕਰਨ ਦੇ ਹਰ ਤਰ੍ਹਾਂ ਯੋਗ ਹਨ। ਇਸ ਤਰ੍ਹਾਂ ਮੌਜੂਦਾ ਜੰਗ ਸ਼ੁਰੂ ਹੋਣ ਤੀਕ ਉਹ ਸਾਰੇ ਸਾਮਾਨ ਪ੍ਰਾਪਤ ਹੋ ਚੁਕੇ ਸਨ ਜਿਨ੍ਹਾਂ ਦੀ ਹਿੰਦੁਸਤਾਨ ਦੀ ਆਖਰੀ ਜੰਗ ਆਜ਼ਾਦੀ ਲੜਨ ਲਈ ਲੋੜ ਸੀ । ਵਰਤਮਾਨ ਜੰਗ ਦੇ ਦੌਰਾਨ ਵਿਚ ਜਰਮਨੀ ਨੇ ਆਪਣੇ ਸਾਥੀ ਮੁਲਕਾਂ ਦੀ ਮਦਦ ਨਾਲ ਯੂਰਪ ਵਿਚ ਸਾਡੇ ਵੈਰੀ ਉਤੇ ਕਈ ਵਾਰ ਬੜੇ ਮਾਰੂ ਹਮਲੇ ਕੀਤੇ ।

ਇਧਰ ਪੂਰਬੀ ਏਸ਼ੀਆ ਵਿਚ ਜਾਪਾਨ ਨੇ ਸਾਡੇ ਵੈਰੀਆਂ ਨੂੰ ਬੁਰੀ ਤਰ੍ਹਾਂ ਹਾਰ ਦਿਤੀ ਹੈ । ਇਹ ਹਾਲਾਤ ਹਿੰਦੁਸਤਾਨ ਦੀ ਜੰਗ ਆਜ਼ਾਦੀ ਲਈ ਬੜੇ ਹੀ ਸਾਜ਼ਗਾਰ ਹਨ । ਹਿੰਦੀ ਜਨਤਾ ਨੂੰ ਆਜ਼ਾਦੀ ਹਾਸਲ

ਕਰਨ ਲਈ ਕੁਦਰਤ ਵਲੋਂ ਇਹ ਬੜਾ ਸੋਹਣਾ ਅਵਸਰ ਮਿਲ ਗਿਆ ਹੈ । ਗੈਰ ਮੁਲਕਾਂ ਦੇ ਹਿੰਦੁਸਤਾਨੀ ਵੀ ਇਤਿਹਾਸ ਵਿਚ ਪਹਿਲੀ ਵਾਰ ਰਾਜਸੀ ਤੋਰ ਉਤੇ ਜਾਗ ਉਠੇ ਹਨ । ਉਹ ਹਿੰਦੁਸਤਾਨ ਵਿਚ ਰਹਿਣ ਵਾਲੇ ਆਪਣੇ ਦੇਸ ਭਾਈਆਂ ਦੇ ਨਾਲ ਕੇਵਲ ਵਿਚਾਰਾਂ ਤੇ ਜਜ਼ਬਾਤ ਵਿਚ ਹੀ ਇਕ ਜ਼ਬਾਨ ਨਹੀਂ ਸਗੋਂ ਉਹਨਾਂ ਦੇ ਮੋਢੇ ਨਾਲ ਮੋਢਾ ਮੋੜ ਕੇ ਆਜ਼ਾਦੀ ਦੀ ਜੰਗ ਵਿਚ ਅਮਲੀ ਤੌਰ ਉਤੇ ਭਾਗ ਲੈ ਰਹੇ ਹਨ। ਪੂਰਬੀ ਏਸ਼ੀਆ ਵਿਚ ਇਸ ਵੇਲੇ ੨੦ ਲਖ ਤੋਂ ਵਧੀਕ ਹਿੰਦੁਸਤਾਨੀ ਫੌਜੀ ਜਥੇਬੰਦ ਹਨ ਅਤੇ ਜੰਗ ਆਜ਼ਾਦੀ ਦੀ ਫੌਜ ਦੀ ਮਿਸਾਲ ਉਹਨਾਂ ਦੇ ਸਾਮ੍ਹਣੇ ਹੈ ਜੋ "ਦਿਲੀ ਚਲੋ!" ਦੇ ਜੈਕਾਰੇ ਨੂੰ ਅਮਲੀ ਰੂਪ ਦੇਣ ਲਈ ਤਤ ਪਰ ਹਨ। ਬਰਤਾਨਵੀ ਹਕੂਮਤ ਦੀਆਂ ਬੁਨਿਆਦਾਂ ਹਿਲ ਚੁਕੀਆਂ ਹਨ। ਹਿੰਦੁਸਤਾਨੀਆਂ ਨੂੰ ਉਹਨਾਂ ਉਤੇ ਕੋਈ ਭਰੋਸਾ ਨਹੀਂ ਰਹਿ ਗਿਆ । ਇਹੋ ਜਿਹੇ ਹਾਲਤ ਵਿਚਾਲੇ ਇਸ ਹਕੂਮਤ ਦੀ ਟੁਟੀ ਭਜੀ ਇਮਾਰਤ ਨੂੰ ਦਗਧ ਕਰਨ ਲਈ ਥੋੜੀ ਜਿਹੀ ਚੁਵਤੀ ਦੀ ਲੋੜ ਹੈ। ਉਸ ਚੰਗਿਆੜੀ ਨੂੰ ਬਾਲਣਾ ਹਿੰਦੁਸਤਾਨ ਦੀ ਆਜ਼ਾਦੀ ਲਈ ਲੜਨ ਵਾਲੀ ਫੌਜ ਦਾ ਕੰਮ ਹੈ। ਇਹ ਗਲ ਨਿਸ਼ਚੇ ਹੈ ਕਿ ਹਿੰਦੁਸਤਾਨ ਦੇ ਵਸਨੀਕ ਇਸ ਫੌਜ ਦੀ ਸਹੈਤਾ ਕਰਨਗੇ। ਅੰਗ੍ਰੇਜ਼ਾਂ ਦੀ ਬਣਾਈ ਹੋਈ ਹਿੰਦੁਸਤਾਨੀ ਫੌਜ ਦਾ ਬਹੁਤ ਵੱਡਾ ਭਾਗ ਅੰਗ੍ਰੇਜ਼ਾਂ ਨਾਲੋਂ ਕਟ ਕੇ ਨਿਸਚੇ ਹੀ ਜੰਗ ਆਜ਼ਾਦੀ ਲੜਨ ਵਾਲੇ ਪਰਵਾਨਿਆਂ ਦਾ ਸਾਥ ਦੇਵੇਗਾ। ਇਸ ਤੋਂ ਛੁਟ ਹਿੰਦੁਸਤਾਨ ਤੋਂ ਬਾਹਰ ਆਜ਼ਾਦ ਹਿੰਦ ਫੌਜ ਦੇ ਬਹੁਤ ਸਾਰੇ ਤਾਕਤਵਰ ਤੇ ਹਮਾਇਤੀ ਦੇਸ ਮੌਜੂਦ ਹਨ। ਇਹੋ ਜਿਹੇ ਹਾਲਾਤ ਵਿਚਾਲੇ ਹਿੰਦੁਸਤਾਨ ਦੀ ਆਜ਼ਾਦੀ ਲਈ ਲੜਨ ਵਾਲੀ ਫੌਜ ਨੂੰ ਆਪਣੀ ਤਾਕਤ ਉਤੇ ਪੂਰਾ ਪੂਰਾ ਭਰੋਸਾ ਹੈ ਕਿ ਉਹ ਆਪਣੇ ਇਤਿਹਾਸਕ ਕਾਰਨਾਮੇ ਨੂੰ ਅੰਤ ਤੀਕ ਪੁਚਾਉਣ ਵਿਚ ਸਫਲ ਹੋ ਜਾਏਗੀ । ਹਿੰਦੁਸਤਾਨ ਦੀ ਆਜ਼ਾਦੀ ਦੀ ਮੰਜ਼ਲ ਨੇੜੇ ਢੁਕ ਪਈ ਹੈ । ਹਿੰਦੁਸਤਾਨੀ ਜਨਤਾ ਦਾ ਫਰਜ਼ ਹੈ ਕਿ ਉਹ ਆਪਣੀ ਇਕ ਆਰਜ਼ੀ ਗੌਰਮਿੰਟ ਬਣਾ

ਲਵੇ ਅਤੇ ਆਪਣੀ ਜੰਗ ਆਜ਼ਾਦੀ ਦੀ ਇਸ ਅੰਤਮ ਜਦੋ ਜਿਹਦ ਨੂੰ ਆਰਜ਼ੀ ਹਕੂਮਤ ਦੇ ਝੰਡੇ ਤਲੇ ਹੀ ਸ਼ੁਰੂ ਕਰੇ, ਪਰ ਕਿਉਂਕਿ ਅਜ ਕਲ ਹਿੰਦੁਸਤਾਨ ਦੇ ਸਾਰੇ ਲੀਡਰ ਜੇਲ ਵਿਚ ਹਨ ਅਤੇ ਜਨਤਾ ਨਿਹਥੀ ਹੈ ਇਸ ਲਈ ਇਸ ਦੀ ਕੋਈ ਸੰਭਾਵਨਾ ਨਹੀਂ ਕਿ ਹਿੰਦੁਸਤਾਨ ਦੀ ਧਰਤੀ ਉਤੇ ਆਰਜ਼ੀ ਹਕੂਮਤ ਕਾਇਮ ਕੀਤੀ ਜਾਇ ਇਸ ਲਈ ਇਸ ਕੰਮ ਦੀ ਜ਼ਿਮੇਵਾਰੀ ਹੁਣ ਇੰਡੀਅਨ ਇੰਡੀਪੈਨਡੈਂਸ ਲੀਗ ਉਤੇ ਲਾਗੂ ਹੁੰਦੀ ਹੈ ਜੋ ਪੂਰਬੀ ਏਸ਼ੀਆ ਵਿਚ ਕਾਇਮ ਹੈ ਅਤੇ ਜਿਸ ਨੂੰ ਹਿੰਦੁਸਤਾਨ ਅਤੇ ਹਿੰਦੁਸਤਾਨੋਂ ਬਾਹਰ ਦੇ ਸਾਰੇ ਦੇਸ਼ ਭਗਤ ਵਸਨੀਕਾਂ ਦੀ ਹਮਦਰਦੀ ਹਾਸਲ ਹੈ । ਕਿਉਂਕਿ ਇਸ ਲੀਗ ਨੇ ਲੋੜੀਂਦੀ ਆਰਜ਼ੀ ਹਕੂਮਤ ਕਾਇਮ ਕਰ ਦਿਤੀ ਹੈ ਇਸ ਲਈ ਅਸੀਂ ਪੂਰੀ ਜ਼ਿਮੇਵਾਰੀ ਨਾਲ ਉਹਨਾਂ ਸਭ ਫਰਜ਼ਾਂ ਨੂੰ ਅਦਾ ਕਰਨ ਦੀ ਜ਼ਿਮੇਵਾਰੀ ਲੈਂਦੇ ਹਾਂ ਜੋ ਸਾਡੇ ਉਤੇ ਲਾਗੂ ਹੁੰਦੇ ਹਨ।

ਈਸ਼ਵਰ ਪਾਸ ਪ੍ਰਾਰਥਨਾ ਹੈ ਕਿ ਮਾਦਰਿ ਵਤਨ ਦੀ ਆਜ਼ਾਦੀ ਲਈ ਸਾਡੀ ਜਦੋ ਜਿਹਦ ਨੂੰ ਸਫਲਤਾ ਦੇਵੇ । ਇਸ ਆਰਜ਼ੀ ਹਕੂਮਤ ਦਾ ਫਰਜ਼ ਹੈ ਕਿ ਉਹ ਹਿੰਦੁਸਤਾਨ ਦੀ ਸਰ ਜ਼ਮੀਨ ਨੂੰ ਅੰਗ੍ਰੇਜ਼ਾਂ ਅਤੇ ਉਸ ਦੇ ਇਤਹਾਦੀਆਂ ਦੇ ਵਜੂਦ ਤੋਂ ਨਜਾਤ ਦੇਣ ਲਈ ਜਦੋ ਜਿਹਦ ਸ਼ੁਰੂ ਕਰੇ। ਇਸ ਮੰਤਵ ਵਿਚ ਸਫਲ ਹੋਣ ਤੋਂ ਮਗਰੋਂ ਇਸ ਆਰਜ਼ੀ ਹਕੂਮਤ ਦਾ ਇਹ ਫਰਜ਼ ਹੋਵੇਗਾ ਕਿ ਉਹ ਆਜ਼ਾਦ ਹਿੰਦੁਸਤਾਨ ਵਿਚ ਹਿੰਦੁਸਤਾਨ ਦੀ ਮਰਜ਼ੀ ਦੇ ਮੁਤਾਬਕ ਇਕ ਪਕੀ ਹਕੂਮਤ ਕਾਇਮ ਕਰੇ ਜਿਸ ਨੂੰ ਹਿੰਦੁਸਤਾਨ ਦੇ ਸਾਰੇ ਵਸਨੀਕਾਂ ਦਾ ਭਰੋਸਾ ਪ੍ਰਾਪਤ ਹੋਵੇ । ਜਦ ਤੀਕ ਹਿੰਦੁਸਤਾਨ ਵਿਚ ਇਹੋ ਜਿਹੀ ਮੁਸਤਕਿਲ ਹਕੂਮਤ ਕਾਇਮ ਨਹੀਂ ਹੁੰਦੀ ਇਹ ਹਕੂਮਤ ਹਿੰਦੁਸਤਾਨੀ ਜਨਤਾ ਦੀ ਅਮਾਨਤ ਦੇ ਤੌਰ ਉਤੇ ਮੁਲਕੀ ਮਾਮਲਿਆਂ ਦਾ ਪ੍ਰਬੰਧ ਕਰੇਗੀ। ਆਰਜ਼ੀ ਹਕੂਮਤ ਨੂੰ ਹਕ ਹਾਸਲ ਹੈ ਕਿ ਉਹ ਹਰ ਹਿੰਦੁਸਤਾਨੀ ਪਾਸੋਂ ਫਰਮਾਬਰਦਾਰੀ ਦੀ ਮੰਗ ਕਰੇ । ਆਰਜ਼ੀ ਹਕੂਮਤ ਉਹਨਾਂ

ਸਭ ਮਤਭੇਦਾਂ ਨੂੰ ਖਤਮ ਕਰ ਦੇਵੇਗੀ ਜਿਹੜੇ ਗੈਰ ਮੁਲਕੀ ਹਕੂਮਤ ਨੇ ਬੜੀ ਚਾਲਾਕੀ ਨਾਲ ਹਿੰਦੁਸਤਾਨ ਦੀ ਸਰ ਜ਼ਮੀਨ ਵਿਚ ਉਤਪਨ ਕਰ ਰਖੇ ਹਨ । ਪ੍ਰਮਾਤਮਾ ਦੇ ਨਾਮ ਉਤੇ ਉਹਨਾਂ ਨਸਲਾਂ ਦੇ ਨਾਮ ਉਤੇ ਜਿਨ੍ਹਾਂ ਨੇ ਹਿੰਦੁਸਤਾਨੀ ਵਸਨੀਕਾਂ ਨੂੰ ਇਕ ਕੌਮ ਦਾ ਦਰਜਾ ਦਿਤਾ ਹੈ ਅਤੇ ਨਾਲ ਹੀ ਉਹਨਾਂ ਸ਼ਹੀਦਾਂ ਦੇ ਨਾਮ ਉਤੇ ਜੋ ਸਾਡੇ ਲਈ ਬਹਾਦਰੀ, ਕੁਰਬਾਨੀ ਤੇ ਵਫ਼ਿਆਮਰੀ ਦੀ ਮਿਸਾਲ ਛਡ ਗਏ ਹਨ ਅਸੀਂ ਸਾਰੇ ਹਿੰਦੀਆਂ ਪਾਸ ਅਪੀਲ ਕਰਦੇ ਹਾਂ ਕਿ ਉਹ ਸਾਡੇ ਝੰਡੇ ਤਲੇ ਜਮ੍ਹਾ ਹੋ ਜਾਣ ਅਤੇ ਆਪਣੇ ਦੇਸ ਦੀ ਆਜ਼ਾਦੀ ਲਈ ਜਦੋ ਜਿਹਦ ਸ਼ੁਰੂ ਕਰ ਦੇਣ । ਅਸੀਂ ਉਹਨਾਂ ਨੂੰ ਅੰਗ੍ਰੇਜ਼ਾਂ ਅਤੇ ਉਹਨਾਂ ਦੇ ਸਭ ਹਮਦਰਦਾਂ ਦੇ ਵਿਰੁਧ ਜੋ ਹਿੰਦੁਸਤਾਨ ਵਿਚ ਮੌਜੂਦ ਹਨ ਇਕ ਅੰਤਮ ਜੰਗ ਲੜਨ ਦੀ ਦਾਵਤ ਦੇਂਦੇ ਹਾਂ ਅਤੇ ਉਹਨਾਂ ਤੋਂ ਆਸ ਰਖਦੇ ਹਾਂ ਕਿ ਉਹ ਆਪਣੀ ਜੰਗ ਬਹਾਦਰੀ ਤੇ ਦ੍ਰਿੜਤਾ ਨਾਲ ਜਾਰੀ ਰਖਣਗੇ। ਹਿੰਦੀ ਆਪਣੇ ਇਸ ਯਕੀਨ ਤੇ ਈਮਾਨ ਤੋਂ ਕਦੇ ਨਹੀਂ ਡਗਮਗਾਉਣਗੇ ਕਿ ਅੰਤਮ ਫਤਹ ਉਹਨਾਂ ਦੀ ਹੀ ਹੋਵੇਗੀ । ਸਾਡੀ ਇਹ ਜੰਗ ਉਸ ਵੇਲੇ ਤੀਕ ਜਾਰੀ ਰਹੇਗੀ ਜਦ ਤੀਕ ਹਿੰਦੁਸਤਾਨ ਦੀ ਧਰਤੀ ਦੁਸ਼ਮਣਾਂ ਤੋਂ ਖਾਲੀ ਨਹੀਂ ਹੋ ਜਾਂਦੀ ਅਤੇ ਹਿੰਦੁਸਤਾਨੀ ਕੌਮ ਇਕ ਵਾਰ ਮੁੜ ਆਜ਼ਾਦੀ ਦੀ ਫ਼ਿਜ਼ਾ ਵਿਚ ਸਾਹ ਨਹੀਂ ਲੈਣ ਲਗ ਜਾਂਦੀ।''

ਇਸ ਐਲਾਨ ਦੇ ਨਾਲ ਜਿਹੜੀ ਆਰਜ਼ੀ ਹਕੂਮਤ ਸ੍ਰੀ ਸੁਭਾਸ਼ ਬੋਸ ਨੇ ਸਿੰਗਾਪੁਰ ਵਿਚ ਕਾਇਮ ਕੀਤੀ । ਉਸਦੇ ਔਹਦੇਦਾਰ ਹੇਠ ਲਿਖੇ ਵੇਰਵੇ ਅਨੁਸਾਰ ਨਿਯਤ ਹੋਏ ਸਨ ।

(੧) ਸ੍ਰੀ ਸੁਭਾਸ਼ ਚੰਦਰ ਬੋਸ–ਪ੍ਰਧਾਨ, ਵਜ਼ੀਰ ਆਜ਼ਮ, ਵਜ਼ੀਰ ਜੰਗ ਤੇ ਦਸੌਰੀ ਵਜ਼ੀਰ ।

(੨) ਲੈਫਟੀਨੈਂਟ ਕਰਨਲ ਏ. ਸੀ. ਚੈਟਰਜੀ–ਵਜ਼ੀਰ ਮਾਲੀਆਤ ।

(੩) ਮਿਸਟਰ ਐਸ. ਏ. ਆਇਰ–ਵਜ਼ੀਰ ਪ੍ਰਾਪੇਗੰਡਾ ।

(੪) ਕੇਪਟਨ ਮਿਸ ਲਖ਼ਮੀ-ਇੰਚਾਰਜ ਮਹਿਕਮਾ ਜ਼ਨਾਨਾ।

ਫੌਜ ਦੇ ਪ੍ਰਤੀਨਿਧ

(੫) ਲੈਟੀਨੈਂਟ ਕਰਨਲ ਅਜ਼ੀਜ਼ ਅਹਿਮਦ

(੬) ,, ,, ਐਨ. ਐਸ. ਭਗਤ

(੭) ,, ,, ਭੌਂਸਲੇ

(੮) ,, ,, ਗੁਲਜ਼ਾਰ ਸਿੰਘ

(੯) ,, ,, ਐਮ. ਜ਼ੈਡ. ਕਿਆਨੀ

(੧੦) ਕਰਨਲ ਲੋਕ ਨਾਥਨ

(੧੧) ਲੈਫਟੀਨੈਂਟ ਕਰਨਲ ਅਹਿਸਾਨ ਕਾਦਰ

(੧੨) ਜਨਰਲ ਸ਼ਾਹਨਿਵਾਜ਼

(੧੩) ਮਿਸਟਰ ਏ. ਐਮ. ਸਹਾਇ-ਵਜ਼ੀਰ

(੧੪) ਸ੍ਰੀ ਰਾਸ ਬਿਹਾਰੀ ਬੋਸ-ਮਸ਼ੀਰ ਆਲ੍ਹਾ

(੧੫) ਮਿਸਟਰ ਏ. ਐਨ. ਸਰਕਾਰ-ਕਾਨੂਨੀ ਮਸ਼ੀਰ

(੧੬) ਮਿਸਟਰ ਕਰੀਮ ਗ਼ਨੀ

(੧੮) ਏ. ਅਲਪਾ

(੧੯) ਮਿਸਟਰ ਡੀ. ਐਮ. ਖ਼ਾਨ

(੨੦) ਮਿਸਟਰ ਜੇ. ਥਵੀ

(੨੧) ਸਰਦਾਰ ਈਸ਼ਰ ਸਿੰਘ

ਇਸ ਦੇ ਮਗਰੋਂ ਜੰਗੀ ਕੋਸ਼ਸ਼ਾਂ ਨੂੰ ਤੁੱਕੀ ਦੇਣ ਅਤੇ ਵੈਰੀ ਉਤੇ ਹਮਲੇ ਦਾ ਪਰੋਗਰਾਮ ਬਨਾਉਣ ਲਈ ਇਕ 'ਵਾਰ ਕੌਂਸਲ' ਬਣਾਈ ਗਈ ਜਿਸ ਦੇ ਮੈਂਬਰ ਹੇਠ ਲਿਖੇ ਸਜਨ ਸਨ:-

ਕਰਨਲ ਭੌਂਸਲੇ

ਕਰਨਲ ਮੁਹੰਮਦ ਜ਼ਮਾਨ ਕਿਆਨੀ

ਲੈਫਟੀਨੈਂਟ ਕਰਨਲ ਅਹਿਸਾਨ ਕਾਦਰ

ਲੈਫਟੀਨੈਂਟ ਕਰਨਲ ਅਜ਼ੀਜ਼ ਅਹਿਮਦ ਖ਼ਾਨ

ਲੈਫਟੀਨੈਂਟ ਕਰਨਲ ਹਬੀਬਉਲ ਰਹਿਮਾਨ
ਲੈਫਟੀਨੈਂਟ ਕਰਨਲ ਗੁਲਜ਼ਾਰ ਸਿੰਘ
ਕੈਪਟਨ ਮਿਸਜ਼ ਲਖ਼ਮੀ
ਸ੍ਰੀ ਐਨ. ਰਾਘਵਨ
ਸ੍ਰੀ ਐਸ. ਏ. ਆਇਰ
ਸ੍ਰੀ ਪਰਮਾਨੰਦ
ਕਰਨਲ ਏ. ਸੀ. ਚੈਟਰਜੀ (ਸੈਕ੍ਰੇਟਰੀ)
ਏ. ਅਲਪਾ

ਨੇਤਾ ਜੀ ਆਜ਼ਾਦ ਹਿੰਦ ਫੌਜ ਦੇ ਸੁਪ੍ਰੀਮ ਕਮਾਂਡਰ ਨਿਯਤ ਹੋਏ । ਚੀਫ ਆਫ ਦੀ ਜਨਰਲ ਸਟਾਫ ਮੇਜਰ ਜਨਰਲ ਭੌਂਸਲੇ ਅਤੇ ਅਸਿਸਟੈਂਟ ਆਫ ਦੀ ਜਨਰਲ ਸਟਾਫ ਕਰਨਲ ਹਬੀਬ ਉਲ ਰਹਿਮਾਨ ਬਣਾਏ ਗਏ ।

ਉਪ੍ਰੋਕਤ ਆਜ਼ਾਦ ਹਿੰਦ ਫੌਜ ਦੇ ਤਿੰਨ ਡਵੀਯਨ ਸਨ।

## ਡਵੀਯਨ ਨੰ: ੧.

ਇਸ ਵਿਚ ਮੇਜਰ ਜਨਰਲ ਕਿਆਨੀ ਦੀ ਕਮਾਂਡ ਹੇਠ ਇਹ ਤਿੰਨ ਰਜਮੈਂਟਾਂ ਸਨ ।

ਗੁਰੀਲਾ ਰਜਮੈਂਟ ਨੰ: ੧-ਇਸ ਦਾ ਨਾਮ ਸੁਭਾਸ਼ ਗੁਰੀਲਾ ਰਜਮੈਂਟ ਸੀ, ਇਸ ਦੇ ਕਮਾਂਡਰ ਜਨਰਲ ਸ਼ਾਹ ਨਿਵਾਜ਼ ਸਨ ।

ਗੁਰੀਲਾ ਰਜਮੈਂਟ ਨੰ: ੨-ਇਸਦਾ ਨਾ ਗਾਂਧੀ ਗੁਰੀਲਾ ਰਜਮੈਂਟ ਸੀ ਤੇ ਇਸ ਦੇ ਕਮਾਂਡਰ ਕਰਨਲ ਇਨਾਇਤ ਜਾਨ ਕਿਆਨੀ ਸਨ ।

ਗੁਰੀਲਾ ਰਜਮੈਂਟ ਨੰ: ੩-ਇਸ ਦਾ ਨਾਮ ਆਜ਼ਾਦ ਗੁਰੀਲਾ ਰਜਮੈਂਟ ਸੀ ਅਤੇ ਇਸ ਦੇ ਕਮਾਂਡਰ ਸਨ ਕਰਨਲ ਗੁਲਜ਼ਾਰ ਸਿੰਘ ।

## ਡਵੀਯਨ ਨੰ: ੨

ਇਸ ਡਵੀਜਨ ਦੇ ਕਮਾਂਡਰ ਕਰਨਲ ਅਜ਼ੀਜ਼ ਸਨ । ਇਸ ਵਿਚ ਹੇਠ ਲਿਖੀਆਂ ਰਜਮੈਂਟ ਸਨ:-

ਗੁਰੀਲਾ ਰਜਮੈਂਟ ਨੰ: ੪-ਕਮਾਂਡਰ ਲੈਫਟੀਨੈਂਟ ਢਿਲੋਂ
ਗੁਰੀਲਾ ਰਜਮੈਂਟ ਨੰ: ੫-ਕਮਾਂਡਰ ਕਰਨਲ ਹੁਸੈਨ
ਇਨਫੈਂਟਰੀ (ਪੈਦਲ) ਫੌਜ-ਕਮਾਂਡਰ ਕਰਨਲ ਸਹਿਗਲ
ਇਸ ਤੋਂ ਛੁਟ ਤੋਪਾਂ, ਟੈਂਕ ਤੇ ਮੁਸਲਹ ਮੋਟਰਾਂ ਦੀ ਇਕ ਫੌਜ ਸੀ

## ਡਵੀਯਨ ਨੰ: ੩

ਇਸ ਦੇ ਮਾਤਹਿਤ ੪ ਗੁਰੀਲਾ ਰਜਮੈਂਟਾਂ ਸਨ ਅਰਥਾਤ
ਗੁਰੀਲਾ ਰਜਮੈਂਟ ਨੰ: ੬
" " ਨੰ: ੭
" " ਨੰ: ੮
" " ਨੰ: ੯

ਆਜ਼ਾਦ ਹਿੰਦ ਗੌਰਮਿੰਟ ਦਾ ਐਲਾਨ ੨੧ ਅਕਤੂਬਰ ਨੂੰ ਕੀਤਾ ਗਿਆ ਅਤੇ ਉਸ ਦੇ ਦੋ ਦਿਨ ਮਗਰੋਂ ਅਰਥਾਤ ੨੩ ਅਕਤੂਬਰ ਨੂੰ ਜਾਪਾਨ ਗੌਰਮਿੰਟ ਨੇ ਇਸ ਨੂੰ ਹਿੰਦ ਦੀ ਗੌਰਮਿੰਟ ਪਰਵਾਨ ਕਰ ਲਿਆ ਅਤੇ ਆਪਣਾ ਸਫੀਰ ਵੀ ਉਸ ਦੇ ਹੈਡਕਵਾਰਟਰ ਵਿਚ ਭੇਜ ਦਿਤਾ ਸੀ। ਜਾਪਾਨ ਗੌਰਮਿੰਟ ਤੋਂ ਛੁਟ ਜਰਮਨੀ, ਇਟਲੀ, ਕਰੁਸ਼ੀਆ, ਮਾਂਚੂਕਿਊ, ਚੀਨ, ਥਾਈਲੈਂਡ, ਫਿਲਪਾਈਨ ਸਪੇਨ ਅਤੇ ਬਰਮਾ ਦੀਆਂ ਹਕੂਮਤਾਂ ਨੇ ਵੀ ਆਜ਼ਾਦ ਹਿੰਦ ਗੌਰਮਿੰਟ ਨੂੰ ਪਰਵਾਨ ਕਰ ਲਿਆ ਤੇ ਆਪਣੇ ਸਫੀਰ ਭੇਜ ਦਿਤੇ ।

## ਬਰਤਾਨੀਆ ਵਿਰੁਧ ਜੰਗ

ਇਸ ਤਰ੍ਹਾਂ ਸੁਭਾਸ਼ ਬੋਸ ਦੀ ਗੌਰਮਿੰਟ ਇਕ ਬਾਕਾਇਦਾ ਗੌਰ-

ਮਿੰਟ ਬਣ ਕੇ ਕੰਮ ਕਰਨ ਲਗ ਪਈ ਜਿਸ ਨੂੰ ਦੁਨੀਆ ਦੀਆਂ ੧੦ ਹੋਰ ਹਕੂਮਤਾਂ ਨੇ ਪਰਵਾਨ ਕਰ ਲਿਆ ਸੀ।

੨੩ ਅਕਤੂਬਰ ਨੂੰ ਆਜ਼ਾਦ ਹਿੰਦ ਗੋਰਮਿੰਟ ਨੇ ਬਰਤਾਨੀਆ ਤੇ ਅਮਰੀਕਾ ਵਿਰੁਧ ਐਲਾਨਿ ਜੰਗ ਕਰ ਦਿਤਾ ਅਤੇ ਜਨਵਰੀ ੧੯੪੪ ਵਿਚ ਆਪਣਾ ਹੈਡ ਕੁਵਾਰਟਰ ਸਿੰਗਾਪੁਰ ਤੋਂ ਰੰਗੂਨ ਵਿਚ ਇਸ ਨਿਯਤ ਨਾਲ ਤਬਦੀਲ ਕਰ ਲਿਆ ਤਾਂ ਜੋ ਹਿੰਦੁਸਤਾਨ ਉਤੇ ਹਮਲਾ ਕਰਨ ਵਿਚ ਆਸਾਨੀ ਰਹੇ। ਸੁਭਾਸ਼ ਬੋਸ ਆਪ ਵੀ ਰੰਗੂਨ ਪਹੁੰਚ ਗਏ। ਏਥੇ ਆਪ ਦਾ ਜੋ ਸੁਵਾਗਤ ਹੋਇਆ ਉਹ ਵੀ ਇਕ ਯਾਦਗਾਰੀ ਸਵਾਗਤ ਕਿਹਾ ਜਾ ਸਕਦਾ ਹੈ।

## ਅੰਫਲ ਦਾ ਮੋਰਚਾ

ਇਸ ਫੌਜ ਨੇ ਸਭ ਤੋਂ ਪਹਿਲੋਂ ਅੰਡੇਮਾਨ ਅਤੇ ਨਿਕੋਬਾਰ ਟਾਪੂ ਵਿਚੋਂ ਅੰਗਰੇਜ਼ਾਂ ਨੂੰ ਕਢ ਕੇ ਉਸ ਉਤੇ ਕਬਜ਼ਾ ਜਮਾਇਆ। ਨੈਸ਼ਨਲ ਬੈਂਕ ਆਫ ਆਜ਼ਾਦ ਹਿੰਦ ਵੀ ਕਾਇਮ ਕੀਤਾ ਜੋ ਅੰਗਰੇਜ਼ਾਂ ਦੇ ਦੁਬਾਰਾ ਬਰਮਾ ਫਤਹ ਕਰਨ ਤੀਕ ਕੰਮ ਕਰਦਾ ਰਿਹਾ।

ਆਖਰ ਇਹ ਫੌਜ ਮੈਦਾਨ ਜੰਗ ਵਿਚ ਉਤ੍ਰੀ—੪ ਫਰਵਰੀ ੧੯੪੪ ਨੂੰ ਆਜ਼ਾਦ ਹਿੰਦ ਫੌਜ ਨੇ ਹਿੰਦੁਸਤਾਨ ਵਿਰੁਧ ਚੜ੍ਹਾਈ ਸ਼ੁਰੂ ਕਰ ਦਿਤੀ। ੧੮ ਮਾਰਚ ਨੂੰ ਇਹ ਫੌਜ ਕੂਚ ਕਰਦੀ ਹੋਈ ਬਰਮਾ ਦੀ ਸਰਹਦ ਪਾਰ ਕਰ ਗਈ ਤੇ ਹਿੰਦੁਸਤਾਨ ਦੀ ਧਰਤੀ ਉਤੇ ਪੈਰ ਟਿਕਾ ਲਏ। ਸਭ ਤੋਂ ਪਹਿਲੋਂ ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਨੇ ਮਾਤ੍ਰੀ ਭੂਮੀ ਨੂੰ ਪ੍ਰਨਾਮ ਕੀਤਾ ਅਤੇ ਉਸ ਦੀ ਖਾਕ ਨੂੰ ਚੁੰਮ ਕੇ ਮਥੇ ਨਾਲ ਲਾਇਆ। ਫੇਰ ਸਭ ਨੇ ਖੜੇ ਹੋ ਕੇ ਇਹ ਪ੍ਰਣ ਕੀਤਾ ਕਿ ਉਹ ਭਾਰਤ ਮਾਤਾ ਨੂੰ ਗੈਰ ਮੁਲਕੀਆਂ ਦੇ ਪੰਜੇ ਤੋਂ ਆਜ਼ਾਦ ਕਰਾ ਕੇ ਹੀ ਚੈਨ ਲੈਣਗੇ।

ਆਖਰ ਫੈਸਲਾ ਕੀਤਾ ਗਿਆ ਕਿ ਅੰਫਲ ਵਿਚ ਮੋਰਚਾ ਕਾਇਮ ਕੀਤਾ ਜਾਏ। ਇਸ ਮੋਰਚੇ ਲਈ ੬੦ ਹਜ਼ਾਰ ਬਾਕਾਇਦਾ ਫੌਜ ਤਿਆਰੀ

ਕੀਤੀ ਗਈ। ਇਸ ਵਿਚੋਂ ੪ ਹਜ਼ਾਰ ਜਵਾਨ ਉਹ ਚੁਣ ਲਏ ਗਏ ਜੋ ਹਿੰਦੁਸਤਾਨ ਦੀ ਆਜ਼ਾਦੀ ਲਈ ਸ਼ਹੀਦ ਹੋਣ ਲਈ ਤਿਆਰ ਸਨ। ਇਹਨਾਂ ਦਾ ਨਾਮ ਸੁਭਾਸ਼ ਬ੍ਰੀਗੇਡ ਰਖਿਆ ਗਿਆ। ਇਸ ਦੇ ਕਮਾਂਡਰ ਸਨ ਸ਼ਾਹ ਨਿਵਾਜ਼। ਇਸ ਬ੍ਰੀਗੇਡ ਨੇ ਕਲੀਵਾ ਦੇ ਅਸਥਾਨ ਉਤੇ ਪੜਾਉ ਕੀਤਾ। ਸਕੀਮ ਇਹ ਸੀ ਕਿ ਇਥੋਂ ਰਿਆਸਤ ਮਨੀ ਪੁਰ ਵਿਚ ਦਾਖਲ ਹੋ ਕੇ ਅੰਫਲ ਨੂੰ ਫਤਹ ਕਰ ਲਿਆ ਜਾਏ। ਇਹ ਫੌਜ ਪਹਾੜਾਂ ਜੰਗਲਾਂ ਤੇ ਦਰਿਆਵਾਂ ਨੂੰ ਚੀਰਦੀ ਹੋਈ ਕੋਹੀਮਾ ਦੇ ਅਸਥਾਨ ਉਤੇ ਪਹੁੰਚ ਗਈ। ਇਥੇ ਅੰਗਰੇਜ਼ੀ ਫੌਜਾਂ ਨਾਲ ਕਰੜਾ ਟਾਕਰਾ ਹੋਇਆ। ਅੰਗ੍ਰੇਜ਼ੀ ਫੌਜ ਇਹਨਾਂ ਸੂਰਬੀਰਾਂ ਦੇ ਟਾਕਰੇ ਉਤੇ ਨ ਠਹਿਰ ਸਕੀ ਤੇ ਪਸਪਾ ਹੋ ਕੇ ਅੰਫਲ ਦੇ ਹਲਕੇ ਵਿਚ ਵਾਪਸ ਚਲੀ ਗਈ। ਆਜ਼ਾਦ ਹਿੰਦ ਫੌਜ 'ਜੈ ਹਿੰਦ' ਦਾ ਨਾਹਰਾ ਲਾਉਂਦੀ ਹੋਈ ਅਗੇ ਵਧੀ। ਏਥੇ ਕੁਛ ਅੰਗਰੇਜ਼ ਫੌਜ ਨੂੰ ਇਹਨਾਂ ਨੇ ਕੈਦ ਕੀਤਾ ਤੇ ਕੁਛ ਟੈਂਕ ਤੇ ਲਾਰੀਆਂ ਵੀ ਇਹਨਾਂ ਦੇ ਹਥ ਲਗੀਆਂ।

ਅੰਫਲ ਵਿਚ ਅੰਗਰੇਜ਼ਾਂ ਨੇ ਦੋ ਲਖ ਫੌਜ ਜਮਾ ਕਰ ਰਖੀ ਸੀ ਇਹ ਫੌਜ ਸਾਰੀ ਹਿੰਦੁਸਤਾਨੀ ਸੀ। ਸ਼ਾਹ ਨਿਵਾਜ਼ ਇਸ ਦੋ ਲਖ ਹਿੰਦੀ ਫੌਜ ਨੂੰ ਘੇਰੇ ਵਿਚ ਲੈਣਾ ਅਤੇ ਉਸ ਦਾ ਸੰਬੰਧ ਬਾਕੀ ਦੀ ਫੌਜ ਨਾਲੋਂ ਕਟ ਦੇਣਾ ਚਾਹੁੰਦੇ ਸੀ। ਆਜ਼ਾਦ ਹਿੰਦ ਫੌਜ ਅਗੇ ਵਧਦੀ ਗਈ ਇਥੋਂ ਤੀਕ ਕਿ ਉਸ ਨੇ ਅੰਫਲ ਦੀ ਫੌਜ ਨੂੰ ਘੇਰੇ ਵਿਚ ਲੈ ਲਿਆ ਤੇ ਓਸ ਨੂੰ ਬਾਹਰੋਂ ਰਸਦ ਪਹੁੰਚਣੀ ਮੁਸ਼ਕਲ ਹੋ ਗਈ। ਅੰਗਰੇਜ਼ਾਂ ਨੇ ਹਵਾਈ ਜਹਾਜ਼ਾਂ ਰਾਹੀਂ ਖੁਰਾਕ ਪੁਚੌਣੀ ਸ਼ੁਰੂ ਕੀਤੀ।

ਅੰਫਲ ਅਜੇ ਫਤਹ ਨਹੀਂ ਸੀ ਹੋਇਆ ਕਿ ਅਚਾਨਕ ਮੌਸਮ ਖਰਾਬ ਹੋ ਗਿਆ ਅਤੇ ਬਾਰਸ਼ਾਂ ਐਨੀਆਂ ਜ਼ੋਰ ਦੀਆਂ ਸ਼ੁਰੂ ਹੋ ਗਈਆਂ ਕਿ ਲਾਰੀਆਂ, ਟੈਂਕਾਂ ਦਾ ਚਲਨਾ ਮੁਸ਼ਕਲ ਹੋ ਗਿਆ। ਦੂਜੇ ਪਾਸੇ ਅਮਰੀ-ਕਨ ਬੇੜੇ ਨੇ ਸ਼ਾਂਤ ਸਾਗਰ ਦੇ ਜਾਪਾਨੀ ਅਡਿਆਂ ਉਤੇ ਬੰਬਾਰੀ ਸ਼ੁਰੂ ਕਰ ਦਿਤੀ। ਜਾਪਾਨੀਆਂ ਨੇ ਜੋ ਜਹਾਜ਼ ਆਦਕ ਆਜ਼ਾਦ ਹਿੰਦ ਫੌਜ ਨੂੰ

ਦੇ ਰਖੇ ਸਨ ਉਹ ਵਾਪਸ ਮੰਗਾ ਲਏ। ਜਿਸ ਕਰ ਕੇ ਆਜ਼ਾਦ ਹਿੰਦ ਫੌਜ ਵਿਚ ਢਿਲਿਆਈ ਆ ਗਈ। ਇਸ ਤ ਾਂ ਅੰਫਲ ਦਾ ਮੋਰਚਾ ਸਰ ਨ ਹੋ ਸਕਿਆ। ਇਸ ਦੇ ਮਗਰੋਂ ਜਨਵਰੀ ੧੯੪੫ ਵਿਚ ਨੇਤਾ ਜੀ ਆਪ ਮੁਹਾਜ਼ ਉਤੇ ਪਹੁੰਚੇ। ਆਪ ਨੇ ਆਪਣੀ ਵਲਵਲਾ ਭਰਪੂਰ ਤਕਰੀਰ ਨਾਲ ਸਿਪਾਹੀਆਂ ਦੇ ਹੌਸਲੇ ਕਾਇਮ ਕੀਤੇ।

ਦੂਜਾ ਮੋਰਚਾ ਪਿੰਨ ਪਿੰਨ ਦੇ ਮੁਕਾਮ ਉਤੇ ਕਾਇਮ ਕੀਤਾ ਗਿਆ। ਏਥੇ ਕਰਨਲ ਸਹਿਗਲ ਦੀ ਕਮਾਨ ਵਿਚ ਦੋ ਕੰਪਣੀਆਂ ਪਦਲ ਫੌਜ ਦੀਆਂ ਭੇਜੀਆਂ ਗਈਆਂ। ਇਸ ਦੇ ਗਸ਼ਤੀ ਦਸਤੇ ਦੀ ਝੜਪ ਅੰਗਰੇਜ਼ੀ ਦਸਤੇ ਨਾਲ ਹੋਈ। ਅੰਗਰੇਜ਼ੀ ਦਸਤਾ ਵਾਇਰਲੈਸ ਸੈਟ ਤੇ ਦੋ ਕਾਰਾਂ ਛਡ ਕੇ ਨਸ ਗਿਆ। ਫੇਰ ਦੋਵਾਂ ਫੌਜਾਂ ਦੀ ਆਮੋ ਸਾਮ੍ਹਣੇ ਟਕਰ ਹੋਈ। ਇਸ ਵਿਚ ਵੀ ਆਜ਼ਾਦ ਹਿੰਦ ਫੌਜ ਕਾਮਯਾਬ ਰਹੀ ਤੇ ਅੰਗ-ਰੇਜ਼ੀ ਫੌਜ ਕਾਰਾਂ ਛਡ ਕੇ ਨਸ ਗਈ। ਇਸ ਦੇ ਮਗਰੋਂ ਬਰਤਾਨਵੀ ਹਵਾਈ ਜਹਾਜ਼ਾਂ ਦੀ ਬੰਬਾਰੀ ਸ਼ੁਰੂ ਹੋ ਗਈ ਤੇ ਆਜ਼ਾਦ ਹਿੰਦ ਫੌਜ ਦਾ ਅਗੇ ਵਧਣਾ ਮੁਸ਼ਕਲ ਹੋ ਗਿਆ। ਦੂਜੇ ਪਾਸੇ ਜਾਪਾਨੀਆਂ ਨੇ ਰਸਦ ਆਦਕ ਪੁਚੌਣੀ ਬੰਦ ਕਰ ਦਿਤੀ ਜਿਸ ਕਰ ਕੇ ਇਹ ਫੌਜ ਬੜੀ ਮੁਸੀਬਤ ਵਿਚ ਫਸ ਗਈ ਤੇ ਕਈ ਜਵਾਨ ਭੁਖ ਹਥੋਂ ਮਰ ਗਏ। ਅੰਤ ਜਾਪਾਨੀਆਂ ਦੀ ਬੇਰੁਖੀ ਦੇ ਕਾਰਨ ਕਰਨਲ ਸਹਿਗਲ ਨੂੰ ਹਥਿਆਰ ਰਖਣੇ ਪਏ ਤੇ ਉਹ ਫੌਜ ਸਮੇਤ ਕੈਦ ਹੋ ਗਿਆ।

ਇਸ ਵੇਲੇ ਅਮਰੀਕਨ ਹਮਲਾ ਪੂਰੀ ਰਫਤਾਰ ਨਾਲ ਸ਼ੁਰੂ ਹੋ ਚੁਕਾ ਸੀ। ਉਧਰ ਜਰਮਨੀ ਨੂੰ ਹਾਰ ਹੋ ਚੁਕੀ ਸੀ ਤੇ ਇਤਿਹਾਦੀ ਫੌਜਾਂ ਬਰਲਿਨ ਵਿਚ ਦਾਖਲ ਹੋ ਚੁਕੀਆਂ ਸਨ। ਜਾਪਾਨ ਨੂੰ ਅਮਰੀਕਨ ਹਮਲੇ ਦੇ ਵਿਰੁਧ ਆਪਣੀ ਹਿਫਾਜ਼ਤ ਦੀ ਫਿਕਰ ਪੈ ਗਈ। ਬਰਮਾ ਵਿਚ ਵੀ ਅਮਰੀਕਨ ਤੇ ਅੰਗਰੇਜ਼ੀ ਹਵਾਈ ਹਮਲੇ ਜ਼ੋਰ ਨਾਲ ਸ਼ੁਰੂ ਹੋ ਗਏ ਜਾਪਾਨੀਆਂ ਨੂੰ ਰੰਗੂਨ ਖਾਲੀ ਕਰਨਾ ਪਿਆ ਜਿਸ ਕਰ ਕੇ ਆਜ਼ਾਦ ਹਿੰਦ ਫੌਜ ਦੇ ਹੈਡ ਕੁਆਰਟਰ ਵੀ ਓਥੋਂ ਬੈਂਕਾਕ ਲਿਜਾਏ ਗਏ। ਓਥੇ

ਵੀ ਵੈਰੀ ਨੇ ਚੈਨ ਨ ਲੈਣ ਦਿਤਾ ਤਦ ਸਿੰਗਾਪੁਰ ਚਲੇ ਗਏ। ਤਦ ਖਬਰਾਂ ਆਈਆਂ ਕਿ ਜਾਪਾਨੀ ਸੁਲਹ ਦੀ ਗਲ ਬਾਤ ਕਰ ਰਹੇ ਹਨ। ਫੇਰ ਖਬਰ ਆ ਗਈ ਕਿ ਐਟਮ ਬੰਬ ਦੀ ਵਰਤੋਂ ਮਗਰੋਂ ਜਾਪਾਨ ਨੇ ਹਾਰ ਮੰਨ ਲਈ ਹੈ।

## ਜਾਨ ਤੇ ਹਮਲੇ

ਸ੍ਰੀ ਸੁਭਾਸ ਬਾਬੂ ਦੀ ਜਾਨ ਲੈਣ ਲਈ ਸਾਜਸ਼ ਕੀਤੀ ਗਈ ਅਤੇ ਤਿੰਨ ਵਾਰ ਆਪ ਨੂੰ ਜਾਨੋਂ ਮਾਰ ਦੇਣ ਦਾ ਜਤਨ ਕੀਤਾ ਗਿਆ ਪਰ ਆਜ਼ਾਦ ਹਿੰਦ ਦੇ ਖੁਫੀਆ ਮਹਿਕਮੇ ਨੇ ਤਿੰਨ ਵਾਰ ਹੀ ਸੁਭਾਸ਼ ਬਾਬੂ ਦੀ ਜਾਨ ਬਚਾ ਲਈ ਸੀ।

ਇਕ ਵਾਰ ਬਰਤਾਨੀਆਂ ਦੀ ਖੁਫੀਆ ਪੁਲੀਸ ਦੇ ਇਕ ਫੌਜੀ ਕੈਪਟਨ ਨੂੰ ਪੈਰਾਸ਼ੂਟ ਰਾਹੀਂ ਬਰਮਾਂ ਵਿਚ ਉਤਾਰਿਆ ਗਿਆ ਉਸ ਨੇ ਹਥਿਆਰ ਰਖ ਦਿਤੇ ਤੇ ਆਜ਼ਾਦ ਹਿੰਦ ਫੌਜ ਵਿਚ ਸ਼ਾਮਲ ਹੋ ਗਿਆ। ਖੁਫੀਆ ਮਹਿਕਮੇ ਨੂੰ ਸ਼ਕ ਹੋ ਗਿਆ। ਇਸ ਨੂੰ ਰੇਡੀਉ ਸਪੁਰਦ ਕੀਤਾ ਗਿਆ ਇਸ ਨੇ ਉਸ ਰਾਹੀਂ ਬਰਤਾਨਵੀ ਫੌਜਾਂ ਨੂੰ ਖਬਰ ਦੇਣੀ ਸ਼ੁਰੂ ਕੀਤੀ ਅੰਤ ਮੌਕੇ ਉਤੇ ਗ੍ਰਿਫਤਾਰ ਹੋ ਗਿਆ ਤੇ ਉਸ ਨੂੰ ਨਜ਼ਰ ਬੰਦ ਕੀਤਾ ਗਿਆ।

ਇਕ ਵਾਰ ਨੇਤਾ ਜੀ ਦੀ ਕੋਠੀ ਉਪਰ ਪਹਿਰਾ ਦੇਣ ਵਾਲਿਆਂ ਦੇ ਭੇਸ ਵਿਚ ਇਕ ਫਾਲਤੂ ਸ਼ਕੀ ਆਦਮੀ ਸ਼ਾਮਲ ਹੋ ਗਿਆ। ਬਹਾਦਰ ਗਰੁਪ ਦੇ ਪੰਜਾਬੀ ਲੈਫਟੀਨੈਂਟ ਬਿਸ਼ੰਭਰ ਦਾਸ ਨੇ ਤਾੜਿਆ ਕਿ ਪਹਿਰੇ ਵਾਲਿਆਂ ਵਿਚ ਇਕ ਆਦਮੀ ਫਾਲਤੂ ਹੈ। ਉਸ ਨੇ ਝਟ ਸਭ ਨੂੰ ਲਾਈਨ ਵਿਚ ਖੜਾ ਹੋਣ ਦਾ ਹੁਕਮ ਦਿਤਾ ਜਦ ਹਾਜ਼ਰੀ ਲੈਣ ਉਤੇ ਦੋਵਾਂ ਆਦਮੀਆਂ ਨੇ ਇਕੋ ਨਾਮ ਦਸਿਆ ਤਦ ਦੋਵਾਂ ਨੂੰ ਵਖ ਵਖ ਖੜਾ ਕੀਤਾ ਗਿਆ ਤਦ ਸ਼ਕੀ ਆਦਮੀ ਨੇ ਝਟ ਪਿਸਤੌਲ ਕਢਿਆ। ਬੜੀ ਹਥਾ ਪਾਈ ਮਗਰੋਂ ਉਸ ਨੂੰ ਗਿਰਫਤਾਰ

ਕੀਤਾ ਗਿਆ ।

ਇਕ ਵਾਰ ਫੇਰ ਕਾਤਲ ਰਾਸ ਬਿਹਾਰੀ ਬੋਸ ਦਾ ਰੂਪ ਧਾਰ ਕੇ ਕਾਰ ਵਿਚ ਆਇਆ ਪਰ ਨਾਕਾਮ ਰਿਹਾ ਤੇ ਪਛਾਣੇ ਜਾਣ ਉਤੇ ਨਸ ਗਿਆ। ਇਸ ਤਰ੍ਹਾਂ ਆਪ ਹਰ ਵਾਰ ਸਾਫ ਬਚ ਜਾਂਦੇ ਰਹੇ ।

## ਲਾਲ ਕਿਲੇ ਦਾ ਮੁਕਦਮਾ

ਮੈਦਾਨਿ ਜੰਗ ਵਿਚੋਂ ਗ੍ਰਿਫਤਾਰ ਹੋਏ ਉਹਨਾਂ ਦੇਸ਼ ਭਗਤਾਂ ਨੂੰ ਹਿੰਦੁਸਤਾਨ ਦੀਆਂ ਜੇਲਾਂ ਵਿਚ ਰਖਿਆ ਗਿਆ। ਅੰਤ ਸਰਕਾਰ ਨੇ ਤਿੰਨ ਕਮਾਂਡਰਾਂ ਵਿਰੁਧ ਜੋ ਲਾਲ ਕਿਲੇ ਵਿਚ ਰਖੇ ਗਏ ਸਨ ਉਸ ਕਿਲੇ ਵਿਚ ਹੀ ਫੌਜੀ ਅਦਾਲਤ ਕਾਇਮ ਕਰ ਕੇ ਮੁਕਦਮਾ ਚਲਾਇਆ । ਇਹ ਤਿੰਨ ਕਮਾਂਡਰ ਸਨ ਜਨਰਲ ਸ਼ਾਹ ਨਿਵਾਜ਼, ਕਰਨਲ ਸਹਿਗਲ ਤੇ ਕੈਪਟਨ ਢਿਲੋਂ । ਇਕ ਮੁਸਲਮਾਨ ਇਕ ਹਿੰਦੂ ਤੇ ਇਕ ਸਿਖ । ਪੰਡਤ ਜਵਾਹਰ ਲਾਲ ਨਹਿਰੂ ਨੇ ਕਾਨੂੰਨੀ ਮਸ਼ੀਰਾਂ ਦੀ ਆਪ ਅਗ-ਵਾਈ ਕੀਤੀ ਤੇ ਆਪ ਇਹਨਾਂ ਵਲੋਂ ਪੇਸ਼ ਹੋਏ । ਹਿੰਦੁਸਤਾਨ ਦੇ ਬਿਹਤ੍ਰੀਨ ਕਾਨੂੰਨ ਦਾਨਾਂ ਨੇ ਮੁਕਦਮੇ ਨੂੰ ਡੀਫੈਂਡ ਕੀਤਾ, ਫਲ ਇਹ ਨਿਕਲਿਆ ਕਿ ਤਿੰਨੇ ਜਰਨੈਲ ਰਿਹਾ ਹੋ ਗਏ । ਲਾਲ ਕਿਲੇ ਦਾ ਮੁਕਦਮਾ ਇਤਹਾਸਕ ਮੁਕਦਮੇ ਦੇ ਤੌਰ ਉਤੇ ਤਾਰੀਖ ਹਿੰਦ ਵਿਚ ਬੜੀ ਮਹਾਨਤਾ ਰਖੇਗਾ ।

## ਸੁਭਾਸ਼ ਜੀ ਦੀ ਸ਼ਹੀਦੀ

ਜਦ ਜਾਪਾਨੀਆਂ ਦੀ ਹਾਰ ਤੋਂ ਮਗਰੋਂ ਆਪ ਸਿੰਗਾਪੁਰ ਤੋਂ ਟੋਕੀਉ ਵਲ ਰਵਾਨਾ ਹੋਏ ਤਦ ਜਾਪਾਨੀ ਰੇਡੀਉ ਨੇ ਇਹ ਖਬਰ ਬ੍ਰਾਡ ਕਾਸਟ ਕੀਤੀ ਸੀ ਕਿ ਆਪ ਰਸਤੇ ਵਿਚ ਹਵਾਈ ਜਹਾਜ਼ ਦੇ ਹਾਦਸੇ ਨਾਲ ਚਲਾਣਾ ਕਰ ਗਏ ਹਨ। ਹਿੰਦੁਸਤਾਨ ਵਿਚ ਲੋਕਾਂ ਨੂੰ ਆਪ ਦੀ ਮੌਤ ਦਾ ਯਕੀਨ ਨਾ ਆਇਆ ਇਸ ਲਈ ਇਹ ਸਮਝਿਆ

ਜਾਂਦਾ ਰਿਹਾ ਕਿ ਆਪ ਹਲਾਕ ਨਹੀਂ ਹੋਏ ਸਗੋਂ ਫਰਾਰ ਹੋ ਗਏ ਹਨ ਅਤੇ ਜਿਵੇਂ ਕਿ ਪਹਿਲੇ ਵੀ ਕਈ ਵਾਰ ਚਕਰਵਰਤੀ ਹੁੰਦੇ ਰਹੇ ਹਨ, ਇਸ ਵਾਰ ਫੇਰ ਇਤਿਹਾਦੀਆਂ ਦੇ ਹਥੋਂ ਫਰਾਰ ਹੋ ਗਏ ਹਨ। ਇਸ ਸਵਾਲ ਉਤੇ ਕਿ ਸੁਭਾਸ਼ ਬਾਬੂ ਸ਼ਹੀਦ ਹੋ ਚੁਕੇ ਹਨ ਯਾ ਜ਼ਿੰਦਾ ਹਨ ਢੇਰ ਚਿਰ ਤੀਕ ਬਹਿਸ ਛਿੜੀ ਰਹੀ। ਇਸ ਦੇ ਹਕ ਵਿਚ ਤੇ ਵਿਰੁਧ ਦੋਵੇਂ ਪਖ ਪੇਸ਼ ਕੀਤੇ ਜਾਂਦੇ ਰਹੇ।

ਇਸ ਸੰਬੰਧ ਵਿਚ ਸਭ ਤੋਂ ਆਖਰੀ ਬਿਆਨ ਹਿੰਦੁਸਤਾਨੀ ਕੌਮੀ ਗੌਰਮਿੰਟ ਦੇ ਵਜ਼ੀਰ ਆਜ਼ਮ ਪੰਡਤ ਜਵਾਹਰ ਲਾਲ ਨਹਿਰੂ ਦਾ ਹੈ ਜੋ ਆਪ ਨੇ ਨਵੀਂ ਦਿਲੀ ਤੋਂ ੧੧ ਅਕਤੂਬਰ ੧੯੪੬ ਨੂੰ ਦਿਤਾ ਤੇ ਜੋ ਇਸ ਤਰ੍ਹਾਂ ਹੈ:-

"ਕਦੇ ਨਾ ਕਦੇ ਨੇਤਾ ਜੀ ਸੁਭਾਸ਼ ਚੰਦਰ ਬੋਸ ਬਾਰੇ ਕੋਈ ਨਾ ਕੋਈ ਖਬਰ ਅਖਬਾਰਾਂ ਵਿਚ ਛਪਦੀ ਹੀ ਰਹਿੰਦੀ ਹੈ। ਉਹਨਾਂ ਖਬਰਾਂ ਵਿਚ ਦਸਿਆ ਜਾਂਦਾ ਹੈ ਕਿ ਆਪ ਜ਼ਿੰਦਾ ਹਨ ਅਤੇ ਛੇਤੀ ਹੀ ਹਿੰਦੁਸਤਾਨ ਵਿਚ ਆ ਰਹੇ ਹਨ। ਕਦੇ ਕਿਹਾ ਜਾਂਦਾ ਹੈ ਕਿ ਉਹ ਫਲਾਣੀ ਥਾਂ ਉਤੇ ਵੇਖੇ ਗਏ ਅਥਵਾ ਫਲਾਣੇ ਆਦਮੀ ਨੂੰ ਉਹਨਾਂ ਨੇ ਫਲਾਣਾ ਪੈਗਾਮ ਦਿਤਾ ਆਦਕ। ਕਈ ਵਾਰ ਤੇ ਹਿੰਦੁਸਤਾਨ ਵਿਚ ਆਪ ਦੇ ਪ੍ਰਗਟ ਹੋਣ ਦੀ ਤਾਰੀਖ ਤਕ ਵੀ ਨਿਯਤ ਕਰ ਦਿਤੀ ਗਈ। ਜਦ ਇਹੋ ਜਿਹੀਆਂ ਖਬਰਾਂ ਉਤੇ ਡੂੰਘੀ ਵਿਚਾਰ ਕੀਤੀ ਜਾਂਦੀ ਹੈ ਤਦ ਇਹ ਸਾਧਾਰਨ ਅਫਵਾਹਾਂ ਤੋਂ ਵਧੀਕ ਹੋਰ ਕੁਛ ਵੀ ਸਾਬਤ ਨਹੀਂ ਹੁੰਦੀਆਂ। ਨੇਤਾ ਜੀ ਦੇ ਜ਼ਿੰਦਾ ਹੋਣ ਦੀਆਂ ਖਬਰਾਂ ਦੀ ਵਾਰ ਵਾਰ ਅਸ਼ਾਇਤ ਦੇ ਕਾਰਨ ਕਈਆਂ ਲੋਕਾਂ ਨੂੰ ਇਹ ਨਿਸਚਾ ਹੋ ਗਿਆ ਹੈ ਕਿ ਸ੍ਰੀ ਸੁਭਾਸ਼ ਬੋਸ ਜ਼ਿੰਦਾ ਹਨ। ਮੇਰਾ ਖਿਆਲ ਹੈ ਕਿ ਇਸ ਭਰੋਸੇ ਉਤੇ ਨਿਸਚਾ ਕਰਨ ਲਈ ਕੋਈ ਜ਼ਰਾ ਜਿੰਨਾ ਕਾਰਨ ਵੀ ਮੌਜੂਦ ਨਹੀਂ।

ਆਪ ਦੀ ਮੌਤ ਦੀ ਖਬਰ ਆਉਣ ਤੋਂ ਕਈ ਮਹੀਨੇ ਮਗਰੋਂ ਤੀਕ

ਖੁਦ ਮੈਨੂੰ ਵੀ ਉਸ ਖਬਰ ਉਤੇ ਯਕੀਨ ਨਹੀਂ ਸੀ ਬਝਦਾ। ਪਰ ਉਸ ਦੇ ਮਗਰੋਂ ਜਦ ਕਰਨਲ ਹਬੀਬ ਉਲ ਰਹਿਮਾਨ ਨੇ ਜੋ ਆਪ ਦੇ ਦੇ ਨਿਕਟਵਰਤੀ ਸਨ ਹਾਦਸੇ ਦੇ ਅਖੀਂ ਡਿੱਠੇ ਹਾਲ ਬਿਆਨ ਕੀਤੇ ਤਦ ਮੈਨੂੰ ਉਹਨਾਂ ਦੀ ਮੌਤ ਦਾ ਪੱਕਾ ਨਿਸਚਾ ਹੋ ਗਿਆ। ਉਸ ਤੋਂ ਮਗਰੋਂ ਕੋਈ ਐਸੀ ਖਬਰ ਮੇਰੇ ਤੱਕ ਨਹੀਂ ਅਪੜੀ ਜਿਸ ਤੋਂ ਮੇਰੇ ਉਸ ਨਿਸਚੇ ਵਿਚ ਤਬਦੀਲੀ ਆ ਸਕੇ, ਅਸੀਂ ਸਾਰੇ ਚਾਹੁੰਦੇ ਹਾਂ ਕਿ ਨੇਤਾ ਜੀ ਜੀਉਂਦੇ ਹੋਣ, ਪਰ ਉਹਨਾਂ ਖਬਰਾਂ ਉਤੇ ਯਕੀਨ ਕਰ ਲੈਣਾ ਜੋ ਉਕਾ ਈ ਨਿਰਮੂਲ ਹੋਣ ਕੋਈ ਸਿਆਣਪ ਨਹੀਂ। ਹੁਣ ਫੇਰ ਕਰਨਲ ਹਬੀਬ ਉਲ ਰਹਿਨਾਮ ਨੇ ਇਹਨਾਂ ਅਫਵਾਹਾਂ ਬਾਬਤ ਮੈਨੂੰ ਲਿਖਿਆ ਹੈ ਕਿ ਉਹਨਾਂ ਨੂੰ ਇਹਨਾਂ ਗਲਤ ਅਫਵਾਹਾਂ ਨਾਲ ਬੜਾ ਦੁੱਖ ਹੁੰਦਾ ਹੈ। ਆਪ ਨੇ ਮੈਨੂੰ ਨਿਸਚਾ ਦਵਾ ਦਿਤਾ ਹੈ ਕਿ ਆਪ ਨੇ ਹਾਦਸੇ ਵਿਚ ਉਹਨਾਂ ਨੂੰ ਫਟੜ ਹੁੰਦੇ ਆਪਣੀਆਂ ਅੱਖਾਂ ਨਾਲ ਡਿੱਠਾ। ਉਹ ਆਪ ਵੀ ਫਟੜ ਹੋਏ ਸਨ। ਸੁਭਾਸ਼ ਬੋਸ ਜੀ ਦੇ ਸਿਰ ਵਿਚ ਸੱਟ ਲਗੀ ਸੀ ਅਤੇ ਆਪ ਦੇ ਸਰੀਰ ਦਾ ਉਪਰਲਾ ਭਾਗ ਝਿਸ ਚੁਕਾ ਸੀ। ਹਸਪਤਾਲ ਵਿਚ ਵੀ ਨੇਤਾ ਜੀ ਤੇ ਕਰਨਲ ਸਾਹਿਬ ਨਾਲੋਂ ਨਾਲ ਚਾਰਪਾਈਆਂ ਉਤੇ ਪਏ ਰਹੇ ਸਨ। ੧੮ ਅਗਸਤ ਨੂੰ ਜਦ ਨੇਤਾ ਜੀ ਨੇ ਪ੍ਰਾਨ ਤਿਆਗੇ ਤਦ ਵੀ ਕਰਨਲ ਸਾਹਿਬ ਮੌਜੂਦ ਸਨ, ਜਦ ਆਪ ਦਾ ਮ੍ਰਿਤਕ ਸਰੀਰ ਸਿੰਗਾਪੁਰ ਯਾ ਟੋਕੀਉ ਲਿਜਾਨ ਦੀ ਕੋਈ ਵਾਹ ਨਾ ਰਹੀ ਤਦ ਆਪ ਦੀ ਮੌਜੂਦਗੀ ਵਿਚ ਨੇਤਾ ਜੀ ਦੇ ਮ੍ਰਿਤਕ ਸਰੀਰ ਦਾ ਸਸਕਾਰ ਕੀਤਾ ਗਿਆ ਤੇ ਅਸਥੀਆਂ ਵੀ ਕਰਨਲ ਸਾਹਿਬ ਆਪ ਲਿਆਏ ਸਨ। ਇਹਨਾਂ ਗਲਾਂ ਨੂੰ ਮੁਖ ਰਖ ਕੇ ਸਪਸ਼ਟ ਹੈ ਕਿ ਨੇਤਾ ਜੀ ਦੇ ਜ਼ਿੰਦਾ ਹੋਣ ਦੀਆਂ ਸਭ ਅਫਵਾਹਾਂ ਨਿਰਮੂਲ ਹਨ। ਇਸ ਲਈ ਹੁਣ ਮੈਨੂੰ ਆਸ ਹੈ ਕਿ ਲੋਕ ਗੈਰ ਜ਼ਿੰਮੇਦਾਰਾਨਾ ਝੂਠੀਆਂ ਅਫਵਾਵਾਂ ਵਲ ਕੋਈ ਧਿਆਨ ਨਹੀਂ ਦੇਣਗੇ।"

ਸਾਡਾ ਖਿਆਲ ਹੈ ਪੰਡਤ ਨਹਿਰੂ ਜੀ ਵਰਗੀ ਜ਼ਿੰਮੇਵਾਰ ਹਸਤੀ ਦੇ ਉਪ੍ਰੋਕਤ ਬਿਆਨ ਤੋਂ ਮਗਰੋਂ ਇਹ ਸਵਾਲ ਉਸ ਵੇਲੇ ਤੀਕ ਠਪ ਦਿਤਾ ਜਾਣਾ ਚਾਹੀਦਾ ਹੈ ਜਦ ਤੀਕ ਕਿ ਖੁਦ ਸੁਭਾਸ਼ ਜੀ ਸਾਖਸ਼ਾਤ ਪ੍ਰਗਟ ਹੋ ਕੇ ਦਰਸ਼ਨ ਨਹੀਂ ਦੇਂਦੇ। ਇਕ ਗਲ ਹੈਰਾਨੀ ਵਾਲੀ ਜ਼ਰੂਰ ਹੈ ਕਿ ਪੰਡਤ ਜੀ ਨੇ ਵੀ ਕਰਨਲ ਹਬੀਬਉਲ ਰਹਿਮਾਨ ਦੇ ਬਿਆਨ ਨੂੰ ਦੁਹਰਾ ਦੇਣ ਤੋਂ ਛੁਟ ਸਰਕਾਰ ਹਿੰਦ ਜਿਸ ਦੇ ਆਪ ਹੈਡ ਹਨ ਦੇ ਮਿਲਟਰੀ ਤੇ ਸਿਵਲ ਮਹਿਕਮਿਆਂ ਦੇ ਖੁਫੀਆ ਦਫਤਰਾਂ ਅਤੇ ਕੌਮਾਂਤਰੀ ਸੁਰਾਗ ਰਸਾਨੀ ਦੇ ਵਸੀਲਿਆਂ ਰਾਹੀਂ ਮਲੂਮ ਕੀਤੇ ਸਰਕਾਰੀ ਨੁਕਤਾ ਨਿਗਾਹ ਉਤੇ ਕੋਈ ਚਾਨਣਾ ਨਹੀਂ ਪਾਇਆ। ਪੰਡਤ ਜੀ ਦੇ ਉਪ੍ਰੋਕਤ ਬਿਆਨ ਦੇ ਮਗਰੋਂ ਵੀ ਮਿਸਟਰ ਸ਼ੈਲ ਭਦਰਿਆ ਜੀ ਨਾਇਬ ਸਦਰ ਆਲ ਇੰਡੀਆ ਫਾਰਵਰਡ ਬਲਾਕ ਨੇ ਇਕ ਬਿਆਨ ਵਿਚ ਦਾਅਵਾ ਕੀਤਾ ਹੈ ਕਿ ਨੇਤਾ ਜੀ ਜ਼ਿੰਦਾ ਹਨ, ਪਰ ਉਹ ਕਿਥੇ ਹਨ ਅਤੇ ਕਿਉਂ ਜ਼ਾਹਰ ਨਹੀਂ ਹੁੰਦੇ ? ਇਸ ਬਾਰੇ ਉਹਨਾਂ ਵੀ ਕੋਈ ਰੋਸ਼ਨੀ ਨਹੀਂ ਪਾਈ। ਜੋ ਕੁਛ ਵੀ ਹੋਵੇ ਹੁਣ ਇਹੋ ਜਿਹੇ ਬਿਆਨਾਂ ਤੇ ਅਫਵਾਹਾਂ ਤੋਂ ਲੋਕੀ ਰਜ ਗਏ ਹਨ ਤੇ ਉਹਨਾਂ ਨੂੰ ਉਦੋਂ ਹੀ ਯਕੀਨ ਆਵੇਗਾ ਜਦ ਉਹ ਆਪਣੀਆਂ ਅੱਖਾਂ ਨਾਲ ਆਪਣੇ ਵਿਚਕਾਰ ਨੇਤਾ ਜੀ ਨੂੰ ਵੇਖ ਲੈਣਗੇ। ਜੇ ਇਹ ਨ ਹੋਇਆ ਤਦ ਸਮਝ ਲੈਣਾ ਚਾਹੀਦਾ ਹੈ ਕਿ ਆਪ ਸ਼ਹੀਦੀ ਪਾ ਕੇ ਆਪਣਾ ਨਾਮ ਅਮਰ ਕਰ ਗਏ ਹਨ।

# ਤਹਾਡੀ ਲਾਇਬ੍ਰੇਰੀ ਤੇ ਘਰ ਲਈ
# ਅਤਿ ਜ਼ਰੂਰੀ ਪੁਸਤਕਾਂ

| | |
|---|---|
| **ਬਾਬਾ ਪ੍ਰੇਮ ਸਿੰਘ ਰਚਿਤ ਪੁਸਤਕਾਂ** | |
| ਹਰੀ ਸਿੰਘ ਨਲੂਆ | ੩-੧੨ |
| ਮਹਾਰਾਜਾ ਰਣਜੀਤ ਸਿੰਘ | ੩-੮ |
| ਅਕਾਲੀ ਫੂਲਾ ਸਿੰਘ | ੨-੦ |
| ਕੰਵਰ ਨੌਨਿਹਾਲ ਸਿੰਘ | ੨-੦ |
| ਖਾਲਸਾਰਾਜ ਦੇ ਉਸਰੀਏ ਭਾ:੧ | ੩-੦ |
| ਖਾਲਸਾਰਾਜ ਦੇ ਉਸਰੀਏ ਭਾ:੨ | ੩-੦ |
| **ਪ੍ਰੋ: ਕਰਤਾਰ ਸਿੰਘ ਰਚਿਤ** | |
| ਸਿਖ ਧਰਮ ਬਾਰੇ | ੩-੧੨ |
| ਜੀਵਨ ਕਥਾ ਗੁਰੂ ਨਾਨਕ ਦੇਵ | ੫-੦ |
| ਦੁਖੀਏ | ੪-੮ |
| **ਪ੍ਰੋ: ਗੰਡਾ ਸਿੰਘ ਐਮ. ਏ ਰਚਿਤ** | |
| ਸ਼ਾਮ ਸਿੰਘ ਅਟਾਰੀ ਵਾਲਾ | ੨-੧੨ |
| ਸਿਖ ਇਤਿਹਾਸ ਬਾਰੇ | ੨-੮ |
| ਕੂਕਿਆਂ ਦੀ ਵਿੱਥਿਆ | ੫-੦ |
| ਦੀਵਾਨ ਕੌੜਾ ਮਲ | ੧-੨ |
| **ਪ੍ਰੋ: ਸਾਹਿਬ ਸਿੰਘ ਬੀ. ਏ. ਰਚਿਤ** | |
| ਆਸਾ ਦੀ ਵਾਰ ਸਟੀਕ | ੧-੮ |
| ਜਾਪ ਜੀ ਸਟੀਕ | ੧-੮ |
| ਸੁਖਮਨੀ ਸਟੀਕ | ੨-੮ |
| ਜਾਪ ਸਾਹਿਬ ਸਟੀਕ | ੧-੮ |
| ਭਟਾਂ ਦੇ ਸਵਈਏ ਸਟੀਕ | ੨-੮ |
| ਦਸ ਵਾਰਾਂ ਸਟੀਕ | ੫-੦ |
| ਸਲੋਕ ਫਰੀਦ ਸਟੀਕ | ੧-੪ |
| ਸਦ ਸਟੀਕ | ੦-੬ |
| ਧਾਰਮਿਕ ਲੇਖ | ੨-੦ |
| ਕੁਝ ਹੋਰ ਧਾਰਮਿਕ ਲੇਖ | ੨-੦ |
| **ਪ੍ਰਿੰ: ਗੰਗਾ ਸਿੰਘ ਰਚਿਤ** | |
| ਲੈਕਚਰ ਮਹਾਂ ਚਾਨਣ | ੩-੧੨ |
| ਪੂਰਨ ਮਨੁਖ | ੧--੮ |
| ਜੀਵਨ ਕਿਰਨਾਂ | ੧--੮ |
| **ਹੋਰ ਪ੍ਰਸਿਧ ਧਾਰਮਕ ਪੁਸਤਕਾਂ** | |
| ਵਾਹਿਗੁਰੂ ਦਰਸ਼ਨ | ੩-੦ |
| ਬੰਦਗੀ ਨਾਮਾਂ | ੩-੮ |
| ਸਿਮਰਨ ਮਹਿਮਾ | ੩-੦ |
| ਗੁਰਮਤ ਜੀਵਨ | ੩-੮ |
| ਤਵਾਰੀਖ ਗੁਰੂ ਖਾਲਸਾ | ੯-੦ |
| ਰਾਜਾ ਧਿਆਨ ਸਿੰਘ | ੧-੫ |

ਸੂਚੀ ਪਤਰ ਮੁਫਤ ਮੰਗਾਓ—

# LAHORE BOOK SHOP

*Nisbet Road,* **LAHORE** *Mohan Lal Road*

# ਚੋਣਵੀਆਂ ਨਵੀਨ ਪੁਸਤਕਾਂ

## ਨਾਵਲ

| | | |
|---|---|---|
| ਕਮਲਾ | ਸਰ ਜੋਗਿੰਦਰ ਸਿੰਘ | ੪) |
| ਕਾਮਨੀ | ,, | ੪) |
| ਬਲੀ ਦਾਨ | ਜਸਵੰਤ ਐਮ. ਏ. | ੧॥) |
| ਜਵਾਰ ਭਾਟਾ | ਮਹਿੰਦਰ ਸਿੰਘ | ੩॥) |
| ਮੁਰਾਦ | ਪ੍ਰੋ: ਨੰਦਾ | ੩) |
| ਦੁਖੀਏ | ਪ੍ਰੋ: ਕਰਤਾਰ ਸਿੰਘ | ੪॥) |
| ਮਾਤਾਹਰੀ | ਸ: ਕਰਤਾਰ ਸਿੰਘ | ੨॥) |
| ਜੀਵਨ ਪ੍ਰਭਾਤ | | ੨) |

## ਨਿਕੀ ਕਹਾਣੀ

| | | |
|---|---|---|
| ਸਮਾਚਾਰ | ਪ੍ਰੋ: ਸੰਤ ਸਿੰਘ | ੧।) |
| ਨੌ ਨਿਧਾਂ | (ਸੰਗ੍ਰਹਿ) | ੧) |
| ਬਾਠਾਂ ਸਿਧਾਂ | ,, | ੧।) |
| ਪੰਜਾਬੀ ਸਧਰਾਂ | 'ਦਰਦ' | ੨॥) |
| ਹਡੀਆਂ ਤੇ ਫੁਲ | ਬੇਦੀ | ੨) |
| ੨੬ ਵਰ੍ਹੇ ਬਾਦ | ਅੰਮ੍ਰਿਤਾ ਪ੍ਰੀਤਮ | ੧॥।) |
| ਕੁੰਜੀਆਂ | ,, | ੧॥।) |
| ਬੁਝਦਾ ਦੀਵਾ | ਕਰਤਾਰ ਸਿੰਘ | ੧॥।) |

## ਨਾਟਕ

| | | |
|---|---|---|
| ਕਲਾਕਾਰ | ਪ੍ਰੋ: ਸੰਤ ਸਿੰਘ | ੧।) |
| ਛੇ ਘਰ | ,, | ੧।=) |
| ਸਪਤ ਰਿਸ਼ੀ | ਪ੍ਰੋ: ਹਰਚਰਨ ਸਿੰਘ | ੧॥) |
| ਵਰ ਘਰ | ਪ੍ਰੋ: ਨੰਦਾ | ੧।) |
| ਬੰਤੋ | ਸੰਤ ਰੈਨ ਸਿੰਘ | ॥) |
| ਦੁਨੀਆ ਦੀ ਕਹਾਣੀ | ,, | ੨) |
| ਪੂਰਬ ਤੇ ਪਛਮ | ਡਾ: ਹਰਦਿਤ ਸਿੰਘ | ੨।) |
| ਸੁਚੱਜੀ ਜ਼ਿੰਦਗੀ | ਪ੍ਰੀਤਮ ਸਿੰਘ | ੨) |
| ਕਾਮਯਾਬ ਜ਼ਿੰਦਗੀ | ਜਸਵੰਤ ਸਿੰਘ | ੨) |
| ਸਾਡੀ ਖੁਰਾਕ | ਮਸਾਨੀ | ੧) |

## ਲੋਕ ਗੀਤ

| | | |
|---|---|---|
| ਨੈਂ ਝਨਾਂ | ਹਰਜੀਤ ਸਿੰਘ | ੨॥) |
| ਦੀਵਾ ਬਲੇ ਸਾਰੀ ਰਾਤ | ਸਤਿਆਰਥੀ | ੩) |
| ਪੰਜਾਬ ਦੇ ਗੀਤ | ਕੋਹਲੀ | ੧॥) |

## ਕਵਿਤਾ

| | | |
|---|---|---|
| ਖੁਲ੍ਹੇ ਮੈਦਾਨ | ਪ੍ਰੋ: ਪੂਰਨ ਸਿੰਘ | ੨) |
| ਕਤਕ ਕੂੰਜਾਂ | ਸਫੀਰ | ੨) |
| ਬਾਗ਼ੀ | ਅਵਾਰਾ | ੧॥।) |
| ਬਗਾਵਤ (ਉਰਦੂ) | ,, | ੨) |
| ਪਰਛਾਵੇਂ | ਸਾਬਰ | ੧॥) |
| ਯਾਦਗਾਰ | ,, | ੧॥) |
| ਨਵਾਂ ਜਹਾਨ | ਚਾਤ੍ਰਿਕ | ੧॥) |
| ਲਟ ਲਟ ਜੋਤ ਜਗੇ | ਪ੍ਰਭਜੋਤ | ੧॥) |
| ਜਵਾਲਾ ਮੁਖੀ | ਬਲਵੰਤ | ੧॥।) |
| ਨੀਲ ਕੰਠ | ਬਲਜੀਤ | ੨) |

ਰਿਆਇਤ—ਦਸ ਰੁਪਏ ਦੀਆਂ ਪੁਸਤਕਾਂ ਮੰਗਵਾਣ ਵਾਲੇ ਗਾਹਕ ਨੂੰ ਡਾਕ ਖਰਚ ਫਰੀ।
ਲਾਇਬਰੇਰੀਆਂ ਅਤੇ ਗੁਰਦਵਾਰਿਆਂ ਨੂੰ ਖਾਸ ਰਿਆਇਤ ਦਿਤੀ ਜਾਂਦੀ ਹੈ।

## ਲਾਹੌਰ ਬੁਕ ਸ਼ਾਪ

ਨਿਸਬਤ ਰੋਡ ਲਾਹੌਰ ਮੋਹਨ ਲਾਲ ਰੋਡ